# ਗੁਰੂ ਕੌਣ ਹੁੰਦਾ ਹੈ ?

# ਆਓ ! ਆਪਣਾ ਇਤਿਹਾਸ ਠੀਕ ਕਰੀਏ

# ਤੱਤ ਵਿਚਾਰ

ਅਮਰਜੀਤ ਸਿੰਘ

GURU KAUN HUNDA HAI ?

Aao ! Aapna Itihas Theek Kariye—TAT VICHAR

by :
Amarjit Singh
V.P.O. Khambra, Distt. Jalandhar



ਪਹਿਲੀ ਵਾਰ ਜੁਲਾਈ 2001

*ਪ੍ਰਕਾਸ਼ਕ :*

**ਸ਼ਬਦਿ ਸੁਰਤਿ ਕੇਂਦਰ (ਰਜਿ.)**

ਹਲਵਾਰਾ (ਲੁਧਿਆਣਾ)

*ਪੋਥੀਆਂ ਸਬ ਆਫ਼ਿਸ ਤੋਂ ਮਿਲ ਸਕਦੀਆਂ ਹਨ :*

| | |
|---|---|
| ਦਿੱਲੀ | — 6837460 |
| ਚੰਡੀਗੜ੍ਹ | — 261194 |
| ਲੁਧਿਆਣਾ | — 533480, 405533 |
| ਜਲੰਧਰ | — 790184 |
| ਪਟਿਆਲਾ | — 650900 |
| ਮੋਗਾ | — 27506 |
| ਸਹਾਰਨਪੁਰ (ਯੂ.ਪੀ.) | — 725320, 725846 |
| ਨਕੋਦਰ | — 21997 |
| ਕੈਨੇਡਾ | — 604-575-0559, 780-461-6921 |
| ਅਮਰੀਕਾ | — 209-476-1735 |

*ਛਾਪਕ :*

**ਪ੍ਰਿੰਟਵੈੱਲ**

146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

**ਮੁੱਲ : 100 ਰੁਪਏ**

# ਸਮਰਪਣ

ਇਹ ਪੁਸਤਕ ਸਮਰਪਣ ਸਾਧ ਸੰਗਤਿ

**ਅਮਰੀਕਾ ਵਾਲਿਆਂ ਦੇ**

ਜਿਨ੍ਹਾਂ ਨੇ

ਉਤਸ਼ਾਹ ਵੀ ਦਿੱਤਾ

ਤੇ ਸਾਰੀ ਪੁਸਤਕ ਦੀ ਸੇਵਾ ਵੀ ਕੀਤੀ ।

*ਇਸੇ ਕਲਮ ਤੋਂ*

- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੱਤ ਵਿਚਾਰ—ਪੋਥੀ ਪਹਿਲੀ
- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੱਤ ਵਿਚਾਰ—ਪੋਥੀ ਦੂਜੀ
- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੱਤ ਵਿਚਾਰ—ਪੋਥੀ ਤੀਜੀ
- ਨਿਤਨੇਮ ਤੱਤ ਵਿਚਾਰ
- ਸੁਖਮਨੀ ਸਾਹਿਬ ਸਟੀਕ
- ਦਸਮ ਗ੍ਰੰਥ ਬਾਰੇ
- ਜਿਸ ਨੇ ਅੰਮ੍ਰਿਤ ਨਹੀਂ ਛਕਿਆ

# ਬੇਨਤੀ

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਪੰਜ ਸਦੀਆਂ ਤੋਂ ਵੱਧ ਸਮੇਂ ਵਿਚ ਖ਼ਾਲਸਾ ਜੀ ਵਲੋਂ ਪੈਦਾ ਕੀਤੇ ਇਲਾਹੀ ਮੁਹੱਬਤ ਦੇ ਸੰਗੀਤ ਦੀਆਂ ਤਰਜ਼ਾਂ ਨੂੰ ਬਿਖੇਰਨ ਲਈ ਸਾਜ਼ਿਸ਼ਾਂ ਤੇ ਕਾਇਰਤਾਪੂਰਨ ਅਕ੍ਰਿਤਘਣੀ ਬਿਪਰ ਮਾਨਸਿਕਤਾ ਅਨੇਕਾਂ ਹੀ ਰੂਪਾਂ ਵਿਚ ਜ਼ਹਿਰੀਲੀਆਂ ਤੰਦਾਂ ਬੜੇ ਸੂਖਮੀ ਅਤੇ ਸਾਜ਼ਸ਼ੀ ਤਰੀਕੇ ਨਾਲ ਬੁਣਦੀ ਹੋਈ ਆ ਰਹੀ ਹੈ, ਤਾਂ ਜੋ ਉਹ ਬਿਪਰ ਬੁੱਧੀ ਵਿਚੋਂ ਉਪਜੀ ਨਾਗ-ਬਿਰਤੀ ਨੂੰ ਮੁੜ ਸੁਰਜੀਤ ਕਰਦੀ ਹੋਈ, ਇਸ ਬਿਰਤੀ ਨੂੰ ਮੁਕਾਉਣ ਵਾਲੇ ਖ਼ਾਲਸਾ ਜੀ ਨੂੰ ਜਾਂ ਤਾਂ ਪੂਰੀ ਤਰ੍ਹਾਂ ਉਨ੍ਹਾਂ ਦੇ ਪੈਗ਼ੰਬਰੀ ਅਤੇ ਇਤਿਹਾਸਕ ਵਿਰਸੇ ਤੋਂ ਅਲੋਪ ਕਰ ਦੇਵੇ ਜਾਂ ਉਸ ਨੂੰ ਆਪਣੇ ਹਾਣ ਦਾ ਬਣਾ ਕੇ ਆਪਣੇ ਅੰਦਰ ਸਮੋ ਲਵੇ ਤਾਂ ਕਿ ਬਿਪਰ ਰਾਹ ਵਿਚ ਗ਼ੈਰ-ਬ੍ਰਾਹਮਣ ਉੱਤੇ ਢਹਿਣ ਵਾਲੇ ਕਹਿਰ ਨੂੰ ਖ਼ਾਲਸਾ ਜੀ ਰੋਕ ਸਕਣ ਵਿਚ ਅਸਮਰਥ ਹੋਣ। ਬਿਪਰਵਾਦ ਭਾਵੇਂ ਕਾਲ ਦੀਆਂ ਅਣਗਿਣਤ ਬੁਣਤਾਂ ਆਪਣੀ ਚੜ੍ਹਤ ਲਈ ਸਿਰਜੇ, ਪਰ ਖ਼ਾਲਸਾ ਦੁਨਿਆਵੀ ਇਕਾਈਆਂ ਦੇ ਪ੍ਰਬੰਧ ਤੋਂ ਆਜ਼ਾਦ ਰਹਿੰਦਾ ਹੋਇਆ, ਸਰਬੱਤ ਦੇ ਭਲੇ ਲਈ ਜੂਝਦਾ ਹੋਇਆ, ਮਜ਼ਲੂਮਾਂ ਤੇ ਮਾਸੂਮਾਂ ਨੂੰ ਆਪਣੀ ਗਲਵਕੜੀ ਵਿਚ ਲੈਂਦਾ ਹੋਇਆ, ਉਨ੍ਹਾਂ ਨੂੰ ਗੁਰਾਂ ਦੀ ਬਖ਼ਸ਼ੀ ਸ਼ਬਦ-ਸ਼ਮਸ਼ੀਰ ਦੀ ਛਾਂ ਹੇਠ ਖੁਲ੍ਹੀ ਆਜ਼ਾਦੀ ਦਾ ਸੁੱਖ ਦੇਣ ਲਈ ਬਿਪਰਵਾਦ ਦੇ ਕਹਿਰ ਦਾ ਮੁਕਾਬਲਾ ਰੱਬੀ ਦਰਗਾਹ ਤਕ ਕਰੇਗਾ।

ਇਸ ਪੁਸਤਕ ਵਿਚ ਅਸੀਂ ਸਿਖ ਇਤਿਹਾਸ ਵਿਚ ਕੀਤੀ ਮਿਲਾਵਟ ਨੂੰ ਸੱਚ ਦੀ ਕਸਵੱਟੀ ਉੱਤੇ ਪਰਖ ਕੇ, ਆਪ ਜੀ ਦੇ ਸਨਮੁਖ ਦਰਸਾਉਣ ਦਾ ਯਤਨ ਕੀਤਾ ਹੈ। ਅਜਿਹੀ ਪਰਖ ਕਰਦਿਆਂ ਅਸੀਂ ਮਨੁੱਖਤਾ ਨੂੰ ਆਪਣਿਆਂ ਅਤੇ ਗ਼ੈਰਾਂ ਵਿਚ ਨਹੀਂ ਵੰਡਿਆ, ਸਗੋਂ ਮਾਨਵਤਾ-ਪੱਖੀ ਅਤੇ ਮਾਨਵਤਾ-ਵਿਰੋਧੀ ਦ੍ਰਿਸ਼ਟੀ ਵਿਚ ਵੰਡ ਕੇ ਵੇਖਿਆ ਹੈ। ਕੌਮ ਦਾ ਇਤਿਹਾਸ ਕੌਮ ਦੀ ਪਨੀਰੀ ਵਿਚ ਚੜ੍ਹਦੀ-ਕਲਾ ਉਜਾਗਰ ਕਰਦਾ ਹੈ। ਕੌਮ ਦਾ ਇਤਿਹਾਸ ਕੌਮ ਦੀ ਨਵੀਂ ਪਨੀਰੀ ਨੂੰ ਆਪਣੇ ਵਡਮੁੱਲੇ ਵਿਰਸੇ ਨਾਲ ਜੋੜੀ ਰੱਖਦਾ ਹੈ। ਕੌਮ ਦਾ ਇਤਿਹਾਸ ਕੌਮ ਦੀ ਬੁਲੰਦ ਨੀਂਹ ਦਾ ਸਹਾਰਾ ਹੈ। ਸਿਖ ਕੌਮ ਦਾ ਇਤਿਹਾਸ ਸਿਖ ਕੌਮ ਦੀ ਮਾਂ ਹੈ। ਅਸੀਂ ਜਾਣਦੇ ਹਾਂ ਸਾਹਿਤਕਾਰ ਦੀ ਕਲਮ ਦੀ ਸਿਆਹੀ ਸ਼ਹੀਦ ਦੇ ਖ਼ੂਨ ਨਾਲੋਂ ਵੀ ਪਵਿੱਤਰ ਹੁੰਦੀ ਹੈ, ਪਰ ਸਭ ਤੋਂ ਵੱਡਾ ਅਕ੍ਰਿਤਘਣ ਉਹ ਹੁੰਦਾ ਹੈ ਜੋ ਸ਼ਹੀਦ ਦੀ ਜ਼ਿੰਦਗੀ ਦੀ ਰੰਗਦਾਰ ਤਸਵੀਰ ਨੂੰ ਆਪਣੀ ਭ੍ਰਿਸ਼ਟ ਕਲਮ ਦੁਆਰਾ ਬੇਰੰਗੀ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਲਿਖਤ ਰਾਹੀਂ ਅਸੀਂ ਸਮੂਹ ਸੰਗਤ ਨੂੰ ਭਵਿੱਖ ਵਿਚ ਆਉਣ ਵਾਲੀ ਤਬਾਹੀ ਤੋਂ ਜਾਣੂ ਕਰਵਾਉਣਾ ਆਪਣਾ ਫ਼ਰਜ਼ ਸਮਝਦੇ ਹਾਂ।

# ਗੁਰੂ ਕੌਣ ਹੁੰਦਾ ਹੈ ?

# ਆਓ ! ਆਪਣਾ ਇਤਿਹਾਸ ਠੀਕ ਕਰੀਏ

# ਤੱਤ ਵਿਚਾਰ

ਅਮਰਜੀਤ ਸਿੰਘ

# ਗੁਰੂ ਪੱਖ—ਗੁਰੂ ਕੌਣ ਹੁੰਦਾ ਹੈ ?

ਗੁਰੂ ਰੱਬ ਹੀ ਹੁੰਦਾ ਹੈ, ਗੁਰੂ ਤੇ ਰੱਬ ਵਿਚ ਕੋਈ ਫ਼ਰਕ ਨਹੀਂ ਹੁੰਦਾ। ਰੱਬ ਹੀ ਗੁਰੂ ਨਾਨਕ ਬਣਿਆ—ਰੱਬ ਨੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖਿਆ। ਰੱਬ, ਗੁਰੂ ਨਾਨਕ ਬਾਰੇ, ਗੁਰੂ ਬਾਰੇ, ਸਤਿਗੁਰੂ ਬਾਰੇ ਕੀ ਲਿਖਦਾ ਹੈ ? ਦੇਖੋ!

**ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ ॥**
**ਕਰਿ ਡੰਡਉਤ ਪੁਨੁ ਵਡਾ ਹੇ ॥੧॥ ਰਹਾਉ ॥** *(ਪੰਨਾ ੧੩)*

ਗੁਰੂ ਨਾਨਕ ਨੂੰ ਮੱਥਾ ਟੇਕ, ਬੜਾ ਭਲਾ ਕੰਮ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕ ਬੜਾ ਭਲਾ ਕੰਮ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਲਿਖਣ ਦਾ ਕੰਮ ਦਸਾਂ ਪਾਤਿਸ਼ਾਹੀਆਂ ਨੇ ਕੀਤਾ, ਜੋ ਕਿ ਆਪ ਆਦਿ ਹਨ, ਸਮਾਂ ਬਣਨ ਤੋਂ ਪਹਿਲਾਂ ਦਾ ਸਚਖੰਡਿ ਵਿਚ ਪ੍ਰਕਾਸ਼ ਸੀ, ਉੱਥੇ ਰੱਬ ਦਾ ਵੀ ਪ੍ਰਕਾਸ਼ ਸੀ, ਦਸਾਂ ਗੁਰੂਆਂ ਦਾ ਪ੍ਰਕਾਸ਼ ਸੀ—ਵਾਹਿਗੁਰੂ ਸਿਮਰਨ ਹੋ ਰਿਹਾ ਸੀ। ਆਪਾਂ ਗੁਰੂ ਨੂੰ ਗੁਰੂ ਨਾਨਕ ਨੂੰ, ਦਸੇ ਪਾਤਿਸ਼ਾਹੀਆਂ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਝੀਏ। ਸਿਆਸੀ ਲੀਡਰਾਂ ਦੀ ਤਰ੍ਹਾਂ ਸਿਰਫ਼ ਕਿਤਾਬ ਨਾ ਸਮਝੀਏ—ਪੂਰਨ ਵਾਹਿਗੁਰੂ ਹੈ, ਬੋਲਦਾ, ਸੁਣਦਾ ਬਖ਼ਸ਼ਿੰਦ ਵਾਹਿਗੁਰੂ ਹੈ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਤੁਹਾਨੂੰ, ਸਾਨੂੰ ਗੱਲ ਕਰਨੀ ਨਹੀਂ ਆਈ—ਸਮਝ ਹੀ ਨਹੀਂ ਸਕੇ, ਸਮਝਾਉਣਾ ਕਿਸਨੂੰ ਸੀ ? ਆਪ ਹੀ ਨਹੀਂ ਸਮਝੇ, ਸਿੱਖਾਂ ਦਾ ਗੁਰੂ ਕਹਿ ਕੇ ਡੱਬੀ ਵਿਚ ਬੰਦ ਕਰ ਲਿਆ, ਕਿਤੇ ਬਾਹਿਰ ਹਵਾ ਨਾ ਲੱਗ ਜਾਏ। ਛੇ ਸੌ ਕਰੋੜ ਵਿਚੋਂ ਕਿਸੇ ਨੇ ਰੱਬ ਪਾਇਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਗ਼ੈਰ ? ਪਾ ਹੀ ਨਹੀਂ ਸਕਦਾ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪ ਹੀ ਰੱਬ ਹਨ। ਜੇ ਇਹਨਾਂ ਨੂੰ ਨਹੀਂ ਵਿਚਾਰਿਆ ਤਾਂ ਰੱਬ ਕਿਥੋਂ ਪਾ ਲਏਂਗਾ ? ਮੈਨੂੰ ਸਮਝਾ ਦੇਹ, ਆ, ਸ਼ਬਦ ਹੀ ਰੱਬ ਹੈ, ਸ਼ਬਦ ਵਿਚ ਹੀ ਰੱਬ ਹੈ, ਸ਼ਬਦ ਬਾਣੀ ਵੀ ਹੈ, ਸ਼ਬਦ ਸਿਮਰਨ ਵੀ ਹੈ, ਬਾਣੀ ਦੀ ਵਿਚਾਰ ਕਰਕੇ ਸਿਮਰਨ ਵਿਚ ਸੁਰਤੀ ਲਾਉਣੀ ਹੈ, ਤੂੰ ਹੀ ਰੱਬ ਹੈਂ, ਰੱਬ ਕਿਤੇ ਬਾਹਿਰ ਨਹੀਂ, ਰੱਬ ਕਿਤੇ ਹੇਮਕੁੰਟ ਨਹੀਂ, ਜੰਗਲਾਂ ਵਿਚ ਨਹੀਂ, ਮੱਕੇ-ਕਾਬੇ ਨਹੀਂ, ਮੰਦਰਾਂ ਵਿਚ ਨਹੀਂ, ਤੂੰ ਹੀ ਰੱਬ

ਹੈਂ, ਬਾਣੀ ਵਿਚਾਰ, ਧੁਰਿ ਕੀ ਬਾਣੀ, ਸਚਖੰਡਿ ਤੋਂ ਆਈ ਬਾਣੀ, ਰੱਬ ਦੀ ਲਿਖੀ ਬਾਣੀ, ਰੱਬ ਦੇ ਲਿਖੇ ਅਸੂਲ-ਸਿਧਾਂਤ ਸਰੀਰ ਲਈ, ਜੀਵ ਲਈ, ਸਿਰਫ਼ ਸਿੱਖਾਂ ਲਈ ਨਹੀਂ, ਸਾਰੀ ਦੁਨੀਆਂ ਲਈ।

ਜੇ ਕੋਈ ਨਿੱਜੀ ਤੌਰ ਤੇ ਰੱਬ ਨੂੰ ਜਾਣਦਾ ਹੈ ਤਾਂ ਦਿਖਾਓ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਗ਼ੈਰ, ਬਾਣੀ ਵਿਚਾਰਣ ਤੋਂ ਬਗ਼ੈਰ, ਵਾਹਿਗੁਰੂ ਸਿਮਰਨ ਕਰਨ ਤੋਂ ਬਗ਼ੈਰ, ਅੰਮ੍ਰਿਤ ਛਕਣ ਤੋਂ ਬਗ਼ੈਰ, ਰਹਿਤ ਵਿਚ ਪ੍ਰਪੱਕ ਰਹਿਣ ਤੋਂ ਬਗ਼ੈਰ, ਕੁਰਹਿਤ ਛੱਡਣ ਤੋਂ ਬਗ਼ੈਰ, ਕੋਈ ਹਿੰਦੂ ਰੱਬ ਨੂੰ ਮਿਲਿਆ ਹੋਵੇ, ਕੋਈ ਮੁਸਲਮਾਨ ਰੱਬ ਨੂੰ ਮਿਲਿਆ ਹੋਵੇ, ਕੋਈ ਈਸਾਈ, ਜੈਨੀ, ਬੋਧੀ, ਸਰੇਵੜਾ, ਜੋਗੀ, ਸੰਨਿਆਸੀ ਮਿਲਿਆ ਹੋਵੇ, ਦਿਖਾਓ! ਇਕ ਹੀ ਦਿਖਾਓ, ਸਿਰਫ਼ ਇਕ, ਪਤਾ ਲੱਗੇ, ਰੱਬ—ਗੁਰੂ ਨਾਨਕ, ਗ਼ਲਤ ਕਿੱਥੇ ਹੈ? ਕਿੱਥੇ ਉਕਾਈ ਖਾ ਗਿਆ? ਰੱਬ ਉਕਾਈ ਨਹੀਂ ਖਾਂਦਾ, ਤਾਂ ਗੁਰੂ ਨਾਨਕ ੧੦੦% ਠੀਕ ਹੈ, ਜੇ ਗੁਰੂ ਨਾਨਕ ੧੦੦% ਠੀਕ ਸੀ ਤਾਂ ਸਾਰੀ ਸ੍ਰਿਸ਼ਟੀ ਦੇ ਦੇਹਧਾਰੀ ਗੁਰੂ, ਬ੍ਰਹਮਗਿਆਨੀ ੧੦੦੮, ੧੦੮, ਮਹਾਂਪੁਰਖ ਸਾਰੇ ਗ਼ਲਤ ਹਨ, ਬਸ! ਇਹ ਗੱਲ ਯਾਦ ਰੱਖਣਾ। ਜੇ ਰੱਬ ਨੂੰ ਮਿਲੇ ਹੋ ਦਿਖਾਓ ਜਾਂ ਗੁਰੂ ਨਾਨਕ ਦੀ ਸਰਨ ਆ ਜਾਓ, ਅੰਮ੍ਰਿਤ ਛਕੋ, ਸਿੰਘ ਸਜੋ, ਸਿਮਰਨ ਕਰੋ, ਸੁਰਤੀ ਲਾਓ ਤੇ ਰੱਬ ਬਣ ਜਾਓ।

ਨੋਟ—ਬਾਬਾ ਸ੍ਰੀ ਗੁਰੂ ਨਾਨਕ ਦੇਵ ਜੀ, ਦਸੇ ਪਾਤਿਸ਼ਾਹੀਆਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੋਈ ਅੰਤਰ ਨਹੀਂ, ਉਹ ਰੱਬੀ ਜੋਤ ਹੈ, ਨੂਰ ਹੈ, ਪ੍ਰਕਾਸ਼ ਹੈ, ਅਨੁਭਵੀ ਪ੍ਰਕਾਸ਼ ਹੈ, ਜਾਗਤ ਜੋਤ ਹੈ, All Mighty Power ਹੈ। ਜੋ ਪ੍ਰਕਾਸ਼ ਰੱਬ ਦਾ ਹੈ, ਪਰਮ-ਆਤਮਾ ਦਾ ਹੈ, ਉਹੀ ਗੁਰੂ ਨਾਨਕ ਦਾ ਹੈ, ਉਹੀ ਦਸੇ ਪਾਤਿਸ਼ਾਹੀਆਂ ਦਾ ਹੈ, ਉਹੀ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੈ।

ਬਾਕੀ ਸਾਰੇ ਪੰਜ ਭੂਤਕ ਹਨ—ਬੰਦੇ ਹਨ, ਸਰੀਰ ਹਨ, ਮਿੱਟੀ-ਮਾਇਆ ਦੇ ਪੁਤਲੇ। ਗੁਰੂ ਤੇ ਰੱਬ, ਪੰਜ ਭੂਤਕ ਨਹੀਂ ਹੁੰਦੇ, ਸਰੀਰ ਨਹੀਂ ਹੁੰਦੇ, ਬੰਦੇ ਨਹੀਂ ਹੁੰਦੇ, ਮਿੱਟੀ-ਮਾਇਆ ਦੇ ਪੁਤਲੇ ਨਹੀਂ ਹੁੰਦੇ, ਪ੍ਰਕਾਸ਼ ਹੁੰਦੇ ਹਨ, ਨੂਰ ਹੁੰਦੇ ਹਨ, ਜਾਗਤ ਜੋਤ ਹੁੰਦੇ ਹਨ। ਸੂਖਸ਼ਮ ਹੁੰਦੇ ਹਨ, ਦੋਹਾਂ ਵਿਚ ਕੋਈ ਫ਼ਰਕ ਨਹੀਂ ਹੁੰਦਾ।

ਰੱਬ ਤੇ ਗੁਰੂ ਇਕ ਹੀ ਹੁੰਦੇ ਹਨ।

ਜੇ ਗੁਰੂ ਦੋ ਹੋ ਗਏ ਤਾਂ ਰੱਬ ਵੀ ਦੋ ਹੋਣਗੇ।

ਜੇ ਗੁਰੂ ਤਿੰਨ ਜਾਂ ਚਾਰ ਹੋ ਗਏ ਤਾਂ ਰੱਬ ਵੀ ਤਿੰਨ ਤੇ ਚਾਰ ਹੋਣਗੇ।

ਜੇ ਗੁਰੂ ੧੫-੨੦ ਹੋ ਗਏ ਤਾਂ ਰੱਬ ਵੀ ੧੫-੨੦ ਹੋਣਗੇ। ਯਾਦ ਰੱਖਣਾ। ਇਹਨਾਂ ਗੁਰੂਆਂ ਦੇ ਆਪਣੇ ਆਪਣੇ ਰੱਬ ਹਨ।

ਕੋਈ ਐਸਾ ਦੇਹਧਾਰੀ, ਪੰਜ-ਭੂਤਕ ਗੁਰੂ ਦਿਖਾਓ, ਜੋ 'ਇਕ' ਰੱਬ ਨੂੰ ਜਾਣਦਾ ਹੈ।

ਜੋ ਇਕ ਪ੍ਰਕਾਸ਼ ਨੂੰ ਜਾਣਦਾ ਹੈ, ਜੋ ਇਕ ਜੋਤ ਨੂੰ ਜਾਣਦਾ ਹੈ, ਜੋ ਇਕ ਨੂਰ ਨੂੰ ਜਾਣਦਾ ਹੈ।

ਜੋ ਇਕ ਪਰਮ-ਆਤਮਾ ਨੂੰ ਜਾਗਤ ਜੋਤ ਨੂੰ ਅਨੁਭਵੀ ਪ੍ਰਕਾਸ਼ ਨੂੰ ਜਾਣਦਾ ਹੈ, ਕੋਈ ਇਕ ਤੇ ਸਿਰਫ਼ ਇਕ ਹੀ ਦਿਖਾ ਦਿਓ, ਕਿਉਂਕਿ ਇਹ ਸਾਰੇ ਪਾਖੰਡੀ ਹਨ, ਸਰਕਾਰੀਏ ਹਨ। ਐ ਜੀਵ! ਐ ਛੋਟੇ ਰੱਬ! ਤੂੰ ਕਿਉਂ ਇਹਨਾਂ ਪਿੱਛੇ ਲੱਗ ਕੇ ਆਪਣਾ ਜੀਵਨ ਬਰਬਾਦ ਕਰ ਰਿਹਾ ਹੈਂ? ਬਹੁਤ ਬੁਰੀ ਤਰ੍ਹਾਂ ਮਾਰਿਆ ਜਾਵੇਂਗਾ, ਨਰਕਾਂ ਵਿਚ ਜਾਵੇਂਗਾ, ਕਰੋੜਾਂ ਸਾਲ ਦਾ ਭੁਗਤਾਨ ਪੈ ਜਾਏਗਾ, ਇਹ ਸਾਰੇ ਗੁਰੂ ਆਪ ਮੁਕਤ ਨਹੀਂ, ਤੈਨੂੰ ਕੀ ਮੁਕਤ ਕਰਨਗੇ? ਇਹ ਆਪ ਸਾਰੇ ਧਰਮਰਾਜ ਦੀ ਕਚਹਿਰੀ ਵਿਚੋਂ ਕਰੋੜਾਂ ਸਾਲਾਂ ਦੇ ਰੀਮਾਂਡ ਭੁਗਤ ਰਹੇ ਹਨ। ਤੈਨੂੰ ਕੀ ਬਚਾਉਣਗੇ? ਉੱਥੇ ਹੀ ਪਤਾ ਲਗਦਾ ਹੈ ਕਿ ਸੱਚ ਕੀ ਹੈ ਤੇ ਝੂਠ ਕੀ ਹੈ? ਸਚਖੰਡਿ ਕੀ ਹੈ? ਧਰਮਰਾਜ ਕੀ ਹੈ? ਲਿਵ ਕੀ ਹੈ! ਧਾਤ ਕੀ ਹੈ? ਸੂਖਸ਼ਮ ਸਰੀਰ ਕੀ ਹੈ? ਪੰਜ ਭੂਤਕ ਸਰੀਰ ਕੀ ਹੈ?

ਦੁਨੀਆਂ ਸਾਰੀ ਪੰਜ-ਭੂਤਕ ਸਰੀਰ ਨਾਲ ਜੁੜੀ ਹੋਈ ਹੈ, ਮਾਇਆ ਨਾਲ ਜੁੜੀ ਹੋਈ ਹੈ। ਮੋਹ ਨਾਲ, ਦੁਨਿਆਵੀ ਸੁੱਖ ਨਾਲ ਜੁੜੀ ਹੋਈ ਹੈ।

ਪਰ ਬਾਬਾ ਨਾਨਕ ਨਹੀਂ, ਉਹ ਜੀਵ-ਆਤਮਾ ਦੀ ਗੱਲ ਕਰਦਾ ਹੈ, ਰੱਬ ਦੀ ਗੱਲ ਕਰਦਾ ਹੈ, ਸਦੀਵੀ ਸੁੱਖ ਦੀ ਗੱਲ ਕਰਦਾ ਹੈ, ਸਦੀਵੀ ਜੀਵਨ ਦੀ ਗੱਲ ਕਰਦਾ ਹੈ। ਸਦੀਵੀ ਅਰੋਗਤਾ ਦੀ ਗੱਲ ਕਰਦਾ ਹੈ। ਜਨਮ ਮਰਨ ਤੋਂ ਰਹਿਤ ਦੀ ਗੱਲ ਕਰਦਾ ਹੈ, ਮਾਇਆ ਨੂੰ 'ਦਾਸੀ, ਸੇਵਕਾ, ਨੌਕਰਾਣੀ' ਕਹਿੰਦਾ ਹੈ। ਕੁਦਰਤ ਨੂੰ ਵੀ ਜੀਵ ਦੀ ਨੌਕਰ ਕਹਿੰਦਾ ਹੈ। ਜੀਵ ਨੂੰ ਰੱਬ ਕਹਿੰਦਾ ਹੈ, ਗੁਰੂ ਕਹਿੰਦਾ ਹੈ।

ਸਰੀਰ ਨੂੰ ਸੁਆਹ ਕਹਿੰਦਾ ਹੈ, ਮਿੱਟੀ ਕਹਿੰਦਾ ਹੈ, ਮਾਇਆ ਦਾ ਪੁਤਲਾ ਕਹਿੰਦਾ ਹੈ, ਬੇਅਕਲ ਕਹਿੰਦਾ ਹੈ, ਕਾਮੀ ਕਹਿੰਦਾ ਹੈ, ਵਿਕਾਰਾਂ ਦਾ ਘਰ ਕਹਿੰਦਾ ਹੈ, ਬੱਜਰ ਕੁਰਹਿਤੀਆ ਕਹਿੰਦਾ ਹੈ। ਗੰਦਗੀ ਦਾ ਵਿਸ਼ਟਾ ਦਾ ਕੀੜਾ ਕਹਿੰਦਾ ਹੈ। ਪੁਆੜੇ ਦੀ ਜੜ੍ਹ ਕਹਿੰਦਾ ਹੈ, ਮਾਇਆ ਦਾ ਜਾਲ ਕਹਿੰਦਾ ਹੈ। ਸਰੀਰ ਨੂੰ ਸੂਰ, ਸੱਪ, ਕਾਂ, ਖੋਤਾ, ਕੁੱਤਾ ਕਹਿੰਦਾ ਹੈ। ਸਾਰੀ ਸ਼ਰਾਰਤ ਸਰੀਰ ਨੂੰ, ਮਨ ਨੂੰ, ਮਾਇਆ ਨੂੰ ਹੀ ਕਹਿੰਦਾ ਹੈ, ਜੋ ਸਰੀਰ ਦਾ ਹੀ ਹਿੱਸਾ ਹਨ, ਸਰੀਰ ਇਹਨਾਂ ਦਾ ਪਿਓ ਹੈ।

ਆਤਮਾ ਨੂੰ ਰੱਬ ਦੀ ਖੇਡ ਦੱਸਦਾ ਹੈ—Positive ਦੱਸਦਾ ਹੈ।

ਸਰੀਰ ਨੂੰ ਆਤਮਾ ਦਾ ਪਿੰਜਰਾ, ਜੇਲ੍ਹ, ਕੈਦ—Negative ਦੱਸਦਾ ਹੈ।

ਸਰੀਰ ਤੋਂ ਕਿਵੇਂ ਬਚਣਾ ਹੈ ? ਇਹ ਅਸੂਲ ਦੱਸ ਰਿਹਾ ਹੈ ਬਾਬਾ, ਆਤਮਾ ਕੀ ਹੈ ? ਕਿੱਥੋਂ ਆਈ ਹੈ ? ਕਿੱਥੇ ਜਾਏਗੀ ? ਕਿਉਂ ਆਈ ਹੈ ? ਕਿਉਂ ਭੇਜੀ ਹੈ ? ਕਿਹਨੇ ਭੇਜੀ ਹੈ ? ਕੀ ਕਰਨ ਭੇਜੀ ਹੈ ? ਸਰੀਰ ਕੀ ਕਰ ਰਿਹਾ ਹੈ ? ਕੀ ਕਰਵਾ ਰਿਹਾ ਹੈ ? ਰੱਬ ਕੀ ਕਹਿ ਰਿਹਾ ਹੈ ? ਸਰੀਰ ਕੀ ਕਰਵਾ ਰਿਹਾ ਹੈ ? ਆਤਮਾ ਨੇ ਕੀ ਕਰਨਾ ਸੀ ? ਕੀ ਕਰ ਰਹੀ ਹੈ ?

ਇਹ ਸਾਡੀ ਖੇਡ ਗੁਰੂ ਨਾਨਕ—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਖੇਡ ਤੇ ਖਿਡਵਾ ਰਹੇ ਹਨ। ਆਪਾਂ ਕਿਵੇਂ ਬਚਣਾ ਹੈ ? ਗੁਰੂ ਦੀ ਸਰਨੀ ਲੱਗ ਕੇ ਅਸੀਂ ਤਾਂ ਦੂਰ ਤੋਂ ਹੀ ਕੋਮੈਂਟ ਕਰਨ ਲੱਗ ਪਏ—ਸਿੰਘਾਂ ਤੇ, ਸੰਗਤਿ ਤੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ, ਰੱਬ ਤੇ ਕਿੱਥੇ ਤੇ ਕਿਵੇਂ ਢੋਈ ਮਿਲੇਗੀ। ਇਸੇ ਲਈ ਲਿਖ ਰਿਹਾ ਹਾਂ—ਪਹਿਲਾਂ ਗੁਰੂ ਨੂੰ ਸਮਝ, ਗੁਰੂ ਕੌਣ ਹੁੰਦਾ ਹੈ ? ਗੁਰੂ !

**ਅਉਧ ਘਟੈ ਦਿਨਸੁ ਰੈਣਾਰੇ ॥**
**ਮਨ ਗੁਰ ਮਿਲਿ ਕਾਜ ਸਵਾਰੇ ॥੧॥ਰਹਾਉ॥** *(ਪੰਨਾ ੧੩)*

ਕਿਹੜੇ ਗੁਰੂ ਨੂੰ ਮਿਲ ਕੇ ਜੀਵਨ ਮਨੋਰਥ ਦਾ ਕਾਰਜ ਸੰਵਾਰਨਾ ਹੈ ? ਜਿਹੜਾ ਗੁਰੂ ਕਹਿ ਰਿਹਾ ਹੈ ?

**ਜਾ ਕਉ ਆਏ ਸੋਈ ਬਿਹਾਝਹੁ "ਹਰਿ ਗੁਰ ਤੇ" ਮਨਹਿ ਬਸੇਰਾ ॥**
*(ਪੰਨਾ ੧੩)*

ਕੀ ਕਰਨ ਆਏ ? ਰੱਬ ਨੂੰ ਮਿਲਣ ਆਏ, ਉਹ ਗੁਰੂ ਨੂੰ ਮਿਲ ਕੇ ਜੋ ਹਰੀ ਹੈ, ਜੋ ਰੱਬ ਹੈ। ਇਕ ਹੀ ਦਿਖਾ ਦੇਹ, ਗੁਰੂ ਨਾਨਕ ਵਰਗਾ, ਅੱਧਾ ਹੀ ਦਿਖਾ ਦੇ, ੧/੪ ਹੀ ਦਿਖਾ ਦੇ, ੧/੮ ਦਿਖਾ ਹੀ ਦੇ, ਸਾਰੀ ਦੁਨੀਆਂ ਲੱਭ ਲੈ, ਤੈਨੂੰ ਗੁਰੂ ਵਰਗਾ ੦੦੦੦੦੦੦੦੧ ਵੀ ਗੁਰੂ ਵਰਗਾ ਨਹੀਂ ਮਿਲੇਗਾ, ਜੋ ਮਨ ਵਿਚ ਟਿਕਾਓ ਲਿਆ ਕੇ ਦਸਵੇਂ ਦੁਆਰ, ਨਿਜ ਘਰ ਵਿਚ ਵਸੇਵਾ ਕਰਾ ਦੇਵੇ। ਮੈਨੂੰ ਜ਼ਰੂਰ ਦਿਖਾਉਣਾ।

**ਹਰਿ ਬਿਨੁ ਜੀਉ ਜਲਿ ਬਲਿ ਜਾਉ ॥** *(ਪੰਨਾ ੧੪)*

ਸਿਮਰਨ ਕਰਨ ਤੋਂ ਬਗ਼ੈਰ ਜੀਵਾਤਮਾ ਵਿਕਾਰਾਂ ਵਿਚ ਸੜ ਬਲ ਜਾਂਦੀ ਹੈ, ਕੁਰਹਿਤਾਂ ਕਰਦੀ ਹੈ, ਜੋ ਸਚਖੰਡਿ ਪ੍ਰਵਾਨ ਨਹੀਂ।

**ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥**
*(ਪੰਨਾ ੧੪)*

ਕਿਹੜੇ ਗੁਰੂ ਨੂੰ ਪੁੱਛਿਆ ? ਹੋਰ ਕੋਈ ਤਰੀਕਾ ਨਹੀਂ, ਵਿਧੀ ਨਹੀਂ, ਅੰਮ੍ਰਿਤ ਛਕ ਕੇ ਵਾਹਿਗੁਰੂ ਵਾਹਿਗੁਰੂ ਬੋਲੋ, ਜੇ ਬਚਣਾ ਹੈ ਤਾਂ।

**ਬਾਬਾ ਮਾਇਆ ਰਚਨਾ ਧੋਹੁ ॥**

**ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਓਹੁ ॥** *(ਪੰਨਾ ੧੫)*

ਮਾਇਆ ਠੱਗੀ ਹੈ—ਮਨਮੁਖਾ, ਮੂਰਖਾ ਵਾਹਿਗੁਰੂ ਨਾਮ ਭੁੱਲ ਗਿਆ ਹੈ, ਨਾ ਮਾਇਆ ਨਾਲ ਜਾਣੀ ਹੈ, ਨਾ ਸਚਖੰਡਿ ਜਗ੍ਹਾ ਮਿਲਣੀ ਹੈ, ਕੌਣ ਕਹਿ ਰਿਹਾ ਹੈ ? ਫਿਰ ਉਸੇ ਗੁਰੂ ਨਾਨਕ ਨੂੰ ਯਾਦ ਕਰ। ਬਾਣੀ ਗੁਰੂ ਨਾਨਕ ਦੀ ਪੜ੍ਹਦਾ ਹੈ ਤੇ ਪੂਜਦਾ ਰਾਧਾ ਸੁਆਮੀ ਤੇ ਨਿਰੰਕਾਰੀ ਨੂੰ ਹੈ।

**ਬਾਬਾ ਬੋਲੀਐ ਪਤਿ ਹੋਇ ॥**

**ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥ ਰਹਾਉ॥**

*(ਪੰਨਾ ੧੫)*

ਵਾਹਿਗੁਰੂ ਵਾਹਿਗੁਰੂ ਬੋਲਦੇ ਰਹੀਏ ਤਾਂ ਇੱਜ਼ਤ ਮਿਲਦੀ ਹੈ, ਉੱਚੇ ਤੇ ਊਤਮ ਉਹੀ ਮਨੁੱਖ ਹਨ ਜਿਹਨਾਂ ਨੂੰ ਸਚਖੰਡਿ ਵਿਚ ਇੱਜ਼ਤ ਮਿਲਦੀ ਹੈ, ਇਹਨਾਂ ਦੇਹਧਾਰੀਆਂ ਨੇ ਸਚਖੰਡਿ ਦੇਖਿਆ ? ਪੁੱਛੀਂ ਜ਼ਰਾ, ਤੁਹਾਨੂੰ ਕਿਸੇ ਨੂੰ ਸਚਖੰਡਿ ਦੇ ਦਰਸ਼ਨ ਹੋਏ ਹਨ ? ਫਿਰ ਵਾਹਿਗੂਰੂ ਵਾਹਿਗੁਰੂ ਜਪਣ ਨਾਲ ਹੋਣੇ ਹਨ, ਤੁਸੀਂ ਵਾਹਿਗੁਰੂ ਜਪਦੇ ਹੋ ? ਸਿਰਫ਼ ਸਚਖੰਡਿ ਅੰਮ੍ਰਿਤਧਾਰੀ ਪਹੁੰਚਣਾ ਹੈ, ਤੁਸੀਂ ਅੰਮ੍ਰਿਤਧਾਰੀ ਹੋ ?

**ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ ਦਰਵਾਰੁ ॥੧॥**

*(ਪੰਨਾ ੧੫)*

ਰਾਖਣ ਕਉ—Reservation ਇਹਨਾਂ ਦੇਹਧਾਰੀ ਗੁਰੂਆਂ ਨੂੰ ਪਤਾ ਕਿ ਸਚਖੰਡਿ ਦੀ ਸੀਟ Reserve ਹੋ ਸਕਦੀ ਹੈ। ਤੁਹਾਡੀ ਸੀਟ ਬੁਕ ਕਰਵਾਈ ਹੈ। ਆਪਣੀ ਹੀ ਸੀਟ Reserve ਕਰਾ ਕੇ ਦਿਖਾ ਦੇਵੇ, ਕਿਵੇਂ Reserve ਹੁੰਦੀ ਹੈ, ਕਦੇ ਤੁਹਾਨੂੰ ਦੱਸਿਆ ? ਹਾਂ ਧਰਮਰਾਜ ਕੋਲ, ਆਪਣੀ ਤੇ ਤੁਹਾਡੀਆਂ ਸਾਰੀਆਂ ਸੀਟਾਂ ਬੁੱਕ ਕਰਵਾ ਸਕਦੈ ਤੇ ਕਰਵਾਈਆਂ ਹੋਈਆਂ ਹਨ, ਇਹਨਾਂ ਦੇ ਗੁਰੂ ਉੱਥੇ ਹੀ ਹਨ। ਤੁਹਾਨੂੰ ਉਡੀਕ ਰਹੇ ਹਨ, ਜਾ ਕੇ ਹਾਲ ਚਾਲ ਪੁੱਛ ਲੈਣਾ। ਕਦੀ ਸਚਖੰਡਿ ਦਾ ਨਜ਼ਾਰਾ ਦੇਖਿਆ ਹੈ ? ਰੱਬ ਉਹਨਾਂ ਨੂੰ ਹੀ ਮਿਲਦਾ ਹੈ ਜਿਹਨਾਂ ਨੇ ਅੰਮ੍ਰਿਤ ਛਕ ਕੇ ਆਪਣੀ ਸੀਟ ਬੁੱਕ ਕਰਵਾਈ ਹੈ।

**ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥੧॥ ਰਹਾਉ ॥**

*(ਪੰਨਾ ੧੬)*

ਨੀਸਾਣੁ—ਰਾਹਦਾਰੀ। ਸਚਖੰਡਿ ਜਾਣ ਲਈ ਕਿਹੜੀ ਰਾਹਦਾਰੀ ਚਾਹੀਦੀ ਹੈ ? ਤੇਰਾ ਗੁਰੂ ਇਹੀ ਗੱਲ ਦੱਸ ਦੇਵੇ, ਤਾਂ ਵੀ ਆਪਾਂ ਉਸ ਨੂੰ ਗੁਰੂ ਮੰਨ ਲੈਣਾ। ਇਹ ਗੱਲਾਂ ਗੁਰੂ ਨਾਨਕ ਦੀਆਂ ਹਨ। ਰਾਹਦਾਰੀ—ਪੰਜੇ ਕਕਾਰ।

**ਨਾਵ ਜਿਨਾ ਸੁਲਤਾਨ ਖਾਨ ਹੋਂਦੇ ਡਿਠੇ ਖੇਹ॥** *(ਪੰਨਾ ੧੬)*

ਤੇਰੇ ਗੁਰੂ ਨੇ ਦੇਖੇ ਹਨ ਸੁਆਹ ਹੁੰਦੇ, ਉਹ ਤਾਂ ਆਪ ਹੀ ਸੁਆਹ ਹੋਇਆ ਬੈਠਾ ਹੈ, ਵਿਚਾਰੇ ਨੂੰ ਬਚਾਓ। ਦੇਖ! ਇਥੇ ਕਿੰਨੀ ਕਦਰ ਸੀ, ਕਿੰਨੀ ਦੁਨੀਆਂ ਮੱਥਾ ਟੇਕਦੀ ਸੀ ਤੇ ਹੁਣ ਸਿਰ ਪੈਰਾਂ ਨਾਲ ਬੰਨ੍ਹਿਆ ਪਿਆ ਹੈ, ਕਰੋੜਾਂ ਸਾਲ ਲੁੱਕ ਦੇ ਡਰੱਮ ਵਿਚ ਘੁੰਮੇਗਾ, ਤੂੰ ਜਾ ਕੇ ਦੇਖ ਲਈਂ, ਤੇਰੇ ਲਈ ਉਸਨੇ ਪਹਿਲਾਂ ਹੀ ਡਰੱਮ ਲਿਆ ਪਿਆ ਹੈ, ਬਰਾਬਰੀ ਕਰਦਾ ਹੈ, ਗੁਰੂ ਨਾਨਕ ਦੀ। ਇਹ ਤੇਰੇ ਤੇ ਦੋਸ਼ ਹੈ, ਕੀ ਤੂੰ ਆਪ ਮੁਕਤ ਸੀ ? ਲੋਕਾਂ ਦਾ ਠੇਕਾ ਲੈ ਲਿਆ। ਮੈਂ ਸਾਰੇ ਸੁਆਹ ਹੁੰਦੇ ਦੇਖੇ ਹਨ।

**ਖੇਹੂ ਖੇਹ ਰਲਾਈਐ ਤਾ ਜੀਉ ਕੇਹਾ ਹੋਇ॥** *(ਪੰਨਾ ੧੭)*

ਉੱਥੇ ਸੁਆਹ ਵਿਚ ਮਿਲਾ ਦੇਣਾ ਤੇਰੇ ਗੁਰੂ ਨੂੰ, ਗੁਰੂ ਨਾਨਕ ਦੇ ਨੌਕਰ ਨੇ ਧਰਮਰਾਜ ਨੇ, ਕੌਣ ਵੱਡਾ ਹੈ?

**ਗੁਰੁ ਪਉੜੀ ਬੇੜੀ ਗੁਰੂ, ਗੁਰੁ ਤੁਲਹਾ ਹਰਿ ਨਾਉ॥**
**ਗੁਰੁ ਸਰੁ ਸਾਗਰੁ ਬੋਹਿਥੋ ਗੁਰੁ ਤੀਰਥੁ ਦਰੀਆਉ॥** *(ਪੰਨਾ ੧੭)*

ਸਚਖੰਡਿ ਜਾਣ ਲਈ ਪਉੜੀ, ਸੰਸਾਰ-ਸਮੁੰਦਰ ਤੋਂ ਤਰਨ ਲਈ ਬੇੜੀ ਗੁਰੂ ਨਾਨਕ ਹੈ, ਗੁਰੂ ਨਾਨਕ ਹੀ ਤੁਲਹਾ ਤੇ ਵਾਹਿਗੁਰੂ ਉਸ ਦਾ ਨਾਮ। ਗੁਰੂ ਨਾਨਕ ਹੀ ਸਰੋਵਰ, ਸਮੁੰਦਰ ਪਾਰ ਕਰਨ ਲਈ ਜਹਾਜ਼ ਹੈ। ਗੁਰੂ ਨਾਨਕ ਤੀਰਥ ਹੈ ਤੇ ਗੁਰੂ ਨਾਨਕ ਹੀ ਦਰਿਆ ਹੈ। ਹੈ ਤੇਰਾ ਗੁਰੂ—ਮੇਰਾ ਇਸ਼ਨਾਨ ਕਰਵਾ ਦੇਹ। ਸਚਖੰਡਿ ਪੁਚਾ ਦੇਹ, ਜੀਵਨ ਪਵਿੱਤਰ ਬਣਾ ਦੇਹ।

**ਬਿਨੁ ਗੁਰ ਮੈਲੁ ਨ ਉਤਰੈ, ਬਿਨੁ ਹਰਿ ਕਿਉ ਘਰ ਵਾਸੁ॥**
**ਏਕੋ ਸਬਦੁ ਵੀਚਾਰੀਐ ਅਵਰ ਤਿਆਗੈ ਆਸ॥**
**ਨਾਨਕ ਦੇਖਿ ਦਿਖਾਈਐ ਹਉ ਸਦ ਬਲਿਹਾਰੈ ਜਾਸੁ॥੪॥** *(ਪੰਨਾ ੧੮)*

ਤੇਰੇ ਗੁਰੂ ਨੇ ਰੱਬ ਦੇਖਿਆ, ਤੈਨੂੰ ਦਿਖਾਇਆ ਹੈ, ਘਰ ਵਾਸੁ—ਸਚਖੰਡਿ ਵਾਸਾ ਕਰਵਾਇਆ ? ਇਕ ਬਾਣੀ ਵੀਚਾਰੀਏ, ਜਿਹਨਾਂ ਨੇ ਦੇਖ ਕੇ ਦਰਸ਼ਨ ਕਰਵਾਏ ਹਨ ਮੈਂ ਸਦਕੇ ਜਾਂਦਾ ਹਾਂ।

**ਮੁੰਧੇ ਪਿਰ ਬਿਨੁ ਕਿਆ ਸੀਗਾਰੁ॥**
**ਦਰਿ ਘਰਿ ਢੋਈ ਨ ਲਹੈ ਦਰਗਹ ਝੂਠੁ ਖੁਆਰੁ॥੧॥ ਰਹਾਉ॥**
*(ਪੰਨਾ ੧੯)*

ਕੋਈ ਗੁਰੂ ਸ਼ਿੰਗਾਰ ਤੋਂ ਰੋਕਦਾ ਹੈ ? ਸਚਖੰਡਿ ਢੋਈ ਨਹੀਂ ਮਿਲਣੀ, ਤੇਰੀ ਸਾਰੀ ਸੰਗਤਿ ਹੀ ਸ਼ਿੰਗਾਰ ਕਰਦੀ ਹੈ, ਤੇਰਾ ਗੁਰੂ ਰੋਕਦਾ ਹੀ ਨਹੀਂ, ਉਸ

ਨੂੰ ਪਤਾ ਹੀ ਨਹੀਂ, ਤੁਹਾਡੀ ਸਾਰੀ ਸੰਗਤਿ ਹੀ ਸ਼ਿੰਗਾਰ ਕਰਦੀ ਹੈ। ਧਰਮਰਾਜ ਦੀ ਕਚਹਿਰੀ ਖ਼ੁਆਰ ਹੋਏਂਗੀ।

**ਗੁਰ ਬਿਨੁ ਕਿਉ ਤਰੀਐ ?** ਗੁਰੂ ਨਾਨਕ ਤੋਂ ਬਗ਼ੈਰ ਕਿਵੇਂ ਤਰੇਂਗਾ, ਤਰੀਕਾ ਹੀ ਦੱਸ ਦੇਹ।

**ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥** *(ਪੰਨਾ ੨੦)*

ਸਚਖੰਡਿ ਜਾਣ ਦੀ ਬੇੜੀ—ਜੇ ਤਰਨਾ ਹੈ ਤਾਂ ਬਾਣੀ ਵਿਚਾਰ ਕੇ, ਬਾਣੀ ਗੁਰੂ ਨਾਨਕ ਨੇ ਲਿਖੀ ਹੈ।

**ਸਤਗੁਰਿ ਮੇਲਿ ਮਿਲਾਇਆ ਨਾਨਕ ਸੋ ਪ੍ਰਭੁ ਨਾਲਿ ॥੪॥੧੭॥**

*(ਪੰਨਾ ੨੦)*

**ਸਤਿਗੁਰੁ ਨਾਨਕ ਦੇਉ ਹੈ ਪਰਮੇਸਰੁ ਸੋਈ ॥੨੦॥੩੯॥**

*(ਭਾਈ ਗੁਰਦਾਸ ਜੀ)*

**ਅੰਤਰ ਕੀ ਗਤਿ ਜਾਣੀਐ ਗੁਰ ਮਿਲੀਐ ਸੰਕ ਉਤਾਰਿ ॥**
**ਮੁਇਆ ਜਿਤੁ ਘਰਿ ਜਾਈਐ ਤਿਤੁ ਜੀਵਦਿਆ ਮਰੁ ਮਾਰਿ ॥**
**ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ ॥੨॥** *(ਪੰਨਾ ੨੧)*

ਅੰਦਰਲੀ ਆਤਮਾ ਦਾ ਪ੍ਰਕਾਸ਼ ਹੋ ਜਾਂਦਾ ਹੈ, ਸ਼ੰਕੇ ਉਤਾਰ ਕੇ ਗੁਰੂ ਨੂੰ ਮਿਲੀਏ। ਮਰ ਕੇ ਜਿਸ ਘਰ ਜਾਣਾ ਹੈ, ਮਨ ਮਾਰ ਕੇ ਜੀਂਦੇ ਜੀਅ ਪਹੁੰਚ ਸਕੀਦਾ ਹੈ। ਅੰਦਰ ਵੀ ਵਾਹਿਗੁਰੂ ਦੀ ਆਵਾਜ਼, ਤੇ ਸਚਖੰਡਿ ਵੀ ਵਾਹਿਗੁਰੂ ਦੀ ਆਵਾਜ਼, ਗੁਰਬਾਣੀ ਦੀ ਵਿਚਾਰ ਕਰੀਏ, ਨਾਮ ਜਪੀਏ। ਭਾਈ! ਦੇਹਧਾਰੀ ਗੁਰੂ! ਤੈਨੂੰ ਪ੍ਰਕਾਸ਼ ਹੋਇਆ, ਸਚਖੰਡਿ ਦੀ ਸੋਝੀ ਹੈ, ਕਦੀ ਗਿਆ ਹੈ ? ਨਹੀਂ ਤੇ ਦੱਸਦਾ ਨਾ, ਉੱਥੇ ਗੁਰੂ ਨਾਨਕ ਦਾ ਰਾਜ ਹੈ, ਸਾਰੇ ਅੰਮ੍ਰਿਤਧਾਰੀ ਹਨ, ਤੂੰ ਆਪ ਤਾਂ ਗੁਰਮੁਖ ਵੀ ਨਹੀਂ।

**ਸਾਧੂ ਸਤਗੁਰੁ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ ॥੧॥**

*(ਪੰਨਾ ੨੧)*

ਜੇ ਸਤਿਗੁਰੂ ਗੁਰੂ ਨਾਨਕ ਮਿਲ ਜਾਏ ਤਾਂ ਗੁਣਾਂ ਦਾ ਖ਼ਜ਼ਾਨਾ ਵਾਹਿਗੁਰੂ ਮਿਲ ਜਾਂਦਾ ਹੈ।

**ਨਾਨਕ ਸਤਗੁਰੁ ਮੀਤੁ ਕਰਿ, ਸਚੁ ਪਾਵਹਿ ਦਰਗਹ ਜਾਇ ॥੪॥੨੦॥**

*(ਪੰਨਾ ੨੨)*

ਗੁਰੂ ਨਾਨਕ ਨੂੰ ਦੋਸਤ ਬਣਾ ਲੈ, ਰੱਬ ਮਿਲ ਜਾਏਗਾ, ਸਚਖੰਡਿ ਚਲਾ ਜਾਏਂਗਾ। ਤੂੰ ਗਿਆ ਹੈਂ ?

**ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ ॥੧॥**

*(ਪੰਨਾ ੨੨)*

ਗੁਰੂ ਨਾਨਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਤੋਂ ਬਗ਼ੈਰ ਭਗਤੀ ਨਹੀਂ ਹੋ ਸਕਦੀ।

**ਜਿਸੁ ਸਤਗੁਰੁ ਪੁਰਖੁ ਨ ਭੇਟਿਓ ਸੁ ਭਉਜਲਿ ਪਚੈ ਪਚਾਇ ॥**

*(ਪੰਨਾ ੨੨)*

ਜਿਨ੍ਹਾਂ ਨੇ ਅੰਮ੍ਰਿਤ ਨਹੀਂ ਛਕਿਆ, ਗੁਰੂ ਨਾਨਕ ਨਾਲ ਮਿਲਾਪ ਨਹੀਂ ਹੋਇਆ, ਸਾਰੇ ਸੜ ਮਰਨਗੇ, ਤੂੰ ਕਿਹਨਾਂ ਵਿਚ ਆਉਂਦਾ ਹੈਂ ? ਤੂੰ ਮਰੇਂਗਾ, ਬਚ ਜਾਏਂਗਾ ?

**ਜੇ ਲਖ ਇਸਤਰੀਆ ਭੋਗ ਕਰਹਿ ਨਵ ਖੰਡ ਰਾਜੁ ਕਮਾਹਿ ॥**
**ਬਿਨੁ ਸਤਗੁਰ ਸੁਖੁ ਨ ਪਾਵਈ ਫਿਰਿ ਫਿਰਿ ਜੋਨੀ ਪਾਹਿ ॥**

*(ਪੰਨਾ ੨੬)*

ਗੁਰੂ ਨਾਨਕ ਤੋਂ ਬਗ਼ੈਰ ਸੁੱਖ ਨਹੀਂ ਮਿਲਣਾ, ਜੂਨੀਆਂ ਵਿਚ ਭੌਂਦਾ ਫਿਰੇਂਗਾ। ਧਰਮਰਾਜ ਨੂੰ ਕੀ ਫ਼ਰਕ ਪਏਗਾ। ਤੈਨੂੰ ਉਹਨੇ ਕੰਜਰੀ ਬਣਾ ਕੇ ਭੇਜ ਦੇਣਾ, ਤੈਨੂੰ ਲੱਖਾਂ ਬੰਦੇ ਭੋਗਣਗੇ, ਤੈਨੂੰ ਨਾਨੀ ਯਾਦ ਆ ਜਾਏਗੀ।

**ਸਤਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ ॥**
**ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮ ਜਾਲੇ ॥**
**ਸੁਪਨੈ ਸੁਖੁ ਨ ਦੇਖਨੀ ਬਹੁ ਚਿੰਤਾ ਪਰਜਾਲੇ ॥੩॥** *(ਪੰਨਾ ੩੦)*

ਮਨਮੁਖ ਬੰਦੇ, ਜਿਹਨਾਂ ਅੰਮ੍ਰਿਤ ਨਹੀਂ ਛਕਿਆ, ਉਹਨਾਂ ਦੇ ਮੂੰਹ ਕਾਲੇ ਕੀਤੇ ਜਾਣਗੇ, ਜਮਦੂਤ ਉਹਨਾਂ ਨੂੰ ਆਪਣੀ ਤੱਕ ਹੇਠ ਰੱਖਦਾ ਹੈ। ਸੁਪਨੇ ਵਿਚ ਵੀ ਸੁੱਖ ਨਹੀਂ ਮਿਲ ਸਕਦਾ, ਚਿੰਤਾ ਵਿਚ ਸੜਦੇ ਰਹਿਣਗੇ।

**ਬਿਨੁ ਗੁਰ ਮਹਲੁ ਨ ਪਾਈਐ ਨਾਮੁ ਨ ਪਰਾਪਤਿ ਹੋਇ ॥**
**ਐਸਾ ਸਤਗੁਰੁ ਲੋੜਿ ਲਹੁ ਜਿਦੂ ਪਾਈਐ ਸਚੁ ਸੋਇ ॥**

*(ਪੰਨਾ ੩੦)*

ਗੁਰੂ ਨਾਨਕ ਤੋਂ ਬਗ਼ੈਰ ਸਚਖੰਡਿ ਦੀ ਪ੍ਰਾਪਤੀ ਨਹੀਂ ਹੋਣੀ, ਅੰਮ੍ਰਿਤ ਛਕਣ ਤੋਂ ਬਗ਼ੈਰ ਵਾਹਿਗੁਰੂ ਨਾਮ ਦੀ ਪ੍ਰਾਪਤੀ ਨਹੀਂ ਹੋਣੀ, ਗੁਰੂ ਨਾਨਕ ਤੋਂ ਬਗ਼ੈਰ ਰੱਬ ਨਹੀਂ ਮਿਲਣਾ।

**ਭਾਈ ਰੇ ਭਗਤਿਹੀਣੁ ਕਾਹੇ ਜਗਿ ਆਇਆ ॥**
**ਪੂਰੇ ਗੁਰ ਕੀ ਸੇਵ ਨ ਕੀਨੀ ਬਿਰਥਾ ਜਨਮੁ ਗਵਾਇਆ ॥੧॥ਰਹਾਉ॥**

*(ਪੰਨਾ ੩੨)*

ਪੂਰੇ ਗੁਰੂ ਨਾਨਕ ਦੀ ਦੱਸੀ ਸੇਵਾ-ਭਗਤੀ ਨਹੀਂ ਕੀਤੀ, ਜਨਮ ਅਜਾਈਂ ਚਲਾ ਗਿਆ। ਮਰੇਂਗਾ ਤਾਂ ਯਾਦ ਕਰੇਂਗਾ। ਭਗਤੀ ਨਹੀਂ ਕਰਨੀ ਸੀ, ਜਨਮ ਲੈਣ ਦਾ ਫ਼ਾਇਦਾ ਹੀ ਕੀ ਸੀ ?

**ਚਿਰੀ ਵਿਛੁੰਨੇ ਮੇਲਿਅਨੁ ਸਤਗੁਰ ਪੰਨੈ ਪਾਇ ॥** *(ਪੰਨਾ ੩੨)*

ਕਰੋੜਾਂ ਸਾਲਾਂ ਦੇ ਵਾਹਿਗੁਰੂ ਤੋਂ ਵਿਛੜੇ ਹੋਏ ਜੀਵ ਗੁਰੂ ਨਾਨਕ ਮਿਲਾ ਦੇਂਦਾ ਹੈ। ਤੇਰਾ ਗੁਰੂ ਮਿਲਾ ਦੇਂਦਾ ਹੈ ?

**ਸਤਗੁਰਿ ਮਿਲਿਐ ਤ੍ਰਿਕੁਟੀ ਛੂਟੈ, ਚਉਥੈ ਪਦਿ ਮੁਕਤਿ ਦੁਆਰੁ ॥੨॥**

*(ਪੰਨਾ ੩੩)*

ਗੁਰੂ ਨਾਨਕ ਨੂੰ ਮਿਲਿਐ, ਤ੍ਰਿਕੁਟੀ ਛੁਟਦੀ ਹੈ, ਦਸਮ ਦੁਆਰ ਪਹੁੰਚਦਾ ਹੈ ਤਾਂ ਮੁਕਤੀ ਦਾ ਦਰਵਾਜ਼ਾ ਮਿਲਦਾ ਹੈ। ਭਾਈ ! ਕੋਈ ਦੇਹਧਾਰੀ ਗੁਰੂ ਦਸਮ ਦੁਆਰ ਪਹੁੰਚਿਆ, ਉਸ ਦਾ ਕੋਈ ਚੇਲਾ ਬਾਲਕਾ।

**ਬਿਨੁ ਗੁਰ ਕਿਨੈ ਨ ਪਾਇਓ ਬਿਰਥਾ ਜਨਮੁ ਗਵਾਇ ॥**

*(ਪੰਨਾ ੩੩)*

ਗੁਰੂ ਨਾਨਕ ਤੋਂ ਬ਼ਗ਼ੈਰ ਕਿਸੇ ਨੂੰ ਰੱਬ ਨਹੀਂ ਮਿਲਿਆ, ਨਾ ਮਿਲ ਸਕਦਾ, ਨ ਮਿਲੇਗਾ, ਜਨਮ ਅਜਾਈਂ ਜਾ ਰਿਹਾ ਹੈ। ਤੇਰਾ ਵੀ ਜਨਮ ਅਜਾਈਂ ਜਾ ਰਿਹੈ, ਤੂੰ ਕਿਹੜਾ ਅੰਮ੍ਰਿਤ ਛਕ ਲਿਆ ਹੈ ?

**ਜਿਨੀ ਪੁਰਖੀ ਸਤਗੁਰੁ ਨ ਸੇਵਿਓ ਸੇ ਦੁਖੀਏ ਜੁਗ ਚਾਰਿ ॥.....**
**ਸਤਗੁਰੂ ਕਿਆ ਫਿਟਕਿਆ ਮੰਗਿ ਥਕੇ ਸੰਸਾਰਿ ॥** *(ਪੰਨਾ ੩੪)*

ਜਿਹਨਾਂ ਨੇ ਗੁਰੂ ਨਾਨਕ ਦਾ ਦੱਸਿਆ 'ਵਾਹਿਗੁਰੂ' ਸਿਮਰਨ ਨਹੀਂ ਕੀਤਾ, ਚਾਰੇ ਜੁਗ ਦੁਖੀ ਰਹਿਣਗੇ। ਗੁਰੂ ਨਾਨਕ ਦਾ ਫਿਟਕਾਰਿਆ ਹੋਇਆ, ਸਾਰੇ ਸੰਸਾਰ ਵਿਚ ਮੰਗਦਾ ਥਕ ਜਾਏਂਗਾ, ਮਿਲੇਗਾ ਕੁਛ ਵੀ ਨਹੀਂ।

**ਮਨ ਮੇਰੇ ਸਦਾ ਹਰਿ ਵੇਖੁ ਹਦੂਰਿ ॥**
**ਜਨਮ ਮਰਨ ਦੁਖੁ ਪਰਹਰੈ ਸਬਦਿ ਰਹਿਆ ਭਰਪੂਰਿ ॥੧॥ਰਹਾਉ॥**

*(ਪੰਨਾ ੩੪)*

ਸੁਰਤੀ ਲਾ ਕੇ ਵੇਖ ਹਾਜ਼ਰ-ਨਾਜ਼ਰ ਹੈ ਵਾਹਿਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ

ਜੀ ਵਿਚ ਪੂਰਨ ਜੋਤ ਹੈ ਰੱਬ ਦੀ। ਸਬਦ ਵਿਚ ਭਰਪੂਰ ਹੈ, ਪੂਰਨ ਜੋਤ ਹੈ, ਪੂਰਨ ਵਾਹਿਗੁਰੂ ਹੈ ਤੇ ਤੂੰ ਪੰਜ-ਭੂਤਕ ਮਾਇਆ ਦਾ ਪੁਤਲਾ।

**ਸਤਗੁਰੁ ਪੁਰਖੁ ਨ ਮੰਨਿਓ ਸਬਦਿ ਨ ਲਗੋ ਪਿਆਰੁ ॥**
**ਇਸਨਾਨੁ ਦਾਨੁ ਜੇਤਾ ਕਰਹਿ ਦੂਜੈ ਭਾਇ ਖੁਆਰੁ ॥** *(ਪੰਨਾ ੩੪)*

ਗੁਰੂ ਨਾਨਕ, ਅਕਾਲ ਪੁਰਖ ਨੂੰ "ਇਕ ਬਾਬਾ ਅਕਾਲ ਰੂਪ", ਅਕਾਲ ਪੁਰਖ ਨੂੰ ਨਹੀਂ ਮੰਨਿਆ, ਵਾਹਿਗੁਰੂ ਸਿਮਰਨ ਨਾਲ ਪਿਆਰ ਨਹੀਂ ਪਿਆ। ਦੇਹਧਾਰੀ ਨੂੰ ਮੰਨਿਆ, ਅੰਮ੍ਰਿਤ ਛਕਿਆ ਨਹੀਂ, ਸਰੀਰਕ ਮੋਹ ਵਿਚ ਹੀ ਹੈਂ। ਧਰਮਰਾਇ ਤੇਰੀ ਖੇਹ-ਖਬੜੀ ਉਡਾਏਗਾ, ਯਾਦ ਰੱਖੀਂ।

**ਬਿਨੁ ਗੁਰ ਰੋਗੁ ਨ ਤੁਟਈ ਹਉਮੈ ਪੀੜ ਨ ਜਾਇ ॥** *(ਪੰਨਾ ੩੬)*

ਗੁਰੂ ਨਾਨਕ ਤੋਂ ਬਗ਼ੈਰ ਹਉਮੈ ਦਾ ਰੋਗ ਖ਼ਤਮ ਨਹੀਂ ਹੋਣਾ, ਅੰਦਰਲੀ ਪੀੜ ਵੀ ਨਹੀਂ ਜਾਣੀ, ਜ਼ੋਰ ਲਾ ਲੈ।

**ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰਿ ॥**
*(ਪੰਨਾ ੩੭)*

ਮਨ ਵਿਚ ਵਿਚਾਰ ਕਰ ਕੇ ਵੇਖ ਲਓ, ਗੁਰੂ ਨਾਨਕ ਤੋਂ ਬਗ਼ੈਰ ਰੱਬ ਨਹੀਂ ਮਿਲਣਾ, ਕਿਸੇ ਨੂੰ ਨਹੀਂ ਮਿਲਿਆ।

**ਸਤਿਗੁਰੁ ਦਾਤਾ ਹਰਿ ਨਾਮ ਕਾ ਪ੍ਰਭੁ ਆਪਿ ਮਿਲਾਵੈ ਸੋਇ ॥**
**ਸਤਿਗੁਰਿ ਹਰਿ ਪ੍ਰਭੁ ਬੁਝਿਆ ਗੁਰ ਜੇਵਡੁ ਅਵਰੁ ਨ ਕੋਇ ॥**
**ਹਉ ਗੁਰ ਸਰਣਾਈ ਢਹਿ ਪਵਾ ਕਰਿ ਦਇਆ ਮੇਲੇ ਪ੍ਰਭੁ ਸੋਇ ॥੨॥**
*(ਪੰਨਾ ੩੯)*

ਵਾਹਿਗੁਰੂ ਨਾਮ ਦੀ ਦਾਤ ਦੇਣ ਵਾਲਾ ਸਤਿਗੁਰੂ ਸਿਰਫ਼ ਗੁਰੂ ਨਾਨਕ ਹੈ। ਵਾਹਿਗੁਰੂ ਨੇ ਵੀ ਇਹੀ ਠੀਕ ਸਮਝਿਆ ਕਿ ਗੁਰੂ ਨਾਨਕ ਵਰਗਾ ਗੁਰੂ ਹੋਰ ਸਾਰੇ ਸੰਸਾਰ ਵਿਚ ਨਹੀਂ ਹੈ। ਕਿੱਥੇ ਦੇਹਧਾਰੀ ਗੁਰੂ ? ਮੈਂ ਅੰਮ੍ਰਿਤ ਛਕ ਲਵਾਂ, ਕ੍ਰਿਪਾ ਕਰਕੇ ਰੱਬ ਨਾਲ ਮਿਲਾ ਦੇਵੇ।

**ਜਿਨਾ ਸਤਿਗੁਰੁ ਪੁਰਖੁ ਨ ਭੇਟਿਓ ਸੇ ਭਾਗਹੀਣ ਵਸਿ ਕਾਲ ॥**
**ਓਇ ਫਿਰਿ ਫਿਰਿ ਜੋਨਿ ਭਵਾਈਅਹਿ ਵਿਚਿ ਵਿਸਟਾ ਕਰਿ ਵਿਕਰਾਲ ॥**
*(ਪੰਨਾ ੪੦)*

ਜਿਹਨਾਂ ਦਾ ਮਿਲਾਪ ਗੁਰੂ ਨਾਨਕ ਨਾਲ ਨਹੀਂ ਹੋਇਆ, ਜਿਹਨਾਂ ਅੰਮ੍ਰਿਤ ਨਹੀਂ ਛਕਿਆ, ਉਹ ਬਹੁਤ ਮਾੜੇ ਭਾਗਾਂ ਵਾਲੇ ਹਨ, ਉਹ ਜਮਦੂਤ

ਦੇ ਵੱਸ ਵਿਚ ਹਨ, ਧਰਮਰਾਜ ਕੋਲ ਜਾਣਗੇ, ਉਹ ਗੂੰਹ ਦਾ ਕੀੜਾ ਬਣਾ ਕੇ ੮੪ ਲੱਖ ਜੂਨਾਂ ਵਿਚ ਬਾਰ ਬਾਰ ਘੁਮਾਏ ਜਾਣਗੇ। ਬਚ ਨਹੀਂ ਸਕਦੇ।

**ਸਤਿਗੁਰੁ ਪੁਰਖੁ ਅੰਮ੍ਰਿਤ ਸਰੁ ਵਡਭਾਗੀ ਨਾਵਹਿ ਆਇ ॥.....**
**ਜਨ ਨਾਨਕ ਉਤਮ ਪਦੁ ਪਾਇਆ ਸਤਿਗੁਰ ਕੀ ਲਿਵ ਲਾਇ ॥੪॥**

*(ਪੰਨਾ ੪੦)*

ਅਕਾਲ ਪੁਰਖ ਗੁਰੂ ਨਾਨਕ, ਅੰਮ੍ਰਿਤ ਦਾ ਸਰੋਵਰ ਹੈ, ਕੋਈ ਵੱਡੇ ਭਾਗਾਂ ਵਾਲਾ ਹੀ ਉਸ ਸਰੋਵਰ ਵਿਚ ਇਸ਼ਨਾਨ ਕਰੇਗਾ ਤੇ ਅੰਮ੍ਰਿਤ ਛਕੇਗਾ। ਗੁਰੂ ਨਾਨਕ ਦੀ ਦੱਸੀ ਯੁਕਤੀ ਅਨੁਸਾਰ "ਵਾਹਿਗੁਰੂ" ਨਾਲ ਸੁਰਤੀ ਲਾ ਕੇ ਦਸਮ ਦੁਆਰ ਪਹੁੰਚੀਦਾ ਹੈ। ਉੱਥੇ ਹੀ ਸਚਖੰਡਿ ਹੈ।

**ਬਿਨੁ ਭਾਗਾ ਸਤਿਗੁਰੁ ਨਾ ਮਿਲੈ ਘਰਿ ਬੈਠਿਆ ਨਿਕਟਿ ਨਿਤ ਪਾਸਿ ॥**

*(ਪੰਨਾ ੪੦)*

ਅੰਦਰ, ਹਰ ਸਰੀਰ ਦੇ ਅੰਦਰ, ਰੱਬ ਗੁਰੂ ਨਾਨਕ ਹੀ ਬੈਠਾ ਹੈ, "ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥" ਪਰ ਚੰਗੇ ਭਾਗਾਂ ਤੋਂ ਬਗ਼ੈਰ ਅੰਦਰ ਹੁੰਦਿਆਂ ਵੀ ਮਿਲ ਨਹੀਂ ਸਕਦਾ।

**ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ ॥**

*(ਪੰਨਾ ੪੦)*

ਅੰਦਰ ਹਨੇਰਾ, ਦੁਖ ਹੈ, ਭਟਕਣਾ ਹੈ, ਵਿਚ ਹਉਮੈ ਦਾ ਪੜਦਾ ਹੈ, ਇਸੇ ਕਰਕੇ ਦੂਰ ਲਗਦਾ ਹੈ।

**ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ ॥੩॥** *(ਪੰਨਾ ੪੦)*

ਜਿੰਨਾ ਚਿਰ ਅੰਮ੍ਰਿਤ ਨਹੀਂ ਛਕਦੇ, ਗੁਰੂ ਨਾਨਕ ਦੀ ਛੋਹ ਪ੍ਰਾਪਤ ਨਹੀਂ ਹੁੰਦੀ, ਜਿੰਨਾ ਚਿਰ ਛੋਹ ਪ੍ਰਾਪਤ ਨਹੀਂ ਹੁੰਦੀ, ਲੋਹੇ ਤੋਂ ਸੋਨਾ ਨਹੀਂ ਹੋ ਸਕਦਾ, ਮਨਮੁਖ ਤੋਂ ਗੁਰਮੁਖ ਨਹੀਂ ਹੋ ਸਕਦਾ, ਵਿਕਾਰੀ ਦੈਵੀ ਗੁਣਾਂ ਵਾਲਾ ਨਹੀਂ ਬਣ ਸਕਦਾ, ਬੰਦਾ ਗੁਰੂ ਨਾਨਕ ਹੀ ਹੈ ਪਰ ਬਣੇ ਕਿਵੇਂ ? ਬੇਅੰਮ੍ਰਿਤੀਆ ਡੁੱਬ ਗਿਆ, ਭਾਵੇਂ ਬੇੜੀ, ਗੁਰੂ ਨਾਨਕ ਅੰਦਰ ਹੀ ਸੀ।

**ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ ॥**

*(ਪੰਨਾ ੪੦)*

ਗੁਰੂ ਨਾਨਕ ਜਹਾਜ਼ ਹੈ, ਵਾਹਿਗੁਰੂ ਦੀ ਨਾਵ ਹੈ, ਬੇੜੀ ਹੈ, ਪਰ ਚੜ੍ਹੀਏ ਕਿਵੇਂ ?

**ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ॥**

(ਪੰਨਾ ੪੦)

ਗੁਰੂ ਨਾਨਕ ਦੇ ਹੁਕਮ ਵਿਚ ਆ ਜਾਹ, ਜਹਾਜ਼ ਵਿਚ ਬੈਠ ਜਾਏਂਗਾ। ਸਚਖੰਡਿ ਪਹੁੰਚ ਜਾਏਂਗਾ। ਭਾਵ, Ph.d. ਦੀ ਕਲਾਸ ਹੈ, ਪਹਿਲਾਂ ਅੰਮ੍ਰਿਤ ਛਕੋ, ਕੁਰਹਿਤ ਛੱਡੋ, ਰਹਿਤ ਵਿਚ ਪ੍ਰਪੱਕ ਰਹੋ, ਬਾਣੀ ਵਿਚਾਰੋ, ਅਮਲ ਕਰੋ, ਸਿਮਰਨ ਕਰੋ, ਸੁਰਤੀ ਲਾਓ, ਸੁਭਾਅ ਬਦਲੋ, ਗੁਰੂ ਨਾਨਕ ਵਰਗੇ ਬਣੋ, ਦੁੱਖ ਨੂੰ ਦੁੱਖ ਨਾ ਮੰਨੋ, ਸੁੱਖਾਂ ਨਾਲ ਪਿਆਰ ਨਾ ਪਾਓ, ਖ਼ੁਸ਼ੀ-ਗ਼ਮੀ ਤੋਂ ਬਾਹਰੇ, ਨਿੰਦਾ-ਚੁਗ਼ਲੀ ਤੋਂ ਬਾਹਰੇ, ਮਾਨ-ਅਪਮਾਨ ਤੋਂ ਬਾਹਰੇ ਵਿਕਾਰਾਂ ਦੇ ਨੇੜੇ ਵੀ ਨਹੀਂ ਜਾਣਾ, ਵਧੀਕੀ ਨੂੰ ਜਰਨਾ, ਨਿਮਰਤਾ ਸੰਤੋਖ ਧਾਰਨ ਕਰੋ, ਸਬਰ, ਦਇਆ, ਧਰਮ, ਪਿਆਰ, ਸੇਵਾ ਸਾਰੇ ਦੈਵੀ ਗੁਣ ਧਾਰਨ ਕਰੋ। ਭਾਣੇ ਵਿਚ ਰਹੋ।

**ਧੰਨੁ ਧੰਨੁ ਵਡਭਾਗੀ ਨਾਨਕਾ ਜਿਨਾ ਸਤਿਗੁਰੁ ਲਏ ਮਿਲਾਇ॥੪॥੩॥੬੭॥**

(ਪੰਨਾ ੪੦)

ਉਹ ਧੰਨ ਹਨ, ਮੁਬਾਰਕ ਹਨ, ਵੱਡੇ ਭਾਗਾਂ ਵਾਲੇ ਹਨ, ਜਿਹਨਾਂ ਨੂੰ ਗੁਰੂ ਨਾਨਕ ਨੇ ਆਪਣੇ ਨਾਲ ਮਿਲਾਇਆ।

**ਸਤਿਗੁਰ ਨੋ ਸਭ ਕੋ ਲੋਚਦਾ ਜੇਤਾ ਜਗਤੁ ਸਭੁ ਕੋਇ॥**

(ਪੰਨਾ ੪੧)

ਸਾਰੀ ਸ੍ਰਿਸ਼ਟੀ, ਸਾਰੀ ਦੁਨੀਆਂ ਗੁਰੂ ਨਾਨਕ ਦੇ ਦਰਸ਼ਨ ਕਰਨਾ ਚਾਹੁੰਦੀ ਹੈ, ਪਰ ਹੁੰਦੇ ਨਹੀਂ।

**ਬਿਨੁ ਭਾਗਾ ਦਰਸਨੁ ਨਾ ਥੀਐ ਭਾਗਹੀਣ ਬਹਿ ਰੋਇ॥**

(ਪੰਨਾ ੪੧)

ਮਾੜੀ ਕਿਸਮਤ ਵਾਲੇ, ਦੇਹਧਾਰੀ ਗੁਰੂ ਨੂੰ ਮੰਨਣ ਵਾਲੇ ਨੂੰ ਦਰਸ਼ਨ ਨਹੀਂ ਹੁੰਦੇ, ਮੰਦੇ ਭਾਗਾਂ ਵਾਲੇ ਧਰਮਰਾਜ ਦੀ ਕਚਹਿਰੀ ਬਹਿ ਕੇ ਰੋਂਦੇ ਹਨ, ਅਸੀਂ ਕਿਹਨੂੰ ਗੁਰੂ ਧਾਰ ਬੈਠੇ?

**ਆਪੇ ਸਤਿਗੁਰੁ ਆਪਿ ਹਰਿ ਆਪੇ ਮੇਲਿ ਮਿਲਾਇ॥** (ਪੰਨਾ ੪੧)

ਆਪੇ ਹੀ ਗੁਰੂ ਨਾਨਕ ਹੈ, ਆਪ ਹੀ ਵਾਹਿਗੁਰੂ ਹੈ, ਆਪੇ ਹੀ ਮੇਲ ਮਿਲਾਉਂਦਾ ਹੈ। ਕਿਤੇ ਦੇਹਧਾਰੀ ਗੁਰੂ ਦਾ ਨਾਂ ਆਇਆ ਹੈ—ਸਰਸਾ ਵਾਲੇ ਦਾ, ਨੂਰਮਹਿਲ ਵਾਲੇ ਦਾ, ਬੇ-ਆਸ ਰਾਧਾ ਸੁਆਮੀ, ਨਰਕਧਾਰੀ। ਮੂਰਖਾ! ਆਪਣੇ ਆਪ ਦਾ ਅੰਦਾਜ਼ਾ ਤਾਂ ਲਾ, ਸਚਖੰਡਿ ਪਹੁੰਚਿਆ ਹੈ ਕਿ ਨਹੀਂ। ਓਏ ਮੂਰਖਾ! ਗੁਰੂ ਨਾਨਕ ਤੋਂ ਵੱਡਾ ਕਿਹੜਾ ਜੰਮ ਪਿਆ, ਸਾਨੂੰ ਵੀ ਦਿਖਾ ਦੇਹ।

**ਆਪਿ ਦਇਆ ਕਰਿ ਮੇਲਸੀ ਗੁਰ ਸਤਿਗੁਰ ਪੀਛੈ ਪਾਇ॥**

*(ਪੰਨਾ ੪੧)*

ਵਾਹਿਗੁਰੂ ਆਪ ਦਇਆ ਕਰ ਕੇ ਮਿਲਾਪ ਬਖ਼ਸ਼ਦਾ ਹੈ ਪਰ ਗੁਰੂ ਨਾਨਕ ਦੇ ਪਿੱਛੇ ਭੇਜਦਾ ਹੈ। ਪੱਲਾ ਫੜ ਲੈ ਗੁਰੂ ਨਾਨਕ ਦਾ, ਅੰਮ੍ਰਿਤ ਛਕ ਲੈ।

**ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ॥**

*(ਪੰਨਾ ੪੧)*

ਗੁਰੂ ਨਾਨਕ ਤੋਂ ਬਗ਼ੈਰ ਰੱਬ ਤਾਂ ਕੀ, ਕੁਛ ਵੀ ਪੱਲੇ ਨਹੀਂ ਪੈਣਾ, ਬੇਅੰਮ੍ਰਿਤੀਏ ਰੋਂਦੇ ਰਹਿਣਗੇ।

**ਸਤਿਗੁਰਿ ਪੁਰਖਿ ਮਿਲਾਇਆ, ਇਕੋ ਸਜਣੁ ਸੋਇ॥** *(ਪੰਨਾ ੪੨)*

ਅਸਲੀ ਸਜਣ ਇਕੋ ਵਾਹਿਗੁਰੂ ਹੈ, ਉਸ ਨੂੰ ਸਿਰਫ਼ ਤੇ ਸਿਰਫ਼ ਗੁਰੂ ਨਾਨਕ ਅਕਾਲ ਪੁਰਖ ਹੀ ਮਿਲਾ ਸਕਦਾ ਹੈ।

**ਜਿਨੀ ਸਤਿਗੁਰੁ ਸੇਵਿਆ ਤਿਨ ਅਗੈ ਮਿਲਿਆ ਥਾਉ॥੧॥**

*(ਪੰਨਾ ੪੩)*

ਜਿਹਨਾਂ ਨੇ ਗੁਰੂ ਨਾਨਕ ਨੂੰ ਸੇਵਿਆ, ਉਹਨਾਂ ਨੂੰ ਅੱਗੇ ਸਚਖੰਡਿ ਜਗ੍ਹਾ ਮਿਲੀ ਹੈ। ਦੇਹਧਾਰੀ ਗੁਰੂ ਨੂੰ ਸੇਵਿਆਂ ਅੱਗੇ ਜਗ੍ਹਾ ਤਾਂ ਮਿਲਦੀ ਹੈ ਪਰ ਧਰਮਰਾਜ ਦੀ ਕਚਹਿਰੀ ਵਿਚ ਜਮਦੂਤਾਂ ਕੋਲ।

**ਗੁਰ ਤੇ ਮਹਲੁ ਪਰਾਪਤੇ ਜਿਸੁ ਲਿਖਿਆ ਹੋਵੈ ਮਥਿ॥**

*(ਪੰਨਾ ੪੪)*

ਗੁਰੂ ਨਾਨਕ ਦੀ ਕ੍ਰਿਪਾ ਨਾਲ ਸਚਖੰਡਿ ਦੀ ਪ੍ਰਾਪਤੀ ਹੋ ਜਾਂਦੀ ਹੈ, ਜੇ ਮੱਥੇ ਤੇ ਲਿਖਿਆ ਹੋਵੇ।

**ਜਿਸ ਕਉ ਪੂਰਬਿ ਲਿਖਿਆ ਤਿਨਿ ਸਤਿਗੁਰ ਚਰਨ ਗਹੇ॥**

*(ਪੰਨਾ ੪੪)*

ਜਿਹਨਾਂ ਦੇ ਪਹਿਲੇ ਜਨਮਾਂ ਦੇ ਸੰਸਕਾਰ ਚੰਗੇ ਹਨ, ਉਹੀ ਗੁਰੂ ਨਾਨਕ ਦੇ ਚਰਨ ਫੜਦੇ ਹਨ।

**ਢੋਈ ਤਿਸ ਹੀ ਨੋ ਮਿਲੈ ਜਿਨਿ ਪੂਰਾ ਗੁਰੂ ਲਭਾ॥** *(ਪੰਨਾ ੪੪)*

ਸਚਖੰਡਿ ਵਿਚ ਢੋਈ ਉਸੇ ਨੂੰ ਮਿਲਣੀ ਹੈ, ਜਿਸਨੂੰ ਪੂਰਾ ਗੁਰੂ ਨਾਨਕ ਮਿਲਿਆ ਹੈ।

**ਤਿਸ ਕੀ ਸਰਨੀ ਪਰੁ ਮਨਾ ਜਿਸੁ ਜੇਵਡੁ ਅਵਰੁ ਨ ਕੋਇ॥**

(ਪੰਨਾ ੪੪)

ਗੁਰੂ ਨਾਨਕ ਵਰਗਾ ਹੋਰ ਕੌਣ ਹੈ? ਅੰਮ੍ਰਿਤ ਛਕ ਕੇ ਚਰਨ ਫੜ ਲੈ। ਦੇਹਧਾਰੀ ਮਗਰ ਜੀਵਨ ਗੰਵਾ ਰਿਹੈਂ।

**ਸਚੁ ਮਹਲੁ ਘਰੁ ਪਾਇਆ ਗੁਰ ਕਾ ਸਬਦੁ ਪਛਾਨੁ ॥੩॥**

(ਪੰਨਾ ੪੬)

ਵਾਹਿਗੁਰੂ ਦਾ ਘਰ, ਮਹਲ, ਸਚਖੰਡਿ ਪਾਇਆ ਹੈ—ਬਾਣੀ ਗੁਰੂ ਨਾਨਕ ਦੀ ਵੀਚਾਰ ਕੇ।

**ਮੇਰੇ ਮਨ ਗੁਰ ਜੇਵਡੁ ਅਵਰੁ ਨ ਕੋਇ॥**
**ਦੂਜਾ ਥਾਉ ਨ ਕੋ ਸੁਝੈ ਗੁਰ ਮੇਲੇ ਸਚੁ ਸੋਇ ॥੧॥ ਰਹਾਉ॥**

(ਪੰਨਾ ੪੯)

ਗੁਰੂ ਨਾਨਕ ਵਰਗਾ ਹੋਰ ਕੋਈ ਨਹੀਂ, ਹੋਰ ਕੋਈ ਦੇਹਧਾਰੀ ਗੁਰੂ ਨਹੀਂ, ਗੁਰੂ ਨਾਨਕ ਵਰਗਾ, ਗੁਰੂ ਨਾਨਕ ਰੱਬ ਨਾਲ ਮਿਲਾ ਦੇਂਦਾ ਹੈ, ਜੇ ਦੇਹਧਾਰੀ ਰੱਬ ਨਾਲ ਮਿਲਾ ਦਿੰਦਾ ਹੈ ਫਿਰ ਗੁਰੂ ਨਾਨਕ ਦੀ ਕੀ ਲੋੜ ਹੈ? ਸਰਕਾਰ ਨਾਲ ਮਿਲਾ ਸਕਦਾ ਹੈ, ਧਰਮਰਾਜ ਨਾਲ ਮਿਲਾ ਸਕਦਾ ਹੈ, ਰੱਬ ਨਾਲ ਨਹੀਂ।

**ਗੁਰੁ ਦਾਤਾ ਸਮਰਥੁ ਗੁਰੁ ਗੁਰੁ ਸਭ ਮਹਿ ਰਹਿਆ ਸਮਾਇ॥**
**ਗੁਰੁ ਪਰਮੇਸਰੁ ਪਾਰਬ੍ਰਹਮੁ ਗੁਰੁ ਡੁਬਦਾ ਲਏ ਤਰਾਇ॥**

(ਪੰਨਾ ੪੯)

ਗੁਰੂ ਨਾਨਕ ਦਾਤਾ ਹੈ, ਸਮਰਥ ਹੈ, ਗੁਰੂ ਨਾਨਕ ਹੀ ਸਾਰਿਆਂ ਵਿਚ ਸਮਾਇਆ ਹੋਇਆ ਹੈ। ਗੁਰੂ ਨਾਨਕ ਪਰਮੇਸਰ ਹੈ, ਪਾਰਬ੍ਰਹਮ ਹੈ, ਵਿਕਾਰਾਂ ਵਿਚ ਡੁੱਬਦੇ ਨੂੰ ਬਚਾਉਣ ਵਾਲਾ ਸਿਰਫ਼ ਗੁਰੂ ਨਾਨਕ ਹੀ ਹੈ। ਕੋਈ ਕੂਕਾ ਨਾਮਧਾਰੀਆ ਰਾਮ ਸਿੰਘ, ਪ੍ਰਤਾਪ ਸਿੰਘ, ਜਗਜੀਤ ਸਿੰਘ ਨਹੀਂ ਬਚਾ ਸਕਦਾ।

**ਕਿਤੁ ਮੁਖਿ ਗੁਰੁ ਸਾਲਾਹੀਐ ਕਰਣ ਕਾਰਣ ਸਮਰਥੁ॥**

(ਪੰਨਾ ੪੯)

ਕਿਹੜੇ ਮੂੰਹ ਨਾਲ ਗੁਰੂ ਨਾਨਕ ਦੀ ਸਿਫ਼ਤਿ-ਸਾਲਾਹ ਕਰਾਂ, ਜਗਤ ਦਾ ਮੂਲ ਤੇ ਸਮਰਥ ਗੁਰੂ ਨਾਨਕ ਹੀ ਹੈ।

**ਸੇ ਮਥੇ ਨਿਹਚਲ ਰਹੇ ਜਿਨ ਗੁਰਿ ਧਾਰਿਆ ਹਥੁ॥**
**ਗੁਰਿ ਅੰਮ੍ਰਿਤ ਨਾਮੁ ਪੀਆਲਿਆ ਜਨਮ ਮਰਨ ਕਾ ਪਥੁ॥**

(ਪੰਨਾ ੪੯)

ਉਹ ਗੁਰਮੁਖ ਮਰਦੇ ਹੀ ਨਹੀਂ, ਜਿਹਨਾਂ ਦੇ ਸਿਰ ਤੇ ਗੁਰੂ ਨਾਨਕ ਨੇ ਹੱਥ ਰੱਖਿਆ ਹੈ, ਅੰਮ੍ਰਿਤ ਛਕਾਇਆ ਹੈ। ਗੁਰੂ ਨਾਨਕ ਨੇ ਜਿਹਨਾਂ ਨੂੰ ਅੰਮ੍ਰਿਤ ਛਕਾ ਦਿੱਤਾ ਹੈ, ਉਹਨਾਂ ਲਈ ਜਨਮ ਮਰਨ ਦਾ ਰਾਹ ਖ਼ਤਮ ਹੋ ਗਿਆ।

**ਗੁਰੁ ਪਰਮੇਸਰੁ ਸੇਵਿਆ ਭੈ ਭੰਜਨੁ ਦੁਖ ਲਥੁ ॥੩॥** *(ਪੰਨਾ ੫੦)*

ਗੁਰੂ ਨਾਨਕ ਪਰਮੇਸਰ ਨੂੰ ਸਿਮਰਿਆਂ, ਡਰ ਦੂਰ ਕਰਨ ਵਾਲੇ ਨੇ ਸਾਰੇ ਦੁੱਖ ਦੂਰ ਕਰ ਦਿੱਤੇ।

**ਸਤਿਗੁਰੁ ਗਹਿਰ ਗਭੀਰੁ ਹੈ ਸੁਖ ਸਾਗਰੁ ਅਘਖੰਡੁ ॥** *(ਪੰਨਾ ੫੦)*

ਗੁਰੂ ਨਾਨਕ ਡੂੰਘਾ ਸਮੁੰਦਰ ਹੈ, ਗੰਭੀਰ ਹੈ, ਸੁੱਖਾਂ ਦਾ ਸਾਗਰ ਹੈ, ਸਾਰੇ ਪਾਪ ਦੂਰ ਕਰਨ ਵਾਲਾ ਹੈ।

**ਜਿਨਿ ਗੁਰੁ ਸੇਵਿਆ ਆਪਣਾ ਜਮਦੂਤ ਨ ਲਾਗੈ ਡੰਡੁ ॥**

*(ਪੰਨਾ ੫੦)*

ਜਿਹਨਾਂ ਨੇ ਆਪਣੇ ਪਿਆਰੇ ਗੁਰੂ ਨਾਨਕ ਨੂੰ ਸਿਮਰਿਆ ਹੈ, ਉਹਨਾਂ ਨੂੰ ਜਮਦੂਤ ਮਾਰ ਨਹੀਂ ਸਕਦਾ। ਜਮਦੂਤ ਹੀ ਗੁਰੂ ਨਾਨਕ ਨੇ ਬਣਾਇਆ ਹੈ। ਕਿਸੇ ਦੇਹਧਾਰੀ ਗੁਰੂ ਨੇ ਧਰਮਰਾਜ ਬਣਾਇਆ ਹੈ ?

**ਗੁਰ ਨਾਲਿ ਤੁਲਿ ਨ ਲਗਈ ਖੋਜਿ ਡਿਠਾ ਬ੍ਰਹਮੰਡੁ ॥**
**ਨਾਮੁ ਨਿਧਾਨੁ ਸਤਿਗੁਰਿ ਦੀਆ ਸੁਖੁ ਨਾਨਕ ਮਨ ਮਹਿ ਮੰਡੁ ॥੪॥**
**੨੦॥੯੦॥** *(ਪੰਨਾ ੫੦)*

ਗੁਰੂ ਨਾਨਕ ਦੇ ਬਰਾਬਰ ਦਾ ਕੋਈ ਨਹੀਂ, ਬਰਾਬਰ ਕਿਹਾ ਹੀ ਨਹੀਂ ਜਾ ਸਕਦਾ, ਕਿਸੇ ਬੰਦੇ ਨੂੰ ਗੁਰੂ ਬਰਾਬਰ ਨਾ ਤੋਲ। ਬੰਦਾ, ਸਰੀਰ, ਪੰਜ ਭੂਤਕ, ਗੰਦਗੀ ਦਾ ਘਰ, ਬਾਬਾ ਸੂਖਸ਼ਮ, ਨਿਰੰਕਾਰ, ਪਰਮੇਸੁਰ, ਪਾਰਬ੍ਰਹਮ, ਸਾਰੇ ਬ੍ਰਹਮੰਡ ਖੋਜ ਕੇ ਦੇਖ ਲਿਆ, ਗੁਰੂ ਨਾਨਕ ਦੇ ਬਰਾਬਰ ਦਾ ਕੋਈ ਨਹੀਂ। "ਵਾਹਿਗੁਰੂ" ਨਾਮ ਖ਼ਜ਼ਾਨਾ ਗੁਰੂ ਨਾਨਕ ਨੇ ਦਿੱਤਾ ਮਨ ਵਿਚ ਸੁੱਖ ਹੀ ਸੁੱਖ ਆ ਗਿਆ, ਸ਼ਾਂਤੀ ਆ ਗਈ।

**ਗੁਰ ਜੇਵਡੁ ਦਾਤਾ ਕੋ ਨਹੀ ਜਿਨਿ ਦਿਤਾ ਆਤਮ ਦਾਨੁ ॥੨॥**

*(ਪੰਨਾ ੫੨)*

ਗੁਰੂ ਨਾਨਕ ਵਰਗਾ ਹੋਰ ਕੋਈ ਦਾਤਾ ਹੀ ਨਹੀਂ, ਜੋ ਆਤਮਾ ਨੂੰ ਅੰਮ੍ਰਿਤ ਦਾਨ ਕਰ ਸਕੇ। ਜੋ ਅੰਦਰਲੇ ਸੂਖਸ਼ਮ ਸਰੀਰ ਨੂੰ ਜਗਾ ਸਕੇ, ਦਿਖਾ ਸਕੇ, ਅੰਮ੍ਰਿਤ ਨਾਲ ਜਾਗਰਤ ਕਰ ਦੇਵੇ। ਅੰਦਰਲੀ ਜੋਤ ਨੂੰ ਦਾਨ ਦੇ ਸਕੇ।

**ਆਏ ਸੇ ਪਰਵਾਣੁ ਹਹਿ ਜਿਨ ਗੁਰੁ ਮਿਲਿਆ ਸੁਭਾਇ॥**

(ਪੰਨਾ ੫੨)

ਦੁਨੀਆਂ ਤੇ ਆਏ, ਉਹੀ ਸਚਖੰਡਿ ਪਰਵਾਨ ਹੁੰਦੇ ਹਨ, ਜਿਹਨਾਂ ਨੂੰ ਪਿਆਰ ਨਾਲ ਗੁਰੂ ਨਾਨਕ ਮਿਲਿਆ ਹੈ।

**ਗੁਰ ਪਰਮੇਸਰੁ ਪੂਜੀਐ... ॥**

ਗੁਰੂ ਨਾਨਕ ਪਰਮੇਸਰ ਹੈ, ਉਸ ਨੂੰ ਪੂਜੀਏ।

**ਸਤਿਗੁਰੁ ਦਾਤਾ ਜੀਅ ਕਾ...॥**

ਗੁਰੂ ਨਾਨਕ ਜੀਵਾਤਮਾ ਨੂੰ ਅੰਮ੍ਰਿਤ ਦਾਨ ਦੇਣ ਵਾਲਾ ਦਾਤਾ ਹੈ।

**ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ॥** (ਪੰਨਾ ੫੨)

ਗੁਰੂ ਨਾਨਕ ਦੇ ਦੱਸੇ ਅਸੂਲਾਂ ਤੇ ਚਲਣਾ ਹੀ ਸੱਚੀ ਵਿਚਾਰ ਹੈ।

**ਬਿਨੁ ਸਾਧੂ ਸੰਗਤਿ ਰਤਿਆ ਮਾਇਆ ਮੋਹੁ ਸਭੁ ਛਾਰੁ॥**

(ਪੰਨਾ ੫੨)

ਗੁਰੂ ਨਾਨਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਗਤਿ ਵਿਚ ਨਾਮ ਜਪਣ ਤੋਂ ਬਗ਼ੈਰ, ਸਭ ਮਾਇਆ ਦਾ ਮੋਹ ਹੀ ਹੈ ਜੋ ਅੱਗੇ ਜਾ ਕੇ ਸੁਆਹ ਦੇ ਸਮਾਨ ਹੈ।

**ਗੁਰੁ ਸਮਰਥੁ ਅਪਾਰੁ ਗੁਰੁ ਵਡਭਾਗੀ ਦਰਸਨੁ ਹੋਇ॥**

(ਪੰਨਾ ੫੨)

ਗੁਰੂ ਨਾਨਕ ਸਮਰਥ ਹੈ, ਅਪਾਰ ਹੈ, ਵੱਡੇ ਭਾਗਾਂ ਵਾਲੇ ਨੂੰ ਦਰਸ਼ਨ ਹੋਣਗੇ।

**ਗੁਰੁ ਅਗੋਚਰੁ ਨਿਰਮਲਾ ਗੁਰ ਜੇਵਡੁ ਅਵਰੁ ਨ ਕੋਇ॥**

(ਪੰਨਾ ੫੨)

ਗੁਰੂ ਨਾਨਕ ਸੂਖਸ਼ਮ ਹੋਣ ਕਰਕੇ ਗਿਆਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ, ਗੁਰੂ ਨਾਨਕ ਵਰਗਾ ਹੋਰ ਕੋਈ ਨਹੀਂ। ਕੋਈ ਦੇਹਧਾਰੀ ਗੁਰੂ ਅਗਮ ਤੇ ਅਗੋਚਰ ਹੈ ? ਆਹ ਤੁਰੇ ਫਿਰਦੇ ਹਨ, ਗਾਵਾਂ ਦੀ ਤਰ੍ਹਾਂ।

**ਗੁਰੁ ਕਰਤਾ ਗੁਰੁ ਕਰਣਹਾਰੁ ਗੁਰਮੁਖਿ ਸਚੀ ਸੋਇ॥** (ਪੰਨਾ ੫੨)

ਗੁਰੂ ਨਾਨਕ ਸਾਰੀ ਸ੍ਰਿਸ਼ਟੀ—Whole Universe ਦਾ ਕਰਤਾ ਹੈ, ਗੁਰੂ ਨਾਨਕ ਅੱਜ ਵੀ ਸਾਰੀ ਸ੍ਰਿਸ਼ਟੀ ਰਚਾ ਰਿਹੈ, ਚਲਾ ਰਿਹੈ, ਕਰ ਰਿਹਾ ਹੈ, ਸਿਰਫ਼

ਅੰਮ੍ਰਿਤਧਾਰੀ ਨੂੰ ਸੋਭਾ ਦੇਂਦਾ ਹੈ। ਕੋਈ ਦੇਹਧਾਰੀ ਕਰਤਾ ਹੈ ?

**ਗੁਰ ਤੇ ਬਾਹਰਿ ਕਿਛੁ ਨਹੀ ਗੁਰੁ ਕੀਤਾ ਲੋੜੇ ਸੁ ਹੋਇ ॥੨॥**

*(ਪੰਨਾ ੫੨)*

ਗੁਰੂ ਨਾਨਕ ਦੇ ਹੁਕਮ ਤੋਂ ਬਗ਼ੈਰ ਪੱਤਾ ਵੀ ਨਹੀਂ ਹਿਲ ਰਿਹਾ, ਅੱਜ ਵੀ ਜੋ ਗੁਰੂ ਨਾਨਕ ਕਰਦਾ ਹੈ, ਹੁੰਦਾ ਹੈ। ਸਾਰੀ ਸ੍ਰਿਸ਼ਟੀ ਵਿਚ ਕਿਸੇ ਨਾਮਧਾਰੀ, ਰਾਧਾ ਸੁਆਮੀ, ਨਰਕਧਾਰੀ, ਸਰਸੇ ਵਾਲੇ ਦਾ ਹੁਕਮ ਚਲ ਰਿਹਾ ਹੈ ?

**ਗੁਰੁ ਤੀਰਥੁ ਗੁਰੁ ਪਾਰਜਾਤੁ ਗੁਰੁ ਮਨਸਾ ਪੂਰਣਹਾਰੁ ॥** *(ਪੰਨਾ ੫੨)*

ਗੁਰੂ ਨਾਨਕ ਤੀਰਥ ਹੈ, ਗੁਰੂ ਨਾਨਕ ਹੀ ਪਾਰਜਾਤ ਹੈ, ਗੁਰੂ ਨਾਨਕ ਹੀ ਸਾਰੀਆਂ ਇਛਾਵਾਂ ਪੂਰੀਆਂ ਕਰਨ ਵਾਲਾ ਹੈ। ਸੁਰਤੀ ਲਾ ਕੇ ਇਸ਼ਨਾਨ ਕਰ—ਤੀਰਥ ਹੈ, ਤੂੰ ਪਾਣੀ ਵਿਚ ਇਸ਼ਨਾਨ ਕਰ ਰਿਹੈ।

**ਗੁਰੁ ਦਾਤਾ ਹਰਿ ਨਾਮੁ ਦੇਇ ਉਧਰੈ ਸਭੁ ਸੰਸਾਰੁ ॥** *(ਪੰਨਾ ੫੨)*

ਗੁਰੂ ਨਾਨਕ ਵਾਹਿਗੁਰੂ ਨਾਮ ਦੀ ਦਾਤਿ ਦੇ ਕੇ ਸਾਰੇ ਸੰਸਾਰ ਨੂੰ ਧਰਮਰਾਜ ਤੋਂ ਬਚਾ ਸਕਦਾ ਹੈ। ਸਾਰਿਆਂ ਨੂੰ ਤਾਰ ਸਕਦਾ ਹੈ, ਸਾਰਿਆਂ ਨੂੰ ਸਚਖੰਡਿ ਲਿਜਾ ਸਕਦਾ ਹੈ। ਕੀ ਦੇਹਧਾਰੀ ਕਰ ਸਕਦਾ ਹੈ ?

**ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ ॥**

*(ਪੰਨਾ ੫੨)*

ਗੁਰੂ ਨਾਨਕ ਸਭ ਕੁਛ ਕਰਨ ਦੀ ਤਾਕਤ ਰੱਖਦਾ ਹੈ, ਗੁਰੂ ਨਾਨਕ ਅਕਾਰ ਤੋਂ ਬਗ਼ੈਰ ਹੈ, ਗੁਰੂ ਬਹੁਤ ਉੱਚਾ ਹੈ, ਅਪਹੁੰਚ ਹੈ ਗੁਰੂ ਨਾਨਕ ਦਾ ਪਾਰਲਾ ਬੰਨਾ ਹੀ ਨਹੀਂ ਹੈ। ਹੈ ਕੋਈ ਦੇਹਧਾਰੀ ?

**ਗੁਰ ਕੀ ਮਹਿਮਾ ਅਗਮ ਹੈ.....॥** *(ਪੰਨਾ ੫੨)*

ਗੁਰੂ ਨਾਨਕ ਦੀ ਉਸਤਤ ਅਪਹੁੰਚ ਹੈ ਕੋਈ ਨਹੀਂ ਕਰ ਸਕਦਾ, ਗੁਰੂ ਨਾਨਕ ਬੇਅੰਤ ਹੈ।

**ਜਿਹੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ ॥**

*(ਪੰਨਾ ੫੨)*

ਬੰਦੇ ਦੀਆਂ ਸਾਰੀਆਂ ਖ਼ਾਹਸ਼ਾਂ ਪੂਰੀਆਂ ਕਰਨ ਵਾਲਾ ਗੁਰੂ ਨਾਨਕ ਹੀ ਹੈ।

**ਸਤਿਗੁਰ ਸਰਣੀ ਆਇਆਂ ਬਾਹੁੜਿ ਨਹੀ ਬਿਨਾਸੁ ॥** *(ਪੰਨਾ ੫੨)*

ਗੁਰੂ ਨਾਨਕ ਦੀ ਚਰਨੀਂ ਲਗਿਆਂ, ਅੰਮ੍ਰਿਤ ਛਕਿਆਂ, ਬੰਦਾ ਫਿਰ

ਦੁਬਾਰਾ ਮਰਦਾ ਹੀ ਨਹੀਂ। ਸਚਖੰਡਿ ਹੀ ਚਲਾ ਜਾਂਦਾ ਹੈ। ਹੈ ਦੇਹਧਾਰੀ ਵਿਚ ਇਹ ਤਾਕਤ, ਦਿਖਾਓ, ਮੈਂ ਵੀ ਚਰਨੀਂ ਲੱਗਾਂ ? ਇਹਨਾਂ ਸਰਕਾਰੀ ਕੁੱਤਿਆਂ ਦੀ ਕੋਈ ਕੁਰਬਾਨੀ ਹੈ, ਗੁਰੂਆਂ ਤਾਂ ਪਰਿਵਾਰ ਵਾਰੇ ਹਨ।

**ਸਤਿਗੁਰ ਤੁਠੈ ਪਾਈਐ ਪੂਰਨ ਅਲਖ ਅਭੇਵ ॥੧॥ ਰਹਾਉ ॥**

*(ਪੰਨਾ ੫੩)*

ਗੁਰੂ ਨਾਨਕ ਖ਼ੁਸ਼ ਹੋ ਜਾਏ, ਰੱਬ ਮਿਲ ਜਾਂਦਾ ਹੈ, ਜੋ ਪੂਰਨ ਹੈ, ਜੋ ਜਾਣਿਆ ਨਹੀਂ ਜਾ ਸਕਦਾ, ਅਭੇਵ ਹੈ।

**ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ ॥**
**ਨਾਨਕ ਗੁਰ ਸਰਣਾਗਤੀ ਮਰੈ ਨ ਆਵੈ ਜਾਇ ॥੪॥੩੦॥੧੦੦॥**

*(ਪੰਨਾ ੫੩)*

ਗੁਰੂ ਨਾਨਕ ਤੇ ਰੱਬ ਇਕੋ ਹੀ ਗੱਲ ਹੈ, ਕੋਈ ਫ਼ਰਕ ਨਹੀਂ, ਜੋਤ ਦੀ ਤਰ੍ਹਾਂ ਸਾਰੀ ਸ੍ਰਿਸ਼ਟੀ ਸਾਰੇ ਜੀਵਾਂ ਵਿਚ ਸਮਾਇਆ ਹੋਇਆ ਹੈ। "ਜਿਮੀ ਜਮਾਨ ਕੈ ਬਿਖੈ ਸਮਸਤ ਏਕ ਜੋਤਿ ਹੈ॥" ਇਹ ਜੋਤ ਗੁਰੂ ਨਾਨਕ ਹੀ ਹੈ, ਗੁਰੂ ਨਾਨਕ ਦੀ ਚਰਨੀਂ ਪੈਣ ਨਾਲ, ਅੰਮ੍ਰਿਤ ਛਕਣ ਨਾਲ ਜੀਵ ਮੁੜ ਕੇ ਜੰਮਦਾ ਮਰਦਾ ਹੀ ਨਹੀਂ। ਹੈ ਕੋਈ ਦੇਹਧਾਰੀ ਗੁਰੂ ਅਜਿਹੀ ਸਮਰਥਾ ਵਾਲਾ, ਇਕ ਹੀ ਦਿਖਾ ਦਿਓ।

**ਜਿਥੈ ਵਸੈ ਮੇਰਾ ਪਾਤਿਸਾਹੁ ਸੋ ਕੇਵਡੁ ਹੈ ਥਾਉ ॥**
**ਅੰਬੜਿ ਕੋਇ ਨ ਸਕਈ ਹਉ ਕਿਸ ਨੋ ਪੁਛਣਿ ਜਾਉ ॥**

*(ਪੰਨਾ ੫੩)*

ਜਿਥੇ ਮੇਰਾ ਪਾਤਿਸ਼ਾਹ ਗੁਰੂ ਨਾਨਕ ਰਹਿੰਦਾ ਹੈ, ਉਹ ਮਹਲ ਕਿਹੋ ਜਿਹਾ ਹੈ ? ਗੁਰੂ ਨਾਨਕ ਤਾਂ ਰੱਬ ਦੀ ਤਰ੍ਹਾਂ ਸੂਖਸ਼ਮ ਹੈ, ਜੋਤ ਹੈ, ਅਗਮ, ਅਗੋਚਰ, ਨਿਰੰਕਾਰ, ਨਿਰੰਜਣ, ਅਲਖ, ਅਭੇਵ ਹੈ, ਉੱਥੇ ਕੋਈ ਪਹੁੰਚ ਹੀ ਨਹੀਂ ਸਕਦਾ। ਇਹ ਦੇਹਧਾਰੀ ਕਿਵੇਂ ਪਹੁੰਚ ਜਾਏਗਾ ? ਸਭ ਸਰਕਾਰੀ ਖੇਡ ਹੈ, ਸਿੱਖਾਂ ਨੂੰ ਪਾੜਨ ਲਈ। ਮੈਂ ਕਿਸ ਨੂੰ ਪੁੱਛਣਾ, ਮੈਨੂੰ ਕਰਤਾ ਹੋਣ ਕਰਕੇ ਸਭ ਕੁਛ ਪਤਾ ਹੈ। ਗੁਰੂ ਨਾਨਕ ਨੇ ਹੀ ਤਾਂ ਸ੍ਰਿਸ਼ਟੀ ਰਚੀ ਹੈ, ਪੁੱਛਣਾ ਕਿਸਨੂੰ ਹੈ, ਕੋਈ ੬ ਸੌ ਕਰੋੜ ਵਿਚੋਂ ਪਹੁੰਚ ਨਹੀਂ ਸਕਦਾ।

**ਸਾ ਧਨ ਰੰਡ ਨ ਬੈਸਈ ਜੇ ਸਤਿਗੁਰ ਮਾਹਿ ਸਮਾਇ ॥**

*(ਪੰਨਾ ੫੪)*

ਜੇਹੜੀ ਜੀਵ-ਇਸਤਰੀ ਗੁਰੂ ਨਾਨਕ ਵਿਚ ਸਮਾ ਗਈ, ਉਹ ਕਦੀ ਰੰਡੀ ਨਹੀਂ, ਸਦਾ ਸੁਹਾਗਣ ਹੈ।

**ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ ॥** (ਪੰਨਾ ੫੮)

ਜਿਹਨਾਂ ਦਾ ਦੇਹਧਾਰੀ ਗੁਰੂ ਹੈ, ਇਹ ਸਾਰੇ ਅੰਨ੍ਹੇ ਹਨ, ਜਿਹਨਾਂ ਦਾ ਸ਼ਬਦ ਗੁਰੂ ਨਹੀਂ ਹੈ, ਰਾਧਾ ਸੁਆਮੀ, ਨਿਰੰਕਾਰੀ, ਕੂਕੇ ਸਰਸੇ ਵਾਲੇ, ਨੂਰਮਹਿਲੀਏ, ਸਤਿਕਰਤਾਰੀਏ, ਸਤਿਨਾਮੀਏ, ਕਸ਼ਮੀਰਾ ਸਿੰਘ ਆਦਿ ਹੋਰ ਬਹੁਤ, ਸਰੀਰ ਹੋਣ ਕਰਕੇ ਅੰਨ੍ਹੇ ਹਨ। ਰੱਬ ਸਰੀਰ ਹੈ ਕਿ ਸੂਖਸ਼ਮ ਜੋਤ, ਇਹ ਸਰੀਰ ਹਨ ਫਿਰ ਪੰਜ ਭੂਤਕ ਹਨ, ਕਿਵੇਂ ਜਾਣ ਸਕਦੇ ਹਨ ? ਇਹ ਸਾਰੇ ਅੰਨ੍ਹੇ ਹਨ, ਇਹ ਆਪ ਵੀ ਧਰਮਰਾਜ ਕੋਲ ਜਾਣਗੇ, ਇਹਨਾਂ ਦੇ ਚੇਲਿਆਂ ਨੂੰ ਵੀ ਅੱਗੇ ਕੋਈ ਜਗ੍ਹਾ ਨਹੀਂ ਮਿਲਣੀ, 'ਜਹਾਂ ਹਮ ਲਟਕੇ ਵਹਾਂ ਤੁਮ ਲਟਕੋ'। ਚਮਗਿੱਦੜ।

**ਬਿਨੁ ਸਤਿਗੁਰ ਨਾਉ ਨ ਪਾਈਐ, ਬਿਨੁ ਨਾਵੈ ਕਿਆ ਸੁਆਉ॥**
(ਪੰਨਾ ੫੮)

ਗੁਰੂ ਨਾਨਕ ਤੋਂ ਬਗ਼ੈਰ 'ਵਾਹਿਗੁਰੂ' ਨਾਮ ਦੀ ਦਾਤਿ ਨਹੀਂ ਮਿਲਣੀ, ਨਾਮ ਤੋਂ ਬਗ਼ੈਰ ਜੀਵਨ ਦਾ ਮਨੋਰਥ ਹੀ ਕੀ ਹੈ?

**ਆਇ ਗਇਆ ਪਛੁਤਾਵਣਾ ਜਿਉ ਸੁੰਞੈ ਘਰਿ ਕਾਉ ॥** (ਪੰਨਾ ੫੮)

ਮਨੁੱਖਾ ਜਨਮ ਧਾਰ ਕੇ ਨਾਮ ਤੋਂ ਬਗ਼ੈਰ ਕੀ ਲੈ ਕੇ ਗਿਆ, ਧਰਮਰਾਜ ਦੀ ਕਚਹਿਰੀ ਵਿਚ ਪਛਤਾਣਾ ਪਏਗਾ, ਯਾਦ ਰੱਖੀਂ, ਦੇਹਧਾਰੀ ਗੁਰੂ ਵਾਲਿਓ ! ਜਿਵੇਂ ਕਾਂ ਨੂੰ ਖ਼ਾਲੀ ਘਰੋਂ ਕੁਛ ਨਾ ਲੱਭਾ।

**ਨਾਨਕ ਨਾਮੁ ਨ ਵੀਸਰੈ ਮੇਲੇ ਗੁਰੁ ਕਰਤਾਰ ॥੮॥੯॥**
(ਪੰਨਾ ੫੯)

ਵਾਹਿਗੁਰੂ ਨਾਮ ਨਾ ਭੁੱਲੀਂ—ਕਰਤਾਰ, ਗੁਰੂ ਨਾਨਕ ਨਾਲ ਮਿਲਾ ਦਏਗਾ।

**ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥** (ਪੰਨਾ ੫੯)

**ਗੁਰ ਬਿਨ ਗਿਆਨੁ ਨ ਪਾਈਐ ਬਿਖਿਆ ਦੂਜਾ ਸਾਦੁ ॥**
(ਪੰਨਾ ੬੧)

ਗੁਰੂ ਨਾਨਕ ਤੋਂ ਬਗ਼ੈਰ, ਭਰਾਵੋ ! ਰੱਬ ਦਾ ਸਹੀ ਗਿਆਨ ਪ੍ਰਾਪਤ ਨਹੀਂ ਹੋਣਾ। ਮ਼ਾਇਆ ਦਾ ਸੁਆਦ ਹੀ ਹੈ, ਸਰੀਰ ਦੇ ਖੇਡ ਹੀ ਨਹੀਂ।

**ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ॥** (ਪੰਨਾ ੬੦)

ਗੁਰੂ ਨਾਨਕ ਤੋਂ ਬਗ਼ੈਰ ਸਾਰੀ ਸ੍ਰਿਸ਼ਟੀ ਵਿਚ ਕੋਈ ਠੀਕ ਸਚਖੰਡਿ ਦਾ ਰਸਤਾ ਨਹੀਂ ਦਿਖਾ ਸਕਦਾ, ਸਾਰੀ ਲੋਕਾਈ ਵਾਹਿਗੁਰੂ ਨਾਮ ਤੋਂ ਬਗ਼ੈਰ ਅੰਨ੍ਹੀ ਹੈ ਤੇ ਆਉਣ ਜਾਣ ਦੇ ਚੱਕਰ ਵਿਚ ਪਈ ਹੋਈ ਹੈ।

**ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥** *(ਪੰਨਾ ੬੧)*

ਦੇਹਧਾਰੀ ਗੁਰੂਆਂ ਸਮੇਤ ਸਾਰੀ ਸ੍ਰਿਸ਼ਟੀ ਭੁੱਲਣਹਾਰ ਹੈ, ਸਿਰਫ਼ ਰੱਬ ਤੇ ਗੁਰੂ ਨਾਨਕ ਨਹੀਂ ਭੁੱਲਦਾ।

**ਸਾਧੁ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ ॥**
**ਅਕਥ ਕਥਾ ਵੀਚਾਰੀਐ ਜੇ ਸਤਿਗੁਰ ਮਾਹਿ ਸਮਾਇ ॥**
**ਪੀ ਅੰਮ੍ਰਿਤੁ ਸੰਤੋਖਿਆ ਦਰਗਹਿ ਪੈਧਾ ਜਾਇ ॥੭॥** *(ਪੰਨਾ ੬੨)*

ਗੁਰੂ ਨਾਨਕ ਗੁਰਮੁਖ ਪਿਆਰਿਆਂ ਨੂੰ ਮਿਲਦਾ ਹੈ, ਜਿਹਨਾਂ ਅੰਦਰ ਸੰਤੋਖ ਹੈ ਤੇ ਗੁਰੂ ਨਾਨਕ ਲਈ ਪਿਆਰ ਹੈ। ਅਕਥ ਕਥਾ—ਸੂਖਸ਼ਮ ਗੱਲਾਂ, ਨਿਰਗੁਣ ਕਥਾ—ਅਗਲੀ ਦੁਨੀਆਂ ਦੀਆਂ ਗੱਲਾਂ ਵੀਚਾਰੀਏ ਜੇ ਗੁਰੂ ਨਾਨਕ ਵਿਚ ਸੁਰਤੀ ਲਾ ਕੇ ਸਮਾ ਜਾਈਏ। ਅੰਮ੍ਰਿਤ ਛਕ ਲਈਏ, ਫਿਰ ਸਿਮਰਨ ਕਰੀਏ, ਸੁਰਤੀ ਲਾਈਏ, ਦਸਮ ਦੁਆਰ ਵਿਚੋਂ ਅੰਮ੍ਰਿਤ ਪੀ ਕੇ ਸੰਤੋਖੇ ਜਾਈਏ ਤਾਂ ਸਚਖੰਡਿ ਸਿਰੋਪਾਓ ਮਿਲਦਾ ਹੈ। ਹੈ ਕੋਈ ਦੇਹਧਾਰੀ ਗੁਰੂ ਦਸਮ ਦੁਆਰ ਵਿਚੋਂ ਅੰਮ੍ਰਿਤ ਛਕਾ ਦੇਵੇ ?

**ਆਗੈ ਪੂਛ ਨ ਹੋਵਈ ਜਿਸੁ ਬੇਲੀ ਗੁਰੁ ਕਰਤਾਰੁ ॥**
**ਆਪਿ ਛਡਾਇ ਛੁਟੀਐ ਆਪੇ ਬਖਸਣਹਾਰੁ ॥੨॥** *(ਪੰਨਾ ੬੨)*

ਅੰਮ੍ਰਿਤ ਛਕ ਕੇ ਵਾਹਿਗੁਰੂ ਸਿਮਰਨ ਕਰਨ ਨਾਲ ਵਾਹਿਗੁਰੂ ਤੇ ਗੁਰੂ ਨਾਨਕ ਦੋਸਤ ਬਣ ਜਾਂਦੇ ਹਨ। ਧਰਮਰਾਜ ਦੀ ਕੀ ਜੁਰਅਤ ਹੈ ਕਿ ਪੁਛ-ਗਿਛ ਕਰੇ ? ਰੱਬ ਤੇ ਗੁਰੂ ਨਾਨਕ ਆਪ ਹੀ ਤਾਂ ਹੈ, ਆਪ ਹੀ ਛਡਾਉਂਦਾ ਹੈ, ਤਾਂ ਹੀ ਜੀਵ ਛੁਟਦਾ ਹੈ ਆਪ ਹੀ ਬਖਸ਼ਣ ਵਾਲਾ ਹੈ।

**ਜੋ ਆਇਆ ਸੋ ਚਲਸੀ ਅਮਰੁ ਸੁ ਗੁਰੁ ਕਰਤਾਰੁ ॥** *(ਪੰਨਾ ੬੩)*

ਦੇਹਧਾਰੀ ਗੁਰੂਆਂ ਸਮੇਤ, ਜੋ ਜੰਮਿਆ ਉਹ ਮਰੇਗਾ, ਰੱਬ ਤੇ ਗੁਰੂ ਨਾਨਕ ਕਦੇ ਨਹੀਂ ਮਰੇਗਾ।

**ਭਾਈ ਰੇ ਭਗਤਿਹੀਣੁ ਕਾਹੇ ਜਗਿ ਆਇਆ ॥**
**ਪੂਰੇ ਗੁਰ ਕੀ ਸੇਵ ਨ ਕੀਨੀ ਬਿਰਥਾ ਜਨਮੁ ਗਵਾਇਆ ॥੧॥ਰਹਾਉ॥**
*(ਪੰਨਾ ੬੪)*

ਭਗਤੀ ਨਹੀਂ ਸੀ ਕਰਨੀ ਤਾਂ ਮਨੁੱਖਾ ਜਨਮ ਕਿਉਂ ਲਿਆ ? ਗੁਰੂ ਨਾਨਕ ਦਾ ਸਿਮਰਨ ਨਾ ਕੀਤਾ ਜਨਮ ਅਜਾਈਂ ਚਲਾ ਗਿਆ।

**ਬਿਨੁ ਸਤਿਗੁਰ ਕੋ ਮਗੁ ਨ ਜਾਣੈ ਅੰਧੇ ਠਉਰ ਨ ਕਾਈ॥**

(ਪੰਨਾ ੬੫)

ਗੁਰੂ ਨਾਨਕ ਤੋਂ ਬਗ਼ੈਰ ਸਚਖੰਡਿ ਦਾ ਕੋਈ ਰਸਤਾ ਹੀ ਨਹੀਂ ਜਾਣਦਾ, ਅੰਨ੍ਹੀ ਦੁਨੀਆਂ ਨੂੰ ਸਚਖੰਡਿ ਵਿਚ ਕੋਈ ਜਗ੍ਹਾ ਹੀ ਨਹੀਂ ਮਿਲਦੀ।

**ਵਿਣੁ ਸਤਿਗੁਰ ਪਰਤੀਤਿ ਨ ਆਵਈ ਨਾਮਿ ਨ ਲਾਗੋ ਭਾਉ॥**

(ਪੰਨਾ ੬੫)

ਗੁਰੂ ਨਾਨਕ ਤੋਂ ਬਗ਼ੈਰ ਰੱਬ ਤੇ ਪੂਰੀ ਤਰ੍ਹਾਂ ਯਕੀਨ ਹੀ ਨਹੀਂ ਆ ਸਕਦਾ, ਵਾਹਿਗੂਰੂ ਨਾਮ ਨਾਲ ਪਿਆਰ ਹੀ ਨਹੀਂ ਪੈਂਦਾ।

**ਬਿਨੁ ਗੁਰ ਮੁਕਤਿ ਨ ਪਾਈਐ ਨਾ ਦੁਬਿਧਾ ਮਾਇਆ ਜਾਇ॥੫॥**

(ਪੰਨਾ ੬੭)

ਗੁਰੂ ਨਾਨਕ ਤੋਂ ਬਗ਼ੈਰ ਧਰਮਰਾਜ-ਜਮਦੂਤਾਂ ਤੋਂ ਛੁਟਕਾਰਾ ਨਹੀਂ ਹੋਣਾ, ਦੁਚਿਤੇਪਨ ਵਿਚ ਮਾਇਆ ਵਿਚ ਜਨਮ ਅਜਾਈਂ ਜਾ ਰਿਹਾ ਹੈ।

**ਬਿਨੁ ਗੁਰ ਗੁਣ ਨ ਜਾਪਨੀ ਬਿਨੁ ਗੁਣ ਭਗਤਿ ਨ ਹੋਇ॥**

(ਪੰਨਾ ੬੭)

ਗੁਰੂ ਨਾਨਕ ਤੋਂ ਅੰਮ੍ਰਿਤ ਛਕਣ ਤੋਂ ਬਗ਼ੈਰ ਦੈਵੀ ਗੁਣ ਨਹੀਂ ਆਉਣੇ, ਦੈਵੀ ਗੁਣਾਂ ਤੋਂ ਬਗ਼ੈਰ ਵਾਹਿਗੁਰੂ ਦੀ ਭਗਤੀ ਨਹੀਂ ਹੋਣੀ।

**ਭਾਈ ਰੇ ਗੁਰ ਬਿਨੁ ਸਹਜੁ ਨ ਹੋਇ॥** (ਪੰਨਾ ੬੮)

ਭਰਾਵੋ! ਗੁਰੂ ਨਾਨਕ ਦੀ ਕ੍ਰਿਪਾ ਤੋਂ ਬਗ਼ੈਰ ਸੁਭਾਅ ਨਹੀਂ ਬਦਲਣਾ, ਸਹਿਜ ਨਹੀਂ ਆਉਣਾ।

**ਸਤਿਗੁਰਿ ਮਿਲਿਐ ਫੇਰੁ ਨ ਪਵੈ ਜਨਮ ਮਰਣ ਦੁਖੁ ਜਾਇ॥**

(ਪੰਨਾ ੬੯)

ਗੁਰੂ ਨਾਨਕ ਮਿਲ ਜਾਏ, ਜੇ ਅੰਮ੍ਰਿਤ ਛਕ ਲਈਏ, ਅੰਮ੍ਰਿਤ ਹੀ ਗੁਰੂ ਨਾਨਕ ਪਾਤਿਸ਼ਾਹ ਆਪ ਛਕਾਉਂਦੇ ਹਨ, ਫਿਰ ਦੁਬਾਰਾ ਜਨਮ ਮਰਨ ਦੇ ਗੇੜ ਨਹੀਂ ਪੈਂਦਾ, ਦੁੱਖ ਰਹਿੰਦਾ ਨਹੀਂ।

**ਸਤਿਗੁਰਿ ਜਿਨੀ ਨ ਸੇਵਿਓ ਸੇ ਕਿਤੁ ਆਏ ਸੰਸਾਰਿ॥** (ਪੰਨਾ ੬੯)

ਜਿਹਨਾਂ ਨੇ ਗੁਰੂ ਨਾਨਕ ਨੂੰ ਨਹੀਂ ਸਿਮਰਿਆ, ਵਾਹਿਗੁਰੂ ਦਾ ਸਿਮਰਨ ਨਹੀਂ ਕੀਤਾ, ਸੰਸਾਰ ਵਿਚ ਕੀ ਕਰਨ ਆਏ ?

**ਜਮ ਦਰਿ ਬਧੇ ਮਾਰੀਅਹਿ ਕੂਕ ਨ ਸੁਣੈ ਪੂਕਾਰ ॥** *(ਪੰਨਾ ੬੯)*

ਜਮਾਂ ਦੇ ਦਰ ਤੇ ਬੰਨ੍ਹ ਕੇ ਕੁੱਟੇ ਜਾਂਦੇ ਹਨ, ਉਹਨਾਂ ਦੀ ਕੋਈ ਕੂਕ ਆਵਾਜ਼ ਨਹੀਂ ਸੁਣਦਾ, ਕੋਈ ਬਚਾ ਨਹੀਂ ਸਕਦਾ।

**ਬਿਰਥਾ ਜਨਮੁ ਗਵਾਇਆ ਮਰਿ ਜੰਮਹਿ ਵਾਰੋ ਵਾਰ ॥੫॥**

*(ਪੰਨਾ ੭੦)*

ਆਪਣਾ ਮਨੁੱਖਾ ਜਨਮ ਅਜਾਈਂ ਗੁਆ ਲਿਆ, ਦੁਬਾਰਾ ਫਿਰ ਜਨਮ ਮਰਨ ੮੪ ਲੱਖ ਦੇ ਗੇੜ ਵਿਚ ਪੈ ਗਿਆ।

**ਸਤਿਗੁਰ ਸਚਾ ਹੈ ਬੋਹਿਥਾ ਸਬਦੇ ਭਵਜਲੁ ਤਰਣਾ ॥੬॥**

*(ਪੰਨਾ ੭੦)*

ਗੁਰੂ ਨਾਨਕ ਸੱਚਾ ਸਦੀਵੀ ਜਹਾਜ਼ ਹੈ, ਸੰਸਾਰ-ਸਮੁੰਦਰ ਪਾਰ ਕਰਨ ਲਈ ਵਾਹਿਗੁਰੂ ਸਿਮਰਨ ਨਾਲ ਤਰੀਦਾ ਹੈ।

**ਲਖ ਚਉਰਾਸੀਹ ਫਿਰਦੇ ਰਹੇ ਬਿਨੁ ਸਤਿਗੁਰ ਮੁਕਤਿ ਨ ਹੋਈ ॥**

*(ਪੰਨਾ ੭੦)*

ਸਾਰੀ ਸ੍ਰਿਸ਼ਟੀ ਲੱਖਾਂ ਜੂਨਾਂ ਵਿਚ ਭਟਕਦੀ ਫਿਰਦੀ ਹੈ, ਗੁਰੂ ਨਾਨਕ ਤੋਂ ਬਗ਼ੈਰ ਮੁਕਤੀ ਹੋ ਹੀ ਨਹੀਂ ਸਕਦੀ।

**ਸਤਿਗੁਰ ਬਾਝੁ ਨ ਪਾਇਓ ਸਭ ਮੋਹੀ ਮਾਇਆ ਜਾਲਿ ਜੀਉ ॥੩॥**

*(ਪੰਨਾ ੭੧)*

ਗੁਰੂ ਨਾਨਕ ਤੋਂ ਬਗ਼ੈਰ ਪਰਮਾਤਮਾ ਨਹੀਂ ਮਿਲਣਾ, ਸਾਰੀ ਸ੍ਰਿਸ਼ਟੀ ਮਾਇਆ ਦੇ ਜਾਲ ਵਿਚ ਮੋਹੀ ਪਈ ਹੈ।

**ਸੁਰਿ ਨਰ ਮੁਨਿ ਜਨ ਲੋਚਦੇ ਸੋ ਸਤਿਗੁਰਿ ਦੀਆ ਬੁਝਾਇ ਜੀਉ ॥੪॥**

*(ਪੰਨਾ ੭੨)*

ਦੇਵਤੇ (ਸ਼ਿਵ, ਬ੍ਰਹਮਾ, ਵਿਸ਼ਨੂੰ, ਇੰਦਰ, ਕ੍ਰਿਸ਼ਨ, ਰਾਮ) ਮਨੁੱਖ, ਮੁਨੀ ਜਨ ਸੇਵਕ ਰੱਬ ਨੂੰ ਤਾਂਘਦੇ ਫਿਰਦੇ ਹਨ। ਪਰ ਮਿਲਿਆ ਨਹੀਂ, ਅੱਜ ਵੀ ਤਾਂਘਦੇ ਫਿਰਦੇ ਹਨ, ਉਹ ਵਾਹਿਗੁਰੂ ਬਾਰੇ ਗੁਰੂ ਨਾਨਕ ਨੇ ਸਮਝਾ ਦਿੱਤਾ।

**ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥੧੦॥**

*(ਪੰਨਾ ੭੨)*

ਸਤਿਗੁਰੂ ਐਸਾ ਹੋਣਾ ਚਾਹੀਦਾ ਹੈ ਜੋ ਅੰਮ੍ਰਿਤ ਛਕਾ ਕੇ ਸਾਰਿਆਂ ਨੂੰ ਰੱਬ ਨਾਲ ਮਿਲਾ ਲਏ।

**ਸਤਿਗੁਰ ਬਾਝੁ ਨ ਪਾਇਓ ਸਭ ਥਕੀ ਕਰਮ ਕਮਾਇ ਜੀਉ ॥੧੩॥**

(ਪੰਨਾ ੭੨)

ਗੁਰੂ ਨਾਨਕ ਤੋਂ ਅੰਮ੍ਰਿਤ ਛਕਣ ਤੋਂ ਬਗ਼ੈਰ ਰੱਬ ਨਹੀਂ ਮਿਲਣਾ, ਸਾਰੀ ਸ੍ਰਿਸ਼ਟੀ ਕਰਮਕਾਂਡ ਕਰਦੀ ਹੀ ਥੱਕ ਗਈ।

**ਸਤਿਗੁਰ ਪੁਰਖਿ ਮਿਲਾਇਆ ਤਿਸੁ ਜੇਵਡੁ ਅਵਰੁ ਨ ਕੋਇ ਜੀਉ ॥੧॥ਰਹਾਉ॥**

(ਪੰਨਾ ੭੩)

ਗੁਰੂ ਨਾਨਕ ਨੇ ਰੱਬ ਨਾਲ ਮਿਲਾ ਦਿੱਤਾ, ਸਾਰੀ ਸ੍ਰਿਸ਼ਟੀ ਤੇ ਉਸ ਵਰਗਾ ਗੁਰੂ ਹੀ ਨਹੀਂ ਹੈ। ਕਿੱਥੇ ਦੇਹਧਾਰੀ?

**ਸਤਿਗੁਰਿ ਪੁਰਖਿ ਵਿਖਾਲਿਆ ਮਸਤਕਿ ਧਰਿ ਕੈ ਹਥੁ ਜੀਉ ॥੯॥**

(ਪੰਨਾ ੭੩)

ਗੁਰੂ ਨਾਨਕ ਨੇ ਦਰਸ਼ਨ ਕਰਾ ਦਿੱਤੇ ਪਰਮਾਤਮਾ ਦੇ, ਮੱਥੇ ਤੇ ਹੱਥ ਰੱਖ ਕੇ ਦਸਮ ਦੁਆਰ ਖੋਲ੍ਹ ਦਿੱਤਾ। ਕੋਈ ਦੇਹਧਾਰੀ ਗੁਰੂ ਦਸਮ ਦੁਆਰ ਖੋਲ੍ਹ ਸਕਦਾ ਹੈ? ਸਾਡਾ ਵੀ ਖੁਲ੍ਹਾ ਦਿਓ, ਮੱਥੇ ਤੇ ਹੱਥ ਰੱਖ ਕੇ।

**ਖੁਲ੍ਹੜੇ ਕਪਾਟ ਨਾਨਕ ਸਤਿਗੁਰ ਭੇਟਤੇ ॥੧॥** (ਪੰਨਾ ੮੦)

ਗੁਰੂ ਨਾਨਕ ਨੂੰ ਮਿਲਦਿਆਂ ਹੀ ਦਸਮ ਦੁਆਰ ਖੁਲ੍ਹ ਜਾਂਦਾ ਹੈ, ਦਰਸ਼ਨ ਹੋ ਜਾਂਦੇ ਹਨ।

**ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥**
**ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥**
**ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥**
**ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥**
**ਸਤਿਗੁਰ ਵਿਚ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥**

(ਪੰਨਾ ੮੮)

ਮਨੁੱਖਾ ਜਨਮ ਲੈ ਕੇ ਜਿਹਨਾਂ ਨੇ ਗੁਰੂ ਨਾਨਕ ਨੂੰ ਨਹੀਂ ਸਿਮਰਿਆ ਤੇ ਗੁਰਬਾਣੀ ਦੀ ਵਿਚਾਰ ਨਹੀਂ ਕੀਤੀ, ਅੰਦਰ ਗਿਆਨ ਦਾ ਪ੍ਰਕਾਸ਼ ਨਹੀਂ ਹੋਇਆ, ਉਹ ਸੰਸਾਰ ਵਿਚ ਮੁਰਦਾ ਹੀ ਸਮਝੋ। ੮੪ ਲੱਖ ਦਾ ਚੱਕਰ ਪੈ ਜਾਣਾ, ਮਰੇਗਾ, ਜੰਮੇਗਾ, ਖ਼ੁਆਰ ਹੋਏਗਾ। ਗੁਰੂ ਨਾਨਕ ਦਾ ਸਿਮਰਨ ਉਹੀ ਕਰਦਾ ਹੈ ਜਿਸ ਨੂੰ ਵਾਹਿਗੁਰੂ ਆਪ ਕਰਾਂਦਾ ਹੈ, ਕਿਉਂਕਿ ਗੁਰੂ ਨਾਨਕ ਕੋਲ ਹੀ ਵਾਹਿਗੁਰੂ ਨਾਮ ਦਾ ਖ਼ਜ਼ਾਨਾ ਹੈ, ਬਖ਼ਸ਼ਿਸ਼ ਹੋਏਗੀ ਤਾਂ ਗੁਰੂ ਨਾਨਕ ਮਿਲੇਗਾ, ਅੰਮ੍ਰਿਤ ਦੀ ਦਾਤ ਮਿਲੇਗੀ। ਦੇਹਧਾਰੀ ਗੁਰੂ ਕਿੱਥੇ ਹੈ?

**ਊਚ ਅਪਾਰ ਅਗੋਚਰ ਥਾਨਾ ਓਹੁ ਮਹਲੁ ਗੁਰੂ ਦੇਖਾਈ ਜੀਉ ॥੩॥**

*(ਪੰਨਾ ੧੦੧)*

ਊਚਾ—ਬਹੁਤ ਉੱਚਾ, ਬੇਅੰਤ, ਜਿਸਦਾ ਪਾਰਲਾ ਬੰਨ੍ਹਾ ਹੀ ਨਹੀਂ, ਗਿਆਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਉਹ ਜਗ੍ਹਾ, ਸਚਖੰਡਿ ਓਹੁ ਮਹਲੁ—ਸਿਰਫ਼ ਇਕ ਸਚਖੰਡਿ ਗੁਰੂ ਨਾਨਕ ਨੇ ਦਿਖਾ ਦਿੱਤਾ ਹੈ। ਤੁਹਾਡੇ ਦੇਹਧਾਰੀ ਗੁਰੂਆਂ ਨੇ ਦਿਖਾ ਦਿੱਤਾ, ਮੈਨੂੰ ਵੀ ਦਿਖਾ ਦਿਓ।

**ਬਿਨੁ ਸਤਿਗੁਰ ਕਿਹੁ ਨ ਦੇਖਿਆ ਜਾਇ ॥**
**ਗੁਰਿ ਕਿਰਪਾ ਕਰਿ ਆਪੁ ਦਿਤਾ ਦਿਖਾਇ ॥**
**ਆਪੇ ਆਪਿ ਆਪਿ ਮਿਲ ਰਹਿਆ ਸਹਜੇ ਸਹਜਿ ਸਮਾਵਣਿਆ ॥੫॥**

*(ਪੰਨਾ ੧੧੫)*

ਗੁਰੂ ਨਾਨਕ ਤੋਂ ਬਗ਼ੈਰ ਰੱਬ ਦੇ ਕਿਉਂ ਨਹੀਂ ਦਰਸ਼ਨ ਹੋ ਸਕਦੇ। ਰੱਬ ਹੀ ਗੁਰੂ ਨਾਨਕ ਹੈ, ਗੁਰੂ ਨਾਨਕ ਹੀ ਰੱਬ ਹੈ, ਗੁਰੂ ਨਾਨਕ ਨੇ ਕਿਰਪਾ ਕਰਕੇ ਆਪ ਹੀ ਦਰਸ਼ਨ ਕਰਵਾ ਦਿੱਤੇ, ਆਪੇ ਹੀ ਗੁਰੂ ਨਾਨਕ ਹੈ ਆਪ ਹੀ ਰੱਬ ਹੈ, ਆਪਸ ਵਿਚ ਮਿਲੇ ਹੋਏ ਹਨ, ਸੁਭਾਅ ਬਦਲ ਕੇ ਸਮਾ ਜਾਇਦਾ ਹੈ। ਦੇਹਧਾਰੀ ਗੁਰੂ ਵੀ ਰੱਬ ਨਾਲ ਮਿਲਿਆ ਹੋਇਆ ਹੈ ? ਦੋਵੇਂ ਇਕੋ ਹੀ ਹਨ ? ਬਾਣੀ ਵਿਚ ਤਾਂ ਗੁਰੂ ਨਾਨਕ ਕੋਲ ਜਾਓ ਤਾਂ ਰੱਬ ਕੋਲ ਭੇਜ ਦਿੰਦਾ ਹੈ, ਜੇ ਰੱਬ ਕੋਲ ਜਾਓ ਤਾਂ ਗੁਰੂ ਨਾਨਕ ਕੋਲ ਭੇਜ ਦਿੰਦਾ ਹੈ, ਦੋਵੇਂ ਇਕ ਹੀ ਹਨ। ਕੀ ਤੁਹਾਡੇ ਗੁਰੂ ਵੀ ਇਕ ਸ਼ਕਤੀ ਰੱਖਦੇ ਹਨ ?

**ਸਤਿਗੁਰੁ ਨ ਸੇਵਹਿ ਮੂਰਖ ਅੰਧ ਗਵਾਰਾ ॥**
**ਫਿਰਿ ਓਇ ਕਿਥਹੁ ਪਾਇਨਿ ਮੋਖ ਦੁਆਰਾ ॥**
**ਮਰਿ ਮਰਿ ਜੰਮਹਿ ਫਿਰਿ ਫਿਰਿ ਆਵਹਿ**
**ਜਮਿ ਦਰਿ ਚੋਟਾ ਖਾਵਣਿਆ ॥੪॥** *(ਪੰਨਾ ੧੧੫)*

ਮੂਰਖ, ਅੰਨ੍ਹੇ, ਗੰਵਾਰ, ਬੇਅੰਮ੍ਰਿਤੀਏ, ਗੁਰੂ ਨਾਨਕ ਨੂੰ ਸਿਮਰਦੇ ਨਹੀਂ। ਉਹ ਕਿਵੇਂ ਧਰਮਰਾਜ ਤੋਂ ਛੁਟਕਾਰਾ ਪਾ ਸਕਦੇ ਹਨ ? ਕਿਵੇਂ ਸਚਖੰਡਿ ਜਾ ਸਕਦੇ ਹਨ ? ਧਰਮਰਾਜ ਕੋਲ ਜਾਣਗੇ, ੮੪ ਲੱਖ ਵਾਰੀ ਜੰਮਣਗੇ, ਮਰਨਗੇ। ਫਿਰ ਫਿਰ ਜੂਨਾਂ ਵਿਚ ਪੈਣਗੇ, ਧਰਮਰਾਜ ਦੀ ਕਚਹਿਰੀ ਵਿਚ ਜਮਦੂਤਾਂ ਕੋਲੋਂ ਮਾਰਾਂ ਖਾਣਗੇ, ਜਮਦੂਤ ਨੇ ਬੰਦੇ ਤੋਂ ਉੱਲੂ ਬਣਾ ਦੇਣੇ ਹਨ। ਕੀ ਤੇਰਾ ਗੁਰੂ ਬਚਾ ਲਏਗਾ ?

**ਗੁਰ ਸੇਵਾ ਤੇ ਹਰਿ ਨਾਮੁ ਪਾਇਆ, ਬਿਨੁ ਸਤਿਗੁਰ ਕੋਇ ਨ ਪਾਵਣਿਆ ॥੧॥** *(ਪੰਨਾ ੧੧੬)*

ਗੁਰੂ ਨਾਨਕ ਦੀ ਦੱਸੀ ਸੇਵਾ ਕੀਤਿਆਂ, ਵਾਹਿਗੁਰੂ ਨਾਮ ਦੀ ਦਾਤਿ

ਮਿਲਦੀ ਹੈ, ਗੁਰੂ ਨਾਨਕ ਤੋਂ ਬਗ਼ੈਰ ਕੋਈ ਵੀ ਨਾਮ ਦੀ ਦਾਤ ਨਹੀਂ ਪਾ ਸਕਦਾ, ਕਿਉਂਕਿ ਸਚਖੰਡਿ ਕਬੂਲ ਨਹੀਂ। ਤੇਰੇ ਗੁਰੂ ਨੇ ਦਾਤ ਕਿਥੋਂ ਲਈ ਹੈ ?

**ਸਤਿਗੁਰੁ ਦਾਤਾ ਸਭਨਾ ਵਥੂ ਕਾ ਪੂਰੈ ਭਾਗਿ ਮਿਲਾਵਣਿਆ ॥੨॥**

(ਪੰਨਾ ੧੧੬)

ਗੁਰੂ ਨਾਨਕ ਸਾਰੀਆਂ ਚੀਜ਼ਾਂ ਦੇਣ ਦਾ ਸਮਰੱਥ ਦਾਤਾ ਹੈ, ਚੰਗੀ ਕਿਸਮਤ ਨਾਲ ਮਿਲਦਾ ਹੈ। ਤੇਰੀ ਕਿਸਮਤ ਹੀ ਭੈੜੀ ਤੈਨੂੰ ਪੰਜ ਭੂਤਕ ਬੰਦਾ Bag of Dirt ਮਿਲਿਆ। ਤੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਕੋਈ ਕੋਮੈਂਟ ਕੀਤਾ ਹੋਣੈ ਤਾਂ ਹੀ ਤੂੰ ਬੰਦੇ ਦਾ ਚੇਲਾ ਬਣ ਗਿਆ।

**ਬਾਝੁ ਗੁਰੂ ਹੈ ਅੰਧ ਗੁਬਾਰਾ ॥**
**ਅਗਿਆਨੀ ਅੰਧਾ ਅੰਧੁ ਅੰਧਾਰਾ ॥**
**ਬਿਸਟਾ ਕੇ ਕੀੜੇ ਬਿਸਟਾ ਕਮਾਵਹਿ,**
**ਫਿਰਿ ਬਿਸਟਾ ਮਾਹਿ ਪਚਾਵਣਿਆ ॥੫॥** (ਪੰਨਾ ੧੧੬)

ਗੁਰੂ ਨਾਨਕ ਤੋਂ ਬਗ਼ੈਰ ਅੰਦਰਲੇ ਰੱਬ ਨੂੰ ਹਨੇਰਾ ਹੀ ਹਨੇਰਾ ਹੈ, ਘੁੱਪ ਹਨੇਰਾ ਹੈ। ਅਗਿਆਨੀ ਜਿਸ ਨੇ ਅੰਮ੍ਰਿਤ ਨਹੀਂ ਛਕਿਆ, ਉਸ ਅੰਨ੍ਹੇ ਨੂੰ ਹਨੇਰਾ ਹੀ ਹਨੇਰਾ ਹੈ। ਜਿਵੇਂ ਗੂੰਹ ਦਾ ਕੀੜਾ ਗੂੰਹ ਹੀ ਕਮਾਉਂਦਾ ਹੈ, ਖਾਂਦਾ ਹੈ, ਕਰਦਾ ਹੈ, ਫਿਰ ਗੂੰਹ ਵਿਚ ਹੀ ਸਮਾਇਆ ਰਹਿੰਦਾ ਹੈ। ਮਨਮੁਖ ਤੇਰਾ ਵੀ ਇਹੀ ਹਾਲ ਹੈ।

**ਹਰਿ ਅਗਮੁ ਅਗੋਚਰੁ ਅਨਾਥੁ ਅਜੋਨੀ ਸਤਿਗੁਰ ਕੈ ਭਾਇ ਪਾਵਣਿਆ ॥੧॥** (ਪੰਨਾ ੧੧੮)

ਵਾਹਿਗੁਰੂ ਅਪਹੁੰਚ ਹੈ, ਗਿਆਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਸੋਚ ਵਿਚ ਨਹੀਂ ਆ ਸਕਦਾ, ਅਨਾਥਾਂ ਦਾ ਨਾਥ ਜੂਨੀ ਤੋਂ ਰਹਿਤ ਗੁਰੂ ਨਾਨਕ ਨਾਲ ਅੰਮ੍ਰਿਤ ਛਕ ਕੇ ਪਿਆਰ ਪਾਇਆਂ ਮਿਲ ਜਾਂਦਾ ਹੈ।

**ਦੁਖੀਏ ਨਿਤਿ ਫਿਰਹਿ ਬਿਲਲਾਦੇ ਬਿਨੁ ਗੁਰ ਸਾਂਤਿ ਨ ਪਾਵਣਿਆ ॥੬॥**

(ਪੰਨਾ ੧੧੮)

ਜਿਹਨਾਂ ਨੇ ਅੰਮ੍ਰਿਤ ਨਹੀਂ ਛਕਿਆ, ਸਾਰੇ ਹੀ ਰੋਗੀ ਹਨ, ਦੁਖੀਏ ਨਿਤ ਵਿਲਕਦੇ ਰਹਿੰਦੇ ਹਨ, ਗੁਰੂ ਨਾਨਕ ਤੋਂ ਬਗ਼ੈਰ ਸ਼ਾਂਤੀ ਕਿੱਥੇ ?

**ਸਤਿਗੁਰੁ ਸੇਵੇ ਸਦਾ ਮਨੁ ਨਿਹਚਲੁ ਨਿਜ ਘਰਿ ਵਾਸਾ ਪਾਵਣਿਆ ॥੩॥** (ਪੰਨਾ ੧੨੦)

ਗੁਰੂ ਨਾਨਕ ਨੂੰ ਸਿਮਰਿਆਂ ਮਨ ਟਿਕਾਓ ਵਿਚ ਰਹਿੰਦਾ ਹੈ ਤੇ ਦਸਵੇਂ ਦੁਆਰ ਸਚਖੰਡਿ ਟਿਕਿਆ ਰਹਿੰਦਾ ਹੈ।

**ਆਤਮ ਰਾਮ ਪਰਗਾਸੁ ਗੁਰ ਤੇ ਹੋਵੈ॥** (ਪੰਨਾ ੧੨੩)

ਅੰਦਰਲੀ ਆਤਮਾ ਨੂੰ ਵਾਹਿਗੁਰੂ ਦਾ ਪ੍ਰਕਾਸ਼, ਗੁਰੂ ਨਾਨਕ ਦੀ ਕ੍ਰਿਪਾ ਨਾਲ ਹੀ ਹੁੰਦਾ ਹੈ।

**ਸਤਿਗੁਰੁ ਆਪੇ ਮੇਲਿ ਮੇਲਾਏ ਮਿਲਿ ਪ੍ਰੀਤਮ ਸੁਖੁ ਪਾਵਣਿਆ॥੫॥** (ਪੰਨਾ ੧੨੩)

ਗੁਰੂ ਨਾਨਕ ਆਪ ਹੀ ਰੱਬ ਨਾਲ ਮੇਲ ਮਿਲਾਉਂਦਾ ਹੈ, ਰੱਬ ਨੂੰ ਮਿਲ ਕੇ ਸੁਖ ਦੀ ਪ੍ਰਾਪਤੀ ਹੁੰਦੀ ਹੈ।

**ਨਉ ਦਰ ਠਾਕੇ ਧਾਵਤੁ ਰਹਾਏ॥**
**ਦਸਵੈ ਨਿਜ ਘਰਿ ਵਾਸਾ ਪਾਏ॥**
**ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ**
**ਗੁਰਮਤੀ ਸਬਦੁ ਸੁਣਾਵਣਿਆ॥੬॥** (ਪੰਨਾ ੧੨੪)

ਨੌਂ ਦਰਵਾਜ਼ਿਆਂ ਨੂੰ ਭਟਕਣ ਤੋਂ ਰੋਕੋ। ਦਸਵੇਂ ਰੱਬ ਦਾ ਆਪਣਾ ਘਰ ਹੈ। ਉੱਥੇ ਵਾਹਿਗੁਰੂ ਵਾਹਿਗੁਰੂ ਇਕ-ਰਸ ਆਪਣੇ ਆਪ ਹੁੰਦਾ ਰਹਿੰਦਾ ਹੈ। ਦਿਨ ਰਾਤ ਹਰ ਵੇਲੇ ਹੁੰਦਾ ਰਹਿੰਦਾ ਹੈ। ਗੁਰੂ ਨਾਨਕ ਦੀ ਮਤ ਲੈ ਲਈ ਤਾਂ ਵਾਹਿਗੁਰੂ ਵਾਹਿਗੁਰੂ ਸੁਣਨ ਲੱਗ ਪੈਂਦਾ ਹੈ।

**ਬਿਨੁ ਸਬਦੈ ਅੰਤਰਿ ਆਨੇਰਾ॥**
**ਨ ਵਸਤੁ ਲਹੈ ਨ ਚੂਕੈ ਫੇਰਾ॥**
**ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ**
**ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ॥** (ਪੰਨਾ ੧੨੪)

ਵਾਹਿਗੂਰੂ ਸਿਮਰਨ ਤੋਂ ਬ਼ਗੈਰ ਅੰਦਰ ਹਨੇਰਾ ਹੀ ਹਨੇਰਾ ਹੈ। ਨਾ ਰੱਬ ਮਿਲਦਾ ਹੈ ਤੇ ਨਾ ੮੪ ਲੱਖ ਦੀਆਂ ਜੂਨਾਂ ਤੋਂ ਛੁਟਕਾਰਾ ਹੁੰਦਾ ਹੈ ਕਿਉਂਕਿ, ਕੁੰਜੀ ਗੁਰੂ ਨਾਨਕ ਕੋਲ ਹੈ। ਹੋਰ ਕਿਸੇ ਦੇਹਧਾਰੀ ਕੋਲ ਚਾਬੀ ਨਹੀਂ ਕਿ ਦਸਮ ਦੁਆਰ ਖੋਲ੍ਹ ਦੇਵੇ, ਅੰਮ੍ਰਿਤ ਦੀ ਦਾਤ, ਵਾਹਿਗੁਰੂ ਨਾਮ ਦੀ ਦਾਤ ਬਹੁਤ ਚੰਗੇ ਭਾਗ ਹੋਣ ਤਾਂ ਗੁਰੂ ਨਾਨਕ ਕੋਲੋਂ ਮਿਲਦੀ ਹੈ।

**ਬਾਝੁ ਗੁਰੂ ਹੈ ਅੰਧ ਅੰਧਾਰਾ॥**
**ਜਮਕਾਲਿ ਗਰਠੇ ਕਰਹਿ ਪੁਕਾਰਾ॥**
**ਅਨਦਿਨੁ ਰੋਗੀ ਬਿਸਟਾ ਕੇ ਕੀੜੇ ਬਿਸਟਾ ਮਹਿ ਦੁਖੁ ਪਾਵਣਿਆ॥** (ਪੰਨਾ ੧੨੫)

ਗੁਰੂ ਨਾਨਕ ਤੋਂ ਅੰਮ੍ਰਿਤ ਛਕਣ ਤੋਂ ਬ਼ਗੈਰ ਘੁੱਪ ਹਨੇਰਾ ਹੈ। ਜਮਦੂਤ

ਨੇ ਪਕੜਿਆ ਹੋਇਆ ਹੈ, ਉੱਥੇ ਚੀਕਾਂ ਮਾਰਦੇ ਹਨ। ਮਨਮੁਖ ਹਰ ਵੇਲੇ ਦੁਖੀ ਰਹਿੰਦਾ ਹੈ, ਗੂੰਹ ਦਾ ਕੀੜਾ ਹੈ, ਵਿਕਾਰੀ ਹੈ, ਵਿਕਾਰਾਂ ਵਿਚ ਦੁੱਖ ਪਾਉਂਦਾ ਰਹਿੰਦਾ ਹੈ।

**ਏਕਾ ਜੋਤਿ ਜੋਤਿ ਹੈ ਸਰੀਰਾ॥**
**ਸਬਦਿ ਦਿਖਾਏ ਸਤਿਗੁਰੁ ਪੂਰਾ॥**
**ਆਪੇ ਫਰਕੁ ਕੀਤੋਨੁ ਘਟ ਅੰਤਰਿ ਆਪੇ ਬਣਤ ਬਣਾਵਣਿਆ॥੧॥**
*(ਪੰਨਾ ੧੨੫)*

ਸਾਰੇ ਸਰੀਰਾਂ ਵਿਚ ਗੁਰੂ ਨਾਨਕ ਦੀ ਹੀ ਜੋਤ ਹੈ। ਗੁਰੂ ਨਾਨਕ ਹੀ ਵਾਹਿਗੁਰੂ ਸਿਮਰਨ ਵਿਚ ਸੁਰਤੀ ਲਵਾ ਕੇ ਜੋਤ ਦਾ ਪ੍ਰਕਾਸ਼ ਦਿਖਾ ਦੇਂਦਾ ਹੈ। ਗੁਰੂ ਨਾਨਕ ਨੇ ਆਪ ਹੀ ਇਹ ਫ਼ਰਕ ਪਾਇਆ ਹਰ ਸਰੀਰ ਵਿਚ, ਆਪ ਹੀ ਇਹ ਬਣਤ ਬਣਾਉਣ ਵਾਲਾ ਹੈ। ਸਰੀਰ ਬਣਾਉਣ ਵਾਲਾ ਗੁਰੂ ਨਾਨਕ, ਆਪਣੀ ਅੰਦਰ ਜੋਤ ਪਾਉਣ ਵਾਲਾ ਗੁਰੂ ਨਾਨਕ, ਵਾਹਿਗੁਰੂ ਸਿਮਰਨ ਦੇਣ ਵਾਲਾ ਗੁਰੂ ਨਾਨਕ, ਸਿਮਰਨ ਕਰਵਾ ਕੇ ਜੋਤ ਦਾ ਪ੍ਰਕਾਸ਼ ਕਰਨ ਵਾਲਾ ਗੁਰੂ ਨਾਨਕ ਹਰੇਕ ਸਰੀਰ ਵਿਚ ਇਹ ਫ਼ਰਕ ਪਾਉਣ ਵਾਲਾ ਗੁਰੂ ਨਾਨਕ। ਤੇਰਾ ਗੁਰੂ ਕੀ ਕਰ ਰਿਹੈ ? ਤੈਨੂੰ ਗੁਮਰਾਹ ਕਰਨ ਵਾਲਾ ਤੇਰਾ ਦੇਹਧਾਰੀ ਗੁਰੂ।

**ਬਾਝੁ ਗੁਰੂ ਕੋ ਸਹਜੁ ਨ ਪਾਏ,**
**ਗੁਰਮੁਖਿ ਸਹਜਿ ਸਮਾਵਣਿਆ॥੧॥ਰਹਾਉ॥** *(ਪੰਨਾ ੧੨੫)*

ਗੁਰੂ ਨਾਨਕ ਦੀ ਕ੍ਰਿਪਾ ਤੋਂ ਬਗ਼ੈਰ ਕੋਈ ਸਹਿਜ ਨਹੀਂ ਪਾ ਸਕਦਾ, ਅੰਮ੍ਰਿਤਧਾਰੀ ਸੁਭਾਅ ਬਦਲ ਕੇ ਸਮਾ ਜਾਂਦਾ ਹੈ।

**ਆਪੇ ਗੁਰੁ ਦਾਤਾ ਕਰਮਿ ਬਿਧਾਤਾ॥** *(ਪੰਨਾ ੧੨੬)*

ਗੁਰੂ ਨਾਨਕ ਆਪ ਹੀ ਗੁਰੂ ਹੈ ਆਪ ਹੀ ਕਰਮ ਲਿਖਣ ਵਾਲਾ ਬਿਧਾਤਾ ਹੈ, ਅਕਾਲ ਪੁਰਖ ਹੈ।

**ਮਾਇਆ ਮੋਹੁ ਜਗਤੁ ਸਬਾਇਆ॥**
**ਤ੍ਰੈ ਗੁਣ ਦੀਸਹਿ ਮੋਹੇ ਮਾਇਆ॥**
**ਗੁਰ ਪਰਸਾਦੀ ਕੋ ਵਿਰਲਾ ਬੂਝੈ ਚਉਥੈ ਪਦਿ ਲਿਵ ਲਾਵਣਿਆ॥੧॥**
*(ਪੰਨਾ ੧੨੯)*

ਸਰੀਰ ਹੀ ਮਾਇਆ ਹੈ, ਮਾਇਆ ਦਾ ਮੋਹ ਸਾਰੇ ਜਗਤ ਨੂੰ ਹੈ। ਇਹ ਤਿੰਨ ਗੁਣ ਰਜੋ-ਤਮੋ-ਸਤੋ ਜੋ ਦਿੱਸਦੇ ਹਨ ਤਿੰਨਾਂ ਨੇ, ਮਾਇਆ ਨੇ ਮੋਹਿਆ ਪਿਆ ਹੈ। ਗੁਰੂ ਨਾਨਕ ਦੀ ਕ੍ਰਿਪਾ ਨਾਲ ਕੋਈ ਵਿਰਲਾ ਅੰਮ੍ਰਿਤਧਾਰੀ

ਸਮਝੇਗਾ, ਸੁਰਤੀ, ਸਰੀਰ ਦਾ ਮੋਹ ਤਿਆਗਿਆਂ ਲਗਣੀ ਹੈ, ਚੌਥੇ ਪਦ ਨਿਰਬਾਣ, ਵਾਸਨਾ ਰਹਿਤ, ਨਿਰਜੋਗ, ਜਦੋਂ ਸਰੀਰ ਦਾ ਮੋਹ ਹੀ ਨਹੀਂ ਰਹਿੰਦਾ, ਨਿਰਮੋਹ ਹੋ ਜਾਂਦਾ ਹੈ।

**ਸਤਿਗੁਰੁ ਨ ਸੇਵੇ ਸੋ ਕਾਹੇ ਆਇਆ॥**
**ਧ੍ਰਿਗੁ ਜੀਵਣੁ ਬਿਰਥਾ ਜਨਮੁ ਗਵਾਇਆ॥**
**ਮਨਮੁਖਿ ਨਾਮੁ ਚਿਤਿ ਨ ਆਵੈ,**
**ਬਿਨੁ ਨਾਵੈ ਬਹੁ ਦੁਖੁ ਪਾਵਣਿਆ॥੭॥** *(ਪੰਨਾ ੧੨੯)*

ਮਨੁੱਖਾ ਜਨਮ ਲੈ ਕੇ ਜੇ ਬਾਬੇ ਨਾਨਕ ਨੂੰ ਸਿਮਰਿਆ ਹੀ ਨਹੀਂ ਤਾਂ ਕਿਉਂ ਜਨਮ ਲਿਆ ਸੀ ? (ਤੂੰ ਪਹਿਲਾਂ ਕੀੜਾ ਮਕੌੜਾ ਹੀ ਸੀ, ਗੁਰੂ ਨਾਨਕ ਨੇ ਤੈਨੂੰ ਮਨੁੱਖਾ ਜਨਮ ਦਿੱਤਾ, ਜੇ ਉਸ ਨੂੰ ਯਾਦ ਨਹੀਂ ਸੀ ਕਰਨਾ ਤਾਂ ਜਨਮ ਹੀ ਕਿਉਂ ਲਿਆ ?) ਹਜ਼ਾਰ ਵਾਰੀ ਤੇਰੇ ਜੀਉਣ ਦੇ ਫਿਟੇ ਮੂੰਹ, ਇਹ ਮਨੁੱਖਾ ਜਨਮ ਅਜਾਈਂ ਹੀ ਗੁਆ ਲਿਆ। ਮਨਮੁਖ ਵਾਹਿਗੁਰੂ ਸਿਮਰਨ ਕਰਦੇ ਨਹੀਂ, ਨਾਮ ਨਾ ਜਪਣ ਕਰਕੇ ਧਰਮਰਾਜ ਕੋਲ ਬਹੁਤ ਦੁੱਖ ਪਾਂਦੇ ਹਨ।

**ਜਿਨ ਕਉ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ॥** *(ਪੰਨਾ ੧੩੪)*

ਜਿਹਨਾਂ ਨੂੰ ਅੰਮ੍ਰਿਤ ਛਕਣ ਨਾਲ ਗੁਰੂ ਮਿਲ ਜਾਂਦਾ ਹੈ, ਉਹ ਧਰਮਰਾਜ ਦੀ ਦਰਗਾਹ ਤੋਂ ਖ਼ਲਾਸੀ ਹਾਸਲ ਕਰਦੇ ਹਨ।

**ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ॥**
**ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖੁ ਹੋਇ॥** *(ਪੰਨਾ ੧੩੭)*

ਗੁਰੂ ਨਾਨਕ ਦਾਤਾ ਹੈ, ਗੁਰੂ ਨਾਨਕ ਠੰਡਕ ਬਰਫ਼ ਦਾ ਘਰ ਹੈ, ਤਿੰਨਾਂ ਲੋਕਾਂ ਨੂੰ ਪ੍ਰਕਾਸ਼ ਕਰਨ ਵਾਲਾ ਦੀਪਕ ਹੈ। ਕਦੇ ਨਾ ਮੁੱਕਣ ਵਾਲਾ ਨਾਮ ਪਦਾਰਥ ਗੁਰ ਨਾਨਕ ਕੋਲ ਹੀ ਹੈ, ਜਿਸ ਦਾ ਮਨ ਗੁਰੂ ਨਾਨਕ ਵਿਚ ਪਤੀਜ ਜਾਏ, ਉਸ ਨੂੰ ਸੁੱਖ ਹੋ ਜਾਂਦਾ ਹੈ। ਤੇਰੇ ਗੁਰੂ ਕੋਲ ਇਹ ਦਾਤਾਂ ਹਨ ? ਮੈਨੂੰ ਵੀ ਦਿਵਾ ਦੇਹ।

**ਵਿਣੁ ਗੁਰ ਕਿਨੈ ਨ ਲਧਿਆ ਅੰਧੇ ਭਉਕਿ ਮੁਏ ਕੂੜਿਆਰਾ॥**
*(ਪੰਨਾ ੧੪੧)*

ਗੁਰੂ ਨਾਨਕ ਤੋਂ ਬਗ਼ੈਰ ਕਿਸੇ ਨੂੰ ਵੀ ਰੱਬ ਨਹੀਂ ਲੱਭਾ, ਅੰਨ੍ਹੇ ਝੂਠੇ ਕੁੱਤੇ ਵਾਂਗੂੰ ਭੌਂਕ ਭੌਂਕ ਕੇ ਮਰ ਗਏ।

**ਜਿਨ ਕਉ ਗੁਰੁ ਸਤਿਗੁਰੁ ਨਹੀ ਭੇਟਿਆ ਤੇ ਸਾਕਤ ਮੂੜ ਦਿਵਾਨੇ॥**
*(ਪੰਨਾ ੧੭੦)*

ਜਿਹਨਾਂ ਨੂੰ ਅੰਮ੍ਰਿਤ ਛਕ ਕੇ ਗੁਰੂ ਨਾਨਕ ਨਹੀਂ ਮਿਲਿਆ, ਉਹ ਸਾਕਤ

ਹਨ, ਮੂਰਖਾਂ ਦੇ ਮੂਰਖ ਹਨ, ਦੀਵਾਨੇ ਹਨ। ਪਾਗਲ ਹਨ।

**ਗੁਰਿ ਸਤਿਗੁਰਿ ਦਾਤੈ ਪੰਥੁ ਬਤਾਇਆ ਹਰਿ ਮਿਲਿਆ ਆਇ ਪ੍ਰਭੁ ਮੇਰੀ ॥** *(ਪੰਨਾ ੧੭੦)*

ਗੁਰੂ ਬਾਬੇ ਨਾਨਕ ਦਾਤੇ ਨੇ ਸਚਖੰਡਿ ਦਾ ਰਾਹ ਦੱਸਿਆ ਮੇਰਾ ਵਾਹਿਗੁਰੂ ਮੈਨੂੰ ਮਿਲ ਗਿਆ।

**ਹਰਿ ਅਗਮੁ ਅਗੋਚਰੁ ਪਾਰਬ੍ਰਹਮੁ ਹੈ ਮਿਲਿ ਸਤਿਗੁਰ ਲਾਗਿ ਬਸੀਠਾ ॥** *(ਪੰਨਾ ੧੭੧)*

ਵਾਹਿਗੁਰੂ, ਹਰੀ, ਰਾਮ, ਅੱਲਾ ਅਪਹੁੰਚ ਹੈ, ਦਿਮਾ.ਗ ਦੀ ਪਹੁੰਚ ਤੋਂ ਵੀ ਪਰੇ ਹੈ, ਕੋਈ ਪੰਜ ਭੂਤਕ ਬੰਦਾ ਰੱਬ ਨੂੰ ਪਾ ਹੀ ਨਹੀਂ ਸਕਦਾ, ੬ ਸੌ ਕਰੋੜ ਦੁਨੀਆਂ ਵਿਚੋਂ। ਮਿਲਦਾ ਹੈ ਗੁਰੂ ਨਾਨਕ ਵਿਚੋਲੇ ਦੀ ਰਾਹੀਂ, ਵਕੀਲ ਦੀ ਰਾਹੀਂ। ਕੀ ਤੇਰੇ ਗੁਰੂ ਦੀ ਰਾਹੀਂ ਰੱਬ ਮਿਲਦਾ ਹੈ ? ਤੈਨੂੰ ਮਿਲਿਆ ਹੈ ? ਦੱਸ ਹੀ ਦੇਹ ਕਿ ਮੈਨੂੰ ਮਿਲਿਆ ਹੈ।

**ਗੁਰੂ ਗੁਰੂ ਜਪਿ ਮੀਤ ਹਮਾਰੇ ॥**
**ਮੁਖ ਊਜਲ ਹੋਵਹਿ ਦਰਬਾਰੇ ॥੧॥ਰਹਾਉ॥** *(ਪੰਨਾ ੧੯੦)*

ਵਾਹਿਗੁਰੂ ਵਾਹਿਗੁਰੂ ਜਪ, ਮੇਰੇ ਦੋਸਤ ! ਸਚਖੰਡਿ ਵਿਚ ਰੋਸ਼ਨ ਮੂੰਹ ਨਾਲ ਜਾਏਂਗਾ। ਤੂੰ ਤਾਂ ਪੰਜ ਅੱਖਰਾ ਨਾਮ ਜਪਦਾ ਹੈਂ, ਤੂੰ ਵੀ ਸਚਖੰਡਿ ਜਾਏਂਗਾ ? ਜਾਂ ਤਾਂ ਬਾਬਾ ਨਾਨਕ ਝੂਠਾ ਹੈ ਜਾਂ ਤੇਰਾ ਗੁਰੂ, ਤੂੰ ਹੀ ਸੱਚੋ ਸੱਚ ਦੱਸ, ਕੀ ਬਾਬਾ ਨਾਨਕ ਝੂਠਾ ਹੈ ? ਦਿਲੋਂ ਸੋਚ ਕੇ ਦੱਸੀਂ, ਤੇਰਾ ਗੁਰੂ ਉਸ ਦੀ ਬਾਣੀ ਪੜ੍ਹਦਾ ਹੈ ਫਿਰ ਝੂਠਾ ਕਿਵੇਂ ਹੋਇਆ ? ਤੇਰਾ ਗੁਰੂ ਝੂਠਾ ਹੈ ਜਿਹੜਾ ਸੌਦਾ ਤਾਂ ਗੁਰੂ ਨਾਨਕ ਤੋਂ ਲੈਂਦਾ ਹੈ ਤੇ ਆਪਣਾ ਕਰਕੇ ਵੇਚਦਾ ਹੈ।

**ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥**
**ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥** *(ਪੰਨਾ ੨੦੫)*

ਜ਼ਿਸ ਵਾਹਿਗੁਰੂ ਦਾ ਇਹ ਸਰੀਰ ਹੈ, ਘਰ ਹੈ, ਸਰੀਰ ਵਿਚ ਉਸਦੇ ਰਹਿਣ ਲਈ ਦਸਮ ਦੁਆਰ ਹੈ, ਉਸ ਪਰਮਾਤਮਾ ਨੇ ਸਰੀਰ ਵਿਚ ਦਸਮ ਦੁਆਰ, ਨਿਜ ਘਰ, ਥਿਰ ਘਰ ਨੂੰ ਤਾਲਾ ਮਾਰ ਦਿੱਤਾ ਤੇ ਚਾਬੀ ਗੁਰੂ ਨਾਨਕ ਨੂੰ ਸੌਂਪ ਦਿੱਤੀ ਹੈ (ਦੇਖੀਂ ਕਿਤੇ ਤੇਰੇ ਗੁਰੂ ਨੂੰ ਤਾਂ ਨਹੀਂ ਸੌਂਪੀ) ਜਿੰਨੇ ਮਰਜ਼ੀ ਹੋਰ ਤਰੀਕੇ ਵਰਤ ਲੈ, ਗੁਰੂ ਨਾਨਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨੀਂ ਲੱਗਣ ਤੋਂ ਬ.ਗੈਰ, ਅੰਮ੍ਰਿਤ ਛਕਣ ਤੋਂ ਬ.ਗੈਰ ਚਾਬੀ ਨਹੀਂ ਮਿਲਣੀ, ਦਸਮ ਦੁਆਰ

ਖੁਲ੍ਹਣਾ ਨਹੀਂ, ਰੱਬ ਤਕ ਤੂੰ ਪਹੁੰਚ ਨਹੀਂ ਸਕਦਾ, ਰੱਬ ਨੂੰ ਜਾਣ ਨਹੀਂ ਸਕਦਾ, ਨਿਜ ਘਰ ਤੂੰ ਪਹੁੰਚ ਨਹੀਂ ਸਕਦਾ, ਥਿਰ ਘਰ ਤੂੰ ਬੈਠ ਨਹੀਂ ਸਕਦਾ, ਦਸਮ ਦੁਆਰ ਤੇਰਾ ਖੁਲ੍ਹ ਨਹੀਂ ਸਕਦਾ, ਪ੍ਰਕਾਸ਼ ਤੈਨੂੰ ਹੋ ਨਹੀਂ ਸਕਦਾ, ਲੱਗਾ ਤਾਲਾ ਤੂੰ ਕਿਸੇ ਹੋਰ ਕੋਲੋਂ ਖੁਲ੍ਹਵਾ ਨਹੀਂ ਸਕਦਾ। ਨੌਂ ਦੁਆਰੇ ਤਾਂ ਸਾਰੇ ਸ੍ਰਿਸ਼ਟੀ ਦੇ ਲੋਕਾਂ ਦੇ ਦਿੱਸਦੇ ਹਨ ਤੇ, ਖੁਲ੍ਹੇ ਹਨ (ਦੋ ਅੱਖਾਂ, ਦੋ ਕੰਨ, ਦੋ ਨਾਸਾਂ, ਇਕ ਮੂੰਹ, ਲਿੰਗ ਤੇ ਗੁਦਾ) ਇਹ ਤਾਂ ਸਾਰਿਆਂ ਦੇ ਪ੍ਰਤੱਖ ਹਨ। ਇਹ ਸਾਰੇ ਗੰਦ ਘੋਲ ਰਹੇ ਹਨ, ਇਹਨਾਂ ਨੂੰ ਬੰਦ ਕਰੇਂਗਾ ਤਾਂ ਦਸਮ ਦੁਆਰ ਪਹੁੰਚੇਂਗਾ, ਤੂੰ ਬੰਦ ਵੀ ਨਹੀਂ ਕਰ ਸਕਦਾ, ਫਿਰ ਮਨੁੱਖਾ ਜਨਮ ਲੈ ਕੇ ਗੰਦ ਹੀ ਘੋਲਣ ਆਇਆ ਹੈਂ, ਤੇਰੇ ਗੁਰੂ ਦਾ ਤਾਲਾ ਕਿਨ੍ਹੇ ਖੋਲ੍ਹਿਆ ਸੀ ? ਤੇਰਾ ਗੁਰੂ ਸਰਕਾਰ ਦਾ ਬਣਾਇਆ ਗੁਰੂ ਹੈ, ਰੱਬ ਦਾ ਬਣਾਇਆ ਗੁਰੂ ਨਹੀਂ ਹੈ। ਨੌਂ ਦੁਆਰਿਆਂ ਵਿਚ ਜ਼ਿੰਦਗੀ ਬਰਬਾਦ ਹੀ ਕਰ ਰਿਹਾ ਹੈਂ ਨਹੀਂ ਤਾਂ ਦੱਸ, ਦਸਮ ਦੁਆਰ ਖੁਲ੍ਹ ਗਿਆ ਹੈ, ਤੇਰਾ ਖੁਲ੍ਹਿਆ ਹੈ, ਤੇਰੇ ਗੁਰੂ ਦਾ ਖੁਲ੍ਹਿਆ ਹੈ ਫਿਰ ਉਹ ਧਰਮਰਾਜ ਕੋਲ ਕਿਉਂ ਹੈ ?

**ਜਾ ਕਉ ਆਏ ਸੋਈ ਵਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ ॥**
**ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ॥੩॥**

*(ਪੰਨਾ ੨੦੫)*

ਕਿਸ ਕੰਮ ਲਈ ਮਨੁੱਖਾ ਜਨਮ ਪ੍ਰਾਪਤ ਹੋਇਆ, ਉਹੀ "ਵਾਹਿਗੁਰੂ" ਸਿਮਰਨ ਦਾ ਵਪਾਰ ਕਰੋ, ਵਾਹਿਗੁਰੂ ਗੁਰੂ ਨਾਨਕ ਦੀ ਕ੍ਰਿਪਾ ਨਾਲ ਮਨ ਦਾ ਟਿਕਾਉ ਹੋਣਾ ਹੈ। ਘਰ ਦੇ ਨਿਜੀ ਘਰ ਸਚਖੰਡਿ ਵਿਚ ਟਿਕਾਣਾ ਪਾਵਹੁ, ਸੁਖੀ ਰਹਿ ਕੇ, ਆਤਮਿਕ ਅਡੋਲਤਾ ਵਿਚ ਟਿਕ ਕੇ, ਸੁਰਤੀ ਲਾ ਕੇ, ਸੁਭਾਅ ਬਦਲ ਕੇ ਫਿਰ ਦੁਬਾਰਾ ਜਨਮ ਨਹੀਂ ਮਿਲੇਗਾ। (ਹੈ ਤੇਰੇ ਗੁਰੂ ਜਾਂ ਕਿਸੇ ਗੁਰੂ ਵਿਚ ਇਹ ਸ਼ਕਤੀ, ਕੋਈ ਇਕ ਹੀ ਦਿਖਾ ਦੇਹ)।

**ਗੁਰੁ ਨਾਰਾਇਣੁ ਦਯੁ ਗੁਰੁ, ਗੁਰੁ ਸਚਾ ਸਿਰਜਣਹਾਰੁ ॥**
**ਗੁਰਿ ਤੁਠੈ ਸਭ ਕਿਛੁ ਪਾਇਆ ਜਨ ਨਾਨਕ ਸਦ ਬਲਿਹਾਰ ॥੪॥**
**੨॥੧੭੦॥**

*(ਪੰਨਾ ੨੧੮)*

ਗੁਰੂ ਨਾਨਕ ਹੀ ਨਾਰਾਇਣ ਹੈ, ਗੁਰੂ ਨਾਨਕ ਹੀ ਦਇਆ ਦਾ ਘਰ ਰੱਬ ਹੈ, ਗੁਰੂ ਹੀ ਸਦੀਵੀ forever ਸਾਰੀ ਸ੍ਰਿਸ਼ਟੀ ਦਾ ਕਰਤਾ ਹੈ, ਸਿਰਜਨਹਾਰ ਹੈ। (ਤੇਰਾ ਗੁਰੂ ਹੈ ਗੱਲ ਤਾਂ ਕਰ, ਉਹ ਕਰਤਾ ਹੈ ਕਿ ਗੰਦਗੀ ਦਾ ਬੈਗ, ਸ੍ਰਿਸ਼ਟੀ ਨੂੰ ਗੁਮਰਾਹ ਕਰ ਰਿਹੈ) ਗੁਰੂ ਨਾਨਕ ਦੇ ਖ਼ੁਸ਼ ਹੋਇਆਂ ਸਭ ਕੁਛ ਮਿਲ ਜਾਂਦਾ ਹੈ, ਮੈਂ ਉਸ ਤੋਂ ਵਾਰਨੇ ਜਾਂਦਾ ਹਾਂ, ਸਦਕੇ ਜਾਂਦਾ ਹਾਂ।

**ਮਿਲਿ ਸਾਧੂ ਸੰਗਿ ਉਧਾਰੁ ਹੋਇ ਮੁਖ ਊਜਲ ਦਰਬਾਰਿ ॥੩॥**

(ਪੰਨਾ ੨੧੮)

ਗੁਰੂ ਨਾਨਕ ਨੂੰ ਮਿਲ ਕੇ ਉੱਧਾਰ ਹੋ ਜਾਂਦਾ ਹੈ ਤੇ ਸਚਖੰਡਿ ਵਿਚ ਪਵਿੱਤਰ ਮੂੰਹ ਨਾਲ ਪਹੁੰਚੀਦਾ ਹੈ।

**ਗੁਰ ਪਰਸਾਦਿ ਪਰਮ ਪਦੁ ਪਾਏ ॥੬॥** (ਪੰਨਾ ੨੨੩)

ਗੁਰੂ ਨਾਨਕ ਦੀ ਕ੍ਰਿਪਾ ਨਾਲ ਤਿੰਨ-ਗੁਣੀ ਸਰੀਰ ਦਾ ਮੋਹ ਤਿਆਗ ਕੇ, ਦਸਮ ਦੁਆਰ ਸਚਖੰਡਿ ਪਹੁੰਚਣਾ ਹੈ।

**ਜੋ ਉਪਜੈ ਸੋ ਕਾਲਿ ਸੰਘਾਰਿਆ ॥**
**ਹਮ ਹਰਿ ਰਾਖੇ ਗੁਰ ਸਬਦੁ ਬੀਚਾਰਿਆ ॥੧॥ਰਹਾਉ॥**

(ਪੰਨਾ ੨੨੭)

ਜੋ ਜੰਮਿਆ ਉਸ ਨੂੰ ਮੌਤ ਨੇ, ਜਮਦੂਤ ਨੇ ਕਾਲ ਨੇ ਖਾ ਜਾਣਾ ਹੈ, ਕੋਈ ਬਚ ਨਹੀਂ ਸਕਦਾ (ਤੇਰਾ ਗੁਰੂ ਕਿਵੇਂ ਬਚ ਗਿਆ ? ਤੇਰਾ ਦਿਮਾਗ਼ ਨਹੀਂ ਹੈ, ਤੂੰ ਸੋਚ) ਅਸੀਂ ਬਚ ਗਏ, ਵਾਹਿਗੁਰੂ ਨੇ ਰੱਖ ਲਿਆ, ਗੁਰੂ ਨਾਨਕ ਦੀ ਬਾਣੀ, ਸ਼ਬਦ ਦੀ ਵਿਚਾਰ ਕਰਕੇ। ਤੇਰਾ ਗੁਰੂ ਤਾਂ ਬਾਣੀ ਨੂੰ ਮੰਨਦਾ ਹੀ ਨਹੀਂ, ਆਪ ਗੁਰੂ ਬਣਿਆ ਬੈਠਾ ਹੈ, ਕਿਵੇਂ ਬਚ ਗਿਆ ?

**ਮਾਇਆ ਮੋਹੇ ਦੇਵੀ ਸਭਿ ਦੇਵਾ ॥**
**ਕਾਲੁ ਨ ਛੋਡੈ ਬਿਨੁ ਗੁਰ ਕੀ ਸੇਵਾ ॥** (ਪੰਨਾ ੨੨੭)

ਸ਼ਿਵਜੀ, ਵਿਸ਼ਨੂੰ, ਬ੍ਰਹਮਾ, ਇੰਦਰ, ਰਾਮ, ਕ੍ਰਿਸ਼ਨ, ਸ਼ੇਰਾਂ ਵਾਲੀ, ਵੈਸ਼ਨੂੰ ਦੇਵੀ, ਨੈਨਾ ਦੇਵੀ, ਦੁਰਗਾ, ਭਵਾਨੀ, ਮਹਾਂ ਕਾਲੀ, ਇਹ ਸਾਰੇ ਮਾਇਆ ਵਿਚ ਮੋਹੇ ਪਏ ਹਨ। ਸਰੀਰ ਦੇ ਮੋਹ ਤੋਂ ਉੱਤੇ ਨਹੀਂ ਉਠੇ, ਪਰਮ ਪਦ ਨਹੀਂ ਪਾਇਆ, ਚਉਥੇ ਪਦ ਨਹੀਂ ਪਹੁੰਚੇ, ਦਸਮ ਦੁਆਰ ਵਿਚੋਂ ਬਾਹਿਰ ਨਹੀਂ ਨਿਕਲੇ, ਰੱਬ ਨੂੰ ਨਹੀਂ ਜਾਣ ਸਕੇ, ਰਿਧੀਆਂ ਸਿਧੀਆਂ ਦੇ ਮਾਲਕ ਸਨ, ਇਸੇ ਕਰਕੇ ਆਪਣੇ ਆਪ ਨੂੰ ਰੱਬ ਕਹਾਇਆ, ਲੋਕੀਂ ਜੋ ਨਿਰੋਲ ਮਾਇਆਧਾਰੀ ਹਨ ਅੱਜ ਵੀ ਪੂਜਦੇ ਹਨ। ਜੋ ਅੱਜ ਵੀ ਪੂਜਦੇ ਹਨ ਉਹਨਾਂ ਨੂੰ ਪੁੱਛੋ ਮੁਕਤੀ ਮਿਲ ਗਈ ? ਅੰਮ੍ਰਿਤ ਰਸ ਆਇਆ ? ਪ੍ਰਕਾਸ਼ ਹੋਇਆ ? ਸਚਖੰਡਿ ਪਹੁੰਚੇ ? ਸਾਰੇ ਮਾਇਆ ਤਕ ਸੀਮਤ ਹਨ। ਇਹ ਸਾਰੇ ਦੇਵੀ ਦੇਵਤੇ ਅੱਜ ਵੀ ਗੁਰੂ ਨਾਨਕ ਦੀ ਸੰਗਤਿ ਵਿਚ ਬੈਠ ਕੇ ਚਰਨ ਧੂੜ ਲੈਂਦੇ ਹਨ ਤੇ ਰੋ ਰੋ ਕੇ ਅਰਦਾਸਾਂ ਕਰਦੇ ਹਨ ਪਾਤਿਸ਼ਾਹ! ਹੇ ਜਗਤ ਦੇ ਕਰਤਾ! ਸਾਨੂੰ ਵੀ ਅੰਮ੍ਰਿਤ ਦੀ ਦਾਤ ਦੇ ਦੇਹ। ਆਪਣੇ ਘਰ ਜਨਮ ਬਖ਼ਸ਼, ਆਪਣਾ ਸਪੁੱਤਰ ਬਣਾ ਲੈ, ਸਿੱਖੀ ਬਖ਼ਸ਼, ਅਸੀਂ ਭਟਕ ਗਏ ਪਾਤਿਸ਼ਾਹ! ਬਖ਼ਸ਼ ਲੈ, ਬਖ਼ਸ਼ ਲੈ, ਮੱਥਾ ਟੇਕਦੇ ਹਨ, ਨੱਕ ਰਗੜਦੇ

ਹਨ, ਇਕ ਵਾਰੀ ਵਾਹਿਗੁਰੂ ਨਾਮ ਦੀ ਦਾਤ ਗੁਰੂ ਪਾਤਿਸ਼ਾਹ, ਦਸਵੇਂ ਪਾਤਿਸ਼ਾਹ, ਗੁਰੂ ਨਾਨਕ ਪਾਤਿਸ਼ਾਹ ਦੇ ਹੱਥੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਮਿਲ ਜਾਏ, ਵਾਹਿਗੁਰੂ ਮਿਹਰ ਕਰ, ਮਿਹਰ ਕਰਕੇ ਬਖ਼ਸ਼ ਲੈ (ਮੇਰੇ ਤੇ ਯਕੀਨ ਨਹੀਂ ਕਰਨਾ, ਆਪ ਦੇਖੋ, ਆਪ ਪੁੱਛੋ, ਜੋ ਇਹਨਾਂ ਨੂੰ ਪੂਜਦੇ ਹਨ, ਪੁੱਛੋ ਇਹ ਸਿਖੜਾ ਰੁਲਦੂ ਰਾਮ ਠੀਕ ਕਹਿ ਰਿਹਾ ਹੈ, ਜੇ ਨਾ ਸਮਝ ਆਏ ਤਾਂ ਮੇਰੇ ਕੋਲ ਆਉਣਾ, ਜੇ ਸਾਰਿਆਂ ਨੇ ਕਹਿ ਦਿੱਤਾ ਜੋ ਲਿਖਿਆ ਹੈ ਠੀਕ ਹੈ ਤਾਂ ਅੰਮ੍ਰਿਤ ਛਕ ਲਈਂ, ਮੈਨੂੰ ਪੁੱਛਣ ਨ ਆਈਂ, ਇਸੇ ਤਰ੍ਹਾਂ ਤੇਰੇ ਦੇਹਧਾਰੀ ਗੁਰੂ ਹਨ, ਦੇਵੀ ਦੇਵਤਿਆਂ ਤੋਂ ਨੀਵੇਂ ਹਨ, ਕਮ-ਸੇ-ਕਮ ਸਰਕਾਰ ਤਾਂ ਉਹਨਾਂ ਨੂੰ ਪੂਜਦੀ ਹੈ ਤੇ ਤੂੰ ਸਰਕਾਰ ਦਾ ਚਿਮਚਾ ਹੈਂ, ਉਸਦੀ ਰਹਿਮਤ ਤੇ ਹੈਂ) ਦੇਖੋ! ਮੌਤ ਨਹੀਂ ਛਡਦੀ, ਗੁਰੂ ਨਾਨਕ ਨੂੰ ਸਿਮਰਨ ਤੋਂ ਬਗ਼ੈਰ—ਦੇਹਧਾਰੀ ਤੂੰ ਕਿਵੇਂ ਬਚ ਜਾਏਂਗਾ?

**ਸਿਵ ਪੁਰੀ, ਬ੍ਰਹਮ, ਇੰਦ੍ਰ ਪੁਰੀ ਨਿਹਚਲੁ ਕੋ ਥਾਉ ਨਾਹਿ॥**
**ਬਿਨੁ ਹਰਿ ਸੇਵਾ ਸੁਖੁ ਨਹੀ ਹੋ ਸਾਕਤ ਆਵਹਿ ਜਾਹਿ॥੩॥**

*(ਪੰਨਾ ੨੧੪)*

ਸ਼ਿਵਪੁਰੀ, ਬ੍ਰਹਮਪੁਰੀ, ਇੰਦ੍ਰਪੁਰੀ, ਸਦੀਵੀ ਜਗ੍ਹਾ ਨਹੀਂ ਹਨ, ਪੱਕਾ ਟਿਕਾਣਾ ਨਹੀਂ ਹੈ, ਵਾਹਿਗੁਰੂ ਸਿਮਰਨ ਤੋਂ ਬਿਨਾ ਤੇਰੀ ਆਤਮਾ, ਤੇਰਾ ਸੂਖਸ਼ਮ ਸਰੀਰ ਜੋ ਰੱਬ ਹੀ ਹੈ, ਗੁਰੂ ਨਾਨਕ ਹੀ ਹੈ, ਸੁਖੀ ਨਹੀਂ ਹੈ, ਸਾਕਤ, ਬੇਅੰਮ੍ਰਿਤੀਆ ਆਉਣ ਜਾਣ ਦੇ ਚੱਕਰ ਵਿਚ ਪਿਆ ਰਹਿੰਦਾ ਹੈ। ਓਏ! ਗੁਰੂ ਨਾਨਕ ਦਾ ਮੁਕਾਬਲਾ ਸਾਰੀ ਸ੍ਰਿਸ਼ਟੀ ਵਿਚ ਕੋਈ ਨਹੀਂ ਕਰ ਸਕਦਾ, ਐਵੇਂ ਭੁੱਲਾ ਫਿਰਦੈਂ।

**ਸਾਚ ਮਹਲਿ ਗੁਰਿ ਅਲਖੁ ਲਖਾਇਆ॥**
**ਨਿਹਚਲ ਮਹਲੁ ਨਹੀ ਛਾਇਆ ਮਾਇਆ॥** *(ਪੰਨਾ ੨੨੭)*

ਸੱਚਾ ਸਚਖੰਡਿ, ਮਹਲ, ਗੁਰੂ ਨਾਨਕ ਨੇ, ਜੋ ਜਾਣਿਆ ਨਹੀਂ ਜਾ ਸਕਦਾ, ਦਿਖਾ ਦਿੱਤਾ। ਉਸੇ ਸੱਚੇ ਸਦੀਵੀ ਸਚਖੰਡਿ ਵਿਚ ਮਾਇਆ ਦਾ ਪਰਭਾਵ ਬੰਦੇ ਤੇ ਨਹੀਂ ਪੈ ਸਕਦਾ, ਹੁਣ ਮਾਇਆ ਛੱਲ ਨਹੀਂ ਸਕਦੀ।

**ਬਿਨੁ ਗੁਰ ਸਬਦ ਨ ਛੂਟੀਐ ਦੇਖਹੁ ਵੀਚਾਰਾ॥**
**ਜੇ ਲਖ ਕਰਮ ਕਮਾਵਹੀ ਬਿਨੁ ਗੁਰ ਅੰਧਿਆਰਾ॥੧॥ਰਹਾਉ॥**

*(ਪੰਨਾ ੨੨੯)*

ਗੁਰੂ ਨਾਨਕ ਦੇ ਅੰਮ੍ਰਿਤ ਛਕਣ ਲੱਗਿਆਂ ਦਿੱਤੇ 'ਵਾਹਿਗੁਰੂ' ਨਾਮ ਤੋਂ ਬਗ਼ੈਰ ਵਾਹਿਗੁਰੂ ਜਪਣ ਤੋਂ ਬਗ਼ੈਰ, ਸਿਮਰਨ ਵਿਚ ਸੁਰਤੀ ਲਾਉਣ ਤੋਂ ਬਗ਼ੈਰ ਧਰਮਰਾਜ ਦੇ ਜਮਦੂਤਾਂ ਤੋਂ ਛੁਟਕਾਰਾ ਨਹੀਂ ਮਿਲਣਾ, ਤੂੰ ਵਿਚਾਰ ਕਰ ਕੇ

ਦੇਖ ਲੈ, ਲੰਬੀ ਸੋਚ ਸੋਚ। ਜੇ ਲੱਖਾਂ ਕਰਮ ਕਰਦੇ ਰਹੀਏ ਤਾਂ ਵੀ ਗੁਰੂ ਨਾਨਕ ਤੋਂ ਬਗੈਰ ਹਨੇਰਾ ਹੀ ਹਨੇਰਾ ਹੈ।

**ਬ੍ਰਹਮਾ ਮੂਲੁ ਵੇਦ ਅਭਿਆਸਾ॥**
**ਤਿਸ ਤੇ ਉਪਜੇ ਦੇਵ ਮੋਹ ਪਿਆਸਾ॥**
**ਤ੍ਰੈ ਗੁਣ ਭਰਮੇ ਨਾਹੀ ਨਿਜ ਘਰਿ ਵਾਸਾ॥੧॥** *(ਪੰਨਾ ੨੩੦)*

ਬ੍ਰਹਮਾ ਵੇਦ ਅਭਿਆਸ ਦਾ ਮੂਲ ਮੰਨਿਆ ਜਾਂਦਾ ਹੈ। ਉਸ ਤੋਂ ਦੇਵਤੇ ਪੈਦਾ ਹੋਏ ਹਨ, ਉਹ ਦੇਵਤੇ ਮਾਇਆ ਦੇ ਮੋਹ, ਮਾਇਆ ਦੀ ਤ੍ਰਿਸ਼ਨਾ ਵਿਚ ਫਸੇ ਹੋਏ ਹਨ, ਉਹ ਦੇਵਤੇ ਮਾਇਆ ਦੇ ਤਿੰਨਾਂ ਗੁਣਾਂ ਵਿਚ ਹੀ ਭਟਕਦੇ ਰਹੇ, ਉਹਨਾਂ ਨੂੰ ਪ੍ਰਭੂ ਚਰਨਾਂ ਵਿਚ ਸਚਖੰਡਿ ਟਿਕਾਣਾ ਨਾ ਮਿਲਿਆ। ਅੱਗੇ ਪੜ੍ਹੋ, ਬ੍ਰਹਮਾ ਦੀ ਰਚੀ ਬਾਣੀ ਮਾਇਆ ਦੇ ਤਿੰਨਾਂ ਗੁਣਾਂ ਵਿਚ ਰੱਖਦੀ ਹੈ, ਮਾਇਆ ਦੇ ਜੰਜਾਲ ਵਿਚ ਹੀ ਰੱਖਦੀ ਹੈ। ਉਹਨਾਂ ਦੇ ਸਿਰ ਤੇ ਜਮ ਖੜਾ ਗੁਮਰਾਹ ਕਰਦਾ ਹੀ ਰਹਿੰਦਾ ਹੈ। ਉਹ ਅਸਲੀਅਤ ਨੂੰ ਨਹੀਂ ਪਛਾਣਦੇ, ਉਹ ਪਰਾਲੀ ਦੀਆਂ ਪੰਡਾਂ ਹੀ ਸਿਰ ਤੇ ਬੰਨ੍ਹ ਕੇ ਧਰਮਰਾਜ ਕੋਲ ਪਹੁੰਚਦੇ ਹਨ। ਕੋਈ ਬਚ ਨਹੀਂ ਪਾਇਆ। ਬ੍ਰਹਮਾ ਨਹੀਂ ਬਚ ਸਕਿਆ, ਤੇਰਾ ਦੇਹਧਾਰੀ ਗੁਰੂ ਕਿਵੇਂ ਬਚ ਜਾਏਗਾ ? ਸਮਗਲਰ ਸਾਰੇ ਸੰਤ ਕਿਵੇਂ ਬਚ ਜਾਣਗੇ, ਸੰਤ ੯੯.੯੯ ਸਰਕਾਰੀਏ ਹਨ, ੯੯.੯ ਭੂਕੀ ਵੇਚਦੇ ਹਨ। ਬਣ ਗਏ ਸੰਤ, ਕਮਾਈ ਬਹੁਤ ਹੈ, ਅਗਲੀ ਦੁਨੀਆਂ ਨਾਲ ਵਾਹ ਨਹੀਂ ਪਿਆ, ਸਮਝ ਹੈ ਨਹੀਂ, ਧਰਮਰਾਜ ਹੀ ਸਮਝਾਏਗਾ।

**ਸਤਿਗੁਰ ਤੇ ਕਵਨੁ ਕਵਨੁ ਨ ਸੀਧੋ ਮੇਰੇ ਭਾਈ॥**
**ਭਗਤੀ ਸੀਧੇ ਦਰਿ ਸੋਭਾ ਪਾਈ॥੮॥੫॥** *(ਪੰਨਾ ੨੩੧)*

ਹੇ ਮੇਰੇ ਭਾਈ! ਗੁਰੂ ਨਾਨਕ ਦੀ ਸਰਨ ਪਿਆਂ, ਅੰਮ੍ਰਿਤ ਛਕਿਆਂ ਕੇਹੜਾ ਕੇਹੜਾ ਮਨੁੱਖ ਸਚਖੰਡਿ ਨਹੀਂ ਪਹੁੰਚਿਆ। ਵਾਹਿਗੁਰੂ ਸਿਮਰਨ ਕਰਨ ਨਾਲ ਸਾਰਿਆਂ ਨੂੰ ਸਚਖੰਡਿ ਸੋਭਾ ਮਿਲੀ ਹੈ। ਹੋਰ ਕੀ ਚਾਹੀਦਾ ਹੈ—ਤੈਨੂੰ ਵੀ ਸੋਭਾ ਮਿਲੇਗੀ, ਤੇਰਾ ਦੇਹਧਾਰੀ ਗੁਰੂ ਜਿਥੇ ਆਪ ਹੈ, ਉੱਥੇ ਹੀ ਤੈਨੂੰ ਪੁਚਾਏਗਾ, ਇਹ ਸਾਰੇ ਦੇਹਧਾਰੀ ਧਰਮਰਾਜ ਦੀ ਕਚਹਿਰੀ ਸਿਰ ਪੈਰ ਨਾਲ ਬੰਨ੍ਹਿਆ ਲੁੱਕ ਕੇ ਡਰੱਮ ਵਿਚ ਘੁਮਾਟਣੀਆਂ ਖਾ ਰਹੇ ਹਨ। ਤੈਨੂੰ ਵੀ ਘੁਮਾਟਣੀਆਂ ਖੁਆਏਗਾ, ਨਾਲ ਦਾ ਡਰੱਮ ਖ਼ਾਲੀ ਪਿਆ ਹੈ ਤੇਰੇ ਵਾਸਤੇ ਜਾਂ ਸੁਰਤੀ ਲਾ ਕੇ ਮੈਨੂੰ ਦੱਸ, ਮੇਰੀ ਗੱਲ ਗ਼ਲਤ ਹੈ ਜੇ ਠੀਕ ਹੈ ਤਾਂ ਸਿੱਧੇ ਰਸਤੇ ਆ ਜਾਹ।

**ਮੁਕਤਿ ਦਾਤਾ ਸਤਿਗੁਰੁ ਜੁਗ ਮਾਹਿ॥੧॥** *(ਪੰਨਾ ੨੩੧)*

ਇਸ ਜਗਤ ਵਿਚ ਗੁਰੂ ਨਾਨਕ ਦਾਤਾ ਹੀ ਹੈ ਜੋ ਮੁਕਤੀ ਦੇ ਸਕਦਾ ਹੈ, ਹੋਰ ਕੋਈ ਨਹੀਂ।

ਅੰਧੇ ਗੁਰੂ ਤੇ ਭਰਮੁ ਨ ਜਾਈ॥
ਮੂਲ ਛੋਡਿ ਲਾਗੇ ਦੂਜੈ ਭਾਈ॥
ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ॥੩॥ *(ਪੰਨਾ ੨੩੨)*

ਅੰਨ੍ਹਾ ਗੁਰੂ—ਦੇਹਧਾਰੀ, ਕੋਈ ਵੀ ਜੋ ਪੰਜ ਭੂਤਕ ਹੈ, ਜੋ ਜੰਮਿਆ ਹੈ ਤੇ ਮਰ ਜਾਏਗਾ, ਬਾਬਾ ਤਾਂ ਸਚਖੰਡਿ ਤੋਂ ਆਇਆ ਸੀ, ਸਚੇ ਗੁਰੂ, ਗੁਰੂਆਂ ਦੇ ਗੁਰੂ, ਰੱਬਾਂ ਦੇ ਰੱਬ ਨੂੰ ਪ੍ਰਗਟ ਕਰਕੇ ਵਾਪਿਸ ਸਚਖੰਡਿ ਚਲਾ ਗਿਆ। ਜਿਥੇ ਉਸ ਦਾ ਸਦੀਵੀ ਰਾਜ ਸੀ ਤੇ ਹਮੇਸ਼ਾ ਰਹਿਣਾ ਹੈ, ਉਸ ਦਾ ਸਰੀਰ ਮਿਲਿਆ ? ਤੁਸੀਂ ਸਸਕਾਰ ਕੀਤਾ ? ਤੁਹਾਡਾ ਅੰਨ੍ਹਾ ਗੁਰੂ—ਰਾਧਾ ਸੁਆਮੀ, ਨਿਰੰਕਾਰੀ, ਸਰਸੇ ਵਾਲੇ, ਸਤਿਨਾਮੀਏ, ਸਤਿਕਰਤਾਰੀਏ, ਕੂਕੇ ਨਾਮ-ਧਾਰੀਏ, ਕਸ਼ਮੀਰਾ ਸਿੰਘ, ਸਾਈਂ ਬਾਬਾ-ਸੁਆਹ ਦੀ ਪੁੜੀ, ਈਸ਼ਰ ਦਾਸ-ਸੁਆਸ ਦੀ ਪੁੜੀ ਗੋਪਾਲ ਨਗਰ, ਜਲੰਧਰ ਵਾਲੇ, ਰਜਨੀਸ਼, ਇਹ ਵਿਚਾਰੇ ਕੀ ਜਾਣਨ ਸਚਖੰਡਿ ਕੀ ਹੁੰਦਾ ਹੈ। ਸੁਆਹ ਦੀ ਪੁੜੀ ਦੇ ਸਕਦੇ ਹਨ, ਸ੍ਰੀ ਚੰਦ ਦੀ, ਜੋ ਆਪ ਹੀ ਨਰਕਾਂ ਵਿਚ ਹੈ, ਕੀ ਜਾਣੇ ਸਚਖੰਡਿ ਬਾਰੇ ? ਬਿਭੂਤੀ ਬੰਗਲੌਰ ਵਾਲੇ, ਕੀ ਜਾਣਨ ਸਚਖੰਡਿ ਬਾਰੇ ? ਕੋਈ ਦੁਨਿਆਵੀ ਗੱਲ ਕਰੋ, ਕੋਈ ਕੰਮ ਕਾਰ ਦੀ, ਕੋਈ ਕਚਹਿਰੀ ਦੇ ਮੁਕੱਦਮੇ ਦੀ, ਕੋਈ ਬੱਚੇ ਠੀਕ ਹੋਣ ਦੀ, ਕੋਈ ਪੜ੍ਹਾਈ ਦੀ, ਦੁਕਾਨਦਾਰੀ ਦੀ, ਕੋਈ ਮਾਇਆ ਦੀ, ਧੀ-ਪੁੱਤ ਦੀ ਕੋਈ ਬਿਮਾਰੀ, ਚਿੰਤਾ ਦੀ, ਵਿਚਾਰੇ ਕੀ ਜਾਣਨ ਆਤਮਾ ਦੀ ਖੇਡ ਨੂੰ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ, ਕੋਲ ਬੈਠਾ ਵਾਹਿਗੁਰੂ—ਵਾਹਿਗੁਰੂ ਦਾ ਵਾਹਿਗੁਰੂ ਅੰਨ੍ਹਾ ਗੁਰੂ ਕੀ ਦੇਖਦਾ ਜਾਂ ਦਿੱਸਦਾ ਹੀ ਨਹੀਂ, ਦਿਖਦੇ ਵਾਹਿਗੁਰੂ ਨੂੰ ਤਾਂ ਪਛਾਣਦਾ ਨਹੀਂ, ਅਦ੍ਰਿਸ਼ਟ ਤੇ ਅਲੱਖ, ਨਿਰੰਕਾਰ ਤੇ ਨਿਰੰਜਨ ਨੂੰ ਕੀ ਪਛਾਣੇਗਾ। ਇਸ ਲਈ ਅੰਨ੍ਹਾ, ਦੇਹਧਾਰੀ ਸਾਰੇ ਅੰਨ੍ਹੇ, ਮੂਰਖਾਂ ਨੂੰ ਪਤਾ ਹੀ ਨਹੀਂ, ਜਿਹੜਾ ਅੰਮ੍ਰਿਤ ਨਹੀਂ ਛਕਦਾ, ਉਹ ਧਰਮਰਾਜ ਕੋਲ ਜਾਂਦਾ ਹੈ। ਅੰਮ੍ਰਿਤ ਤੋਂ ਬਗ਼ੈਰ ਇਨਸਾਨੀਅਤ ਹੀ ਨਹੀਂ ਆਉਂਦੀ, ਇਨਸਾਨੀਅਤ ਲਿਆਉਣ ਲਈ ਰੋਮਾਂ ਦੀ ਬੇਅਦਬੀ ਰੋਕਣੀ ਪੈਂਦੀ ਹੈ। ਹਰ ਤਰ੍ਹਾਂ ਦਾ ਨਸ਼ਾ ਛਡਣਾ ਪੈਂਦਾ ਹੈ। ਕਾਮ ਤੋਂ ਬਚਣਾ ਪੈਂਦਾ ਹੈ, ਔਰਤ ਨੂੰ ਮਾਂ ਭੈਣ, ਧੀ ਦੇਖਣਾ ਪੈਂਦਾ ਹੈ। ਹੁਣ ਇਨਸਾਨੀਅਤ ਪੈਦਾ ਹੋਣੀ ਸ਼ੁਰੂ ਹੋਏਗੀ। ਆਤਮ ਦੇ ਜਾਗਣ ਤੋਂ ਬਗ਼ੈਰ ਇਨਸਾਨੀਅਤ ਨਹੀਂ ਆਉਣੀ। ਸਰੀਰ ਬਹੁਤ ਗੰਦਾ ਹੈ, ਇਨਸਾਨੀਅਤ ਦਾ ਦੁਸ਼ਮਨ, ਇਨਸਾਨੀਅਤ ਦਾ ਕਾਤਲ ਤੂੰ ਬਚ ਨਹੀਂ ਪਾਏਂਗਾ। ਇਹ ਦੇਹਧਾਰੀ, ਸਰੀਰ ਹੀ ਤਾਂ ਹੈ, ਇਹ ਤਾਂ ਇਨਸਾਨੀਅਤ ਦਾ ਕਾਤਲ ਹੈ, ਅੰਨ੍ਹਾ ਤੈਨੂੰ ਕੀ ਦਿਖਾਏਗਾ ? ਗੱਲ ਤਾਂ ਇਨਸਾਨੀਅਤ ਦੀ ਕਰੇਗਾ, ਪਰ ਅੰਨ੍ਹਾ ਹੋਣ ਕਰਕੇ ਪ੍ਰਾਪਤ ਨਹੀਂ ਹੋਏਗੀ, ਇਸ ਅੰਨ੍ਹੇ ਗੁਰੂ ਤੇ ਮਾਇਆ ਦੀ ਪਾਈ ਭਟਕਣਾ ਕਿਵੇਂ

ਖ਼ਤਮ ਹੋਏਗੀ ? ਰੱਬ ਨੂੰ, ਤੱਤ ਨੂੰ, ਜੋਤ ਨੂੰ ਪ੍ਰਕਾਸ਼ ਨੂੰ ਤਾਂ ਛੱਡੀ ਬੈਠਾਂ ਹੈਂ, ਸਰੀਰ ਦੇ ਮੋਹ ਵਿਚ ਮਾਇਆ ਦੇ ਮੋਹ ਵਿਚ ਬੈਠਾਂ ਹੈ, ਮਾਇਆ ਜ਼ਹਿਰ ਦਾ ਖਾਧਾ ਹੋਇਆ, ਜ਼ਹਿਰ ਵਿਚ ਹੀ ਸਮਾਇਆ ਹੋਇਆ ਹੈ, ਕੀ ਜਾਣੇ ਰੱਬ ਬਾਰੇ ?

**ਸਤਿਗੁਰ ਤੇ ਜੋ ਮੁਹ ਫੇਰੇ ਤੇ ਵੇਮੁਖ ਬੁਰੇ ਦਿਸੰਨਿ ॥**
**ਅਨਦਿਨੁ ਬਧੇ ਮਾਰੀਅਨਿ ਫਿਰਿ ਵੇਲਾ ਨਾ ਲਹੰਨਿ ॥੧॥**

*(ਪੰਨਾ ੨੩੩)*

ਜਿਸ ਨੇ ਗੁਰੂ ਨਾਨਕ ਤੋਂ ਮੂੰਹ ਫੇਰ ਲਿਆ, ਜਿਵੇਂ ਤੇਰੇ ਦੇਹਧਾਰੀ ਗੁਰੂ ਨੇ ਮੂੰਹ ਫੇਰਿਆ ਹੋਇਆ ਹੈ, ਜਿਹੜੇ ਅੰਮ੍ਰਿਤ ਨਹੀਂ ਛਕਦੇ, ਕੁਰਹਿਤ ਨਹੀਂ ਛਡਦੇ, ਰਹਿਤ ਵਿਚ ਨਹੀਂ ਰਹਿੰਦੇ, ਉਹ ਮਨਮੁਖ, ਬੇਮੁਖ, ਬੇਅੰਮ੍ਰਿਤੀਏ ਬੜੇ ਭੈੜੇ ਨਜ਼ਰ ਆ ਰਹੇ ਹਨ, ਅੱਜ ਵੀ ਭੈੜੇ ਨਜ਼ਰ ਆ ਰਹੇ ਹਨ, ਵਿਚਾਰੇ ਸਿਰ ਪੈਰਾਂ ਨਾਲ ਬੰਨ੍ਹੇ ਹੋਏ ਲੁੱਕ ਦੇ ਡਰੱਮ ਵਿਚ ਘੁੰਮ ਰਹੇ ਹਨ—ਕੀ ਚੰਗੇ ਹਨ ? ਹਰ ਵੇਲੇ ਬੰਨ੍ਹੇ ਮਾਰੇ ਜਾਂਦੇ ਹਨ ਤੇ ਹੁਣ ਦੁਬਾਰਾ ਨਾਮ ਜਪਣ ਲਈ ਮਨੁੱਖਾ ਜਨਮ ਨਹੀਂ ਮਿਲਣਾ, ਇਥੇ ਗੁਰੂ ਦੀ ਨਿੰਦਾ ਕਰਕੇ ਜਨਮ ਗੁਆ ਲਿਆ, ਰੱਬਾਂ ਦੇ ਰੱਬ, ਸਤਿਗੁਰੂਆਂ ਦੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕਿਤਾਬ ਕਹਿ ਕੇ ਗੁਆ ਲਿਆ, ਅੰਮ੍ਰਿਤ ਛਕਿਆ ਨਾਹ, ਰਹਿਤ ਰੱਖੀ ਨਾਹ, ਵਾਹਿਗੁਰੂ ਸਿਮਰਨ ਕੀਤਾ ਨਾਹ, ਜੋ ਸਚਖੰਡਿ ਹੋ ਰਿਹਾ ਸੀ, ਟੁੱਟ ਗਿਆ ਰੱਬ ਨਾਲੋਂ, ਮਨੁੱਖਾ ਜਨਮ ਅਜਾਈਂ ਗਿਆ, ਅੱਗੇ ਗਿਆ ਪਛਤਾਉਂਦਾ ਹੈ, ਅਸਲੀ ਜੀਵਨ ਤਾਂ ਮੇਰਾ ਅਰਬਾਂ ਸਾਲ ਦਾ ਸੀ ਕਿਉਂਕਿ ਮੈਂ ਆਤਮਾ ਸੀ, ਰੱਬ ਸੀ, ਪਰ ਸਰੀਰ ਵਿਚ ਜਾ ਕੇ ੨੦-੩੦ ਸਾਲ ਲਈ ਨਿੰਦਾ ਕਰਕੇ ਆਪਣਾ ਜੀਵਨ ਬਰਬਾਦ ਕਰ ਲਿਆ, ਪਰ ਹੁਣ ਕੁਛ ਨਹੀਂ ਹੋ ਸਕਦਾ, ਮਾਰਿਆ ਗਿਆ।

**ਸਤਿਗੁਰ ਤੇ ਜੋ ਮੁਹੁ ਫੇਰੇ ਓਇ ਭ੍ਰਮਦੇ ਨ ਟਿਕੰਨਿ ॥**
**ਧਰਤਿ ਅਸਮਾਨੁ ਨ ਝਲਈ ਵਿਚਿ ਵਿਸਟਾ ਪਏ ਪਚੰਨਿ ॥੫॥**

*(ਪੰਨਾ ੨੩੩)*

ਜਿਹਨਾਂ ਨੇ ਗੁਰੂ ਨਾਨਕ ਵਲੋਂ ਮੂੰਹ ਫੇਰ ਲਿਆ ਹੈ, ਅੰਮ੍ਰਿਤ ਨਹੀਂ ਛਕਿਆ, ਇਨਸਾਨੀਅਤ ਧਾਰਨ ਨਹੀਂ ਕੀਤੀ, ਕੁਰਹਿਤ ਨਹੀਂ ਛੱਡੀ, ਉਹਨਾਂ ਨੂੰ ਭਟਕਦਿਆਂ ਨੂੰ ਕੋਈ ਟਿਕਾਓ ਲਈ ਜਗ੍ਹਾ ਨਹੀਂ ਮਿਲਦੀ। ਸਚਖੰਡਿ ਬਹਿਣ ਨਹੀਂ ਮਿਲਦਾ। ਧਰਤੀ ਤੇ ਆਕਾਸ਼ ਗੁਰੂ ਨਾਨਕ ਨੇ ਬਣਾਇਆ "ਗੁਰ ਕਰਤਾ" ਉੱਥੇ ਉਹ ਮਨਮੁਖਾਂ ਨੂੰ, ਬੇਅੰਮ੍ਰਿਤੀਆਂ ਨੂੰ ਜਗ੍ਹਾ ਨਹੀਂ ਮਿਲਦੀ—ਜਗ੍ਹਾ ਮਿਲਦੀ ਹੈ, ਵਿਸਟਾ ਵਿਚ, ਗੂਹ ਵਿਚ ਕਾਕਰੌਚ ਬਣ ਕੇ ਸੜਦੇ ਰਹਿੰਦੇ ਹਨ। ਤੇਰਾ ਗੁਰੂ ਵੀ ਉੱਥੇ, ਤੂੰ ਵੀ ਉੱਥੇ, ਚੇਲਾ ਗੁਰੂ ਇਕੱਠੇ ਰਹਿਣਗੇ।

**ਉਪਾਇ ਕਿਤੈ ਨ ਲਭਈ ਗੁਰੁ ਹਿਰਦੈ ਹਰਿ ਦੇਖਾਇ ॥੪॥**

*(ਪੰਨਾ ੨੩੪)*

ਅੰਮ੍ਰਿਤ ਛਕਣ ਤੋਂ ਬਗ਼ੈਰ, ਕਿਸੇ ਹੋਰ ਤਰੀਕੇ ਨਾਲ ਰੱਬ ਨਹੀਂ ਲਭਣਾ, ਗੁਰੂ ਨਾਨਕ ਨੇ ਹਿਰਦੇ ਵਿਚ ਹੀ ਰੱਬ ਹਰੀ ਦਿਖਾ ਦਿੱਤਾ ਹੈ।

**ਹਰਿ ਅੰਮ੍ਰਿਤ ਸਰੁ ਗੁਰਿ ਪੂਰਿਆ ਮਿਲਿ ਸੰਗਤੀ ਮਲੁ ਲਹਿ ਜਾਇ ॥੭॥**

*(ਪੰਨਾ ੨੩੪)*

ਵਾਹਿਗੁਰੂ ਹਰੀ ਦੇ ਅੰਮ੍ਰਿਤ ਦਾ ਸਰੋਵਰ ਹੈ, ਬਾਬਾ ਨਾਨਕ। ਸੰਗਤਿ ਵਿਚ ਮਿਲ ਕੇ ਵਾਹਿਗੁਰੂ ਨਾਮ ਜਪਣ ਨਾਲ ਮੈਲ ਜਾਂਦੀ ਲਹਿ ਜਾਂਦੀ ਹੈ।

**ਕਵਨੁ ਅਸਥਾਨੁ ਜੋ ਕਬਹੁ ਨ ਟਰੈ ॥**
**ਕਵਨੁ ਸਬਦੁ ਜਿਤੁ ਦੁਰਮਤਿ ਹਰੈ ॥੧॥ਰਹਾਉ॥** *(ਪੰਨਾ ੨੩੭)*

ਉਹ ਕਿਹੜੀ ਜਗ੍ਹਾ ਹੈ ਜਿਹੜੀ ਕਦੀ ਖ਼ਤਮ ਨਹੀਂ ਹੋਣੀ ? ਕਿਹੜੇ ਸ਼ਬਦ ਦਾ ਸਿਮਰਨ ਕਰਨਾ, ਜਿਹੜਾ ਭੈੜੀ ਮਤ ਵਿਕਾਰੀ ਮਤ ਖ਼ਤਮ ਕਰ ਦੇਵੇ। ਸਚਖੰਡਿ ਅਸਥਾਨੁ ਹੈ, ਵਾਹਿਗੁਰੂ ਸਿਮਰਨ ਹੈ ਜੋ ਭੈੜੀ ਮਤ ਦੂਰ ਕਰਦਾ ਹੈ।

**ਇੰਦ੍ਰ ਪੁਰੀ ਮਹਿ ਸਰਪਰ ਮਰਣਾ ॥**
**ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ ॥**
**ਸਿਵ ਪੁਰੀ ਕਾ ਹੋਇਗਾ ਕਾਲਾ ॥**
**ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ ॥** *(ਪੰਨਾ ੨੩੭)*

ਸ਼ਿਵਪੁਰੀ ਵਿਚ ਰਾਮ ਚੰਦਰ ਤੇ ਕ੍ਰਿਸ਼ਨ ਹੈ, ਇਹ ਸਾਰੀਆਂ ਪੁਰੀਆਂ ਹੀ ਨਹੀਂ ਰਹਿਣੀਆਂ, ਦੇਵੀ ਦੇਵਤੇ ਹੀ ਨਹੀਂ ਰਹਿਣੇ, ਤੇਤੀ ਕਰੋੜ ਦੇਵਤਾ ਹੈ, ਸਾਰੇ ਹੀ ਮਰ ਜਾਣੇ ਹਨ, ਤੇਰਾ ਦੇਹਧਾਰੀ ਗੁਰੂ ਕਿੱਥੇ ਜਾਏਗਾ ? ਕਾਕਰੌਚ ਬਣੇਗਾ। ਸਾਰੇ ਹੀ ਨਾਸ ਹੋ ਜਾਣੇ ਹਨ, ਤੂੰ ਕਿਵੇਂ ਬਚ ਜਾਏਂਗਾ ? "ਬਿਨਸਿ ਜਾਇਗੋ ਸਗਲ ਆਕਾਰਾ ॥"

**ਸਹਜ ਸਿਫਤਿ ਭਗਤਿ ਤਤੁ ਗਿਆਨਾ ॥**
**ਸਦਾ ਅਨੰਦੁ ਨਿਹਚਲੁ ਸਚੁ ਥਾਨਾ ॥** *(ਪੰਨਾ ੨੩੭)*
**ਤਹਾ ਸੰਗਤਿ ਸਾਧ ਗੁਣ ਰਸੈ ॥**
**ਅਨਭਉ ਨਗਰੁ ਤਹਾ ਸਦ ਵਸੈ ॥੬॥** *(ਪੰਨਾ ੨੩੭)*

ਇਹ ਸਾਰਾ ਸਚਖੰਡਿ ਦਾ ਨਜ਼ਾਰਾ ਹੈ। ਸਦ ਖ਼ੁਸ਼ੀਆਂ ਹਨ, ਪੱਕੀ ਜਗ੍ਹਾ ਹੈ, ਸਿਮਰਨ ਹੋ ਰਿਹਾ, ਤੱਤ ਗਿਆਨ ਹੈ।

ਤਹ ਭਉ ਭਰਮਾ ਸੋਗੁ ਨ ਚਿੰਤਾ॥
ਆਵਣੁ ਜਾਵਣੁ ਮਿਰਤੁ ਨ ਹੋਤਾ॥ (ਪੰਨਾ ੨੩੭)

ਤਹ ਸਦਾ ਅਨੰਦ ਅਨਹਤ ਆਖਾਰੇ॥
ਭਗਤ ਵਸਹਿ ਕੀਰਤਨ ਆਧਾਰੇ॥੭॥ (ਪੰਨਾ ੨੩੭)

ਕਹੁ ਨਾਨਕ ਜਿਸੁ ਕਿਰਪਾ ਕਰੈ॥
ਨਿਹਚਲ ਥਾਨੁ ਸਾਧਸੰਗਿ ਤਰੈ॥੮॥੪॥ (ਪੰਨਾ ੨੩੭)

ਸਚਖੰਡਿ ਵਿਚ ਡਰ ਨਹੀਂ, ਭਟਕਣਾ ਨਹੀਂ, ਸੋਗ ਤੇ ਚਿੰਤਾ ਨਹੀਂ, ਉੱਥੇ ਆਉਣ ਜਾਣ ਨਹੀਂ। ੮੪ ਦਾ ਗੇੜ ਨਹੀਂ, ਮੌਤ ਹੀ ਨਹੀਂ ਹੁੰਦੀ। ਉੱਥੇ ਸਦਾ ਖ਼ੁਸ਼ੀਆਂ ਹਨ। ਹਰ ਵੇਲੇ ਆਪਣੇ ਆਪ ਵਾਹਿਗੁਰੂ ਵਾਹਿਗੁਰੂ ਹੁੰਦਾ ਰਹਿੰਦਾ ਹੈ। ਕੀਰਤਨ ਵੀ ਹੁੰਦਾ ਹੈ। ਜਿਸ ਤੇ ਬਾਬਾ ਕਿਰਪਾ ਕਰੇਗਾ, ਸਾਧ ਸੰਗਤਿ ਵਿਚ ਵਾਹਿਗੁਰੂ ਸਿਮਰਨ ਕਰਕੇ ਉਹੀ ਸਚਖੰਡਿ ਪਹੁੰਚੇਗਾ। ਤੇਰਾ ਦੇਹਧਾਰੀ ਗੁਰੂ ਪਹੁੰਚੇਗਾ ? ਤੂੰ ਪਹੁੰਚੇਂਗਾ ? ਕੋਈ ਗੁਰੂ ਨਾਨਕ ਦੀ ਕ੍ਰਿਪਾ ਤੋਂ ਬਗ਼ੈਰ ਪਹੁੰਚੇਗਾ ? ਕੋਈ ਨਹੀਂ ਪਹੁੰਚ ਸਕਦਾ।

ਬਿਨੁ ਸਿਮਰਨ ਭਏ ਕੂਕਰ ਕਾਮ॥
ਸਾਕਤ ਬੇਸੁਆ ਪੂਤ ਨਿਨਾਮ॥੩॥ (ਪੰਨਾ ੨੩੯)

ਅੰਮ੍ਰਿਤ ਛਕ ਕੇ ਵਾਹਿਗੁਰੂ ਸਿਮਰਨ ਨਹੀਂ ਕਰਦਾ, ਅੰਮ੍ਰਿਤ ਨਾ ਛਕਣ ਕਰਕੇ ਹੀ ਕੁੱਤਾ ਹੈ, ਕੁੱਤਿਆਂ ਵਾਲੇ ਕੰਮ ਕਰਦਾ ਹੈ। ਸਾਕਤ, ਰੱਬ ਨਾਲੋਂ ਟੁੱਟਾ ਹੋਇਆ, ਇਸ ਤਰ੍ਹਾਂ ਜਿਵੇਂ ਕੰਜਰੀ ਦੇ ਪੁੱਤਰ ਦੇ ਪਿਓ ਦਾ ਨਾਂ ਨਹੀਂ ਹੁੰਦਾ। ਇਥੇ ਤਾਂ ਸਾਰੇ ਹੀ ਕੰਜਰੀ ਦੇ ਪੁੱਤਰ ਹਨ, ਨਹੀਂ, ਅੱਗੇ ਜਾ ਕੇ ਦੇਖਣਾ, ਸਚਮੁਚ ਕੰਜਰੀ ਦੇ ਪੁੱਤਰ ਹਨ, ਕੋਈ ਬਾਂਹ ਨਹੀਂ ਫੜਦਾ, ਕੋਈ ਦੇਹਧਾਰੀ ਗੁਰੂ ਅਗੇ ਨਹੀਂ ਆਉਂਦਾ, ਕੋਈ ਬਚਾ ਨਹੀਂ ਸਕਦਾ, ਓਦੋਂ ਰੋਂਦਾ ਹੈ ਮੈਂ ਕੀ ਕਰ ਬੈਠਾ।

ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ॥
ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ॥
ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ॥
ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ॥
ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ॥
ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ॥
ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ॥

**ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ॥**

**ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਾਰਾ॥** (ਪੰਨਾ ੨੫੦)

ਗੁਰੂ ਨਾਨਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਣ ਦੇਖ ਲੈ, ਕਿਸੇ ਦੇਹਧਾਰੀ, ਪੰਜ ਭੂਤਕ ਸਰੀਰ, ਗੁਰੂ ਵਿਚ ਇਹ ਗੁਣ ਹਨ ਤਾਂ ਆ ਦੱਸ, ਆਪਾਂ ਵੀ ਗੁਰੂ ਧਾਰਨ ਕਰੀਏ। ਗੁਰੂ ਨਾਨਕ ਹੀ ਮਾਤਾ ਹੈ, ਗੁਰੂ ਨਾਨਕ ਹੀ ਪਿਤਾ ਹੈ, ਗੁਰੂ ਨਾਨਕ ਹੀ ਪਤੀ ਹੈ, ਗੁਰੂ ਨਾਨਕ ਹੀ ਰੱਬ ਹੈ। ਤੇਰਾ ਗੁਰੂ ਹੈ ਰੱਬ, ਸਾਰੀ ਸ੍ਰਿਸ਼ਟੀ ਨੂੰ ਜਨਮ ਦੇਣ ਵਾਲਾ ਗੁਰੂ ਨਾਨਕ ਹੈ। ਹੈ ਤੇਰਾ ਗੁਰੂ ? ਗੁਰੂ ਨਾਨਕ ਦਾਤਾ ਹੈ, ਵਾਹਿਗੁਰੂ ਨਾਮ ਦਾ ਉਪਦੇਸ਼ ਕਰਤਾ ਹੈ, ਗੁਰਮੰਤਰ ਦੇਂਦਾ ਹੈ, ਗੁਰੂ ਨਾਨਕ ਪਾਰਸ ਹੈ, ਗੁਰੂ ਨਾਨਕ ਅੰਮ੍ਰਿਤ ਦਾ ਭਰਿਆ ਹੋਇਆ ਤੀਰਥ ਹੈ, ਸਰੋਵਰ ਹੈ। ਗੁਰੂ ਨਾਨਕ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ, ਤੇਰਾ ਗੁਰੂ ਹੈ ? ਗੁਰੂ ਨਾਨਕ ਆਦਿ ਹੈ, ਜਦੋਂ ਸਮਾਂ ਨਹੀਂ ਸੀ ਬਣਿਆ, ਓਦੋਂ ਵੀ ਸੀ, ਤੇਰਾ ਗੁਰੂ ਕਿੱਥੇ ਸੀ ? ਤੇਰਾ ਗੁਰੂ ਕਲ ਜੰਮਿਆ ਤੇ ਪਰਸੋਂ ਮਰ ਜਾਣਾ ਹੈ। ਸਮਾਂ ਹੀ ਗੁਰੂ ਨਾਨਕ ਨੇ ਬਣਾਇਆ, ਜੁਗ ਹੀ ਗੁਰੂ ਨਾਨਕ ਨੇ ਬਣਾਏ ਹਨ, ਵਾਹਿਗੁਰੂ ਸਿਮਰਨ ਕਰਨ ਨਾਲ ਹੀ ਸਭ ਤਰੇ ਹਨ। ਗੁਰੂ ਨਾਨਕ ਹੀ ਪਾਰਬ੍ਰਹਮ ਹੈ, ਗੁਰੂ ਨਾਨਕ ਹੀ ਪਰਮੇਸਰ ਹੈ, ਨਮਸਕਾਰ ਕਰ ਬਾਬੇ ਨਾਨਕ ਨੂੰ। ਇਕ ਹੋਰ ਗੱਲ ਤੇਰੇ ਨੇੜੇ ਤੇੜੇ ਕਿਸੇ ਨੂੰ ਭੂਤ ਚੰਮੜਿਆ ? ਕਿਸੇ ਨੂੰ ਪਉਣ ਆਉਂਦੀ ਹੈ ? ਕੋਈ ਦੇਵੀ ਆਉਂਦੀ ਹੈ ? ਉਸ ਦੇ ਕੋਲ ਚਲਾ ਜਾਹ, ਜਦੋਂ ਉਹ ਬੋਲੇਗੀ, ਉਸ ਨੂੰ ਪੁੱਛੀਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ ਹਨ ? ਪੁੱਛੀਂ ਗੁਰੂ ਨਾਨਕ ਕੌਣ ਹੈ ? ਦਸਵੇਂ ਪਾਤਿਸ਼ਾਹ ਕੌਣ ਹਨ ? ਮੇਰਾ ਇਹ ਗੁਰੂ, ਰਾਧਾ ਸੁਆਮੀ, ਨਿਰੰਕਾਰੀ ਕੂਕਾ, ਨਾਮਧਾਰੀ ਕੌਣ ਹੈ ? ਇਹ ਸਤਿਨਾਮੀਆ, ਸਤਿ ਕਰਤਾਰ ਵਾਲੇ ਕੌਣ ਹਨ, ਸਰਸਾ ਵਾਲੇ ਕੌਣ ਹਨ ? ਕੀ ਦੋਵਾਂ ਵਿਚ ਕੋਈ ਫ਼ਰਕ ਹੈ ? ਇਕ ਗੱਲ ਹੋਰ ਪੁੱਛੀਂ, ਮੇਰੇ ਕੋਲ ਦੋ ਜਮਦੂਤ ਖੜੇ ਹਨ, ਕੀ ਸਾਰੇ ਦੇਹਧਾਰੀ ਗੁਰੂਆਂ ਨੂੰ ਮੰਨਣ ਵਾਲਿਆਂ ਕੋਲ ਦੋ ਦੋ ਜਮਦੂਤ ਖੜੇ ਹਨ ? ਕੀ ਅਸੀਂ ਤਰ ਜਾਵਾਂਗੇ ? ਹੁਣ ਫਿਰ ਪੁੱਛ, ਕੀ ਕਿਸੇ ਅੰਮ੍ਰਿਤਧਾਰੀ ਕੋਲ ਜਮਦੂਤ ਖੜੇ ਹਨ ? ਤਾਰਣ ਦੀ ਸਮਰਥਾ ਕੌਣ ਰੱਖਦਾ ਹੈ ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਾਂ ਅੱਜ ਦਾ ਦੇਹਧਾਰੀ ਗੁਰੂ। ਤੂੰ ਮੇਰੇ ਤੇ ਇਤਬਾਰ ਨਾ ਕਰ, ਮੈਂ ਤਾਂ ਸਰਬੱਤ ਦੇ ਭਲੇ ਵਿਚ ਲਿਖ ਰਿਹਾ ਹਾਂ। ਸਰਬੱਤ ਦਾ ਭਲਾ ਬਹੁਤ ਔਖਾ ਹੈ, ਤੱਤੀ ਤਵੀ ਤੇ ਬਹਿਣਾ ਪੈਂਦਾ ਹੈ, ਸੀਸ ਕਟਵਾਉਣਾ ਪੈਂਦਾ ਹੈ, ਖੋਪਰੀ ਉਤਰਾਉਣੀ ਪੈਂਦੀ ਹੈ, ਬੰਦ ਬੰਦ ਕਟਵਾਉਣਾ ਪੈਂਦਾ ਹੈ। ਕਿਸੇ ਰੂਹ ਨੂੰ ਪੁੱਛ ਲੈ, ਸਰੀਰ ਨੂੰ ਅਕਲ ਨਹੀਂ ਹੁੰਦੀ,

ਸਰੀਰ ਦੇਖ ਵੀ ਨਹੀਂ ਸਕਦਾ, ਗੁਰੂ ਨਾਨਕ ਤੇ ਮੇਰੇ ਦੇਹਧਾਰੀ ਗੁਰੂ ਵਿਚ ਕੀ ਫ਼ਰਕ ਹੈ ? ਬਸ !

**ਸਤਿਗੁਰ ਵਿਚਿ ਆਪਿ ਵਰਤਦਾ ਹਰਿ ਆਪੇ ਰਖਣਹਾਰੁ ॥**

(ਪੰਨਾ ੩੦੨)

ਗੁਰੂ ਨਾਨਕ ਵਿਚ ਆਪ ਵਾਹਿਗੁਰੂ ਹੈ ਆਪ ਹੀ ਰੱਖਣ ਵਾਲਾ ਹੈ।

**ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਤਿਸੁ ਕਰਤਾ ਮਾਰ ਦਿਵਾਵੈ ॥**
**ਫੇਰਿ ਓਹ ਵੇਲਾ ਓਸੁ ਹਥਿ ਨ ਆਵੈ ਓਹੁ ਆਪਣਾ ਬੀਜਿਆ ਆਪੇ ਖਾਵੈ ॥**
**ਨਰਕਿ ਘੋਰਿ ਮੁਹਿ ਕਾਲੈ ਖੜਿਆ ਜਿਉ ਤਸਕਰੁ ਪਾਇ ਗਲਾਵੈ ॥**
**ਫਿਰਿ ਸਤਿਗੁਰ ਕੀ ਸਰਣੀ ਪਵੈ ਤਾ ਉਬਰੈ ਜਾ ਹਰਿ ਹਰਿ ਨਾਮੁ ਧਿਆਵੈ ॥**
**ਹਰਿ ਬਾਤਾ ਆਖਿ ਸੁਣਾਏ ਨਾਨਕੁ ਹਰਿ ਕਰਤੇ ਏਵੈ ਭਾਵੈ ॥੧॥**

(ਪੰਨਾ ੩੦੩)

ਤੇਰੇ ਦੇਹਧਾਰੀ ਗੁਰੂ ਬਾਰੇ ਲਿਖਿਆ, ਤੇਰਾ ਗੁਰੂ, ਗੁਰੂ ਨਾਨਕ ਦੀ ਨਿੰਦਾ ਕਰਦਾ ਹੈ, ਵਾਹਿਗੁਰੂ ਨੂੰ ਚੰਗਾ ਨਹੀਂ ਲਗਦਾ, ਉਹ ਧਰਮਰਾਜ ਨੂੰ ਕਹਿ ਕੇ ਮਾਰ ਪੁਆਂਦਾ ਹੈ। ਲੱਕ ਦੇ ਡਰੱਮ ਵਿਚ ਘੁੰਮ ਰਿਹੈ ਤੇਰਾ ਗੁਰੂ, ਹੁਣ ਦੁਬਾਰਾ ਮਨੁੱਖਾ ਜਨਮ ਮਿਲਣਾ ਨਹੀਂ, ਕੀਤੀ ਨਿੰਦਾ ਦਾ ਫਲ ਭੋਗ ਰਿਹਾ, ਲੁੱਕ ਦੇ ਡਰੱਮ ਵਿਚ ਘੁੰਮ ਰਿਹਾ ਹੈ। ਮੂੰਹ ਕਾਲਾ ਕਰਕੇ ਘੋਰ ਨਰਕ ਵਿਚ ਸੁਟਿਆ ਹੋਇਆ ਜਿਵੇਂ ਚੋਰ ਨੂੰ ਗਲੇ ਤੋਂ ਫੜੀਦਾ ਹੈ। ਹੁਣ ਦੁਬਾਰਾ ਜਨਮ ਲਏਗਾ, ਅਰਬਾਂ ਸਾਲਾਂ ਬਾਦ, ਫਿਰ ਗੁਰੂ ਨਾਨਕ ਦੇ ਚਰਨੀਂ ਲਗੇਗਾ, ਅੰਮ੍ਰਿਤ ਛਕੇਗਾ, ਵਾਹਿਗੁਰੂ ਵਾਹਿਗੁਰੂ ਜਪੇਗਾ ਤਾਂ ਛੁਟਕਾਰਾ ਹੋਏਗਾ। ਨਾਨਕ ਤਾਂ ਰੱਬ ਦੀਆਂ ਗੱਲਾਂ ਦੱਸ ਰਿਹੈ ਕਿ ਵਾਹਿਗੁਰੂ ਨੂੰ ਇਉਂ ਹੀ ਚੰਗਾ ਲਗਦਾ ਹੈ ਕਿ ਸਾਰੇ ਦੇਹਧਾਰੀ ਗੁਰੂਆਂ ਦੇ ਮੂੰਹ ਕਾਲੇ ਕਰਕੇ ਲੁੱਕ ਦੇ ਡਰੱਮ ਵਿਚ ਘੁਮਾਏ ਜਾਣ, ਕਰੋੜਾਂ ਸਾਲਾਂ ਵਾਸਤੇ।

**ਪੂਰੇ ਗੁਰ ਕਾ ਹੁਕਮੁ ਨ ਮੰਨੈ ਓਹੁ ਮਨਮੁਖੁ ਅਗਿਆਨੁ ਮੁਠਾ ਬਿਖੁ ਮਾਇਆ ॥.....**
**ਓਹੁ ਘਰਿ ਘਰਿ ਹੰਢੈ ਜਿਉ ਰੰਨ ਦੋੁਹਾਗਣਿ ਓਸੁ ਨਾਲਿ ਮੁਹੁ ਜੋੜੇ ਓਸੁ ਭੀ ਲਛਣੁ ਲਾਇਆ ॥** (ਪੰਨਾ ੩੦੩)

ਗੁਰੂ ਨਾਨਕ ਦਾ ਹੁਕਮ ਨਹੀਂ ਮੰਨਿਆ, ਅੰਮ੍ਰਿਤ ਨਹੀਂ ਛਕਿਆ, ਉਹ

ਮਨਮੁਖ, ਅਗਿਆਨੀ ਬੇਅਕਲ, ਠਗਿਆ ਗਿਆ, ਜ਼ਹਿਰ ਹੀ ਖਾਧੀ। ਉਹ ਕੰਜਰੀ ਦੀ ਤਰ੍ਹਾਂ ਵਿਕ ਗਿਆ, ਚਰਿੱਤਰ ਹੀਨ ਹੋ ਗਿਆ, ਜਿਹੜਾ ਉਸ ਨਾਲ ਦੋਸਤੀ ਪਾਏਗਾ, ਉਹ ਵੀ ਓਹੋ ਜਿਹਾ ਹੋ ਜਾਏਗਾ, ਜਿਵੇਂ ਅੱਜ ਦੇ ਅਕਾਲੀ ਬੋਲੀ ਹੀ ਹੋਰ ਬੋਲਦੇ ਹਨ, ਅਕਲ ਹੀ ਨਹੀਂ। ਉਸ ਨੂੰ ਵੀ ਕਲੰਕ ਲੱਗ ਜਾਂਦਾ ਹੈ।

**ਪਉੜੀ ॥ ਸਚੁ ਸਚਾ ਸਭ ਦੂ ਵਡਾ ਹੈ ਸੋ ਲਏ ਜਿਸੁ ਸਤਿਗੁਰੁ ਟਿਕੇ ॥**
**ਸੋ ਸਤਿਗੁਰੁ ਜਿ ਸਚੁ ਧਿਆਇਦਾ ਸਚੁ ਸੱਚਾ ਸਤਿਗੁਰੁ ਇਕੇ ॥**
**ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ ॥**
**ਜਿ ਬਿਨੁ ਸਤਿਗੁਰ ਸੇਵੇ ਆਪੁ ਗਣਾਇਦੇ ਤਿਨ ਅੰਦਰਿ ਕੂੜੁ,**
**ਫਿਟੁ ਫਿਟੁ ਮੁਹ ਫਿਕੇ ॥**
**ਓਇ ਬੋਲੇ ਕਿਸੈ ਨ ਭਾਵਨੀ ਮੁਹ ਕਾਲੇ ਸਤਿਗੁਰ ਤੇ ਚੁਕੇ ॥੮॥**

*(ਪੰਨਾ ੩੦੪)*

ਵਾਹਿਗੁਰੂ ਸਦੀਵੀ ਹੈ, ਜੋ ਵਾਹਿਗੁਰੂ ਸਭ ਤੋਂ ਵੱਡਾ ਹੈ, ਸਿਰਫ਼ ਉਸੇ ਅੰਮ੍ਰਿਤਧਾਰੀ ਨੂੰ ਮਿਲਦਾ ਹੈ, ਜਿਸਨੂੰ ਗੁਰੂ ਨਾਨਕ ਅਸੀਸ ਦੇਵੇ। ਸੱਚਾ ਸਤਿਗੁਰੂ ਉਹੀ ਹੈ ਜੋ ਵਾਹਿਗੁਰੂ ਨਾਲ ਇਕਮਿਕ ਹੈ ਜਿਵੇਂ ਗੁਰੂ ਨਾਨਕ ਉਹੀ ਗੁਰੂ ਨਾਨਕ ਜੋਤਿ ਦੀ ਤਰ੍ਹਾਂ ਸਭ ਵਿਚ ਸਮਾਇਆ ਹੋਇਆ ਹੈ ਜਿਹਨੇ ਪੰਜਾਂ ਵਿਕਾਰਾਂ ਨੂੰ ਖਿੱਚ ਕੇ ਆਪਣੇ ਵੱਸ ਕੀਤਾ ਹੋਇਆ ਹੈ। ਜਿਹੜੇ ਮਨਮੁਖ ਬੇਅੰਮ੍ਰਿਤੀਏ ਗੁਰੂ ਨਾਨਕ ਦੀ ਸੇਵਾ ਤੋਂ ਵਾਂਜੇ ਰਹਿ ਜਾਂਦੇ ਹਨ, ਆਪ ਹੀ ਗੁਰੂ ਬਣ ਬੈਠੇ ਹਨ, ਉਹਨਾਂ ਦੇ ਹਿਰਦੇ ਵਿਚ ਝੂਠ ਹੁੰਦਾ ਹੈ, ਮੂੰਹ ਫਿੱਕਾ ਰਹਿੰਦਾ ਹੈ, ਧਰਮਰਾਜ ਸਦਾ ਉਹਨਾਂ ਨੂੰ ਫਿਟਕਾਰ ਪਾਉਂਦਾ ਹੈ, ਕਿਸੇ ਗੁਰਸਿਖ ਨੂੰ ਉਹਨਾਂ ਦੇ ਬਚਣ ਚੰਗੇ ਨਹੀਂ ਲਗਦੇ ਨਰਕਾਂ ਵਿਚ ਮੂੰਹ ਕਾਲੇ ਕਰਕੇ (ਲੁੱਕ ਦੇ ਡਰੱਮ ਵਿਚ ਘੁਮਾਏ ਜਾਂਦੇ ਹਨ) ਕਿਉਂਕਿ ਗੁਰੂ ਨਾਨਕ ਤੋਂ ਭੁੱਲੇ ਹੋਏ ਹਨ।

**ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥**
**ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ**
**ਪੜੀਐ ॥**
**ਓਨ੍ਹਾ ਅੰਦਰਿ ਹੋਰੁ ਮੁਖਿ ਹੋਰੁ ਹੈ ਬਿਖੁ ਮਾਇਆ ਨੋ ਝਖਿ ਮਰਦੇ**
**ਕੜੀਐ ॥੯॥** *(ਪੰਨਾ ੩੦੪)*

ਜਿਹਨਾਂ ਨੂੰ ਸਤਿਗੁਰੂ ਨਾਨਕ ਮਿਲਦਾ ਹੈ ਉਹ ਬਹੁਤ ਵਡਭਾਗੀ ਹਨ, ਉਹ ਵਾਹਿਗੁਰੂ ਦਾ ਸਿਮਰਨ ਕਰਦੇ ਹਨ। ਗੁਰੂ ਨਾਨਕ ਦੀ ਬਾਣੀ ਸੱਚੇ ਪ੍ਰਭੂ ਦਾ ਸਰੂਪ ਹੈ, ਆਪ ਹੀ ਵਾਹਿਗੁਰੂ ਹੈ, ਇਸ ਬਾਣੀ ਰਾਹੀਂ ਵਾਹਿਗੁਰੂ ਦਾ ਸਰੂਪ ਬਣ ਜਾਈਦਾ ਹੈ। ਸਿਰਫ਼ ਪੜ੍ਹ ਕੇ ਨਹੀਂ, ਅਖੰਡ ਪਾਠ ਕਰਾ ਕੇ ਨਹੀਂ, ਬਾਣੀ

ਵਿਚਾਰ ਕੇ ਤੁਕ ਤੁਕ ਵਿਚਾਰ ਕੇ, ਦੇਹਧਾਰੀ ਗੁਰੂ ਤੇਰੇ ਕੋਲ ਅਜਿਹੀ ਬਾਣੀ ਹੈ ਜੋ ਵਾਹਿਗੁਰੂ ਬਣਾ ਦੇਹ, ਯਾਦ ਰੱਖੀਂ ਵਾਹਿਗੁਰੂ ਕੇਸ਼ਵ ਹੈ, ਲੰਬੇ ਵਾਲਾਂ ਵਾਲਾ ਹੈ, ਘੋਨਾ ਮੋਨਾ ਨਹੀਂ, ਤੇਰੀ ਸੰਗਤਿ ਵਰਗਾ। ਗੁਰੂ ਨਾਨਕ ਦੀ ਰੀਸੇ ਹੋਰ ਕਈ ਝੂਠ ਦੇ ਵਪਾਰੀ ਗੁਰੂ ਬਣ ਜਾਂਦੇ ਹਨ, ਕੱਚੀ-ਪਿੱਲੀ ਬਾਣੀ ਉਚਾਰਦੇ ਹਨ, ਹਿਰਦੇ ਵਿਚ ਝੂਠ ਹੋਣ ਕਰਕੇ, ਗੁਰੂ ਨਾਨਕ ਦੀ ਬਰਾਬਰੀ ਨਹੀਂ ਕਰ ਸਕਦੇ, ਰਾਹ ਵਿਚ ਹੀ ਧਰਮਰਾਜ ਕੋਲ ਝੜ ਪੈਂਦੇ ਹਨ। ਉਹਨਾਂ ਦੇ ਮੂੰਹ ਵਿਚ ਹੋਰ ਅੰਦਰ ਕੁਛ ਹੋਰ, ਜ਼ਹਿਰ ਮਾਇਆ ਲਈ ਝੱਖ ਮਾਰਦੇ ਹਨ ਖਪ ਖਪ ਮਰਦੇ ਹਨ। ਧਰਮਰਾਜ ਦੀ ਕਚਹਿਰੀ ਇਹਨਾਂ ਦਾ ਹਾਲ ਦੇਖੋ।

**ਜਿਨ ਅੰਦਰਿ ਕਪਟੁ ਵਿਕਾਰੁ ਝੂਠੁ ਓਇ ਆਪੇ ਸਚੈ ਵਖਿ ਕਢੇ ਜਜਮਾਲੇ ॥** *(ਪੰਨਾ ੩੦੪)*

ਜਿਹਨਾਂ ਦੇ ਅੰਦਰਿ ਧੋਖਾ ਵਿਕਾਰ ਤੇ ਝੂਠ ਹੈ, ਸੱਚੇ ਵਾਹਿਗੁਰੂ ਨੇ ਆਪ ਹੀ ਉਹਨਾਂ ਕੋਹੜਿਆਂ ਨੂੰ ਗੁਰੂ ਨਾਨਕ ਤੋਂ ਵੱਖਰੇ ਕਰ ਦਿੱਤਾ ਹੈ, ਝੂਠ ਦੇ ਵਪਾਰੀ ਸਚਖੰਡਿ ਲੱਭਿਆਂ ਨਹੀਂ ਲੱਭਦੇ।

**ਜਿਨਾ ਸਤਿਗੁਰ ਕਾ ਆਖਿਆ ਸੁਖਾਵੈ ਨਾਹੀ ਤਿਨਾ ਮੁਹ ਭੁਲੇਰੇ ਫਿਰਹਿ ਦਯਿ ਗਾਲੇ ॥**
**ਜਿਨ ਅੰਦਰਿ ਪ੍ਰੀਤਿ ਨਹੀ ਹਰਿ ਕੇਰੀ ਸੇ ਕਿਚਰਕੁ ਵੇਰਾਈਅਨਿ ਮਨਮੁਖ ਬੇਤਾਲੇ ॥** *(ਪੰਨਾ ੩੦੫)*

ਜਿਹਨਾਂ ਮਨਮੁਖਾਂ ਨੂੰ ਗੁਰੂ ਨਾਨਕ ਦੇ ਬਚਨ ਚੰਗੇ ਨਹੀਂ ਲੱਗਦੇ, ਉਹਨਾਂ ਦੇ ਮੂੰਹ ਭਰਿਸ਼ਟੇ ਹੋਏ ਹੁੰਦੇ ਹਨ, ਉਹ ਵਾਹਿਗੁਰੂ ਵਲੋਂ ਫਿਟਕਾਰੇ ਹੋਏ ਹੁੰਦੇ ਹਨ। ਜਿਹਨਾਂ ਦੇ ਹਿਰਦੇ ਵਿਚ ਵਾਹਿਗੁਰੂ ਦਾ ਪਿਆਰ ਨਹੀਂ, ਕਦ ਤਾਈਂ ਉਹਨਾਂ ਨੂੰ ਧੀਰਜ ਦਿੱਤੀ ਜਾ ਸਕਦੀ ਹੈ?

**ਜੇ ਕ੍ਰਿਪਾ ਕਰੇ ਮੇਰਾ ਹਰਿ ਪ੍ਰਭੁ ਕਰਤਾ ਤਾਂ ਸਤਿਗੁਰੁ ਪਾਰਬ੍ਰਹਮੁ ਨਦਰੀ ਆਵੈ ॥**
**ਤਾ ਅਪਿਉ ਪੀਵੈ ਸਬਦੁ ਗੁਰ ਕੇਰਾ ਸਭੁ ਕਾੜਾ ਅੰਦੇਸਾ ਭਰਮੁ ਚੁਕਾਵੈ ॥** *(ਪੰਨਾ ੩੦੫)*

ਜੇ ਮੇਰਾ ਸਿਰਜਨਹਾਰ ਪ੍ਰਭੂ ਮਿਹਰ ਕਰੇ ਤਾਂ ਗੁਰਸਿਖ ਅੰਮ੍ਰਿਤਧਾਰੀ ਨੂੰ ਗੁਰੂ ਨਾਨਕ, ਪਾਰਬ੍ਰਹਮ ਵਾਹਿਗੁਰੂ ਹੀ ਨਜ਼ਰ ਆਉਂਦਾ ਹੈ। ਉਹ ਅੰਮ੍ਰਿਤ ਪੀਂਦਾ ਹੈ।

**ਪਉੜੀ॥ ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ॥**
**ਜੋ ਮਨਿ ਚਿਤਿ ਇਕੁ ਅਰਾਧਦੇ ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ॥** *(ਪੰਨਾ ੩੦੬)*

ਹੇ ਸੱਚੇ ਪ੍ਰਭੂ! ਉਹ ਬਹੁ ਥੋਹੜੇ ਜੀਵ ਹਨ, ਜੋ ਸ਼ਬਦ ਸੁਰਤਿ ਜੋੜ ਕੇ ਵਾਹਿਗੁਰੂ ਸਿਮਰਨ ਕਰਦੇ ਹਨ। ਪੂਰਨ ਇਕਾਗਰਤਾ ਵਿਚ ਜੋ ਗੁਰਮੁਖ ਇਕ ਵਾਹਿਗੁਰੂ ਦਾ ਅਰਾਧਨ ਕਰਦੇ ਹਨ, ਉਹਨਾਂ ਦੀ ਬਰਕਤ ਦੀ ਕਮਾਈ ਨਾਲ ਬੇਅੰਤ ਜੀਵ ਖਾਂਦੇ ਹਨ।

**ਤੁਧੁਨੋ ਸਭ ਧਿਆਇਦੀ ਸੇ ਥਾਇ ਪਏ ਜੋ ਸਾਹਿਬ ਲੋੜੇ॥** *(ਪੰਨਾ ੩੦੬)*

ਹੇ ਵਾਹਿਗੁਰੂ! ਉਂਞ ਤਾਂ ਸਾਰੀ ਸ੍ਰਿਸ਼ਟੀ ਤੇਰਾ ਧਿਆਨ ਧਰਦੀ ਹੈ, ਪਰ ਸਚਖੰਡਿ ਸਿਰਫ਼ ਪਰਵਾਨ ਅੰਮ੍ਰਿਤਧਾਰੀ ਹੁੰਦੇ ਹਨ, ਜਿਹਨਾਂ ਨੂੰ ਤੂੰ ਆਪ ਪਸੰਦ ਕਰਦਾ ਹੈਂ।

**ਜੋ ਬਿਨੁ ਸਤਿਗੁਰ ਸੇਵੇ ਖਾਦੇ ਪੈਨਦੇ ਸੇ ਮੁਏ ਮਰਿ ਜੰਮੇ ਕੋੜ੍ਹੇ॥** *(ਪੰਨਾ ੩੦੬)*

ਜਿਹੜੇ ਗੁਰੂ ਨਾਨਕ ਨੂੰ ਯਾਦ ਕਰਨ ਤੋਂ ਬਗ਼ੈਰ ਵਾਹਿਗੁਰੂ ਸਿਮਰਨ ਕਰਨ ਤੋਂ ਬਗ਼ੈਰ ਖਾਂਦੇ ਪਹਿਣਦੇ ਹਨ, ਉਹ ਕੋੜ੍ਹੇ ਮੁੜ ਮੁੜ ਜੰਮਦੇ ਮਰਦੇ ਹਨ।

**ਓਇ ਹਾਜਰੁ ਮਿਠਾ ਬੋਲਦੇ ਬਾਹਰਿ ਵਿਸੁ ਕਢਹਿ ਮੁਖਿ ਘੋਲੇ॥**
**ਮਨਿ ਖੋਟੇ ਦਯਿ ਵਿਛੋੜੇ॥੧॥** *(ਪੰਨਾ ੩੦੬)*

ਇਹੋ ਜਿਹੇ ਮਨਮੁਖ ਸਾਹਮਣੇ ਤਾਂ ਮਿੱਠੀਆਂ ਗੱਲਾਂ ਕਰਦੇ ਹਨ, ਪਰ ਪਿੱਛੋਂ ਜ਼ਹਿਰ ਘੋਲ ਕੇ ਕੱਢਦੇ ਹਨ, ਇਹੋ ਜਿਹੇ ਮਨੋਂ ਖੋਟਿਆਂ ਨੂੰ ਵਾਹਿਗੁਰੂ ਨੇ ਆਪਣੇ ਨਾਲੋਂ ਵਿਛੋੜ ਦਿੱਤਾ ਹੈ।

**ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੋ ਸਾਚੈ ਮਾਰਿ ਪਚਾਇਆ॥**
**ਏਹੁ ਅਖਰੁ ਤਿਨਿ ਆਖਿਆ ਜਿਨਿ ਜਗਤੁ ਸਭੁ ਉਪਾਇਆ॥** *(ਪੰਨਾ ੩੦੬)*

ਜੋ ਮਨੁੱਖ ਜਾਂ ਜੋ ਦੇਹਧਾਰੀ ਗੁਰੂ, ਗੁਰੂ ਨਾਨਕ ਦੀ ਨਿੰਦਾ ਕਰਦੇ ਹਨ, ਸੱਚੇ ਪ੍ਰਭੂ ਨੇ ਉਸ ਨੂੰ ਧਰਮਰਾਜ ਕੋਲੋਂ ਮਰਵਾ ਕੇ ਦੁਖੀ ਕੀਤਾ ਹੈ, ਇਹ ਨਿਆਂ ਦਾ ਬਚਨ ਉਸ ਪ੍ਰਭੂ ਨੇ ਆਪ ਆਖਿਆ, ਜਿਸ ਨੇ ਸੰਸਾਰ ਪੈਦਾ ਕੀਤਾ ਹੈ।

**ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ ਤਿਸ ਦਾ ਨਫਰੁ ਕਿਥਹੁ ਰਜਿ ਖਾਏ ॥**
**ਜਿ ਸਾਹਿਬ ਕੈ ਘਰਿ ਵਥੁ ਹੋਵੈ ਸੁ ਨਫਰੈ ਹਥਿ ਆਵੈ ਅਣਹੋਂਦੀ ਕਿਥਹੁ ਪਾਏ ॥** (ਪੰਨਾ ੩੦੬)

ਜਿਹਨਾਂ ਦਾ ਗੁਰੂ-ਮਾਲਕ ਹੀ ਨੰਗਾ ਭੁੱਖਾ ਹੋਵੇ, ਉਸ ਦੇ ਸੇਵਕਾਂ ਨੇ ਕਿੱਥੋਂ ਖਾਣਾ ਹੋਇਆ ? ਸੇਵਕਾਂ ਨੂੰ ਨੌਕਰਾਂ ਨੂੰ ਉਹੋ ਚੀਜ਼ ਮਿਲਣੀ ਹੈ ਜੋ ਮਾਲਕ ਦੇ ਘਰ ਹੋਵੇ, ਜੇ ਚੀਜ਼ ਘਰ ਵਿਚ ਹੀ ਨਾ ਹੋਵੇ ਤਾਂ ਉਸ ਨੂੰ ਕਿੱਥੋਂ ਮਿਲੇ ?

**ਜਿਸ ਦੀ ਸੇਵਾ ਕੀਤੀ ਫਿਰਿ ਲੇਖਾ ਮੰਗੀਐ ਸਾ ਸੇਵਾ ਅਉਖੀ ਹੋਈ ॥** (ਪੰਨਾ ੩੦੬)

ਜਿਸ ਦੇਹਧਾਰੀ ਗੁਰੂ ਦੀ ਸੇਵਾ ਕੀਤਿਆਂ, ਅਜੇ ਵੀ ਧਰਮਰਾਜ ਨੇ ਲੇਖਾ ਮੰਗਣਾ ਹੈ ਤਾਂ ਕੀ ਫ਼ਾਇਦਾ ਹੋਇਆ ? ਮਿਹਨਤ ਵੀ ਪੂਰੀ ਕੀਤੀ, ਜਨਮ ਅਜਾਈਂ ਚਲਾ ਗਿਆ, ਇਹਨਾਂ ਨੂੰ ਧਰਮਰਾਜ ਦੀ ਕਚਹਿਰੀ ਵਿਚ ਪੁੱਛੋ, ਕੀ ਹਾਲ ਹੈ ? ਕਿਹੜੇ ਸਰਕਾਰੀ ਗੁਰੂ ਦੀ ਸੇਵਾ ਕਰਦੇ ਸੀ ? ਇਹਨਾਂ ਦੀ ਅਸਲੀਅਤ ਉੱਥੇ ਨਜ਼ਰ ਆਉਂਦੀ ਹੈ।

**ਵੈਰੁ ਕਰਹਿ ਨਿਰਵੈਰ ਨਾਲਿ ਧਰਮ ਨਿਆਇ ਪਚੰਦੇ ॥**
**ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ ॥**
**ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ ॥੧੨॥** (ਪੰਨਾ ੩੦੬)

ਨਿਰਵੈਰ ਗੁਰੂ ਨਾਨਕ ਨਾਲ ਵੈਰ ਕਰਦੇ ਹਨ, ਧਰਮਰਾਜ ਕੋਲ ਬਹੁਤ ਦੁਖੀ ਰਹਿੰਦੇ ਹਨ ਜੋ ਜੋ ਮਨਮੁਖ ਦੇਹਧਾਰੀ ਗੁਰੂ ਗੁਰੂ ਨਾਨਕ ਵਲੋਂ ਫਿਟਕਾਰੇ ਹੋਏ ਹਨ, ਉਹ ਭਟਕਦੇ ਫਿਰਦੇ ਹਨ, ਧਰਮਰਾਜ ਕੋਲ ਦੇਖੋ, ਜੂਨਾਂ ਵਿਚ ਕਿਵੇਂ ਭਟਕਦੇ ਫਿਰਦੇ ਹਨ। ਦੇਹਧਾਰੀ ਗੁਰੂ ! ਜੋ ਰੁਖ ਤੇਰੇ ਤਰ੍ਹਾਂ ਮੁੱਢੋਂ ਪੁਟਿਆ ਜਾਏ, ਉਸ ਦੇ ਟਾਹਣ ਵੀ ਸੁਕ ਜਾਂਦੇ ਹਨ।

**ਸਚੁ ਸਾਹਿਬੁ ਸਤਿਗੁਰੂ ਕੈ ਵਲਿ ਹੈ ਤਾਂ ਝਖਿ ਝਖਿ ਮਰੈ ਸਭ ਲੁੋਕਾਈ ॥** (ਪੰਨਾ ੩੦੭)

ਜਦੋਂ ਸੱਚਾ ਮਾਲਕ ਵਾਹਿਗੁਰੂ ਗੁਰੂ ਨਾਨਕ ਦੇ ਵਲ ਹੈ, ਉਸਦਾ ਪੱਖ ਪੂਰਦਾ ਹੈ ਤਾਂ ਸਾਰੀ ਲੋਕਾਈ ਭਾਵੇਂ ਝੱਖ ਮਾਰਦੀ ਰਹੇ ਤਾਂ ਵੀ ਕੁਛ ਨਹੀਂ ਕਰ ਸਕਦੀ।

**ਨਿੰਦਕਾ ਦੇ ਮੁਹ ਕਾਲੇ ਕਰੇ ਹਰਿ ਕਰਤੈ ਆਪਿ ਵਧਾਈ ॥**
**ਜਿਉ ਜਿਉ ਨਿੰਦਕ ਨਿੰਦ ਕਰਹਿ ਤਿਉ ਤਿਉ ਨਿਤ ਨਿਤ ਚੜੈ ਸਵਾਈ ॥**

**ਜਨ ਨਾਨਕ ਹਰਿ ਆਰਾਧਿਆ ਤਿਨਿ ਪੈਰੀ ਆਣਿ ਸਭ ਪਾਈ ॥੧॥**

(ਪੰਨਾ ੩੦੭)

ਵਾਹਿਗੁਰੂ ਨੇ ਨਿੰਦਕਾਂ ਦੋਖੀਆਂ ਦੇ ਮੂੰਹ ਕਾਲੇ ਕੀਤੇ ਹਨ ਤੇ ਗੁਰੂ ਨਾਨਕ ਦੀ ਵਡਿਆਈ ਆਪ ਵਧਾਈ ਹੈ। ਜਿਉਂ ਜਿਉਂ ਨਿੰਦਕ ਮਨੁੱਖ ਗੁਰੂ ਨਾਨਕ ਦੀ ਨਿੰਦਾ ਕਰਦੇ ਹਨ, ਤਿਉਂ ਤਿਉਂ ਗੁਰੂ ਨਾਨਕ ਦੀ ਵਡਿਆਈ ਵਧਦੀ ਹੈ। ਹੇ ਦਾਸ ਨਾਨਕ! ਗੁਰੂ ਰਾਮਦਾਸ ਜੀ ਕਹਿ ਰਹੇ ਹਨ। ਗੁਰੂ ਨਾਨਕ ਨੇ ਜਿਸ ਵਾਹਿਗੁਰੂ ਦਾ ਸਿਮਰਨ ਕੀਤਾ ਹੈ, ਉਸ ਵਾਹਿਗੁਰੂ ਨੇ ਸਾਰੀ ਸ੍ਰਿਸ਼ਟੀ ਹੀ ਲਿਆ ਕੇ ਗੁਰੂ ਨਾਨਕ ਦੇ ਪੈਰਾਂ ਤੇ ਪਾ ਦਿੱਤੀ ਹੈ, ਪਾ ਦੇਣੀ ਹੈ, ਦੇਹਧਾਰੀ ਦੇਖਦਾ ਰਹੀਂ, ਤੇਰਾ ਕਰਤਾ, ਇਹ ਸਰਕਾਰ ਨਹੀਂ ਰਹਿਣੀ, ਗੁਰੂ ਨਾਨਕ ਸਦੀਵੀ ਹੈ, ਸਾਰੀ ਸ੍ਰਿਸ਼ਟੀ ਉਸ ਦੇ ਪੈਰਾਂ ਤੇ ਪਏਗੀ ਕਿਉਂਕਿ ਉਹ ਆਪ ਕਰਤਾ ਹੈ।

**ਸਤਿਗੁਰ ਸੇਤੀ ਗਣਤ ਜਿ ਰਖੈ ਹਲਤੁ ਪਲਤੁ ਸਭੁ ਤਿਸ ਕਾ ਗਇਆ ॥**
**ਨਿਤ ਝਹੀਆ ਪਾਏ ਝਗੂ ਸੁਟੇ ਝਖਦਾ ਝਖਦਾ ਝੜਿ ਪਇਆ ॥**

(ਪੰਨਾ ੩੦੭)

ਜੋ ਦੇਹਧਾਰੀ, ਮਨਮੁਖ, ਗੁਰੂ, ਗੁਰੂ ਨਾਨਕ ਨਾਲ ਕਿੜ ਰੱਖਦਾ ਹੈ, ਉਸ ਦਾ ਲੋਕ ਪਰਲੋਕ ਦੋਵੇਂ ਸਮੁੱਚੇ ਹੀ ਵਿਅਰਥ ਜਾਂਦੇ ਹਨ। ਧਰਮਰਾਜ ਜੂੜਾ ਪੁੱਟ ਕੇ ਲੁੱਕ ਦੇ ਡਰੱਮ ਵਿਚ ਘੁਮਾ ਦੇਂਦਾ ਹੈ। ਧਰਮਰਾਜ ਬਹੁਤ ਭੈੜਾ ਹੈ ਅਤੀ ਭੈੜਾ ਹੈ। ਇਹੀ ਤਾਂ ਖੇਡ ਹੈ, ਤੂੰ ਰੱਬ ਹੈਂ, ਧਰਮਰਾਜ ਤੋਂ ਬਚ ਕੇ ਦਿਖਾ, ਸਚਖੰਡਿ ਆ ਕੇ ਦਿਖਾ। ਉੱਥੇ ਉਸ ਦੀ ਪੇਸ਼ ਨਹੀਂ ਜਾਂਦੀ, ਇਥੇ ਸਦਾ ਕਚੀਚੀਆਂ ਵੱਟਦਾ, ਦੰਦ ਪੀਂਹਦਾ, ਹਲਕੇ ਕੁੱਤੇ ਦੀ ਤਰ੍ਹਾਂ ਝੱਗ ਸੁਟਦਾ, ਅੰਤ ਨੂੰ ਖਪਦਾ ਖਪਦਾ ਨਸ਼ਟ ਹੋ ਜਾਂਦਾ ਹੈ, ਧਰਮਰਾਜ ਕੋਲ ਪਹੁੰਚਦਾ ਹੈ, ਉੱਥੇ ਠੀਕ ਰਹਿੰਦਾ ਹੈ, ਅਸਲ ਜਗ੍ਹਾ ਹੀ ਉਹ ਹੈ।

**ਨਿਰਵੈਰੈ ਨਾਲਿ ਜਿ ਵੈਰੁ ਰਚਾਏ ਸਭੁ ਪਾਪੁ ਜਗਤੈ ਕਾ ਤਿਨਿ ਸਿਰਿ ਲਇਆ ॥**
**ਓਸੁ ਅਗੈ ਪਿਛੈ ਢੋਈ ਨਾਹੀ ਜਿਸੁ ਅੰਦਰਿ ਨਿੰਦਾ ਮੁਹਿ ਅੰਬੁ ਪਇਆ ॥**
**ਜੇ ਸੁਇਨੇ ਨੋ ਓਹੁ ਹਥੁ ਪਾਏ ਤਾ ਖੇਹੂ ਸੇਤੀ ਰਲਿ ਗਇਆ ॥**

(ਪੰਨਾ ੩੦੭)

ਨਿਰਵੈਰ ਗੁਰੂ ਨਾਨਕ ਨਾਲਵੈਰ ਕਰਦਾ ਹੈ ਉਹ ਸਾਰੇ ਸੰਸਾਰ ਦੇ ਪਾਪਾਂ ਦਾ ਭਾਰ ਆਪਣੇ ਸਿਰ ਤੇ ਲੈਂਦਾ ਹੈ। ਉਸ ਨੂੰ ਲੋਕ-ਪਰਲੋਕ ਵਿਚ ਕੋਈ ਆਸਰਾ ਨਹੀਂ ਦੇਂਦਾ। ਹਿਰਦੇ ਵਿਚ ਨਿੰਦਾ ਹੈ ਮੂੰਹ ਵਿਚ ਮਿਠਾਸ ਹੈ, ਰਾਧਾ

ਸੁਆਮੀਆਂ ਦੀ ਤਰ੍ਹਾਂ, ਦੇਹਧਾਰੀਆਂ ਗੁਰੂਆਂ ਦੀ ਤਰ੍ਹਾਂ। ਇਹੋ ਜਿਹੇ ਖੋਟੇ ਮਨੁੱਖ ਜੇ ਸੋਨੇ ਨੂੰ ਹੱਥ ਪਾਉਣ ਤਾਂ ਵੀ ਸੁਆਹ ਹੋ ਜਾਂਦਾ ਹੈ।

**ਜੇ ਗੁਰ ਕੀ ਸਰਣੀ ਫਿਰਿ ਓਹੁ ਆਵੈ ਤਾ ਪਿਛਲੇ ਅਉਗਣ ਬਖਸਿ ਲਇਆ ॥** *(ਪੰਨਾ ੩੦੭)*

ਦੇਹਧਾਰੀ ਗੁਰੂਓ! ਜੇ ਅਜੇ ਵੀ ਗੁਰੂ ਨਾਨਕ ਦੀ ਚਰਨੀਂ ਲੱਗ ਜਾਓ ਤਾਂ ਪਿਛਲੇ ਔਗੁਣ ਮੁਆਫ਼ ਕਰਕੇ ਅੱਗੇ ਤੋਂ ਬਖ਼ਸ਼ ਲੈਂਦਾ ਹੈ। ਸਚਖੰਡਿ ਨਾਲ ਕੁਨੈਕਸ਼ਨ ਜੋੜ ਦੇਂਦਾ ਹੈ। ਹੋਰ ਕੋਈ ਜੋੜ ਸਕਦਾ ਹੈ? ਦਿਖਾ!

**ਸਭਿ ਨਿਧਾਨ ਸਤਿਗੁਰੂ ਵਿਚਿ ਜਿਸੁ ਅੰਦਰਿ ਹਰਿ ਉਰ ਧਾਰੇ ॥** *(ਪੰਨਾ ੩੦੭)*

ਗੁਰੂ ਨਾਨਕ ਵਿਚ ਸਾਰੇ ਖ਼ਜ਼ਾਨੇ ਹਨ ਉਸ ਦੇ ਅੰਦਰ ਹੀ ਆਪ ਵਾਹਿਗੁਰੂ ਹੈ। ਤੇਰੇ ਅੰਦਰ ਉਸੇ ਗੁਰੂ ਦੀ ਜੋਤ ਹੈ। ਉਹ ਵੀ ਮਿਹਰ ਤੋਂ ਬਗ਼ੈਰ ਪ੍ਰਗਟ ਨਹੀਂ ਹੋਣੀ, ਐਵੇਂ ਅਜਾਈਂ ਜਨਮ ਗੁਆ ਰਿਹਾ ਹੈਂ। ਅੰਦਰ ਸੋਚ।

**ਸੋ ਪਾਏ ਪੂਰਾ ਸਤਿਗੁਰੂ ਜਿਸੁ ਲਿਖਿਆ ਲਿਖਤੁ ਲਿਲਾਰੇ ॥** *(ਪੰਨਾ ੩੦੭)*

ਦੇਹਧਾਰੀ ਗੁਰੂ ਬਣਾਉਣ ਵਾਲਾ ਵੀ ਗੁਰੂ ਨਾਨਕ ਕਰਤਾ ਹੀ ਹੈ, ਜਿਹੜਾ ਮਨਮੁਖ, ਸਾਕਤ, ਕਾਮਰੇਡ ਬੇ-ਸਮਝ ਕੂਕਿਆਂ ਵਰਗੇ ਗੁਰੂ ਪਾਤਿਸ਼ਾਹ ਤੇ ਕੋਮੈਂਟ ਕਰਦੇ ਹਨ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਕਿ ਇਹ ਤਾਂ ਕਿਤਾਬ ਹੈ, ਬੋਲਦੀ ਨਹੀਂ, ਸੁਣਦੀ ਨਹੀਂ, ਉਸ ਬੇਵਕੂਫ਼ ਅਕਲ ਦੇ ਅੰਨ੍ਹੇ ਨੂੰ, ਗੁਰੂ ਸਾਹਿਬ ਆਪ ਹੀ ਦੇਹਧਾਰੀ ਗੁਰੂ ਕੋਲ ਭੇਜ ਦੇਂਦੇ ਹਨ, ਹੁਣ ਲੱਭ ਲਈਂ ਰੱਬ ਨੂੰ, ਸਾਰੀ ਉਮਰ ਧਰਮਰਾਜ ਕੋਲ ਹੀ ਘੁੰਮਦਾ ਰਹੇਂਗਾ। ਮੂਰਖਾ! ਕੋਈ ਇਕ ਗੱਲ ਹੀ ਕਰ ਰੱਬ ਦੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਹਰੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਗ਼ੈਰ ਰੱਬ ਨੂੰ ਕੌਣ ਜਾਣਦਾ ਹੈ, ਉਸ ਦੇ ਦਰਸ਼ਨ ਹੀ ਕਰਵਾ ਦੇਹ, ਆ ਸਾਹਮਣੇ ਤਾਂ ਆ। ਜਿਸ ਗੁਰਸਿਖ ਦੇ ਮੱਥੇ ਤੇ ਪਿਛਲੇ ਕੀਤੇ ਚੰਗੇ ਕਰਮਾਂ ਦੇ ਸੰਸਕਾਰਾਂ ਦੇ ਲੇਖ ਲਿਖੇ ਹੁੰਦੇ ਹਨ, ਪੰਥ ਦੀ ਸੇਵਾ ਕੀਤੀ ਹੁੰਦੀ ਹੈ, ਉਸ ਨੂੰ ਗੁਰੂ ਨਾਨਕ ਮਿਲਦਾ ਹੈ, ਅੰਮ੍ਰਿਤ ਦੀ ਦਾਤ ਮਿਲਦੀ ਹੈ। ਤੇਰੀ ਕਿਸਮਤ ਭੈੜੀ ਹੈ।

**ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ ॥** *(ਪੰਨਾ ੩੦੮)*

ਹੇ ਅੰਮ੍ਰਿਤਧਾਰੀ ਗੁਰਸਿਖੋ! ਗੁਰੂ ਨਾਨਕ ਦੀ ਬਾਣੀ ਨੂੰ ਨਿਰੋਲ ਵਾਹਿਗੁਰੂ ਸਮਝੋ ਕਿਉਂਕਿ ਸਿਰਜਨਹਾਰ ਪ੍ਰਭੂ ਆਪ ਇਹ ਬਾਣੀ ਗੁਰੂ ਨਾਨਕ ਦੇ ਮੂੰਹ ਤੋਂ ਅਖਵਾਂਦਾ ਹੈ।

**ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ॥**

*(ਪੰਨਾ ੩੦੮)*

ਜਿਸ ਦੇ ਹਿਰਦੇ ਵਿਚ ਪਰਾਈ ਈਰਖਾ ਹੈ, ਉਸ ਦਾ ਆਪਣਾ ਕਦੇ ਭਲਾ ਨਹੀਂ ਹੁੰਦਾ। ਕੀ ਹਿੰਦੂ, ਕੀ ਪੰਡਿਤ, ਕੀ ਬ੍ਰਾਹਮਣ, ਕੀ ਦੇਹਧਾਰੀ ਗੁਰੂ ਸਾਰੇ ਹੀ ਸਿੱਖਾਂ ਨਾਲ ਈਰਖਾ ਰੱਖਦੇ ਹਨ, ਇਹ ਕਿਸੇ ਦਾ ਕੀ ਭਲਾ ਸੋਚਣਗੇ ?

**ਜਨ ਨਾਨਕ ਕਉ ਸਭ ਸੋਝੀ ਪਾਈ ਹਰਿ ਦਰ ਕੀਆ ਬਾਤਾ ਆਖਿ ਸੁਣਾਏ॥੧॥**

*(ਪੰਨਾ ੩੦੮)*

ਹੇ ਨਾਨਕ! ਜਿਸ ਦਾਸ, ਗੁਰਮੁਖ ਪਿਆਰੇ ਨੂੰ ਪ੍ਰਭੂ ਇਹ ਸਮਝਣ ਦੀ ਸਾਰੀ ਬੁਧ ਬਖ਼ਸ਼ਦਾ ਹੈ, ਉਹ ਹੀ ਇਹ ਪ੍ਰਭੂ ਦੇ ਦਰ ਦੀਆਂ ਗੱਲਾਂ ਕਰਕੇ ਸੁਣਾਉਂਦਾ ਹੈ। ਸਰਬੱਤ ਦਾ ਭਲਾ ਬਹੁਤ ਔਖਾ ਹੈ। ਮੈਂ ਕਹਿ ਰਿਹਾਂ, ਲਿਖ ਰਿਹਾ ਹਾਂ, ਬਾਬਾ ਕਹਿ ਗਿਆ ਤੇ ਲਿਖ ਗਿਆ ਕਿ ਜਿਸ ਨੇ ਅੰਮ੍ਰਿਤ ਨਾ ਛਕਿਆ ਉਹ ਧਰਮਰਾਜ ਕੋਲ ਜਾਏਗਾ, ਮਾਰਿਆ ਜਾਏਗਾ, ਬਾਬੇ ਨੂੰ ਤੱਤੀ ਤਵੀ ਤੇ ਬਿਠਾ ਦਿੱਤਾ, ਮੇਰਾ ਕਿਵੇਂ ਲਿਹਾਜ਼ ਕਰੋਗੇ ? ਭਾਵੇਂ ਗੱਲ ਸਰਬੱਤ ਦੇ ਭਲੇ ਦੀ ਹੈ ਪਰ ਝੂਠੇ, ਨਿੰਦਕ-ਠੱਗ ਨੂੰ ਚੰਗੀ ਨਹੀਂ ਲਗਦੀ।

**ਹੋਦੈ ਪਰਤਖਿ ਗੁਰੂ, ਜੋ ਵਿਛੁੜੇ, ਤਿਨ ਕਉ ਦਰਿ ਢੋਈ ਨਾਹੀ॥**

*(ਪੰਨਾ ੩੦੮)*

ਦੇਖੋ ਗੱਲ ਬਹੁਤ ਸਿੱਧੀ ਤੇ ਸਾਫ਼ ਹੈ, ਰੱਬ ਇਕ, ਗੁਰੂ ਵੀ ਇਕ, ਗੁਰੂ ਦੋ ਹੋ ਹੀ ਨਹੀਂ ਸਕਦੇ, ਪਾਖੰਡ ਹੈ। ਰੱਬ ਇਕ ਜੋਤ, ਪ੍ਰਕਾਸ਼, ਨੂਰ, ਪਰਮ ਆਤਮਾ, ਜਾਗਤ-ਜੋਤ ਅਨੁਭਵੀ ਪ੍ਰਕਾਸ਼, ਉਹੀ ਜੋਤ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ, ਤੁਹਾਨੂੰ ਰੱਬ ਦਿੱਸਦਾ ਹੈ ? ਕਿਸੇ ਨੂੰ ਸਾਰੀ ਸ੍ਰਿਸ਼ਟੀ ਵਿਚੋਂ ਦਿੱਸਦਾ ਹੈ ? ਉਸੇ ਨੂੰ ਪੁੱਛੋ, ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੇਖ, ਜੇ ਉਹੀ ਜੋਤ ਨਾ ਕਹੇ ਤਾਂ ਗੱਲ ਕਰੋ। ਅੰਨ੍ਹਿਓ ਤੁਹਾਨੂੰ ਰੱਬ ਦਾ ਗਿਆਨ ਹੀ ਨਹੀਂ, ਸਰਕਾਰ ਦੇ ਬਣਾਏ ਗੁਰੂ ਹੋ, ਸਿੱਖਾਂ ਨੂੰ ਪਾੜਨ ਲਈ ਕਿਤੇ ਸਿੱਖ ਇਕ ਨਾ ਹੋ ਜਾਣ ਤੇ ਰਾਜ ਨਾ ਕਰ ਲੈਣ। ਤੁਸੀਂ ਕੀ ਜਾਣੋ ਰੱਬ ਕੀ ਹੁੰਦਾ ਹੈ ? ਤੂੰ ਨਿਰੋਲ ਪੰਜ ਭੂਤਕ ਸਰੀਰ ਹੈਂ, ਗੰਦਗੀ ਦਾ ਬੈਗ ਹੈਂ, ਤੂੰ ਕੀ ਜਾਣੇ ਉਸ ਜੋਤ ਨੂੰ, ਆਪਣੇ ਅੰਦਰ ਤਾਂ ਪਹਿਲਾਂ ਝਾਤੀ ਮਾਰ, ਆਪਣੀ ਜੋਤ ਦੇਖ, ਫੇਰ ਦਿਖਾਈਂ ਕਿਸੇ ਹੋਰ ਨੂੰ, ਕਿਉਂ ਧਰਮਰਾਜ ਕੋਲੋਂ ਅਰਬਾਂ ਸਾਲਾਂ ਦੀ ਸਜ਼ਾ ਭੁਗਤਣ ਨੂੰ ਤਿਆਰ ਹੈਂ ? ਜੇ ਤੈਨੂੰ ਅਗਲੀ ਦੁਨੀਆ ਦਾ ਗਿਆਨ ਹੋਵੇ ਤਾਂ ਗੁਰੂ ਬਣ ਜਾਏਂ। ਤੂੰ ਗੁਰਸਿਖ ਵੀ ਨਾ ਕਹੇਂ ਆਪਣੇ ਆਪ ਨੂੰ, ਕਿਤੇ ਗਰਸਿੱਖਾਂ ਦੀ ਚਰਨ ਧੂੜ ਲਭਦਾ ਫਿਰੇਂ, ਜੂਠੇ ਭਾਂਡੇ ਮਾਂਜਣ ਲਈ ਲੱਭਦਾ ਫਿਰੇਂ, ਤੇਰੇ ਹੱਥ ਵਿਚ ਝਾੜੂ ਹੋਵੇ, ਪੁਚਾਰਾ

ਹੋਵੇ, ਤੂੰ ਗੁਰੂ ਬਣਿਆ ਬੈਠਾ ਹੈਂ। ਬੁੱਧੂ, ਬੇਅਕਲ ਸਾਰੀ ਸ੍ਰਿਸ਼ਟੀ ਨੂੰ ਗੁਮਰਾਹ ਕਰਨ ਦਾ ਤੇਰੇ ਤੇ ਦੋਸ਼ ਹੈ ਤੇ ਵਡੇਰਿਆਂ ਤੇ ਵੀ ਇਹੀ ਦੋਸ਼ ਸੀ ਕਿਉਂ ਅਰਬਾਂ ਸਾਲ ਦੀ ਜ਼ਿੰਦਗੀ ਤੀਹ ਚਾਲੀ ਸਾਲਾਂ ਵਿਚ ਬਰਬਾਦ ਕਰਦਾ ਹੈਂ, ਅਜੇ ਵੀ ਸਮਝ। ਪ੍ਰਤੱਖ ਗੁਰੂ, ਹਾਜ਼ਰ ਨਾਜ਼ਰ ਗੁਰੂ, ਬਖ਼ਸ਼ਿੰਦ ਗੁਰੂ, ਆਪ ਵਾਹਿਗੁਰੂ ਗੁਰੂ, ਵਾਹਿਗੁਰੂ ਚੌਰ ਕਰ ਰਿਹੈ। ਉਹ ਗੁਰੂ ਧੰਨ ਧੰਨ ਧੰਨ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੁੰਦਿਆਂ ਹੋਇਆਂ ਜੋ ਜੀਵ ਅਜੇ ਵੀ ਰੱਬ ਤੋਂ ਵਿਛੁੜਿਆ ਹੋਇਆ, ਉਹਨਾਂ ਨੂੰ ਕਿਤੇ ਸਚਖੰਡਿ ਢੋਈ ਨਹੀਂ ਮਿਲ ਸਕਦੀ, ਮਿਲੇ ਵੀ ਕਿਵੇਂ ? ਉੱਥੇ ਰਾਜ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੈ। ਜੀਵ ਸਚਖੰਡਿ ਤੋਂ ਆਇਆ ਸੀ, ਵਾਪਿਸ ਉੱਥੇ ਹੀ ਜਾਣਾ ਹੈ, ਰੱਬ ਨੇ ਹੀ ਉਲਝਣ ਪਾਈ ਹੈ, ਜੀਵ ਬਚ ਕੇ ਦਿਖਾ, ਫਿਰ ਆਪ ਹੀ ਕਹਿੰਦਾ ਹੈ, ਜੀਵ ਬਚ ਸਕਦਾ ਹੈ, ਜੇ ਗੁਰੂ ਨਾਨਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੱਲਾ ਫੜ ਲਏਂ, ਮੇਰੇ ਤੇ ਇਹਨਾਂ ਵਿਚ ਕੋਈ ਫ਼ਰਕ ਨਹੀਂ, ਅਸੀਂ ਇਕ ਹੀ ਹਾਂ, ਤੇ ਤੂੰ ਕਿੱਥੇ ?

**ਕੋਈ ਜਾਇ ਮਿਲੈ ਤਿਨ ਨਿੰਦਕਾ ਮੁਹ ਫਿਕੇ ਥੁਕ ਥੁਕ ਮੁਹਿ ਪਾਹੀ ॥**

*(ਪੰਨਾ ੩੦੮)*

ਤੁਹਾਡੇ ਵਿਚੋਂ ਕੋਈ ਜਾ ਕੇ ਦੇਖੋ, ਕੀ ਹਾਲ ਧਰਮਰਾਜ ਦੀ ਕਚਹਿਰੀ ਵਿਚ, ਇਥੇ ਤਾਂ ਤੁਸੀਂ ਰਾਜੇ ਹੋ, ਗੁਰੂ ਹੋ, ਸਤਿਗੁਰ ਜੀ ਮਹਾਰਾਜ, ਤੁਹਾਡੇ ਸਿਰ ਤੇ ਚੌਰ ਝੁਲਦਾ ਹੈ, ਨਾਮਧਾਰੀਏ ਤੇ ਅੱਗੇ ਜਾ ਕੇ ਦੇਖੋ, ਗਿਆ ਹੈ ਕੋਈ ? ਜਾ ਕੇ ਮਿਲੋ ਆਪਣੇ ਵੱਡੇ ਵਡੇਰਿਆਂ ਨੂੰ, ਇਹਨਾਂ ਨਿੰਦਕਾਂ ਨੂੰ, ਮੂੰਹ ਉੱਡੇ ਪਏ ਹਨ। ਜਮਦੂਤ ਮੂੰਹ ਵਿਚ ਥੁੱਕਾਂ ਪਾ ਰਿਹਾ ਹੈ, ਮੂੰਹ ਵਿਚ ਥੁਕਦਾ ਹੈ। ਜਾ ਕੇ ਦੇਖੋ ਤਾਂ ਸਹੀ, ਮੂੰਹ ਵਿਚ ਥੁੱਕਣਾ ਤਾਂ ਕੁਛ ਵੀ ਨਹੀਂ। ਮੂੰਹ ਵਿਚ ਟੱਟੀ ਗੰਦ ਪਾ ਦਿੰਦਾ ਫਿਰ ਪੁਛਦਾ ਹੈ, ਗੁਰੂ ਨਾਨਕ ਦੀ ਨਿੰਦਾ ਕਰਦਾ ਸੀ, ਤੂੰ ਗੁਰੂ ਸੀ ਉੱਥੇ। ਮੈਨੂੰ ਵੀ ਤਾਰ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕਿਤਾਬ ਆਖਦਾ ਸੀ, ਬੰਦਾ ਉੱਥੇ ਨੰਗਾ ਮੂੰਹ ਕਾਲਾ, ਗੁਰੂ ਕੇ ਲਾਲ! ਸਰੀਰਕ ਖੇਡ ਨਹੀਂ ਹੈ। ਆਤਮਾ ਦੀ ਖੇਡ ਹੈ, ਜੀਵ ਦੀ ਖੇਡ ਹੈ, ਜੀਵਾਤਮਾ ਦੀ, ਜੋ ਤੇਰਾ ਹੀ ਸੂਖਸ਼ਮ ਸਰੀਰ ਹੈ। ਸਰੀਰ ਤਾਂ ਜੀਵ ਲਈ ਇਕ Exam ਹੈ, ਇਮਤਿਹਾਨ ਹੈ, ਬਚ ਕੇ ਦਿਖਾ ਦੇਹ, ਸਰੀਰ ਤੋਂ ਤੇ ਤੂੰ ਸਰੀਰ ਵਿਚ ਹੀ ਉਲਝ ਗਿਆ, ਤੂੰ ਸਰੀਰ ਨਹੀਂ ਹੈਂ, ਤੂੰ ਰੱਬ ਹੈਂ, ਆਤਮਾ ਹੈਂ, ਜੀਵ ਹੈਂ। ਜੋ ਸਰੀਰ ਕਹਿ ਰਿਹਾ ਹੈ ਨਾ ਕਰ, ਜੋ ਗੁਰੂ ਕਹਿੰਦਾ ਹੈ ਉਹ ਕਰ। ਇਹੀ ਰੱਬ ਹੈ—ਰੱਬ ਸਭ ਦਾ ਭਲਾ ਮੰਗਦਾ ਹੈ, ਤੂੰ ਵੀ ਰੱਬ, ਗੁਰੂ ਵੀ ਰੱਬ, ਪ੍ਰਕਾਸ਼ ਵੀ ਰੱਬ, ਗੁਰੂ ਰੱਬ ਦੀ ਮਿਹਰ ਨਾਲ ਜੋਤ ਰੱਬ ਨੇ ਰੱਬੀ ਜੋਤ ਵਿਚ ਸਮਾਉਣਾ ਹੈ, ਸਚਖੰਡਿ ਪਹੁੰਚਣਾ ਹੈ। ਤੂੰ ਆਪ ਸੋਚ ਕਿਵੇਂ ਪਹੁੰਚੇਂਗਾ ? ਤੂੰ ਗੁਰੂ ਬਣ ਕੇ ਸਾਰੀ ਸ੍ਰਿਸ਼ਟੀ ਨੂੰ ਗੁਮਰਾਹ

ਕਰਨ ਦਾ ਠੇਕਾ ਲੈ ਲਿਆ ਹੈ, ਕਿਵੇਂ ਬਚੇਂਗਾ ? ਮੈਨੂੰ ਸਮਝਾ !

**ਜਿਨ ਗੁਰੁ ਗੋਪਿਆ ਆਪਣਾ ਸੇ ਲੈਦੇ ਢਹਾ ਫਿਰਾਹੀ ॥**

(ਪੰਨਾ ੩੦੮)

ਜਿਹਨਾਂ ਨੇ ਗੁਰੂ ਨਾਨਕ ਦੀ ਨਿੰਦਾ ਕੀਤੀ ਹੈ, ਉਹ ਉੱਥੇ ਢਾਹਾਂ ਮਾਰ ਕੇ ਰੋ ਰਹੇ ਹਨ, ਬਹੁਤ ਪਛਤਾ ਰਹੇ ਹਨ, ਮੁਆਫ਼ੀ ਮੰਗਦੇ ਹਨ, ਨੱਕ ਰਗੜਦੇ ਹਨ, ਪਰ ਮੁਆਫ਼ ਕੌਣ ਕਰੇ। ਮੁਆਫ਼ੀ ਲਫ਼ਜ਼ ਹੈ ਹੀ ਨਹੀਂ ਧਰਮਰਾਜ ਕੋਲ।

**ਸਤਿਗੁਰ ਕੀ ਵਡਿਆਈ ਵੇਖਿ ਨ ਸਕਨੀ ਓਨਾ ਅਗੈ ਪਿਛੈ ਥਾਉ ਨਾਹੀ ॥**

(ਪੰਨਾ ੩੦੮)

ਉਹ ਗੁਰੂ ਨਾਨਕ ਦੀ ਹੁੰਦੀ ਵਡਿਆਈ, ਮਹਿਮਾ ਜਰ ਨਹੀਂ ਸਕੇ, ਵੇਖ ਨਹੀਂ ਸਕਦੇ। ਉਹਨਾਂ ਨੂੰ ਲੋਕ ਪਰਲੋਕ ਕੋਈ ਟਿਕਾਣਾ ਨਹੀਂ ਮਿਲਦਾ, ਦੇਖੋ ਕੀ ਹੁੰਦਾ ਹੈ ਧਰਮਰਾਜ ਦੀ ਕਚਹਿਰੀ ਵਿਚ ?

**ਜੋ ਸਤਿਗੁਰਿ ਮਾਰੇ ਤਿਨ ਜਾਇ ਮਿਲਹਿ ਰਹਦੀ ਖੁਹਦੀ ਸਭ ਪਤਿ ਗਵਾਹੀ ॥**

(ਪੰਨਾ ੩੦੮)

ਜਿਹੜੇ ਗੁਰੂ ਨਾਨਕ ਤੋਂ ਵਿਛੁੜ ਗਏ, ਅੰਮ੍ਰਿਤ ਨਹੀਂ ਛਕਿਆ, ਰਹਿਤ ਨਹੀਂ ਰੱਖੀ, ਕੁਰਹਿਤ ਨਹੀਂ ਛੱਡੀ, ਉਹਨਾਂ ਨੂੰ ਜਾ ਕੇ ਜਿਹੜੇ ਮਿਲੇ, ਰਹਿੰਦੀ ਖੂੰਹਦੀ, ਮਾੜੀ-ਮੋਟੀ, ਇੱਜ਼ਤ ਵੀ ਗੁਆ ਲੈਂਦੇ ਹਨ। ਹੁਣ ਪੜ੍ਹੋ ਧਿਆਨ ਨਾਲ।

**ਓਇ ਅਗੈ ਕੁਸਟੀ ਗੁਰ ਕੇ ਫਿਟਕੇ ਜਿ ਓਸੁ ਮਿਲੈ ਤਿਸੁ ਕੁਸਟੁ ਉਠਾਹੀ ॥**

(ਪੰਨਾ ੩੦੮)

ਧਰਮਰਾਜ ਦੀ ਕਚਹਿਰੀ ਵਿਚ ਉਹ ਕੋਹੜੀ ਕੋਹੜੇ ਹਨ, ਜੇ ਕੋਈ ਅਜਿਹੇ ਮਨੁੱਖ ਦਾ ਸੰਗ ਕਰਦਾ ਹੈ, ਉਹਨਾਂ ਨੂੰ ਵੀ ਕੋਹੜ ਹੋ ਜਾਂਦਾ ਹੈ। ਬੇਅੰਮ੍ਰਿਤੀਏ ਸਾਰੇ ਕੋਹੜੀ, ਮਨੁੱਖਾ ਜਨਮ ਧਾਰ ਕੇ ਕਰਨ ਕੀ ਆਇਆ ਸੀ ?

**ਹਰਿ ਤਿਨ ਕਾ ਦਰਸਨੁ ਨਾ ਕਰਹੁ ਜੋ ਦੂਜੈ ਭਾਇ ਚਿਤੁ ਲਾਹੀ ॥**

(ਪੰਨਾ ੩੦੮)

ਹੇ ਅੰਮ੍ਰਿਤਧਾਰੀ ਗੁਰਸਿੱਖ! ਰੱਬ ਕਰਕੇ ਇਹਨਾਂ ਦੇਹਧਾਰੀਆਂ ਗੁਰੂਆਂ ਦਾ ਦਰਸ਼ਨ ਵੀ ਨਾ ਕਰਿਓ ਜੋ ਗੁਰੂ ਨਾਨਕ ਨੂੰ ਛੱਡ ਕੇ ਸਰਕਾਰੀਏ ਬਣੇ ਬੈਠੇ ਹਨ, ਜੋ ਮਾਇਆ ਵਿਚ ਚਿੱਤ ਜੋੜਦੇ ਹਨ (ਤੁਹਾਡਾ ਮਾਇਕ ਕੰਮ ਸਰਕਾਰ ਨੂੰ ਕਹਿ ਕੇ ਕਰਾ ਸਕਦੇ ਹਨ ਪਰ ਰੱਬ ਨਾਲ ਨਹੀਂ ਜੋੜ ਸਕਦੇ। ਤੁਹਾਡੇ ਪੁੱਤਰ ਨੂੰ ਨੌਕਰੀ ਦੁਆ ਸਕਦੇ ਹਨ, ਬਰੀ ਕਰਾ ਸਕਦੇ ਹਨ, ਮੁੰਡਾ ਪਾਸ ਕਰਵਾ ਸਕਦੇ ਹਨ, ਕਰਜ਼ਾ ਦੁਆ ਸਕਦੇ ਹਨ, ਕੰਮ ਖੋਲ੍ਹ ਕੇ ਦੇ ਸਕਦੇ ਹਨ, ਮਾਇਕ

ਮਦਦ ਕਰ ਸਕਦੇ ਹਨ। ਦੋ ਰੁਪਏ ਦੀ ਥਾਲੀ ਰੋਟੀ ਦੀ ੫ ਰੁਪਏ ਦਾ ਕੋਕਾ ਕੋਲਾ ਦੇ ਸਕਦੇ ਹਨ, ਪਰ ਸਚਖੰਡਿ ਨਾਲ ਨਹੀਂ ਜੋੜ ਸਕਦੇ। ਚੈਲੰਜ ਹੈ, You accept it. ਰੈਨਬੈਕਸੀ ਨੇ ਇਕ ਕੈਪਸੂਲ ਬਣਾਇਆ, ਜੋ ਪਾਸ ਨਾ ਹੋਇਆ, ਇਹਨਾਂ ਗੁਰੂਆਂ ਦੇ ਕਹਿਣ ਤੇ ਪਾਸ ਹੋ ਗਿਆ। ਇਹ ਕੰਮ ਕਰ ਸਕਦੇ ਹਨ। ਬਿਆਸ ਸਟੇਸ਼ਨ ਦੇਖੋ! ਕਿੰਨਾ ਵੱਡਾ ਤੇ ਕਿੰਨਾ ਸੋਹਣਾ ਬਣ ਰਿਹਾ ਹੈ, ਹਰ ਗੱਡੀ ਉੱਥੇ ਠਹਿਰੇਗੀ, ਭਾਵੇਂ ਸ਼ਤਾਬਦੀ ਹੀ ਹੋਵੇ, ਉੱਥੇ ਹਵਾਈ ਅੱਡਾ ਬਣ ਸਕਦੈ, ਹਰ ਬੱਸ ਉਧਰ ਨੂੰ ਜਾਂਦੀ ਹੈ, ਭਾਵੇਂ ਅੱਗੇ ਜਾ ਕੇ ਕੋਹੜੀ ਹੀ ਹੋ ਜਾਵੈ। ਬਹੁਤ ਭੁੱਖ ਹੈ ਮਾਣ ਤਾਣ ਦੀ। ਇੱਜ਼ਤ ਦੀ, ਹਉਮੈ ਦੀ ਸਾਰੀ ਖੇਡ ਹੈ, ਗੁਰੂ ਨੂੰ ਸਮਝ! ਗੁਰੂ ਕੇ ਲਾਲ! ਗੁਰੂ ਨੂੰ ਆਪ ਸਮਝ ਤੇ ਪ੍ਰਚਾਰ ਕਰ। ਲੋਕਾਂ ਨੂੰ ਸਮਝਾ ਕੋਈ ਭਲਾ ਕਰ, ਗੋਰਿਆਂ ਨੂੰ ਸਮਝਾ, ਕੋਸ਼ਿਸ਼ ਕਰ।

**ਧੁਰਿ ਕਰਤੈ ਆਪਿ ਲਿਖਿ ਪਾਇਆ ਤਿਸੁ ਨਾਲਿ ਕਿਹੁ ਚਾਰਾ ਨਾਹੀ ॥**

*(ਪੰਨਾ ੩੦੯)*

ਵਾਹਿਗੁਰੂ ਗੁਰੂ ਨਾਨਕ ਨੇ ਆਪ ਹੀ ਲਿਖ ਕੇ ਉਹਨਾਂ ਦੀ ਕਿਸਮਤ ਵਿਚ ਪਾ ਦਿੱਤਾ ਹੈ, ਉਹਨਾਂ ਨੂੰ ਸੁਧਾਰਨ ਲਈ ਕੋਈ ਉਪਾਵ ਕਾਰਗਰ ਨਹੀਂ ਹੋ ਸਕਦਾ, ਦੇਹਧਾਰੀ ਗੁਰੂ ਹੀ ਆਪ ਬਣਾਏ ਹਨ। ਡੁੱਬੋ, ਮਰੋ ਧਰਮਰਾਜ ਕੋਲ ਜਾਓ।

**ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੁ ਅਉਖਾ ਜਗ ਮਹਿ ਹੋਇਆ ॥**

*(ਪੰਨਾ ੩੦੯)*

ਇਥੇ ਵੀ ਦੁਨੀਆਂ ਹੈ, ਪਰ ਆਰਜ਼ੀ, temporary ਅਗਲੀ ਵੀ ਦੁਨੀਆਂ ਹੈ, ਪਰ ਸਦੀਵੀ (forever) ਜਿਹੜੇ ਮਨਮੁਖ, ਮੂਰਖ, ਬੇਸਮਝ ਪੂਰੇ ਗੁਰੂ ਨਾਨਕ ਦੀ ਨਿੰਦਾ ਕਰਦੇ ਹਨ ਉਹ ਅੱਗੇ ਜਾ ਕੇ ਬਹੁਤ ਦੁਖੀ ਹੁੰਦੇ ਹਨ।

**ਨਰਕ ਘੋਰੁ ਦੁਖ ਖੂਹ ਹੈ ਓਥੈ ਪਕੜਿ ਓਹੁ ਢੋਇਆ ॥**
**ਕੂਕ ਪੁਕਾਰ ਕੋ ਨ ਸੁਣੇ ਓਹੁ ਅਉਖਾ ਹੋਇ ਹੋਇ ਰੋਇਆ ॥**

*(ਪੰਨਾ ੩੦੯)*

ਤੁਸੀਂ ਕਦੀ ਧਰਮਰਾਜ ਦੀ ਕਚਹਿਰੀ ਦੇਖੀ ਹੈ ਧਿਆਨ ਨਾਲ, ਅੰਦਰ ਜਾ ਕੇ ਜਿਥੇ ਉਹ ਸਜ਼ਾ ਦੇਂਦਾ ਹੈ? ਉੱਥੇ ਇਕ ਖੂਹ ਹੈ ਮੈਂ ਅੱਗੇ ਵੀ ਇਸ ਦਾ ਜ਼ਿਕਰ ਕੀਤਾ ਹੈ, ਪਤਾ ਹੀ ਨਹੀਂ ਲਗਦਾ ਉਹ ਖੂਹ ਵਿਚ ਕੀ ਹੈ। ਜੋ ਪਤਾ ਲਗਦਾ ਹੈ ਲਿਖ ਦੇਂਦਾ ਹਾਂ, ਗੂੰਹ ਟੱਟੀ ਦਾ ਭਰਿਆ ਹੋਇਆ ਹੈ ਵਿਚੇ ਪੇਸ਼ਾਬ, ਮਿਝ, ਵੀਰਜ, ਮੈਨਸਸ (Menses) ਥੁੱਕਾਂ, ਉਲਟੀ, ਹੋਰ ਮੈਨੂੰ ਪਤਾ ਹੀ ਨਹੀਂ, ਹੋਰ ਕੋਈ ਗੰਦੀ ਚੀਜ਼ ਹੈ ਤਾਂ ਉਹ ਵੀ ਪਾ ਦਿਓ, ਉਹ ਵੀ ਘੱਟ ਹੈ, ਗੰਦੇ ਤੋਂ ਗੰਦੇ, ਗੰਦੇ ਤੋਂ ਗੰਦੇ ਤੋਂ ਗੰਦੇ ਤੋਂ ਗੰਦਾ। ਉੱਥੇ ਜਮਦੂਤਾ ਨੇ

ਸੁਟਣਾ ਹੈ, ਤੂੰ ਮਨਮੁਖ ਸੀ, ਅੰਮ੍ਰਿਤ ਨਹੀਂ ਛਕਿਆ, ਗੁਰੂ ਨਾਨਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਹੀਂ ਮੰਨਿਆ, ਵਾਹਿਗੁਰੂ ਸਿਮਰਨ ਨਹੀਂ ਕੀਤਾ, ਰਹਿਤ ਨਹੀਂ ਰੱਖੀ, ਕੁਰਹਿਤ ਕਰਦਾ ਰਿਹਾ, ਸ਼ਰਾਬ ਪੀਂਦਾ ਸੀ, ਨਸ਼ੇ ਕਰਦਾ ਸੀ, ਕੁੜੀਆਂ ਭੋਗਦਾ ਸੀ, ਰੋਮਾਂ/ਵਾਲਾਂ ਦੀ ਬੇਅਦਬੀ ਕਰਦਾ ਸੀ, ਰੱਬ ਨੂੰ ਕੀ ਫ਼ਰਕ ਪਿਆ ? ਇਹ ਖੂਹ ਵਿਚ ਡੁਬਕੀ ਲੁਆਏਗਾ, ਯਾਦ ਰੱਖੀਂ ! ਤੂੰ ਸਰੀਰ ਹੈਂ। ਸਰੀਰ ਦੀ ਹੋਂਦ ਹੀ ਕੋਈ ਨਹੀਂ, ਸਰੀਰ ਤੋਂ ਪਹਿਲਾਂ ਤੂੰ ਕੀ ਸੀ ? ਤੇਰੀ ਅਸਲੀਅਤ ਕੀ ਹੈ ? **ਮਰਣੁ ਲਿਖਾਇ ਮੰਡਲ ਮਹਿ ਆਏ ॥ ਮਨ ਤੂੰ ਜੋਤਿ ਸਰੂਪੁ ਹੈ ॥** ਤੂੰ ਲਿਪਸਟਿਕ ਲਾਉਂਦੀ ਸੀ, ਹਾਰ ਸ਼ਿੰਗਾਰ ਕਰਦੀ ਸੀ, ਤੈਨੂੰ ਇਕ ਗੋਤਾ ਹੀ ਕਾਫ਼ੀ ਹੈ ਉਸ ਖੂਹ ਦਾ, ਫਿਰ ਪੁੱਛੇਗਾ ਤੂੰ ਸੁਰਖੀ ਲਾਉਣ ਗਈ ਸੀ ? ਓਦੋਂ ਤੂੰ ਸਰੀਰ ਨਹੀਂ, ਤੈਨੂੰ ਸਾਰੀ ਸਮਝ ਆ ਜਾਣੀ ਹੈ, ਹਾਰ ਸ਼ਿੰਗਾਰ ਸਰੀਰ ਦਾ ਸੀ, ਆਤਮਾ ਦਾ ਨਹੀਂ ਸੀ, ਮੈਂ ਸਰੀਰ ਨਹੀਂ ਸੀ, ਉਹ ਤਾਂ ਇਕ ਇਮਤਿਹਾਨ ਸੀ। **ਕਹੁ ਕਬੀਰ ਤਬ ਹੀ ਨਰੁ ਜਾਗੈ ॥ ਜਮ ਕਾ ਡੰਡੁ ਮੂੰਡ ਮਹਿ ਲਾਗੈ ॥** ਤੇਰੀ ਹੁਣ ਮੋਹ ਦੀ ਨੀਂਦ ਖੁਲ੍ਹਣੀ ਹੈ। ਸਰੀਰ ਵਿਚੋਂ ਜਦੋਂ ਜੀਵਾਤਮਾ ਬਾਹਰ ਕੱਢ ਲਈ, ਤੂੰ ਹੈਰਾਨ ਹੋ ਜਾਣਾ। ਮੈਂ ਜੀਵਾਤਮਾ ਬਾਰੇ ਤਾਂ ਸੋਚਿਆ ਹੀ ਨਹੀਂ, ਸਰੀਰ ਬਾਰੇ ਹੀ ਸੋਚਦੀ ਰਹੀ, ਦਿਖਾ ਰੱਬ ਕਿੱਥੇ ਚੰਗਾ ਹੈ। ਆਪਣੇ ਬਣਾਏ ਜੀਵ ਨੂੰ ਕੀ ਸਜ਼ਾ ਦੇਂਦਾ ਹੈ ? ਤੂੰ ਨਾ ਛਕ ਅੰਮ੍ਰਿਤ, ਦੇਖ ਤੇਰਾ ਕੀ ਹਾਲ ਕਰਦਾ ਹੈ ? ਹੁਣ ਪੜ੍ਹ ਨਰਕਾਂ ਵਿਚ ਘੋਰ ਦੁੱਖਾਂ ਦਾ ਖੂਹ ਹੈ। ਨਰਕ ਘੋਰ ਦੁੱਖਾਂ ਦਾ ਖੂਹ ਹੈ, ਉੱਥੇ ਇਸ ਨਿੰਦਕ ਨੂੰ, ਮਨਮੁਖ ਨੂੰ, ਬੇਅੰਮ੍ਰਿਤੀਏ ਨੂੰ, ਦੇਹਧਾਰੀ ਗੁਰੂਆਂ ਨੂੰ ਫੜ ਕੇ ਲਿਜਾਇਆ ਜਾਂਦਾ ਹੈ। ਅਸਲੀ ਜ਼ਿੰਦਗੀ ਦਾ ਉੱਥੇ ਪਤਾ ਲਗਦਾ ਹੈ। ਉੱਥੇ ਤੇਰੀ ਕਿਸੇ ਨੇ ਕੂਕ-ਪੁਕਾਰ, ਅਰਦਾਸ-ਫ਼ਰਿਆਦ, ਬੇਨਤੀ ਨਹੀਂ ਸੁਣਨੀ। ਉੱਥੇ ਬਹੁਤ ਦੁਖੀ ਹੋ ਹੋ ਕੇ ਰੋਏਂਗਾ। ਮੈਂ ਅੱਜ ਵੀ ਕਹਿ ਰਿਹਾ ਤੇਰੇ ਵੱਡੇ ਵਡੇਰੇ ਇੱਥੇ ਹੀ ਹਨ, ਭਲਾ ਸੋਚ ਰਿਹਾਂ ਹਾਂ ਕਿ ਬੁਰਾ, ਤੂੰ ਅੱਜ ਵੀ ਉਹਨਾਂ ਨੂੰ ਬਚਾ ਸਕਦਾ ਹੈਂ, ਗੁਰੂਪੁਣਾ ਛੱਡ ਦੇਹ, ਅੰਮ੍ਰਿਤ ਛਕ ਕੇ ਅਰਦਾਸ ਕਰ, ਸੁਰਤੀ ਲਾ, ਉੱਥੇ ਪਹੁੰਚ, ਉੱਥੇ ਤੂੰ ਆਪ ਮੁਆਫ਼ੀ ਮੰਗ, ਵਡੇ ਵਡੇਰਿਆਂ ਨੂੰ ਵੇਖ ਆਪ ਮਿਲ, ਫਿਰ ਗੁਰੂ ਨਾਨਕ ਅੱਗੇ ਅਰਦਾਸ ਕਰੀਂ ਤਾਂ ਬਚਾਉ ਹੋਣਾ ਹੈ, ਤੂੰ ਆਪਣੀ ਦੁਕਾਨਦਾਰੀ ਬਣਾਈ ਬੈਠਾ ਹੈਂ।

**ਓਨਿ ਹਲਤੁ ਪਲਤੁ ਸਭੁ ਗਵਾਇਆ ਲਾਹਾ ਮੂਲੁ ਸਭੁ ਖੋਇਆ ॥**
**ਓਹੁ ਤੇਲੀ ਸੰਦਾ ਬਲਦੁ ਕਰਿ ਨਿਤ ਭਲਕੇ ਉਠਿ ਪ੍ਰਭਿ ਜੋਇਆ ॥**

*(ਪੰਨਾ ੩੦੯)*

ਇਹੋ ਜਿਹੇ ਮਨੁੱਖਾਂ ਨੇ ਹਲਤ ਪਲਤ ਦੋਵੇਂ ਗਵਾ ਲਏ, ਉਤੋਂ ਸੁਆਸਾਂ ਦੀ ਪੂੰਜੀ ਲੈ ਕੇ ਆਇਆ ਸੀ। ੨੪੦੦੦ ਇਕ ਦਿਨ ਦੀ ਸਾਰੀ ਗੁਆਚ

ਗਈ, ਮਨੁੱਖਾ ਜਨਮ ਮਿਲਿਆ ਸੀ, ਅਮੁੱਲਾ, ਉੱਤਮ, ਸਾਰੇ ਜੂਨਾਂ ਤੋਂ ਸ੍ਰੇਸ਼ਟ ਉਹ ਮੂਲ ਵੀ ਗਿਆ—੨੪੦੦੦×੩੦ days=੭੨੦੦੦੦×੧੨ months = ੮੬੪੦੦੦੦×੮੦ years=੬੯੧੨੦੦੦੦੦ ਕਰੋੜ ਦਾ ਘਾਟਾ ਪੈ ਗਿਆ। ਸੋਚ ਲੈ ਪ੍ਰਾਣੀ, ਤੂੰ ਕੀ ਕਰਨ ਆਇਆ ਸੀ। ਹਰ ਸੁਆਸ ਨਾਲ ਵਾਹਿਗੁਰੂ ਕਹਿਣਾ ਸੀ, ਇਹਨਾਂ ਲਾਭ ਹੋਣਾ ਸੀ, ਤੂੰ ਘਾਟਾ ਪਾ ਲਿਆ, ਤੈਨੂੰ ਕਿਸੇ ਨੇ ਸਮਝਾਇਆ ਹੀ ਨਹੀਂ, ਬੇਅਰਥ ਜਨਮ ਗੁਆ ਲਿਆ। ਕੀ ਫ਼ਾਇਦਾ ਹੋਇਆ, ਤੇਰਾ ਨਾਂ ਨਿਸ਼ਾਨ ਮਿਟ ਗਿਆ। ਨਿੰਦਕ ਨੇ, ਦੇਹਧਾਰੀ ਗੁਰੂ ਨੇ ਸਭ ਗਵਾ ਲਏ, ਉੱਥੇ ਤੇਲੀ ਦੇ ਬਲਦ ਦੀ ਤਰ੍ਹਾਂ ਨਿਤ ਰੋਜ਼ ਉਹ ਪ੍ਰਭੂ ਦੇ ਹੁਕਮ ਵਿਚ ਜੋਇਆ ਜਾਂਦਾ ਹੈ। ਅੱਗੇ ਜਾ ਕੇ ਦੇਖ ਤਾਂ ਸਹੀ ਇਥੇ ਹੀ ਭੌਂਕੀ ਜਾ ਰਿਹਾ ਹੈਂ।

**ਜਿਸੁ ਕ੍ਰਿਪਾ ਕਰੇ ਪ੍ਰਭੁ ਆਪਣੀ ਤਿਸੁ ਸਤਿਗੁਰ ਕੇ ਚਰਣ ਧੋਇਆ ॥**

*(ਪੰਨਾ ੩੦੯)*

ਜਿਸ ਤੇ ਵਾਹਿਗੁਰੂ, ਪਰਮਾਤਮਾ, ਰੱਬ ਕ੍ਰਿਪਾ ਕਰਦਾ ਹੈ, ਉਹ ਗੁਰੂ ਨਾਨਕ ਦੇ ਚਰਨ ਧੋਂਦਾ ਹੈ, ਤੂੰ ਗੁਰੂ ਸਰੀਕ ਬਣਿਆ ਬੈਠਾ ਹੈਂ। ਤੇਰਾ ਕਿੱਥੇ ਭਲਾ ਹੋਏਗਾ ? ਜ਼ਰਾ ਲੰਬੀ ਸੋਚ ਤਾਂ ਸੋਚ।

**ਗੁਰਮੁਖਿ ਜਿਤਾ ਮਨਮੁਖਿ ਹਾਰਿਆ ॥੧੭॥** *(ਪੰਨਾ ੩੧੦)*

ਅੰਮ੍ਰਿਤਧਾਰੀ ਗੁਰਮੁਖਿ ਜਿਤ ਗਿਆ, ਸਚਖੰਡਿ ਗਿਆ। ਮਨਮੁਖਿ ਬੇਅੰਮ੍ਰਿਤੀਆ ਹਾਰ ਗਿਆ, ਨਰਕਾਂ ਵਿਚ ਗਿਆ।

**ਗੁਰ ਸਤਿਗੁਰ ਕੈ ਮਨਿ ਪਾਰਬ੍ਰਹਮੁ ਹੈ, ਪਾਰਬ੍ਰਹਮੁ ਛਡਾਈ ॥**

*(ਪੰਨਾ ੩੧੦)*

ਗੁਰੂ ਨਾਨਕ ਦੇ ਮਨ ਵਿਚ ਵਾਹਿਗੁਰੂ ਵੱਸਦਾ ਹੈ, ਵਾਹਿਗੁਰੂ ਧਰਮਰਾਜ ਤੋਂ ਛੁਡਾ ਲੈਂਦਾ ਹੈ। ਧਰਮਰਾਜ ਨੌਕਰ ਹੈ ਰੱਬ ਦਾ। ਤੇਰੇ ਗੁਰੂ ਵਿਚ ਇਹ ਤਾਕਤ ਹੈ, ਹੈ ਤਾਂ ਦੱਸ ਹੈ ਅੰਦਰ ਵਾਹਿਗੁਰੂ ਕਿ ਮਾਇਆ, ਕਿ ਸਰਕਾਰੀ ਖਾਤਾ।

**ਗੁਰ ਸਤਿਗੁਰ ਤਾਣੁ ਦੀਬਾਣੁ ਹਰਿ, ਤਿਨਿ ਸਭ ਆਣਿ ਨਿਵਾਈ ॥**

*(ਪੰਨਾ ੩੧੦)*

ਵਾਹਿਗੁਰੂ ਹੀ ਗੁਰੂ ਨਾਨਕ ਦਾ ਬਲ ਤੇ ਆਸਰਾ ਹੈ, ਉਸ ਵਾਹਿਗੁਰੂ ਨੇ ਹੀ ਸਾਰੇ ਜੀਵ ਗੁਰੂ ਨਾਨਕ ਅੱਗੇ ਲਿਆ ਨਿਵਾਏ ਹਨ।

**ਅਉਗਣੀ ਭਰਿਆ ਸਰੀਰੁ ਹੈ ਕਿਉ ਸੰਤਹੁ ਨਿਰਮਲੁ ਹੋਇ ॥**

*(ਪੰਨਾ ੩੧੧)*

ਸਰੀਰ ਤਾਂ ਵਿਕਾਰਾਂ ਦਾ ਭਰਿਆ ਹੋਇਆ ਹੈ ਫਿਰ ਗੁਰੂ ਕਿਵੇਂ ਹੋ

ਗਿਆ ? ਗੁਰੂ ਸਰੀਰ ਨਹੀਂ ਹੁੰਦਾ, ਪੰਜ-ਭੂਤਕ ਨਹੀਂ ਹੁੰਦਾ, ਤੂੰ ਕਿਤੇ ਲਿਖਿਆ ਦਿਖਾ ਦੇ ਬਾਣੀ ਵਿਚ ਕਿ ਗੁਰੂ ਨਾਨਕ ਸਰੀਰ ਸੀ ਤੇ ਪੰਜ ਭੂਤਕ ਸੀ, ਜਿੱਥੇ ਦੇਖੇਗਾ, ਉੱਥੇ ਹੀ ਲਿਖਿਆ, ਗੁਰੂ ਨਿਰੰਕਾਰ, ਗੁਰੂ ਅਗੰਮ, ਗੁਰੂ ਅਗੋਚਰ, ਗੁਰ ਨਿਰਮਲਾ, ਗੁਰ ਕਰਤਾ, ਗੁਰ ਕਰਨਹਾਰ, ਗੁਰ ਕਰਨ ਜੋਗ, ਗੁਰੂ ਤੀਰਥ, ਗੁਰੂ ਪਾਰਜਾਤ, ਗੁਰੂ ਸਮਰੱਥ, ਗੁਰੂ ਨਿਰੰਜਨ, ਗੁਰ ਮਨਸਾ ਪੂਰਨਹਾਰ, ਗੁਰ ਪਰਮੇਸਰ, ਗੁਰ ਪਾਰਬ੍ਰਹਮ ਤੇਰੇ ਗੁਰੂ ਵਿਚ ਹਨ ਇਹ ਦੈਵੀ ਗੁਣ, ਫਿਰ ਮਿਲਾ, ਗੱਲ ਕਰਾ। "ਸਤਿਗੁਰ ਨਾਨਕ ਦੇਉ ਹੈ ਪਰਮੇਸਰੁ ਸੋਈ।"

**ਗੁਰ ਵੇਖਣ ਕਉ ਸਭੁ ਕੋਈ ਲੋਚੈ ਨਵ ਖੰਡ ਜਗਤਿ ਨਮਸਕਾਰਿਆ ॥**
**ਤੁਧੁ ਆਪੇ ਆਪੁ ਰਖਿਆ ਸਤਿਗੁਰ ਵਿਚਿ, ਗੁਰੁ ਆਪੇ ਤੁਧੁ ਸਵਾਰਿਆ ॥**
**ਤੂ ਆਪੇ ਪੂਜਹਿ ਪੂਜ ਕਰਾਵਹਿ ਸਤਿਗੁਰ ਕਉ ਸਿਰਜਣਹਾਰਿਆ ॥**

*(ਪੰਨਾ ੩੧੧)*

ਇੰਨੇ ਗੁਣ ਹੋਣ ਕਰਕੇ, ਇਹ ਬਰਕਤਾਂ ਸੁਣ ਕੇ, ਹਰੇਕ ਜੀਵ ਗੁਰੂ ਨਾਨਕ ਦਾ ਦਰਸ਼ਨ ਕਰਨ ਨੂੰ ਤਾਂਘਦਾ ਹੈ ਤੇ ਸੰਸਾਰ ਦੇ ਨਵਾਂ ਖੰਡਾਂ ਦੇ ਜੀਵ ਗੁਰੂ ਨਾਨਕ ਅੱਗੇ ਸਿਰ ਨਿਵਾਂਦੇ ਹਨ। ਤੂੰ ਆਪ ਹੀ ਵਾਹਿਗੁਰੂ! ਗੁਰੂ ਨਾਨਕ ਹੈਂ, ਤੂੰ ਆਪ ਹੀ ਗੁਰੂ ਨਾਨਕ ਵਿਚ ਬੈਠਾ ਹੈਂ, ਤੂੰ ਆਪ ਹੀ ਗੁਰੂ ਨਾਨਕ ਨੂੰ ਸੁੰਦਰ ਸੋਹਣਾ ਬਣਾਇਆ ਹੈ। ਤੂੰ ਆਪ ਹੀ ਗੁਰੂ ਨਾਨਕ ਨੂੰ ਵਡਿਆਈ ਦੇਂਦਾ ਹੈਂ ਤੇ ਆਪ ਹੀ ਹੋਰਨਾਂ ਪਾਸੋਂ ਗੁਰੂ ਨਾਨਕ ਦੀ ਵਡਿਆਈ ਕਰਾਉਂਦਾ ਹੈਂ।

**ਕੋਈ ਵਿਛੁੜਿ ਜਾਇ ਸਤਿਗੁਰੂ ਪਾਸਹੁ ਤਿਸੁ ਕਾਲਾ ਮੁਹ ਜਮਿ ਮਾਰਿਆ ॥**
**ਤਿਸੁ ਅਗੈ ਪਿਛੈ ਢੋਈ ਨਾਹੀ ਗੁਰਸਿਖੀ ਮਨਿ ਵੀਚਾਰਿਆ ॥**

*(ਪੰਨਾ ੩੧੨)*

ਜੇਹੜੇ ਮਨੁੱਖਾ ਜਨਮ ਹਾਸਲ ਕਰਕੇ ਗੁਰੂ ਨਾਨਕ ਤੋਂ ਵਿਛੁੜ ਗਏ, ਅੰਮ੍ਰਿਤ ਨਹੀਂ ਛਕਿਆ, ਰਹਿਤ ਨਹੀਂ ਰੱਖੀ, ਉਸ ਦਾ ਮੂੰਹ ਜਮ ਕਾਲਾ ਕਰ ਦਿੰਦਾ ਹੈ ਤੇ ਓਹ ਮਾਰ ਮਾਰਦਾ ਹੈ, ਦੇਖੇਂਗਾ ਯਾਦ ਕਰੇਂਗਾ ਗੁਰੂ ਨਾਨਕ ਨੂੰ। ਇਥੇ ਹੀ ਅੰਮ੍ਰਿਤ ਛਕ ਲੈ। ਉਸ ਨੂੰ ਨਾ ਇਸ ਲੋਕ ਵਿਚ ਤੇ ਨਾ ਹੀ ਪਰਲੋਕ ਵਿਚ ਕਿਤੇ ਵੀ ਆਸਰਾ ਨਹੀਂ ਮਿਲਦਾ, ਸਚਖੰਡਿ ਬਹਿਣ ਨੂੰ ਨਹੀਂ ਮਿਲਦਾ।

**ਸਤਿਗੁਰੁ ਪੁਰਖੁ ਅਗੰਮੁ ਹੈ ਜਿਸੁ ਅੰਦਰਿ ਹਰਿ ਉਰਿ ਧਾਰਿਆ ॥**
**ਸਤਿਗੁਰੂ ਨੋ ਅਪੜਿ ਕੋਇ ਨਾ ਸਕਈ ਜਿਸੁ ਵਲਿ ਸਿਰਜਣਹਾਰਿਆ ॥...**
**ਸਤਿਗੁਰੂ ਕਾ ਰਖਣਹਾਰਾ ਹਰਿ ਆਪਿ ਹੈ ਸਤਿਗੁਰੂ ਕੈ ਪਿਛੈ ਹਰਿ ਸਭਿ ਉਬਾਰਿਆ ॥** *(ਪੰਨਾ ੩੧੨)*

ਗੁਰੂ ਨਾਨਕ, ਅਕਾਲ ਪੁਰਖ ਅਗੰਮ ਹੈ, ਅਪਹੁੰਚ ਹੈ, ਉਸ ਦੇ ਹਿਰਦੇ

ਵਿਚ ਆਪ ਵਾਹਿਗੁਰੂ ਵੱਸਦਾ ਹੈ। ਗੁਰੂ ਨਾਨਕ ਦੀ ਬਰਾਬਰੀ ਕੋਈ ਨਹੀਂ ਕਰ ਸਕਦਾ, ਕਿਉਂਕਿ ਵਾਹਿਗੁਰੂ ਗੁਰੂ ਦਾ ਪੱਖ ਪੂਰਦਾ ਹੈ। ਗੁਰੂ ਨਾਨਕ ਦਾ ਰਖਣਹਾਰਾ ਆਪ ਵਾਹਿਗੁਰੂ ਹੈ, ਗੁਰੂ ਨਾਨਕ ਦੇ ਪੂਰਨਿਆਂ ਤੇ ਤੁਰਨ ਵਾਲੇ ਨੂੰ ਰੱਬ ਬਚਾ ਲੈਂਦਾ ਹੈ।

**ਜੋ ਮੰਦਾ ਚਿਤਵੈ ਪੂਰੇ ਸਤਿਗੁਰੂ ਕਾ ਸੋ ਆਪਿ ਉਪਾਵਣਹਾਰੈ ਮਾਰਿਆ ॥**
**ਏਹ ਗਲ ਹੋਵੈ ਹਰਿ ਦਰਗਹ ਸਚੇ ਕੀ ਜਨ ਨਾਨਕ ਅਗਮੁ ਵੀਚਾਰਿਆ ॥** *(ਪੰਨਾ ੩੧੨)*

ਜੋ ਮਨੁੱਖ ਪੂਰੇ ਗੁਰੂ ਨਾਨਕ ਦਾ ਬੁਰਾ ਲੋਚਦਾ ਹੈ, ਉਸ ਨੂੰ ਆਪ ਕਰਤਾਰ ਮਾਰਦਾ ਹੈ। ਸੱਚੇ ਪਰਮਾਤਮਾ ਦੀ ਦਰਗਾਹ ਵਿਚ ਇਹ ਨਿਆਂ ਹੁੰਦਾ ਹੈ, ਹੇ ਨਾਨਕ ! ਅਗੰਮ ਅਪਹੁੰਚ ਵਾਹਿਗੂਰੂ ਦਾ ਸਿਮਰਨ ਕੀਤਿਆਂ ਇਹ ਸਮਝ ਪੈਂਦੀ ਹੈ।

**ਮਨਮੁਖ ਪ੍ਰਾਣੀ ਮੁਗਧੁ ਹੈ ਨਾਮਹੀਣ ਭਰਮਾਇ ॥**
**ਬਿਨੁ ਗੁਰ ਮਨੂਆ ਨਾ ਟਿਕੈ ਫਿਰਿ ਫਿਰਿ ਜੂਨੀ ਪਾਇ ॥**

*(ਪੰਨਾ ੩੧੩)*

ਜਿਹਨੇ ਅੰਮ੍ਰਿਤ ਨਹੀਂ ਛਕਿਆ ਉਹ ਬੰਦਾ ਮੂਰਖ ਹੈ, ਵਾਹਿਗੁਰੂ ਨਾਮ ਤੋਂ ਬਿਨਾਂ ਇਥੇ ਵੀ ਭਟਕਦਾ ਫਿਰਦਾ ਹੈ ਅੱਗੇ ਵੀ ਗੁਰੂ ਨਾਨਕ ਦੀ ਮੇਹਰ ਤੋਂ ਬਗ਼ੈਰ ਉਸ ਦਾ ਹੋਛਾ ਮਨ ਟਿਕ ਨਹੀਂ ਸਕਦਾ, ਇਸ ਕਰਕੇ ਫਿਰ ਫਿਰ ਜੂਨਾਂ ਵਿਚ ਪੈ ਜਾਂਦਾ ਹੈ। ਦੇਹਧਾਰੀ ਗੁਰੂਆਂ ਨੇ ਕਿਹੜਾ ਅੰਮ੍ਰਿਤ ਛਕਿਆ ਹੈ ? ਕਿਵੇਂ ਤਰਣਗੇ ? ਰੱਬ ਹੀ ਗੁਰੂ ਨਾਨਕ ਹੈ, ਗੁਰੂ ਨਾਨਕ ਹੀ ਰੱਬ ਹੈ। ਕਿਹੜੇ ਰੱਬ ਕੋਲ ਜਾਣਗੇ ? ਕੋਈ ਵੱਖਰਾ ਧਰਮਰਾਜ ਵਰਗਾ ਰੱਬ ਹੋਣਾ, ਉੱਥੇ ਤਾਂ ਇਹ ਹੈ ਹੀ ਹਨ।

**ਵਿਸਟੁ ਗੁਰੂ ਮੈ ਪਾਇਆ ਜਿਨਿ ਹਰਿ ਪ੍ਰਭਿ ਜਿਤਾ ਜੋੜਿ ॥੧॥**

*(ਪੰਨਾ ੩੧੩)*

ਰੱਬ ਦਾ ਵਿਚੋਲਾ ਗੁਰੂ ਨਾਨਕ ਮੈਨੂੰ ਅੰਮ੍ਰਿਤ ਛਕਣ ਲੱਗਿਆਂ ਮਿਲ ਗਿਆ। ਉਸਨੇ ਸੁਰਤੀ ਲੁਆ ਕੇ ਰੱਬ ਨਾਲ ਜੋੜ ਦਿੱਤਾ ਹੈ।

**ਸਤਿਗੁਰ ਕਾ ਮਹਲੁ ਵਿਰਲਾ ਜਾਣੈ ਸਦਾ ਰਹੈ ਕਰ ਜੋੜਿ ॥**
**ਆਪਣੀ ਕ੍ਰਿਪਾ ਕਰੇ ਹਰਿ ਮੇਰਾ ਨਾਨਕ ਲਏ ਬਹੋੜਿ ॥੨॥**

*(ਪੰਨਾ ੩੧੪)*

ਗੁਰੂ ਨਾਨਕ ਦਾ ਮਹਲ, ਘਰ—ਗੁਰੂ ਨਾਨਕ ਦਾ ਸਚਖੰਡਿ, ਕਿਸੇ ਵਿਰਲੇ ਅੰਮ੍ਰਿਤਧਾਰੀ ਨੂੰ ਸਾਰ ਆਉਂਦੀ ਹੈ, ਜੋ ਸਦਾ ਹੱਥ ਜੋੜੀ ਬੇਨਤੀਆਂ ਕਰਦਾ

ਰਹੇ। ਗੁਰੂ ਸਾਹਿਬ ਜੀ! ਮੈਂ ਸਚਖੰਡਿ ਜਾਣਾ ਹੀ ਜਾਣਾ ਹੈ, ਤੁਸੀਂ ਮੈਨੂੰ ਮਨੁੱਖਾ ਜਨਮ ਦਿੱਤਾ ਹੈ। ਕਿਉਂ ਦਿੱਤਾ ਹੈ? ਕੀ ਕਰਨ ਨੂੰ ਦਿੱਤਾ ਹੈ? ਮੈਂ ਕਿੱਥੋਂ ਆਇਆ ਹਾਂ? ਕਿੱਥੇ ਜਾਣਾ ਹੈ? ਮੇਰੀ ਅਸਲੀਅਤ ਕੀ ਹੈ? ਤੁਹਾਡੀ ਬਖ਼ਸ਼ਿਸ਼ ਤੋਂ ਬਗ਼ੈਰ ਜਾ ਵੀ ਨਹੀਂ ਸਕਦਾ, ਕਿਉਂਕਿ ਤੇਰਾ ਘਰ ਹੈ, ਤੇਰਾ ਮਹਲ ਹੈ, ਤੇਰਾ ਟਿਕਾਣਾ ਹੈ, ਅਸੀਂ ਉਸਨੂੰ ਸਚਖੰਡਿ ਕਹਿ ਕੇ ਬੁਲਾਉਂਦੇ ਹਾਂ, ਉਹ ਜਗ੍ਹਾ, ਜੋ ਸੱਚੀ ਹੈ ਕਦੀ ਵੀ ਟੁੱਟਣੀ ਨਹੀਂ, ਵਿਨਾਸ਼ ਨਹੀਂ ਹੋਣੀ, ਤੇ ਮੈਂ ਤੇਰਾ ਕੂਕਰ, ਅਕ੍ਰਿਤਘਣ, ਵਿਕਾਰੀ ਕਪੁੱਤਰ, ਮਾਇਆਧਾਰੀ ਅੰਨ੍ਹਾ ਬੋਲਾ, ਮੈਂ ਸਚਖੰਡਿ ਜਾਣਾ ਹੀ ਜਾਣਾ ਹੈ, ਅਰਦਾਸਾਂ ਕਰੀ ਚਲੋ, ਸਿਮਰਨ ਵਧਾਈ ਜਾਓ, ਜਦੋਂ ੮ ਘੰਟੇ ਸੁਰਤੀ ਲਗਣੀ ਸ਼ੁਰੂ ਹੋ ਜਾਏਗੀ, ਜਦੋਂ ਆਪਣੇ ਆਪ ਅੰਦਰੋਂ ਵਾਹਿਗੁਰੂ ਸੁਣਨ ਲੱਗ ਪਏਗਾ, ਵੈਰਾਗ ਆਏਗਾ, ਬਹੁਤ ਵੈਰਾਗ ਆਏਗਾ, ਸਰੀਰ ਸੁੰਨ ਹੋਏਗਾ, ਹੁਣ ਪ੍ਰਕਾਸ਼ ਹੋਏਗਾ, ਫਿਰ ਦਰਸ਼ਨ ਹੋਣਗੇ, ਸਰੀਰ ਤੋਂ ਨਿਰਮੋਹ ਹੋ ਜਾਓਗੇ, ਹੁਣ ਫਿਰ ਅਰਦਾਸ ਕਰਨੀ ਗੁਰੂ ਸਾਹਿਬ ਜੀ! ਮੈਂ ਸਚਖੰਡਿ ਜਾਣਾ ਹੈ, ਜਾਣਾ ਹੀ ਜਾਣਾ, ਉਸ ਤੋਂ ਬਗ਼ੈਰ ਦੱਸ! ਮੈਂ ਕਿਸ ਕੰਮ ਦਾ ਹਾਂ? ਗੁਰੂ ਸਾਹਿਬ ਜੀ ਕ੍ਰਿਪਾ ਕਰੋ, ਕ੍ਰਿਪਾ ਕਰੋ, ਜਲਦੀ ਕਰੋ, ਸਮਾਂ ਬੀਤ ਦਾ ਜਾ ਰਿਹੈ।

**ਜਿਨਿ ਗੁਰੁ ਗੋਪਿਆ ਆਪਣਾ ਤਿਸੁ ਠਉਰ ਨ ਠਾਉ॥**
**ਹਲਤੁ ਪਲਤੁ ਦੋਵੈ ਗਏ ਦਰਗਹ ਨਾਹੀ ਥਾਉ॥** *(ਪੰਨਾ ੩੧੪)*

ਜਿਹਨਾਂ ਨੇ ਗੁਰੂ ਨਾਨਕ ਦੀ ਨਿੰਦਾ ਕੀਤੀ ਹੈ ਉਹਨਾਂ ਨੂੰ ਕੋਈ ਟਿਕਾਓ ਨਹੀਂ ਮਿਲਦਾ। ਹਲਤ ਪਲਤ ਦੋਵੇਂ ਗਏ, ਸਚਖੰਡਿ ਬਹਿਣ ਨੂੰ ਜਗ੍ਹਾ ਹੀ ਨਹੀਂ ਮਿਲਦੀ। ਧਰਮਰਾਜ ਬਿਠਾਏਗਾ ਕੋਲ ਜਮਦੂਤ ਦੇ ਨੇੜੇ, ਉਸ ਖੂਹ ਦੇ ਵਿਚ।

**ਓਹ ਵੇਲਾ ਹਥਿ ਨ ਆਵਈ ਫਿਰਿ ਸਤਿਗੁਰ ਲਗਹਿ ਪਾਇ॥**
**ਸਤਿਗੁਰ ਕੀ ਗਣਤੈ ਘੁਸੀਐ ਦੂਖੇ ਦੂਖਿ ਵਿਹਾਇ॥**
*(ਪੰਨਾ ੩੧੪)*

ਅਜਿਹੇ ਮਨਮੁਖਾਂ, ਬੇਅੰਮ੍ਰਿਤੀਆਂ ਨੂੰ ਫਿਰ ਮੌਕਾ ਨਹੀਂ ਮਿਲਦਾ ਕਿ ਗੁਰੂ ਨਾਨਕ ਦੀ ਚਰਨੀਂ ਲੱਗ ਸਕਣ, ਅੰਮ੍ਰਿਤ ਛਕ ਛਕਣ, ਹੁਣ ਮਨੁੱਖਾ ਜਨਮ ਨਹੀਂ ਮਿਲਣਾ, ਮਾਰਿਆ ਗਿਆ। ਗੁਰੂ ਨਾਨਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਿੰਦਾ ਕਰਨ ਵਿਚ ਇਕ ਵਾਰੀ ਜੇ ਖੁੰਝ ਜਾਈਏ ਤਾਂ ਨਿਰੋਲ ਦੁੱਖਾਂ ਵਿਚ ਹੀ ਅਰਬਾਂ ਸਾਲ ਬੀਤਦੇ ਹਨ। ਰੋਂਦੀ ੪੦-੫੦ ਸਾਲ ਨੂੰ।

**ਅੰਨਾ ਬੋਲਾ ਖੁਇ ਉਝੜਿ ਪਾਇ॥**
**ਮਨਮੁਖੁ ਅੰਧਾ ਆਵੈ ਜਾਇ॥** *(ਪੰਨਾ ੩੧੪)*

ਅੰਮ੍ਰਿਤ ਛਕਣ ਤੋਂ ਬਗ਼ੈਰ ਅੰਨ੍ਹਾ ਬੋਲਾ ਖੁੰਝ ਕੇ ਅੰਨ੍ਹਾ ਮਨਮੁਖ ਕੁਰਾਹੇ

ਪਿਆ ਰਹਿੰਦਾ ਹੈ, ਨਿਤ ਜੰਮਦਾ ਮਰਦਾ ਹੈ।

**ਬਿਨੁ ਸਤਿਗੁਰ ਭੇਟੇ ਥਾਇ ਨ ਪਾਇ॥**
**ਨਾਨਕ ਪੂਰਬਿ ਲਿਖਿਆ ਕਮਾਇ॥੨॥** *(ਪੰਨਾ ੩੧੪)*

ਗੁਰੂ ਨਾਨਕ ਦੀ ਛੋਹ ਪ੍ਰਾਪਤ ਕਰਨ ਤੋਂ ਬ਼ਗੈਰ, ਅੰਮ੍ਰਿਤ ਛਕਣ ਤੋਂ ਬ਼ਗੈਰ ਸਚਖੰਡਿ ਜਗ੍ਹਾ ਨਹੀਂ ਮਿਲਣੀ। ਪਿਛਲੇ ਮੰਦੇ ਸੰਸਕਾਰਾਂ ਅਨੁਸਾਰ ਹੁਣ ਮੰਦੇ ਕੰਮ ਹੀ ਕਰੀ ਜਾਂਦਾ ਹੈ। ਅੰਮ੍ਰਿਤ ਨਹੀਂ ਛਕਦਾ, ਇਨਸਾਨੀਅਤ ਨਹੀਂ ਧਾਰਦਾ।

**ਮਹਾ ਪੁਰਖਾਂ ਕੀ ਨਿੰਦਾ ਕਾ ਵੇਖੁ ਜਿ ਤਪੇ ਨੋ ਫਲੁ ਲਗਾ,**
**ਸਭੁ ਗਇਆ ਤਪੇ ਕਾ ਘਾਲਿਆ॥** *(ਪੰਨਾ ੩੧੫)*

ਵੇਖੋ! ਗੁਰੂ ਨਾਨਕ ਮਹਾਂਪੁਰਖਾਂ ਦੀ ਨਿੰਦਿਆ ਕਰਨ ਦਾ ਇਸ ਤਪੇ ਨੂੰ ਇਹ ਫਲ ਮਿਲਿਆ ਇਸ ਦੀ ਸਾਰੀ ਘਾਲ ਨਿਸਫਲ ਗਈ ਹੈ। ਕੋਈ ਫ਼ਾਇਦਾ ਨਾ ਹੋਇਆ।

**ਧਰਮ ਰਾਇ ਜਮਕੰਕਰਾ ਨੋ ਆਖਿ ਛਡਿਆ,**
**ਏਸ ਤਪੇ ਨੋ ਤਿਥੈ ਪਾਇਹੁ, ਜਿਥੈ ਮਹਾ ਮਹਾਂ ਹਤਿ ਆਰਿਆ॥**
**ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ,**
**ਏਹੁ ਸਤਿਗੁਰਿ ਹੈ ਫਿਟਕਾਰਿਆ॥** *(ਪੰਨਾ ੩੧੬)*

ਧਰਮਰਾਇ ਨੇ ਆਪਣੇ ਜਮਦੂਤਾਂ ਨੂੰ ਕਿਉਂ ਤੇ ਕਿਵੇਂ ਹੁਕਮ ਦੇ ਛੱਡਿਆ, ਮੁਆਫ਼ ਕਰ ਦੇਂਦਾ, ਧਿਆਨ ਨਾਲ ਦੇਖੋ ਤੇ ਸੋਚੋ, ਤੁਸੀਂ ਫ਼ੋਟੋ ਬਣਾ ਦਿੱਤੀ, ਗੁਰੂ ਨਾਨਕ ਦੀ, ਦੋ ਮਾਲਾਂ ਪੱਗ ਤੇ ਪਾ ਦਿੱਤੀਆਂ, ੩ ਮਾਲਾਂ ਗਲ ਵਿਚ ਪਾ ਦਿੱਤੀਆਂ, ਦੋ ਬਾਹਾਂ ਵਿਚ ਪਾ ਦਿੱਤੀਆਂ, ਇਕ ਹੱਥ ਵਿਚ ਫੜਾ ਦਿੱਤੀ, ਚੋਲਾ ਪੁਆ ਦਿੱਤਾ, ਫ਼ਕੀਰ ਨੂੰ ਭੋਲਾ-ਭਾਲਾ ਜਿਵੇਂ ਕੁਛ ਜਾਣਦਾ ਹੀ ਨਹੀਂ ਬਾਬਾ, ਸਰੀਫ਼ਾਂ ਦਾ ਸ਼ਰੀਫ ਆਪਣੇ ਬਰਖ਼ਿਲਾਫ਼ ਕੋਈ ਗੱਲ ਸੁਣਨ ਨੂੰ ਤਿਆਰ ਨਹੀਂ, ਰਾਜਿਆਂ ਦਾ ਰਾਜਾ, ਮਹਾਰਾਜਿਆਂ ਦਾ ਮਹਾਰਾਜਾ ਆਪਣੀ ਗੱਲ ਮਨਾਉਂਦਾ ਹੈ ਕਿਸੇ ਦੀ ਨਹੀਂ ਮੰਨਦਾ, ਸਿਰਫ਼ ਆਪਣਾ ਹੁਕਮ ਚਲਾਉਂਦਾ ਹੈ ਤੇ ਕਹਿੰਦਾ ਹੈ, ਮੰਨੋ, ਨਹੀਂ ਤਾਂ ਧਰਮਰਾਜ ਹੈ ਤੁਹਾਨੂੰ ਮਿਲਣ ਲਈ ੬ ਅਰਬ ਦੁਨੀਆਂ ਹੈ ਤਾਂ ੩੬ ਅਰਬ ਜਮਦੂਤ ਹਨ। ਸਾਨੂੰ ਕਹਿੰਦਾ ਵਧੀਕੀ ਨੂੰ ਜਰੋ, ਆਪ ਨਹੀਂ ਜਰਦਾ, ਮਾਰ ਮਾਰ ਉਡਾ ਦਿੰਦਾ ਹੈ, ਤਪੇ ਨੇ ਬੇਇੱਜ਼ਤੀ ਕੀਤੀ ਸੀ, ਗੁਰੂ ਪਾਤਿਸ਼ਾਹ ਦੀ, ਪੜ੍ਹੋ ਧਿਆਨ ਨਾਲ ਘਸੀਟ ਘਸੀਟ ਕੇ ਮਰਵਾ ਦਿੱਤਾ ਸੀ, ਤੁਹਾਡੇ ਭੋਲੇ-ਭਾਲੇ ਚੋਲੇ ਤੇ ਮਾਲਾਂ ਵਾਲੇ ਸਾਦੇ ਜਿਹੇ ਫ਼ਕੀਰ ਨੇ,

ਅਜੇ ਨਹੀਂ ਛਡਿਆ, ਧਰਮਰਾਇ ਦਾ ਹੁਕਮਨਾਮਾ ਪੜ੍ਹ ਲਓ। ਧਰਮਰਾਜ ਨੇ ਆਪਣੇ ਜਮਦੂਤਾਂ ਨੂੰ ਆਖ ਦਿੱਤਾ ਹੈ ਕਿ ਇਸ ਤਪੇ ਨੂੰ ਉੱਥੇ ਲਿਜਾ ਕੇ ਮਾਰਿਓ ਜਿਥੇ ਵੱਡੇ ਤੋਂ ਵੱਡੇ ਪਾਪੀ ਮਹਾਂ ਹਤਿਆਰੇ ਪਾਈਦੇ ਹਨ। ਨਰਕਾਂ ਵਿਚ ਵੀ ਖ਼ਾਸ ਜਗ੍ਹਾ ਹਨ, ਕਿਹਨੂੰ ਕਿੱਥੇ ਮਾਰਨਾ ਹੈ ਤੇ ਕਿਹਨੂੰ ਕਿੱਥੇ ? ਸੁਰਤੀ ਲਾ ਕੇ ਧਰਮਰਾਜ ਦੀ ਕਚਹਿਰੀ ਤਾਂ ਦੇਖ, ਉੱਥੇ ਤਪਾ ਵੀ ਦੇਖੀਂ, ਮੀਰ ਮੰਨੂ ਵੀ ਦੇਖੀਂ ਤੇ ਸਾਰੇ P.M. ਵੀ ਦੇਖੀਂ, ਜ਼ੈਲ ਸਿੰਘ ਦੇਖੀਂ–ਆਪਣੇ ਗੁਰੂ ਨੂੰ ਵੀ ਦੇਖ ਲਈਂ, VIP ਰੂਮ ਵਿਚ ਹੋਏਗਾ, ਤਪਾ ਵੀ VIP ਰੂਮ ਵਿਚ ਹੈ, ਇਥੇ ਚਾਰ ਦਿਨਾਂ ਦੀ ਐਸ਼ ਨੇ ਅਸਲੀ ਜੀਵਨ ਹੀ ਭੁਲਾ ਦਿੱਤਾ, ਇਹੀ ਉਸ ਦੀ ਖੇਡ ਹੈ। ਰੱਬ ਜੀ, ਮੈਂ ਤੈਨੂੰ ਭੁਲਾਉਣ ਦੀ ਕੋਸ਼ਿਸ਼ ਕਰਾਂਗਾ, ਤੂੰ ਨਹੀਂ ਭੁੱਲਣਾ, ਗੁਰੂ ਨਾਨਕ ਦੇ ਚਰਨ ਫੜੀ ਰੱਖੀਂ। ਇਸ ਤਪੇ ਦੇ ਕੋਈ ਮੂੰਹ ਨ ਲਗਿਓ, ਇਹ ਗੁਰੂ ਨਾਨਕ ਦਾ ਫਿਟਕਾਰਿਆ ਹੋਇਆ ਹੈ। ਦੇਖਿਆ ਹੁਕਮ ਬਾਬੇ ਦਾ।

**ਹਰਿ ਕੈ ਦਰਿ ਵਰਤਿਆ, ਸੁ ਨਾਨਕਿ ਆਖਿ ਸੁਣਾਇਆ ॥**
**ਸੋ ਬੂਝੈ ਜੁ ਦਯਿ ਸਵਾਰਿਆ ॥੧॥** *(ਪੰਨਾ ੩੧੬)*

ਵਾਹਿਗੁਰੂ ਦੇ ਦਰਬਾਰ ਵਿਚ ਗੱਲ ਜੋ ਵਾਪਰੀ ਸੋ ਨਾਨਕ ਨੇ ਆਖ ਸੁਣਾਈ। ਨਾਨਕ ਨੂੰ ਵਾਹਿਗੁਰੂ ਦੇ ਦਰਬਾਰ ਦੀ ਹਰ ਗੱਲ ਕਿਵੇਂ ਪਤਾ ਹੈ ? ਉੱਥੇ ਆਪ ਹੀ ਤਾਂ ਬੈਠਾ ਹੈ, ਤੇਰਾ ਗੁਰੂ ਉੱਥੇ ਬੈਠਾ ਹੈ ? ਦੇਖ ਜ਼ਰਾ।

**ਨਿੰਦਕਾਂ ਪਾਸਹੁ ਹਰਿ ਲੇਖਾ ਮੰਗਸੀ, ਬਹੁ ਦੇਇ ਸਜਾਈ ॥**
*(ਪੰਨਾ ੩੧੬)*

ਨਿੰਦਕ ਤਾਂ ਸਾਰੇ ਹੀ ਹਨ, ਸਾਰੇ ਝੂਠੇ, ਸੱਚੇ ਦੀ ਨਿੰਦਾ ਕਰਦੇ ਹੀ ਹਨ। Every Hindu Anti Sikh ਸਾਰੇ ਦੇਹਧਾਰੀ ਗੁਰੂ ਬਾਬੇ ਨਾਨਕ ਦੇ ਨਿੰਦਕ, ਇਹ ਝੂਠ ਦੀਆਂ ਦੁਕਾਨਾਂ, ਉਹ ਰੱਬ ਦਾ ਘਰ, ਝੂਠ ਮਾਰ ਕੇ ਹੀ ਚਲਣਗੀਆਂ, ਦੇਖੋ, ਬਾਬਾ ਕਹਿੰਦਾ ਹੈ, ਵਾਹਿਗੁਰੂ ਸਿਮਰਨ ਕਰਨਾ ਹੈ। ਕੀ ਕੋਈ ਦੇਹਧਾਰੀ ਗੁਰੂ ਵਾਹਿਗੁਰੂ ਸਿਮਰਨ ਨੂੰ ਕਹਿੰਦਾ ਹੈ ? ਰਹਿਤ ਰੱਖਣ ਨੂੰ ਕਹਿੰਦਾ ਹੈ ? ਕੁਰਹਿਤ ਛਡਣ ਨੂੰ ਕਹਿੰਦਾ ? ਅੰਮ੍ਰਿਤ ਛਕਣ ਨੂੰ ਕਹਿੰਦਾ ਹੈ ? ਗੁਰਬਾਣੀ ਨਾਲ ਜੋੜਦਾ ਹੈ ? ਗੁਰੂ ਨਾਨਕ ਨੂੰ ਗੁਰੂ ਕਹਿੰਦਾ ਹੈ, ਜੇ ਨਹੀਂ ਕਹਿੰਦਾ ਤਾਂ ਫਿਰ ਨਿੰਦਕ ਹੀ ਹੈ, ਉਲਟ ਚਲ ਰਿਹੈ। ਫਿਰ ਨਿੰਦਕ ਹੀ ਹੋਇਆ, ਗੌਰਮਿੰਟ ਏਸੇ ਗੱਲ ਦੇ ਪੈਸੇ ਦੇਂਦੀ ਹੈ। ਚਾਰੇ ਕੁਰਹਿਤਾਂ ਗ਼ਲਤ ਸਾਬਤ ਕਰ ਦੇਹ, ਰਹਿਤ ਰੱਖਣ ਨੂੰ ਗ਼ਲਤ ਕਰ ਦੇਹ, ਫਿਰ ਵੀ ਗੱਡੀ ਚਲਾਈ ਚੱਲ ਸਾਡੇ ਪੈਸੇ ਨਾਲ, ਸਾਡੀ ਮਦਦ ਨਾਲ, ਅਸੀਂ ਤੇਰੀ ਹਰ ਗੱਲ ਮੰਨਾਂਗੇ, ਤੇਰੀ ਉਸਤਤ ਕਰਾਂਗੇ, ਤੇਰਾ ਜਸ ਗਾਵਾਂਗੇ। ਸੱਚ ਤੇ ਝੂਠ ਕਿਵੇਂ ਇਕੱਠਾ ਹੋ ਜਾਏ ? ਤੁਸੀਂ ਦੱਸੋ,

ਲਿਵ ਤੇ ਧਾਤ ਕਿਵੇਂ ਇਕੱਠੇ ਹੋ ਜਾਣ। ਸਚਖੰਡਿ ਤੇ ਧਰਮਰਾਜ ਕਿਵੇਂ ਇਕੱਠੇ ਹੋ ਜਾਣ, ਸਰੀਰ ਤੇ ਆਤਮਾ ਕਿਵੇਂ ਇਕੱਠੇ ਹੋ ਜਾਣ। ਸਰੀਰ ਗੰਦਗੀ ਦਾ ਭਰਿਆ ਹੋਇਆ ਹੈ। ਆਤਮਾ ਨਿਰੋਲ ਦੈਵੀ ਗੁਣਾਂ ਨਾਲ ਭਰਪੂਰ ਹੈ, ਕਿਵੇਂ ਇਕੱਠੇ ਹੋ ਜਾਣ ? ਨਿੰਦਕਾਂ ਪਾਸੋਂ, ਮਾਰ ਮਾਰ ਕੇ ਹਿਸਾਬ ਮੰਗੇਗਾ, ਬਹੁਤ ਸਜ਼ਾ ਦਏਗਾ। ਅਜੇ ਵੀ, ਅੱਜ ਹੀ, ਅੰਮ੍ਰਿਤ ਛਕ ਲੈ।

**ਨਾਨਕ ਧਾਤੁ ਲਿਵੈ ਜੋੜੁ ਨ ਆਵਈ ਜੇ ਲੋਚੈ ਸਭੁ ਕੋਇ॥**
**ਜਿਨ ਕਉ ਪੋਤੈ ਪੁੰਨੁ ਪਇਆ ਤਿਨਾ ਗੁਰ ਸਬਦੀ ਸੁਖੁ ਹੋਇ॥**
*(ਪੰਨਾ ੩੧੬)*

ਭਾਵੇਂ ਸਾਰੀ ਸ੍ਰਿਸ਼ਟੀ ਤਾਂਘ ਪਈ ਕਰੇ, ਮਾਇਆ ਤੇ ਸੁਰਤ ਦਾ ਮੇਲ ਨਹੀਂ ਹੋ ਸਕਦਾ। ਪਿਛਲੇ ਜੀਵਨ ਦੇ ਚੰਗੇ ਸੰਸਕਾਰਾਂ ਅਨੁਸਾਰ ਜਿਹਨਾਂ ਦੇ ਪੱਲੇ ਪੁੰਨ ਹੈ, ਉਹਨਾਂ ਨੂੰ ਗੁਰੂ ਨਾਨਕ ਦੇ ਸ਼ਬਦ ਵਾਹਿਗੁਰੂ ਸਿਮਰਨ ਰਾਹੀਂ ਸੁੱਖ ਮਿਲਦਾ ਹੈ।

**ਸੋ ਗੁਰੁ ਕਰਹੁ ਜਿ ਬਹੁਰਿ ਨ ਕਰਨਾ॥**
**ਸੋ ਪਦੁ ਰਵਹੁ ਜਿ ਬਹੁਰਿ ਨ ਰਵਨਾ॥**
**ਸੋ ਧਿਆਨੁ ਧਰਹੁ ਜਿ ਬਹੁਰਿ ਨ ਧਰਨਾ॥** *(ਪੰਨਾ ੩੨੭)*

ਗੁਰੂ ਨਾਨਕ ਨੂੰ ਹੀ ਧਾਰੋ ਕਿ ਦੁਬਾਰਾ ਗੁਰੂ ਨਾ ਧਾਰਨਾ ਪਵੇ, ਕੋਈ ਦੇਹਧਾਰੀ ਗੁਰੂ ਨਾ ਧਾਰ ਬੈਠੀਂ, ਉਸ ਅਵਸਥਾ ਤੇ ਪਹੁੰਚ, ਦਸਮ ਦੁਆਰ ਪਹੁੰਚ, ਦੁਬਾਰਾ ਖੇਚਲ ਹੀ ਨਾ ਕਰਨੀ ਪਵੇ। ਧਿਆਨ ਵਾਹਿਗੁਰੂ ਦਾ ਧਰੀਂ, ਦੁਬਾਰਾ ਹੋਰ ਕਿਸੇ ਦਾ ਧਿਆਨ ਧਰਨ ਦੀ ਲੋੜ ਹੀ ਨਹੀਂ, ਐਸੇ ਵਿਕਾਰਾਂ ਵਲੋਂ ਮਰੋ ਕਿ ਦੁਬਾਰਾ ਸਰੀਰ ਧਾਰਨਾ ਹੀ ਨਾ ਪਵੈ। ਇਸ ਅਗਲੇ ਸ਼ਬਦ ਨੂੰ ਧਿਆਨ ਨਾਲ ਪੜ੍ਹੋ, ਸਚਖੰਡਿ ਦਾ ਸ਼ਬਦ ਹੈ ਉੱਥੇ ਕਿਹੜਾ ਗੁਰੂ ਸੀ ?

**ਗਉੜੀ॥**
**ਤਹ ਪਾਵਸ ਸਿੰਧੁ ਧੂਪ ਨਹੀ ਛਹੀਆ,**
**ਤਹ ਉਤਪਤਿ ਪਰਲਉ ਨਾਹੀ॥**
**ਜੀਵਨ ਮਿਰਤੁ ਨ ਦੁਖੁ ਸੁਖੁ ਬਿਆਪੈ ਸੁੰਨ ਸਮਾਧਿ ਦੋਊ ਤਹ ਨਾਹੀ॥੧॥** *(ਪੰਨਾ ੩੩੩)*

ਸੰਖੇਪ ਵਿਚ ਸਚਖੰਡਿ ਬਹੁਤ ਉੱਚਾ ਹੈ, ਤਾਰਿਆਂ ਤੋਂ ਦੂਗਣਾ ਉੱਚਾ। ਉੱਥੇ ਪਾਣੀ ਨਹੀਂ, ਸਮੁੰਦਰ ਨਹੀਂ, ਧੁੱਪ ਨਹੀ, ਛਾਂ ਨਹੀਂ, ਬੰਦੇ ਹਨ, ਔਰਤਾਂ ਹਨ, ਪਰ ਕੋਈ ਜੰਮਦਾ ਨਹੀਂ, ਕੋਈ ਮਰਦਾ ਨਹੀਂ, ਭਾਵ ਉੱਥੇ ਸਰੀਰ ਨਹੀਂ,

ਸੂਖਸ਼ਮ ਸਰੀਰ ਹੈ। ਜੀਵਨ ਮੌਤ ਨਹੀਂ ਹੈ, ਦੁੱਖ ਸੁੱਖ ਨਹੀਂ ਵਿਆਪਦਾ, ਸਾਰੇ ਸੁੰਨ ਸਮਾਧ ਵਿਚ ਹਨ, ਕਿਸੇ ਅੰਦਰ ਈਰਖਾ ਦ੍ਵੈਖ ਨਹੀਂ। ਕੋਈ ਮਾਇਆ ਦਾ ਫੁਰਨਾ ਨਹੀਂ ਹੈ, ਮਾਇਆ ਹੈ ਹੀ ਨਹੀਂ।

**ਸਹਜ ਕੀ ਅਕਥ ਕਥਾ ਹੈ ਨਿਰਾਰੀ॥**
**ਤੁਲਿ ਨਹੀ ਚਢੈ ਜਾਇ ਨ ਮੁਕਾਤੀ,**
**ਹਲੁਕੀ ਲਗੈ ਨ ਭਾਰੀ ॥੧॥ਰਹਾਉ॥** *(ਪੰਨਾ ੩੩੩)*

**ਹਰਿ ਚਉਥੜੀ ਲਾਵ ਮਨਿ ਸਹਜੁ ਭਇਆ॥** ਵਾਹਿਗੁਰੂ ਦੇ ਮਿਲਾਪ ਦੀ ਅਵਸਥਾ ਦੀ ਕਹਾਣੀ ਬੜੀ ਅਜੀਬ ਹੈ, ਤੋਲੀ ਨਹੀਂ ਜਾ ਸਕਦੀ, ਮੁੱਕਣ ਵਾਲੀ ਨਹੀਂ, ਦੁਨਿਆਵੀ ਪਦਾਰਥਾਂ ਦੇ ਮੁਕਾਬਲੇ ਨਾ ਤਾਂ ਹੌਲੀ ਵਾਲੀ ਗੱਲ ਹੈ ਤੇ ਨਾ ਭਾਰੀ ਵਾਲੀ।

**ਅਰਧ ਉਰਧ ਦੋਊ ਤਹ ਨਾਹੀ, ਰਾਤਿ ਦਿਨਸੁ ਤਹ ਨਾਹੀ॥**
**ਜਲੁ ਨਹੀ ਪਵਨੁ ਪਾਵਕੁ ਫੁਨਿ ਨਾਹੀ, ਸਤਿਗੁਰ ਤਹਾ ਸਮਾਹੀ॥੨॥**
*(ਪੰਨਾ ੩੩੩)*

ਦੂਜੇ ਤੀਜੇ ਦਰਜੇ—ਵੈਸ਼, ਸ਼ੂਦਰ ਵਾਲੀ ਈਰਖਾ ਨਹੀਂ ਹੈ। ਉੱਥੇ ਰਾਤ ਨਹੀਂ ਪੈਂਦੀ, ਦਿਨ ਨਹੀਂ ਚੜ੍ਹਦਾ। ਉੱਥੇ ਪੰਜ ਭੂਤ ਹੀ ਨਹੀਂ, ਪਾਣੀ ਨਹੀਂ, ਹਵਾ ਨਹੀਂ, ਅੱਗ ਨਹੀਂ, (ਧਰਤੀ ਨਹੀਂ, ਆਕਾਸ਼ ਨਹੀਂ) ਉੱਥੇ ਫਿਰ ਕੌਣ ਹੈ ? ਸਤਿਗੁਰੂ ਉੱਥੇ ਸਮਾਇਆ ਹੋਇਆ ਹੈ। ਕਿਹੜਾ ਸਤਿਗੁਰੂ ? ਰਾਧਾ ਸੁਆਮੀਆਂ ਦਾ, ਇਹ ਤਾਂ ਓਦੋਂ ਹੈ ਹੀ ਨਹੀਂ ਸਨ, ਨਿਰੰਕਾਰੀਆਂ ਦਾ, ਇਹ ਤਾਂ ਪਾਕਿਸਤਾਨ ਤੋਂ ਬਾਦ ਸਰਕਾਰ ਨੇ ਪੈਦਾ ਕੀਤੇ। ਕੂਕੇ-ਨਾਮਧਾਰੀਆਂ ਦਾ ਬਾਬਾ ਰਾਮ ਸਿੰਘ, ਉਹ ਬਰਮਾ ਵਿਚ ਗੁਆਚਾ ਫਿਰਦੈ, ਸਚਖੰਡਿ ਕਿਵੇਂ ਪਹੁੰਚ ਗਿਆ ? ਕਸ਼ਮੀਰਾ ਸਿੰਘ, ਉਹ ਤਾਂ ਕੱਲ ਪੁਲਿਸ ਵਿਚ ਸਿਪਾਹੀ ਭਰਤੀ ਹੋਇਆ ਸੀ। ੧੩ਵੀਂ ਸਦੀ ਵਿਚ ਸਚਖੰਡਿ ਕਿਵੇਂ ਪਹੁੰਚ ਗਿਆ ? ਸਤਿਨਾਮੀਏ, ਸਤਕਰਤਾਰੀਏ, ਰਜਨੀਸ਼ ਵਿਚਾਰਾ ਮਰ ਹੀ ਗਿਆ, ਪਤਾ ਹੀ ਨਾ ਲੱਗਾ ਭਗਵਾਨ ਰਜਨੀਸ਼ ਨੂੰ ਮੈਨੂੰ Slow poison ਦਿੱਤੀ ਜਾ ਰਹੀ ਹੈ। ਸਾਈਂ ਬਾਬਾ ਕੱਲ ਬੰਗਲੌਰ ਜੰਮਿਆ—੧੨ਵੀਂ, ੧੩ਵੀਂ ਸਦੀ ਦੀ ਗੱਲ ਕਰ ਰਹੇ ਹਨ ਕਬੀਰ ਜੀ, ਕਿਹੜਾ ਗੁਰੂ ਉੱਥੇ ਸਮਾਇਆ ਹੋਇਆ ਸੀ। **ਸਤਿਗੁਰ ਤਹਾ ਸਮਾਹੀ॥ ਸਤਿਗੁਰ ਨਾਨਕ ਦੇਉ ਹੈ ਪਰਮੇਸਰੁ ਸੋਈ॥ ਹਰਿ ਦਰਗਹ ਕਾ ਬਸੀਠ॥ ਆਦਿ ਜੁਗਾਦਿ ਜੁਗੋ ਜੁਗ ਪੂਰਾ ਪਰਮੇਸਰ॥ ਸਤਿਗੁਰੂ ਮੇਰਾ ਸਦਾ ਸਦਾ ਨਾ ਆਵੈ ਨਾ ਜਾਏ॥ ਓਹ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥ ਪੁਰਖੁ ਹੈ, ਸਭ ਮਹਿ ਰਹਿਆ ਸਮਾਇ॥**—ਉੱਥੇ ਸਚਖੰਡਿ ਵੀ ਸਮਾਇਆ ਹੋਇਆ ਸੀ। ਹੈ ਕੋਈ ਗੁਰੂ ਨਾਨਕ

ਦਾ ਮੁਕਾਬਲਾ—ਹੈ ਕੋਈ ਅਬਿਨਾਸੀ ਪੁਰਖ, ਹੈ ਕੋਈ ਦਰਗਹ ਕਾ ਬਸੀਠ, ਓਇ ਲਿਆ ਕੋਈ ਸਾਹਮਣੇ ਤਾਂ ਲਿਆ।

ਕਬੀਰ ਜੀ ਕਹਿੰਦੇ ਹਨ—ਉੱਥੇ ਗੁਰੂ ਨਾਨਕ ਦਾ ਰਾਜ ਸੀ, ਗੁਰੂ ਨਾਨਕ ਹੀ ਗੁਰੂ ਨਾਨਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੀ ਪ੍ਰਕਾਸ਼ ਸੀ। ਧਿਆਨ ਨਾਲ ਫਿਰ ਪੜ੍ਹ, ਗੁਰਬਾਣੀ ਵਿਚੋਂ ਆਪਾਂ ਸਬੂਤ ਕੀਤਾ ਕਿ ਬਾਬਾ ਨਾਨਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਵਾਹਿਗੁਰੂ ਇਕੋ ਜੋਤ ਹੀ ਹਨ। ਕਬੀਰ ਜੀ ਕਹਿ ਰਹੇ ਹਨ—ਉੱਥੇ ਸਤਿਗੁਰੂ ਸਮਾਇਆ ਹੋਇਆ ਸੀ, ਸਾਰੇ ਸਚਖੰਡਿ ਵਿਚ ਸਤਿਗੁਰੂ ਸਮਾਇਆ ਹੋਇਆ ਸੀ, ਉਸ ਦੀ ਜੋਤ ਸਮਾਈ ਹੋਈ ਸੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜੋਤ ਸਮਾਈ ਹੋਈ ਸੀ। ਹੁਣ ਫਿਰ ਦੇਖ!

**ਅਗਮ ਅਗੋਚਰੁ ਰਹੈ ਨਿਰੰਤਰਿ, ਗੁਰ ਕਿਰਪਾ ਤੇ ਲਹੀਐ॥**

*(ਪੰਨਾ ੩੩੩)*

ਧਰਤੀ ਤੇ ਉਹ ਵਾਹਿਗੁਰੂ, ਜਿਹੜਾ ਅਪਹੁੰਚ ਹੈ ਤੇ ਗਿਆਨ ਇੰਦ੍ਰਿਆਂ ਦੀ ਪਹੁੰਚ ਤੋਂ ਦੂਰ ਹੈ, ਦਿੱਸਦਾ ਹੀ ਨਹੀਂ, ਉੱਥੇ ਸਚਖੰਡਿ ਇਕ ਰਸ, ਜੋਤ ਦਾ ਪ੍ਰਕਾਸ਼ ਸੀ, ਕਿਹੜੇ ਗੁਰੂ ਦੀ ਕ੍ਰਿਪਾ ਨਾਲ ਸਚਖੰਡਿ ਦੀ ਪ੍ਰਾਪਤੀ ਹੋਈ। ਰੱਬ ਵੀ ਇਕ ਤੇ ਗੁਰੂ ਵੀ ਇਕ, ਗੁਰੂ ਨਾਨਕ—ਇਹ ਦੇਹਧਾਰੀ ਕਿਥੋਂ ਜੰਮ ਪਏ? ਜ਼ਰਾ ਸੋਚ! ਗੁਰੂ ਨਾਨਕ ਦੀ ਕ੍ਰਿਪਾ ਨਾਲ ਮੈਨੂੰ ਸਚਖੰਡਿ ਦੀ ਪ੍ਰਾਪਤੀ ਹੋਈ।

**ਕਹੁ ਕਬੀਰ ਬਲਿ ਜਾਉ ਗੁਰ ਅਪੁਨੇ, ਸਤਿਸੰਗਤਿ ਮਿਲਿ ਰਹੀਐ॥੩॥੪॥੪੯॥** *(ਪੰਨਾ ੩੩੩*

ਹੇ ਕਬੀਰ! ਤੂੰ ਵੀ ਆਖ—ਮੈਂ ਆਪਣੇ ਗੁਰੂ, ਗੁਰੂ ਨਾਨਕ ਤੋਂ ਸਦਕੇ ਜਾਂਦਾ ਹਾਂ, ਸਤਿ ਸੰਗਤਿ ਵਿਚ ਬੈਠਣਾ ਚਾਹੀਦਾ ਹੈ। ਸਿਮਰਨ ਵਿਚ ਜੁੜਨਾ ਚਾਹੀਦਾ ਹੈ, ਵਾਹਿਗੁਰੂ ਸਿਮਰਨ ਵਿਚ ਸੁਰਤੀ ਲਾਉਣੀ ਚਾਹੀਦੀ ਹੈ। ਗੁਰੂ ਬਗ਼ੈਰ ਸੰਗਤਿ ਨਹੀਂ ਹੁੰਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਗ਼ੈਰ ਗੁਰੂ ਕੋਈ ਨਹੀਂ। ਇਕ ਵਾਰੀ ਤੁਕ ਤੁਕ ਵਿਚਾਰ ਕੇ ਤਾਂ ਦੇਖ।

**ਗੁਰ ਕੈ ਦਰਸਨਿ ਮੋਖ ਦੁਆਰੁ॥**
**ਸਤਿਗੁਰੁ ਸੇਵੈ ਪਰਵਾਰ ਸਾਧਾਰੁ॥**
**ਨਿਗੁਰੇ ਕਉ ਗਤਿ ਕਾਈ ਨਾਹੀ॥**
**ਅਵਗਣਿ ਮੁਠੇ ਚੋਟਾ ਖਾਹੀ॥** *(ਪੰਨਾ ੩੬੧)*

ਗੁਰੂ ਨਾਨਕ ਦੇ ਦਰਸ਼ਨ ਹੋ ਜਾਣ ਤਾਂ ਮੁਕਤੀ ਦਾ ਦੁਆਰ ਲੱਭ ਜਾਂਦਾ

ਹੈ। ਗੁਰੂ ਨਾਨਕ ਦੇ ਸਿਮਰਨ ਕਰਨ ਨਾਲ ਸਾਰੇ ਪਰਿਵਾਰ ਨੂੰ ਸਹਾਰਾ ਮਿਲਦਾ ਹੈ, ਮੁਕਤੀ ਪ੍ਰਾਪਤ ਕਰਨ ਦਾ। ਜਿਸਨੇ ਅੰਮ੍ਰਿਤ ਨਹੀਂ ਛਕਿਆ ਉਸ ਦਾ ਕੋਈ ਹਾਲ ਨਹੀਂ, ਔਗੁਣਾਂ ਵਿਚ ਠਗਿਆ ਗਿਆ, ਮਾਰ ਦੇਖੀਂ ਕਿੰਨੀ ਪੈਂਦੀ ਹੈ ਜਮਦੂਤ ਤੋਂ। ਅੰਮ੍ਰਿਤ ਛਕ ਲਈਂ।

ਸਤਿਗੁਰ ਵਿਚਿ ਵਡੀ ਵਡਿਆਈ॥
ਚਿਰੀ ਵਿਛੁੰਨੇ ਮੇਲਿ ਮਿਲਾਈ॥
ਆਪੇ ਮੇਲੇ ਮੇਲਿ ਮਿਲਾਏ॥
ਆਪਣੀ ਕੀਮਤਿ ਆਪੇ ਪਾਏ॥ (ਪੰਨਾ ੩੬੧)

ਗੁਰੂ ਨਾਨਕ ਵਿਚ ਇਹ ਬਹੁਤ ਵੱਡਾ ਗੁਣ ਹੈ, ਅਨੇਕਾਂ ਜਨਮਾਂ ਵਿਚ ਵਿਛੁੜਿਆਂ ਹੋਇਆਂ ਜੀਵਾਂ ਨੂੰ ਰੱਬ ਨਾਲ ਮਿਲਾ ਲੈਂਦਾ ਹੈ। ਰੱਬ ਤੇ ਗੁਰੂ ਨਾਨਕ ਵਿਚ ਫ਼ਰਕ ਹੀ ਕੋਈ ਨਹੀਂ। ਆਪ ਹੀ ਗੁਰੂ ਨਾਨਕ ਮਿਲਾਂਦਾ ਹੈ, ਗੁਰੂ ਨਾਨਕ ਰੱਬ ਨਾਲ ਮਿਲਾ ਦੇਂਦਾ ਹੈ। ਇਸ ਤਰ੍ਹਾਂ ਜੀਵਾਂ ਦੇ ਹਿਰਦੇ ਵਿਚ ਆਪਣੇ ਨਾਮ ਦੀ ਕਦਰ ਪਾਉਂਦਾ ਹੈ।

ਬਿਨੁ ਗੁਰ ਪੂਰੇ ਭਗਤਿ ਨ ਹੋਇ॥
ਮਨਮੁਖ ਰੁੰਨੇ ਅਪਨੀ ਪਤਿ ਖੋਇ॥੧॥ (ਪੰਨਾ ੩੬੩)

ਪੂਰੇ ਗੁਰੂ, ਗੁਰੂ ਨਾਨਕ ਤੋਂ ਬਗੈਰ ਭਗਤੀ ਕਰਨ ਨਾਲ ਪ੍ਰਾਪਤੀ ਨਹੀਂ ਹੋਈ, ਰੱਬ ਨਹੀਂ ਮਿਲਣਾ, ਤੁਹਾਨੂੰ ਕਿਸੇ ਨੂੰ ਮਿਲਿਆ ? ਜਿਹਨਾਂ ਅੰਮ੍ਰਿਤ ਨਹੀਂ ਛਕਿਆ (ਭਾਵੇਂ ਰਾਜਾ, ਭਾਵੇਂ ਪਰਜਾ, ਭਾਵੇਂ ਦੇਹਧਾਰੀ ਗੁਰੂ ਹੀ ਕਿਉਂ ਨਾ ਹੋਵੇ) ਆਪਣੀ ਇੱਜ਼ਤ ਗਵਾ ਕੇ ਢਾਹਾਂ ਮਾਰ ਕੇ ਰੋਣਗੇ, ਦੁਖੀ ਰਹਿਣਗੇ। ਗੁਰ ਪੂਰੇ ਤੇ ਪੂਰਾ ਪਾਏ॥ ਗੁਰੂ ਨਾਨਕ ਤੋਂ ਹੀ ਰੱਬ ਮਿਲਣਾ ਹੈ।

ਗੁਰੁ ਸਾਇਰੁ ਸਤਿਗੁਰੁ ਸਚੁ ਸੋਇ॥
ਪੂਰੈ ਭਾਗਿ ਗੁਰ ਸੇਵਾ ਹੋਇ॥
ਸੋ ਬੂਝੈ ਜਿਸੁ ਆਪਿ ਬੁਝਾਏ॥
ਗੁਰ ਪਰਸਾਦੀ ਸੇਵ ਕਰਾਏ॥ (ਪੰਨਾ ੩੬੩)

ਗੁਰੂ ਨਾਨਕ ਗੁਣਾਂ ਦਾ ਸਮੁੰਦਰ ਹੈ, ਗੁਰੂ ਨਾਨਕ ਹੀ ਰੱਬ ਹੈ, ਵਾਹਿਗੁਰੂ ਹੈ। ਵੱਡੀ ਕਿਸਮਤ ਨਾਲ ਗੁਰੂ ਨਾਨਕ ਦੀ ਸੇਵਾ ਮਿਲਦੀ ਹੈ। ਇਹ ਭੇਤ ਵੀ ਉਹੀ ਸਮਝਦਾ ਹੈ, ਜਿਸ ਨੂੰ ਆਪ ਵਾਹਿਗੁਰੂ ਸਮਝਾਉਂਦਾ ਹੈ। ਉਸ ਪਾਸੋਂ ਗੁਰੂ ਨਾਨਕ ਦੀ ਕ੍ਰਿਪਾ ਨਾਲ ਆਪਣੀ ਸੇਵਾ-ਭਗਤੀ ਸਿਮਰਨ ਕਰਾਉਂਦਾ ਹੈ।

**ਗਿਆਨ ਰਤਨਿ ਸਭ ਸੋਝੀ ਹੋਇ॥**
**ਗੁਰ ਪਰਸਾਦਿ ਅਗਿਆਨੁ ਬਿਨਾਸੈ,**
**ਅਨਦਿਨੁ ਜਾਗੈ ਵੇਖੈ ਸਚੁ ਸੋਇ॥੧॥ਰਹਾਉ॥** (ਪੰਨਾ ੩੬੪)

ਹੇ ਭਾਈ! ਗੁਰੂ ਨਾਨਕ ਦੇ ਬਖ਼ਸ਼ੇ ਹੋਏ ਗਿਆਨ ਰਤਨ ਦੀ ਬਰਕਤਿ ਨਾਲ ਮਨੁੱਖ ਨੂੰ ਸਾਰੀ ਸੋਝੀ ਹੋ ਜਾਂਦੀ ਹੈ। ਗੁਰੂ ਨਾਨਕ ਦੀ ਕ੍ਰਿਪਾ ਨਾਲ ਅਗਿਆਨ ਦੂਰ ਹੋ ਜਾਂਦਾ ਹੈ, ਕੁਰਹਿਤ ਤੋਂ ਸੁਚੇਤ ਰਹਿੰਦਾ ਹੈ, ਸਾਰੇ ਪਾਸੇ ਵਾਹਿਗੁਰੂ ਨੂੰ ਦੇਖਦਾ ਹੈ।

**ਜਿਨ੍ ਕੈ ਪੋਤੈ ਪੁੰਨੁ ਤਿਨ੍ਾ ਗੁਰੂ ਮਿਲਾਏ॥**
**ਸਚੁ ਬਾਣੀ ਗੁਰੁ ਸਬਦੁ ਸੁਣਾਏ॥** (ਪੰਨਾ ੩੬੪)

ਪਿਛਲੇ ਕੀਤੇ ਚੰਗੇ ਕਰਮਾਂ ਅਨੁਸਾਰ, ਜਿਨ੍ਹਾਂ ਦੇ ਪੱਲੇ ਸਿਮਰਨ ਦੇ ਚੰਗੇ ਸੰਸਕਾਰ ਹਨ, ਉਹਨਾਂ ਨੂੰ ਰੱਬ ਗੁਰੂ ਨਾਨਕ ਮਿਲਾਂਦਾ ਹੈ। **ਜਦੋਂ ਬਾਣੀ ਲਿਖੀ** ਹੈ ਓਦੋਂ ਇਹ ਸਾਰੇ ਗੁਰੂ ਕਿੱਥੇ ਸਨ? ਸਿੱਖਾਂ ਨੇ ਆਜ਼ਾਦੀ ਲੈ ਦਿੱਤੀ, ਹੁਣ ਪਾੜਨ ਲਈ ਸਾਰੇ ਦੇਹਧਾਰੀ ਗੁਰੂ ਸਿਰਫ਼ ਪੰਜਾਬ ਵਿਚ ਪੈਦਾ ਕਰ ਦਿੱਤੇ, ਬਾਣੀ ਸਿਰਫ਼ ਗੁਰੂ ਨਾਨਕ ਦੀ ਗੱਲ ਕਰ ਰਹੀ ਹੈ ਤੇਰੇ ਗੁਰੂ ਦੀ ਨਹੀਂ, ਉਹ ਤਾਂ ਸਰਕਾਰ ਦੀ ਕਾਢ ਹੈ। ਗੁਰੂ ਨਾਨਕ ਹੀ ਰੱਬ ਦੀ ਬਾਣੀ ਸੁਣਾਂਦਾ ਹੈ ਤੇ ਵਾਹਿਗੁਰੂ ਸ਼ਬਦ ਦੀ ਦਾਤ ਦੇਂਦਾ ਹੈ।

**ਹਰਿ ਕ੍ਰਿਪਾ ਕਰੇ ਸਤਿਗੁਰੂ ਮਿਲਾਏ॥**
**ਨਿਹਚਲ ਭਗਤਿ ਹਰਿ ਸਿਉ ਚਿਤੁ ਲਾਏ॥** (ਪੰਨਾ ੩੬੫)

ਵਾਹਿਗੂਰੂ ਮੇਹਰ ਕਰੇ ਤਾਂ ਗੁਰੂ ਨਾਨਕ ਨੂੰ ਮਿਲਾਉਂਦਾ ਹੈ, ਅੰਮ੍ਰਿਤ ਛਕਾਉਂਦਾ ਹੈ, ਗੁਰੂ ਦੀ ਮੇਹਰ ਨਾਲ ਭਗਤੀ ਕਰਦਾ ਹੈ ਤੇ ਡੋਲਦਾ ਨਹੀਂ, ਰੱਬ ਵਰਗਾ ਬਣਦਾ ਹੈ, ਆਪਣੀ ਸੁਰਤੀ ਵਾਹਿਗੁਰੂ ਨਾਲ ਜੋੜੀ ਰੱਖਦਾ ਹੈ।

**ਐਸੀ ਗੁਰਮਤਿ ਪਾਈਅਲੇ॥**
**ਬੂਡਤ ਘੋਰ ਅੰਧ ਕੂਪ ਮਹਿ ਨਿਕਸਿਓ ਮੇਰੇ ਭਾਈ ਰੇ॥੧॥ ਰਹਾਉ॥**
(ਪੰਨਾ ੩੭੭)

ਹੇ ਮੇਰੇ ਵੀਰ! ਮੈਂ ਗੁਰੂ ਨਾਨਕ ਪਾਸੋਂ ਅਜਿਹੀ ਮਤਿ ਹਾਸਲ ਕੀਤੀ ਹੈ, ਜਿਸ ਦੀ ਸਹਾਇਤਾ ਨਾਲ ਮੈਂ ਮਾਇਆ ਦੇ ਘੁੱਪ ਹਨੇਰੇ ਖੂਹ ਵਿਚੋਂ ਡੁਬਦਾ ਡੁਬਦਾ ਬਚ ਨਿਕਲਿਆ ਹਾਂ।

**ਮਹਾ ਅਗਾਹ ਅਗਨਿ ਕਾ ਸਾਗਰੁ॥**
**ਗੁਰੁ ਬੋਹਿਥੁ ਤਾਰੇ ਰਤਨਾਗਰੁ॥**

ਦੁਤਰ ਅੰਧ ਬਿਖਮ ਇਹ ਮਾਇਆ॥
ਗੁਰਿ ਪੂਰੈ ਪਰਗਟੁ ਮਾਰਗੁ ਦਿਖਾਇਆ॥ (ਪੰਨਾ ੩੭੭)

ਇਹ ਸੰਸਾਰ ਤ੍ਰਿਸ਼ਨਾ ਦੀ ਅੱਗ ਦਾ ਇਕ ਬੜਾ ਅਥਾਹ ਸਮੁੰਦਰ ਹੈ, ਰਤਨਾਂ ਦੀ ਖਾਣ ਗੁਰੂ ਨਾਨਕ ਜਹਾਜ਼ ਹੈ, ਜੋ ਪਾਰ ਲੰਘਾ ਲੈਂਦਾ ਹੈ। ਇਹ ਮਾਇਆ ਇਕ ਸਮੁੰਦਰ ਹੈ ਜਿਸ ਵਿਚੋਂ ਪਾਰ ਲੰਘਣਾ ਬਹੁਤ ਔਖਾ ਹੈ, ਜਿਸ ਵਿਚ ਘੁੱਪ ਹਨੇਰਾ ਹੀ ਹਨੇਰਾ ਹੈ, ਇਸ ਵਿਚੋਂ ਪਾਰ ਲੰਘਣ ਲਈ ਪੂਰੇ ਗੁਰੂ ਨਾਨਕ ਤੇ ਮੈਨੂੰ ਸਿੱਧਾ ਸਾਫ਼ ਸਚਖੰਡਿ ਦਾ ਰਸਤਾ ਦਿਖਾ ਦਿੱਤਾ ਹੈ।

ਕਹੁ ਨਾਨਕ ਜਾ ਕੇ ਪੂਰਨ ਕਰਮ॥
ਸਤਿਗੁਰ ਭੇਟੇ ਪੂਰਨ ਪਾਰਬ੍ਰਹਮ॥ (ਪੰਨਾ ੩੭੮)

ਜਿਸ ਮਨੁੱਖ, ਗੁਰਸਿਖ ਦੇ ਪੂਰਨ ਭਾਗ ਜਾਗਦੇ ਹਨ, ਉਹੀ ਗੁਰੂ ਨਾਨਕ ਨੂੰ ਮਿਲਦਾ ਹੈ, ਅੰਮ੍ਰਿਤ ਛਕਦਾ ਹੈ, ਵਾਹਿਗੁਰੂ ਨਾਮ ਜਪਦਾ ਹੈ ਤੇ ਸਭ ਗੁਣਾਂ ਨਾਲ ਭਰਪੂਰ ਪਰਮਾਤਮਾ ਨੂੰ ਮਿਲਦਾ ਹੈ। ਹੋਰ ਮਿਲ ਹੀ ਨਹੀਂ ਸਕਦਾ, ਗੁਰੂ ਨਾਨਕ ਤੇ ਵਾਹਿਗੁਰੂ ਦੀ ਆਪਸੀ ਖੇਡ ਹੈ, ਦੋਵੇਂ ਇਕ ਹੀ ਹਨ, ਤੂੰ ਵਿਚ ਕਿਥੋਂ ਆ ਗਿਆ?

ਗੁਰ ਬਿਨੁ ਦੂਜਾ ਨਾਹੀ ਥਾਉ॥
ਗੁਰੁ ਦਾਤਾ ਗੁਰੁ ਦੇਵੈ ਨਾਉ॥
ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ॥
ਆਠ ਪਹਰ ਨਾਨਕ ਗੁਰ ਜਾਪਿ॥ (ਪੰਨਾ ੩੮੭)

ਗੁਰੂ ਨਾਨਕ ਤੋਂ ਬਗ਼ੈਰ ਹੋਰ ਕੋਈ ਜਗ੍ਹਾ ਨਹੀਂ, ਜਿਥੇ ਤੂੰ ਬਚ ਸਕੇਂ, ਗੁਰੂ ਨਾਨਕ ਹੀ ਦਾਤਾ ਹੈ, ਜੋ ਵਾਹਿਗੁਰੂ ਨਾਮ ਦੀ ਦਾਤ ਦੇਂਦਾ ਹੈ। ਗੁਰੂ ਨਾਨਕ ਹੀ ਰੱਬ ਹੈ। ਪਰਮਾਤਮਾ ਹੈ, ਪਰਮੇਸਰ ਹੈ, ਪਾਰਬ੍ਰਹਮ ਹੈ, ਅੱਠੇ ਪਹਿਰ ਗੁਰੂ ਗੁਰੂ ਵਾਹਿਗੁਰੂ ਵਾਹਿਗੁਰੂ ਜਪਿਆ ਕਰ। ਉਸ ਤਰ੍ਹਾਂ ਸਾਰੇ ਕਹਿੰਦੇ ਹਨ ਅਸੀਂ ਬਾਣੀ ਤੇ ਯਕੀਨ ਕਰਦੇ ਹਾਂ, ਦੇਹਧਾਰੀ ਗੁਰੂ ਵੀ ਕਹਿੰਦਾ ਅਸੀਂ ਬਾਣੀ ਹੀ ਪੜ੍ਹਦੇ ਹਾਂ ਤੇ ਬਾਣੀ ਨੂੰ ਸੱਚ ਕਰਕੇ ਜਾਣਦੇ ਹਾਂ—ਲੋਕਾਂ ਨੂੰ ਮੂਰਖ ਨਹੀਂ ਬਣਾ ਰਹੇ? ਜਿਥੇ ਗੁਰੂ ਆਉਂਦਾ ਹੈ ਆਪਣੇ ਆਪ ਨੂੰ ਗੁਰੂ ਕਹਿੰਦੇ ਹਨ, ਗੁਰਬਾਣੀ ਗੁਰੂ ਨਹੀਂ, ਜੇ ਹੈ ਤਾਂ ਤੇਰੀ ਕੀ ਲੋੜ ਹੈ? ਸਿਖ ਬਾਰੀਕੀ ਵਿਚ ਪੜ੍ਹਦੇ ਨਹੀਂ, ਗੁਰੂ ਨਾਨਕ ਨੂੰ ਸਮਝਦੇ ਨਹੀਂ, ਗੁਰੂ ਨਾਨਕ ਤੇ ਵਾਹਿਗੁਰੂ ਦੀ ਇਕੱਠੀ ਖੇਡ ਹੈ, ਤੂੰ ਹੋਰ ਕਿਸੇ ਨੂੰ ਪੂਜੀ ਜਾ ਰਿਹੈਂ। ਜੇ ਤੈਨੂੰ ਰੱਬ ਮਿਲ ਗਿਐ ਤੂੰ ਦੱਸਦਾ ਕਿਉਂ ਨਹੀਂ, ਆ ਦੱਸ, ਮੈਂ ਸਚਖੰਡਿ ਪਹੁੰਚ ਗਿਆ ਹਾਂ। ਉੱਥੇ

ਕੌਣ ਹੈ ? ਗੁਰਬਾਣੀ ਕਹਿੰਦੀ ਹੈ, ਬਾਬੇ ਨਾਨਕ ਤੋਂ ਬਗ਼ੈਰ ਕੋਈ ਜਗ੍ਹਾ ਹੀ ਨਹੀਂ, ਤੂੰ ਕਿੱਥੇ ਪਹੁੰਚ ਗਿਆ ਹੈਂ ? ਦੱਸ ਤਾਂ ਸਹੀ।

**ਸਰਗੁਣ ਨਿਰਗੁਣ ਥਾਪੈ ਨਾਉ ॥**
**ਦੁਹ ਮਿਲਿ ਏਕੈ ਕੀਨੋ ਠਾਉ ॥**
**ਕਹੁ ਨਾਨਕ ਗੁਰਿ ਭ੍ਰਮੁ ਭਉ ਖੋਇਆ ॥**
**ਅਨਦ ਰੂਪੁ ਸਭੁ ਨੈਨ ਅਲੋਇਆ ॥** *(ਪੰਨਾ ੩੮੭)*

ਵਾਹਿਗੁਰੂ ਦਿੱਸਦਾ ਵੀ ਹੈ ਤੇ ਸੂਖਸ਼ਮ ਵੀ ਹੈ, ਅਦ੍ਰਿਸ਼ਟ ਵੀ ਹੈ, ਜੋਤ, ਪ੍ਰਕਾਸ਼, ਨੂਰ, ਸੂਖਸ਼ਮ ਹੈ, ਅਦ੍ਰਿਸ਼ਟ ਹੈ, ਗੁਰੂ ਨਾਨਕ ਸਰਗੁਣ ਹੈ ਦਿੱਸਦਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਰਗੁਣ ਸਰੂਪ, ਦਿੱਸਦੇ ਵਾਹਿਗੁਰੂ ਦਾ ਸਰੂਪ ਹਨ, ਨਿਰੋਲ ਵਾਹਿਗੁਰੂ ਹਨ, ਇਹ ਦੋ ਨਾਂ ਉਸੇ ਨੇ ਆਪੇ ਬਣਾਏ ਹਨ। ਦੋਹਾਂ ਨੇ ਮਿਲ ਕੇ ਇਕ ਸਚਖੰਡਿ ਬਣਾਇਆ, ਵਾਹਿਗੁਰੂ ਤੇ ਗੁਰੂ ਨਾਨਕ ਨੇ। ਸਰਕਾਰੀਆ ! ਤੂੰ ਵਿਚ ਕਿਥੋਂ ਟਪਕ ਪਿਆ ? ਗੁਰੂ ਨਾਨਕ ਨੇ ਜਦੋਂ ਅੰਮ੍ਰਿਤ ਦੀ ਦਾਤ ਦੇ ਕੇ ਨਾਮ ਜਪਾਇਆ, ਸੁਰਤੀ ਲੁਆਈ, ਭਟਕਣਾ ਸਾਰੀ ਦੂਰ ਹੋ ਗਈ, ਡਰ ਦੂਰ ਕਰ ਦਿੱਤਾ, ਉਸ ਨੇ ਹਰ ਥਾਂ ਉਸ ਰੱਬ ਦਾ ਪ੍ਰਕਾਸ਼ ਦੇਖ ਲਿਆ, ਜੋ ਸਦਾ ਹੀ ਅਨੰਦ ਵਿਚ ਰਹਿੰਦਾ ਹੈ। ਕਿਸੇ ਹੋਰ ਨੇ ਦੇਖਿਐ ?

**ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥**
**ਵਾਜੇ ਤਾ ਕੈ ਅਨਹਦ ਤੂਰਾ ॥੫॥੪੦॥੯੧॥** *(ਪੰਨਾ ੩੯੩)*

ਜਿਸ ਨੇ ਅੰਮ੍ਰਿਤ ਛਕ ਲਿਆ, ਜਿਸ ਦਾ ਗੁਰੂ ਪੂਰਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਉਸ ਦੇ ਅੰਦਰ ਆਪਣੇ ਆਪ ਇਕ-ਰਸ ਵਾਹਿਗੁਰੂ ਵਾਹਿਗੁਰੂ ਹੁੰਦਾ ਰਹਿੰਦਾ ਹੈ, ਉਸ ਗੁਰਮੁਖ ਪਿਆਰੇ ਨੂੰ ਸੁਣਦਾ ਰਹਿੰਦਾ ਹੈ ਤਾਂ ਹੀ ਸੁਰਤੀ ਵਿਚ ਵਾਧਾ ਹੁੰਦਾ ਹੈ।

**ਅਗਮ ਅਗਮ ਆਗਾਧਿ ਬੋਧ ਕੀਮਤਿ ਪਰੈ ਨ ਪਾਵਉ ॥**
**ਤਾਕੀ ਸਰਣਿ ਸਤਿਪੁਰਖ ਕੀ ਸਤਿਗੁਰੁ ਪੁਰਖੁ ਧਿਆਵਉ ॥**
*(ਪੰਨਾ ੪੦੧)*

ਧਿਆਨ ਨਾਲ ਵਿਚਾਰੋ। ਪਰਮਾਤਮਾ ਅਪਹੁੰਚ ਹੈ, ਅਪਹੁੰਚ ਹੈ, ਬੁੱਧੀ ਵਿਚ ਆਉਣ ਵਾਲਾ ਨਹੀਂ, ਦਿਮਾਗ਼ ਦੀ ਸੋਚ ਤੋਂ ਪਰੇ ਹੈ, ਜੀਵਾਂ ਦੀ ਪਹੁੰਚ ਤੋਂ ਪਰੇ ਹੈ (ਤੇਰੇ ਗੁਰੂ ਜੀਵ ਨਹੀਂ) ਉਹ ਇਕ ਅਥਾਹ ਸਮੁੰਦਰ ਹੈ, ਜਿਸ ਦੀ ਡੂੰਘਾਈ ਦੀ ਸੂਝ ਨਹੀਂ ਪੈ ਸਕਦੀ, ਉਸ ਦੀ ਕੀਮਤ ਨਹੀਂ ਪੈ ਸਕਦੀ, ਮੈਂ ਉਸ ਦਾ ਮੁੱਲ ਨਹੀਂ ਪਾ ਸਕਦਾ, ਮੈਂ ਉਸ ਦੇ ਦਰਸ਼ਨ ਦੀ ਖ਼ਾਤਰ ਮੈਂ ਗੁਰੂ ਮਹਾਂਪੁਰਖ ਗੁਰੂ ਨਾਨਕ ਦੀ ਸਰਨ ਤੱਕੀ ਹੈ, ਮੈਂ ਗੁਰੂ ਨਾਨਕ ਦੀ ਅਰਾਧਨਾ

ਕਰਦਾ ਹਾਂ, ਵਾਹਿਗੁਰੂ ਜਪਦਾ ਹਾਂ। ਬਾਣੀ ਲਿਖਣ ਵੇਲੇ ਤੇਰਾ ਗੁਰੂ ਤਾਂ ਜੰਮਿਆ ਹੀ ਨਹੀਂ ਸੀ, ਇਹ ਕਿਹੜੇ ਸਤਿਗੁਰੂ ਦਾ ਨਾਂ ਆਇਆ? ਸਤਿਗੁਰੂ ਨਾਨਕ ਹੋਰ ਦੇਖੋ ਇਸ ਤੋਂ ਪਹਿਲੀ ਲਾਈਨ ਕੀ ਕਹਿੰਦੀ ਹੈ, ਤੇਰੇ ਗੁਰੂ ਨੇ ਉਹਨਾਂ ਦਾ ਸੇਵਨ ਕੀਤਾ ਹੋਣੈ।

**ਉਠਉ ਬੈਸਉ ਰਹਿ ਭਿ ਨ ਸਾਕਉ ਦਰਸਨੁ ਖੋਜਿ ਖੋਜਾਵਉ ॥**
**ਬ੍ਰਹਮਾਦਿਕ ਸਨਕਾਦਿਕ ਸਨਕ ਸਨੰਦਨ ਸਨਾਤਨ ਸਨਤ ਕੁਮਾਰ**
**ਤਿਨ੍ ਕਉ ਮਹਲੁ ਦੁਲਭਾਵਉ ॥** *(ਪੰਨਾ ੪੦੧)*

ਧਿਆਨ ਨਾਲ ਵਿਚਾਰ ੪੦੧ ਪੰਨੇ ਤੇ ਹੈ ਇਹ ਸ਼ਬਦ। ਹੇ ਭਾਈ! ਪਰਮਾਤਮਾ ਦਾ ਦਰਸ਼ਨ ਕਰਨ ਲਈ, ਮੈਂ ਉਠਦਾ ਹਾਂ, ਸੁਰਤੀ ਲਾਉਂਦਾ ਹਾਂ, ਫਿਰ ਬਹਿ ਜਾਂਦਾ ਹਾਂ, ਸਿਮਰਨ ਕਰਦਾ ਹਾਂ, ਪਰ ਦਰਸ਼ਨਾਂ ਤੋਂ ਬਗ਼ੈਰ ਰਹਿ ਨਹੀਂ ਸਕਦਾ, ਮੁੜ ਖੋਜ ਖੋਜ ਕੇ ਦਰਸ਼ਨ ਨੂੰ ਭਾਲਦਾ ਹਾਂ, ਖੋਜਦਾ ਹਾਂ। ਕਿਉਂ ਨਹੀਂ ਹੋ ਰਹੇ? ਸੋਚਦਾ ਹਾਂ! ਮੈਂ ਕਿਸ ਦਾ ਵਿਚਾਰਾ? ਗੁਰੂ ਨਾਨਕ ਦੀ ਮਿਹਰ ਤੋਂ ਬਗ਼ੈਰ ਦਰਸ਼ਨ ਹੋ ਹੀ ਨਹੀਂ ਸਕਦੇ। ਪਰਮਾਤਮਾ ਦਾ ਟਿਕਾਣਾ ਤਾਂ ਉਹਨਾਂ ਵਾਸਤੇ ਵੀ ਦੁਰਲੱਭ ਹੀ ਰਿਹਾ, ਲੱਭਾ ਹੀ ਨਹੀਂ, ਪਹੁੰਚ ਹੀ ਨਹੀਂ ਸਕੇ ਸਚਖੰਡਿ। ਜੋ ਬ੍ਰਹਮਾ ਵਰਗੇ ਵੱਡੇ ਵੱਡੇ ਦੇਵਤਾ, ਰੱਬ, ਸ੍ਰਿਸ਼ਟੀ ਦੇ ਕਰਤਾ ਮੰਨੇ ਗਏ, ਜੋ ਸਨਕ ਵਰਗੇ, ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ ਬ੍ਰਹਮਾ ਦੇ ਪੁੱਤਰ ਅਖਵਾਏ। ਸ਼ਿਵ ਜੀ, ਬ੍ਰਹਮਾ, ਵਿਸ਼ਨੂੰ, ਰੱਬ ਨੂੰ ਨਾ ਲੱਭ ਸਕੇ, ਤੇਰਾ ਗੁਰੂ ਕਿਥੋਂ ਲੱਭ ਲਏਗਾ। ਉਹ ਤਾਂ ਇਕ ਨਾਰਮਲ, ਸਾਧਾਰਨ ਬੰਦਾ ਹੈ, ਕਲ ਦਾਹੜੀ ਕਟਦਾ ਸੀ, ਅੱਜ ਰੱਖ ਲਈ ਹੈ, ਕੱਲ ਕੀ ਸੀ? ਅੱਜ ਗੁਰੂ ਹੈ। **ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ ॥** ਇਹ ਗੁਰੂ ਹੈ ਤੁਹਾਡਾ, ਸਾਡਾ ਨਹੀਂ, ਅਸੀਂ ਤਾਂ ਮਨਮੁਖ ਆਖਦੇ ਹਾਂ।

**ਅਗਮ ਅਗੋਚਰੁ ਦਰਸੁ ਤੇਰਾ ਸੋ ਪਾਏ ਜਿਸੁ ਮਸਤਕਿ ਭਾਗੁ ॥**
**ਆਪਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ ਸਤਿਗੁਰਿ ਬਖਸਿਆ ਹਰਿ ਨਾਮੁ ॥**
*(ਪੰਨਾ ੪੦੬)*

ਵਾਹਿਗੁਰੂ ਤੇਰਾ ਦਰਸ਼ਨ ਹੋ ਹੀ ਨਹੀਂ ਸਕਦਾ, ਤੂੰ ਅਪਹੁੰਚ ਹੈ, ਗਿਆਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ। ਦਰਸਨ ਕਰਨਾ ਆਤਮਾ ਦੀ ਖੇਡ ਹੈ, ਸਰੀਰ ਦੀ ਖੇਡ ਹੀ ਨਹੀਂ, ਸਰੀਰ ਲਈ ਦਰਸ਼ਨ ਅਗਮ ਤੇ ਅਗੋਚਰ ਹਨ। ਆਤਮਾ ਰੱਬ ਆਪ ਹੀ ਹੈ, ਰੱਬ ਹੀ ਗੁਰੂ ਨਾਨਕ ਹੈ, ਆਤਮਾ ਹੀ ਗੁਰੂ ਨਾਨਕ ਹੈ, ਗੁਰੂ ਨਾਨਕ, ਪਾਰਬ੍ਰਹਮ, ਰੱਬ ਤੋਂ ਅੰਮ੍ਰਿਤ ਛਕਣ ਤੋਂ ਬਗ਼ੈਰ ਇਹ ਜਾਗਦੀ ਹੀ ਨਹੀਂ ਤੇ ਸਰੀਰ ਮਰਦਾ ਨਹੀਂ, ਸਰੀਰ ਵਿਚ ੪ ਵੱਡੇ ਔਗੁਣ ਹਨ। ਗੁਰੂ ਨਾਨਕ, ਰੱਬ

ਨੇ ਪਾਏ ਹਨ। ਖੇਡ ਹੀ ਇਹੀ ਹੈ, ਸਰੀਰ ਤੋਂ ਬਚ ਕੇ ਦਿਖਾ—੧. ਕੋਈ ਕਰੋੜ, ਦਸ ਕਰੋੜ ਰੁਪਏ ਦੇਵੇ ਤਾਂ ਸਰੀਰ ਕਹੇ ਮੈਨੂੰ ਲੋੜ ਨਹੀਂ। ੨. ਸਾਰਿਆਂ ਤੋਂ ਸੋਹਣੀ ਕੁੜੀ ਕੋਲ ਬੁਲਾਵੇ ਤਾਂ ਕਹੇ ਤੂੰ ਮੇਰੀ ਭੈਣ ਹੈਂ। ੩. ਸਾਰਿਆਂ ਤੋਂ ਸੋਹਣੀ ਵਧੀਆ ਸ਼ਰਾਬ ਪਿਆਈ ਜਾਵੇ ਤਾਂ ਕਹੇ ਮੈਨੂੰ ਲੋੜ ਨਹੀਂ, ਕੋਈ ਨਸ਼ਾ ਦਿੱਤਾ ਜਾਏ ਤਾਂ ਲਏ ਨਾ। ੪. ਸੋਹਣਾ ਬਣਨ ਦਾ, ਸੋਹਣਾ ਰਹਿਣ ਦਾ, ਸੋਹਣਾ ਦਿਖਾਉਣ ਦਾ ਸ਼ੌਕੀਨ ਨਾ ਹੋਵੇ, ਕਦੀ ਰੋਮਾਂ ਦੀ ਬੇਅਦਬੀ ਨਾ ਕੀਤੀ ਹੋਵੇ, ਸਿਰ ਤੋਂ ਪੈਰਾਂ ਤਕ ਵਾਲਾਂ ਨੂੰ ਸਾਬਤ ਸੂਰਤ ਰੱਖਿਆ ਹੋਵੇ। ਉਹ ਬੰਦਾ ਦਿਖਾਓ ਹੁਣ ਇਨਸਾਨੀਅਤ ਸ਼ੁਰੂ ਹੋਣੀ ਹੈ, ਹੁਣ ਅੰਮ੍ਰਿਤ ਅਗਰ ਗੁਰੂ ਨਾਨਕ ਪਾਰਬ੍ਰਹਮ ਦਏਗਾ, ਸਿਰ ਵਿਚ ਪਾਏਗਾ ਤਾਂ ਆਤਮਾ ਜਾਗੇਗੀ, ਸਰੀਰ ਦੀ ਖ਼ੁਰਾਕ ਬੰਦ ਹੋ ਜਾਏਗੀ, ਸਰੀਰ ਮਰਦਾ ਮਰਦਾ ਮਰ ਜਾਏਗਾ, ਆਤਮਾ ਪ੍ਰਫੁਲਤ ਹੁੰਦੀ ਹੁੰਦੀ ਗੁਰੂ ਨਾਨਕ ਬਣ ਜਾਏਗੀ, ਸੁਆਲ ਇਹ ਹੈ, ਤੁਸੀਂ ਸਰੀਰ ਨੂੰ ਕਿਵੇਂ ਮਾਰੋਗੇ ? ਅਸੀਂ ਅੰਮ੍ਰਿਤ ਛਕ ਕੇ ਇਨਸਾਨੀਅਤ ਲੈ ਆਂਦੀ, ਤੁਸੀਂ ਕਿਵੇਂ ਲਿਆਓਗੇ ? ਗੱਲਾਂ ਨਾਲ ਸਾਰੇ ਹੀ ਪੂਰੇ ਇਨਸਾਨ ਹਨ, **"ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ ॥"** ਜਦੋਂ ਸੂਈ ਦੇ ਨੱਕੇ ਵਿਚੋਂ ਲੰਘਾਇਆ ਤਾਂ ਪਤਾ ਲਗਣਾ ਹੈ, ਆਤਮਾ ਲੰਘ ਜਾਂਦੀ ਹੈ ਪਰ ਸਰੀਰ ਕਿਵੇਂ ਲੰਘੇਗਾ, ਮੈਲਾ ਮਨ ਕਿਵੇਂ ਲੰਘੇਗਾ, ਪਵਿੱਤਰ ਆਤਮਾ ਤਾਂ ਸੂਖਸ਼ਮ ਹੈ ਲੰਘ ਜਾਏਗੀ। ਯਾਦ ਰੱਖੀਂ। ਕੋਈ ਬੰਦਾ ਦਿਖਾ, ਅੰਮ੍ਰਿਤ ਨਹੀਂ ਛਕਿਆ ਤੇ ਉਤਲੀਆਂ ਚਾਰੇ ਗੱਲਾਂ ਤੋਂ ਬਚਿਆ ਹੋਇਆ ਹੈ, ਅਸੀਂ ਉਸ ਨੂੰ ਬੰਦਾ ਇਨਸਾਨ ਕਹਿੰਦੇ ਹਾਂ, ਇਹ ਹੈ ਗੁਰੂ ਨਾਨਕ ਦਾ ਉਪਦੇਸ਼—ਤੇਰੇ ਗੁਰੂ ਨੇ ਗ੍ਰਹਿਣ ਕੀਤਾ ਹੈ, ਤੂੰ ਕੀਤਾ ਹੈ, ਕਰ ਲੈ ਅੱਜ ਹੀ, ਦਰਸ਼ਨ ਉਹੀ ਕਰੇਗਾ, ਜੋ ਵੱਡੇ ਭਾਗਾਂ ਵਾਲਾ ਹੈ, ਜਿਸ ਦੇ ਮੱਥੇ ਤੇ ਚੰਗੇ ਭਾਗ ਹਨ, ਕ੍ਰਿਪਾਲੂ ਪਿਤਾ ਆਪੇ ਕ੍ਰਿਪਾ ਕਰੇ ਤਾਂ ਗੁਰੂ ਨਾਨਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅੰਮ੍ਰਿਤ ਛਕਾਉਣ ਲੱਗਿਆਂ ਵਾਹਿਗੁਰੂ ਨਾਮ ਬਖ਼ਸ਼ਦਾ ਹੈ। ਹੁਣ ਦਰਸ਼ਨ ਹੋਣਗੇ।

**ਗੁਰ ਬਿਨੁ ਭੂਲੋ ਆਵੈ ਜਾਏ ॥** *(ਪੰਨਾ ੪੧੨)*

ਗੁਰੂ ਨਾਨਕ ਤੋਂ ਅੰਮ੍ਰਿਤ ਛਕਣ ਤੋਂ ਬਗੈਰ ਰਸਤਾ ਹੀ ਭੁੱਲ ਗਿਆ, ਜੰਮਣ ਮਰਨ ਦੇ ਚੱਕਰ ਵਿਚ ਪਿਆ ਰਹੇਗਾ, ਬੇਅੰਮ੍ਰਿਤੀਆ।

**ਗੁਰ ਤੇ ਵਾਟ ਮਹਲੁ ਘਰੁ ਪਾਏ ॥.....**
**ਬਿਨੁ ਗੁਰ ਸੇਵੇ ਸਹਜੁ ਨ ਹੋਵੈ ॥੭॥** *(ਪੰਨਾ ੪੧੩)*

ਗੁਰੂ ਨਾਨਕ ਕੋਲੋਂ ਰਸਤਾ ਪੁੱਛ ਕੇ ਆਪਣੇ ਘਰ ਸਚਖੰਡਿ ਵਾਸਾ ਕਰ ਸਕਦਾ ਹੈ। ਗੁਰੂ ਨਾਨਕ ਨੂੰ ਸਿਮਰਨ ਤੋਂ ਬਗੈਰ ਸਹਜ ਨਹੀਂ ਆ ਸਕਦਾ।

**ਆਪੇ ਬਖਸੇ ਸਤਿਗੁਰੁ ਮੇਲੈ ॥** *(ਪੰਨਾ ੪੧੫)*

ਜਦੋਂ ਪਰਮਾਤਮਾ ਆਪ ਬਖ਼ਸ਼ਦਾ ਹੈ ਤਾਂ ਗੁਰੂ ਨਾਨਕ ਨਾਲ ਮਿਲਾਉਂਦਾ ਹੈ, ਕਿਸੇ ਦੇਹਧਾਰੀ ਗੁਰੂ ਨਾਲ ਨਹੀਂ।

**ਗੁਰ ਬਿਨੁ ਭਰਮਿ ਜਪਹਿ ਜਪੁ ਦੂਜਾ ॥** *(ਪੰਨਾ ੪੧੬)*

ਗੁਰੂ ਨਾਨਕ ਤੋਂ ਬਗ਼ੈਰ ਜੀਵ ਭਟਕਣਾ ਵਿਚ ਹੈ, ਵਾਹਿਗੁਰੂ ਨਹੀਂ ਜਪਦਾ, ਹੋਰ ਜਾਪ ਕਰ ਰਿਹੈ।

**ਗੁਰੁ ਸੇਵੇ ਸੋ ਠਾਕੁਰ ਜਾਨੈ ॥** *(ਪੰਨਾ ੪੧੬)*

ਗੁਰੂ ਨਾਨਕ ਦਾ ਦੱਸਿਆ ਜਿਹੜਾ ਵਾਹਿਗੁਰੂ ਸਿਮਰਨ ਕਰਦਾ ਹੈ ਉਹੀ ਸੱਚੇ ਰੱਬ ਨੂੰ ਜਾਣ ਲੈਂਦਾ ਹੈ।

**ਅਬੇ ਤਬੇ ਕੀ ਚਾਕਰੀ ਕਿਉ ਦਰਗਹ ਪਾਵੈ ॥**
**ਪਥਰ ਕੀ ਬੇੜੀ ਜੇ ਚੜੈ ਭਰ ਨਾਲਿ ਬੁਡਾਵੈ ॥੪॥** *(ਪੰਨਾ ੪੨੦)*

ਦੇਹਧਾਰੀ ਗੁਰੂਆਂ ਦੀ—ਇਹ ਸਾਰੇ ਅਬੇ ਤਬੇ ਹੀ ਹਨ, ਧਿਰ ਧਿਰ ਦੀ ਸੇਵਾ, ਖ਼ੁਸ਼ਾਮਦ ਕੀਤਿਆਂ, ਸਚਖੰਡਿ ਨਹੀਂ ਜਾ ਸਕਦਾ। ਗੁਰੂ ਨਾਨਕ ਨੂੰ ਛੱਡ ਕੇ ਸਚਖੰਡਿ ਨਹੀਂ ਜਾ ਸਕਦਾ, ਕਿਉਂ ? ਕਿਉਂਕਿ ਪੱਥਰ ਦੀ ਬੇੜੀ ਚੜ੍ਹ ਜਾਈਏ ਸਾਰੇ ਹੀ ਡੁੱਬ ਜਾਂਦੇ ਹਨ।

**ਗੁਰ ਬਿਨੁ ਕਿਨੈ ਨ ਪਾਇਓ ਕੇਤੀ ਕਹੈ ਕਹਾਏ ॥**
**ਆਪਿ ਦਿਖਾਵੈ ਵਾਟੜੀਂ ਸਚੀ ਭਗਤਿ ਦ੍ਰਿੜਾਏ ॥** *(ਪੰਨਾ ੪੨੦)*

ਗੁਰੂ ਨਾਨਕ ਤੋਂ ਬਗ਼ੈਰ ਕਿਸੇ ਨੇ ਰੱਬ ਨੂੰ ਨਹੀਂ ਪਾਇਆ, ਭਾਵੇਂ ਸਾਰੀ ਦੁਨੀਆ ਕਹਿੰਦੀ ਰਹੇ। ਗੁਰੂ ਨਾਨਕ ਰੱਬ ਆਪ ਰਾਹ ਦਿਖਾਉਂਦਾ ਸੱਚੀ ਭਗਤੀ ਵਾਹਿਗੁਰੂ ਸਿਮਰਨ ਪੱਕਾ ਕਰਦਾ ਹੈ, ਸੱਚੀ ਭਗਤੀ ਕਿਵੇਂ ਹੋਈ ? ਕਿਉਂਕਿ ਸਚਖੰਡਿ ਵੀ ਵਾਹਿਗੁਰੂ ਹੀ ਹੋ ਗਿਆ ਹੈ। ਬਾਕੀ ਸਾਰਿਆਂ ਦੀ ਸੱਚੀ ਭਗਤੀ ਕਿਵੇਂ ਹੋਈ ? ਉਹਨਾਂ ਦਾ ਵੱਖਰਾ ਵੱਖਰਾ ਸਿਮਰਨ ਹੈ, ਵਾਹਿਗੁਰੂ ਸਿਮਰਨ ਕਿਸੇ ਦਾ ਵੀ ਨਹੀਂ, ਇਸ ਦਾ ਮਤਲਬ ਉਹਨਾਂ ਨੂੰ ਗਿਆਨ ਨਹੀਂ, ਵਾਹਿਗੁਰੂ ਨਾਮ ਜਹਾਜ਼ ਹੈ। ਜਾਣਾ ਹੈ ਦਿੱਲੀ, ਜਾ ਰਿਹੈਂ ਪਾਕਿਸਤਾਨ, ਪਹੁੰਚ ਜਾਏਂਗਾ ?

**ਗੁਰ ਕੀ ਸੇਵਾ ਸੋ ਕਰੇ ਜਿਸੁ ਆਪਿ ਕਰਾਏ ॥**
**ਨਾਨਕ ਸਿਰੁ ਦੇ ਛੂਟੀਐ ਦਰਗਹ ਪਤਿ ਪਾਏ ॥੮॥੧੮॥**

*(ਪੰਨਾ ੪੨੦)*

ਗੁਰੂ ਨਾਨਕ ਦੀ ਸੇਵਾ ਉਹੀ ਕਰਦਾ ਹੈ ਜਿਸ ਨੂੰ ਅੰਦਰ ਬੈਠਾ ਵਾਹਿਗੁਰੂ

ਆਪ ਪ੍ਰੇਰਦਾ ਹੈ। ਆਪਣਾ ਸਿਰ ਆਪਣਾ ਸਭ ਕੁਛ ਅਰਪਣ ਕਰਕੇ ਸਚਖੰਡਿ ਇੱਜ਼ਤ ਮਿਲਦੀ ਹੈ। ਆਪਣਾ ਹਉਮੈ ਵਾਲਾ ਸਿਰ ਗੁਰੂ ਨਾਨਕ ਨੂੰ ਅਰਪਣ ਕਰਨਾ ਪੈਂਦਾ ਹੈ।

**ਜੀਵਦਿਆ ਲਾਹਾ ਮਿਲੈ ਗੁਰ ਕਾਰ ਕਮਾਵੈ ॥**
**ਪੂਰਬਿ ਹੋਵੈ ਲਿਖਿਆ ਤਾ ਸਤਿਗੁਰੁ ਪਾਵੈ ॥੫॥** *(ਪੰਨਾ ੪੨੧)*

ਜਿਹੜਾ ਅੰਮ੍ਰਿਤਧਾਰੀ ਗੁਰਸਿਖ ਗੁਰੂ ਨਾਨਕ ਦੀ ਦੱਸੀ ਕਾਰ ਕਰਦਾ ਹੈ, ਸਿਮਰਨ ਕਰਦਾ ਹੈ, ਸੁਰਤੀ ਲਾਂਦਾ ਹੈ, ਉਸ ਨੂੰ ਵਾਹਿਗੁਰੂ ਨਾਮ ਜਪਣ ਦਾ ਲਾਭ ਮਿਲ ਜਾਂਦਾ ਹੈ। (ਹਰ ਸੁਆਸ ਨਾਲ ਵਾਹਿਗੁਰੂ ਕਹਿਣਾ ਹੈ) ਪਰ ਗੁਰੂ ਨਾਨਕ ਵੀ ਤਦੋਂ ਹੀ ਮਿਲਦਾ ਹੈ ਜੇ ਪਿਛਲੇ ਜਨਮਾਂ ਦੇ ਕੀਤੇ ਹੋਏ ਚੰਗੇ ਕਰਮਾਂ ਦੇ ਸੰਸਕਾਰ ਅੰਦਰ ਮੌਜੂਦ ਹੋਣ। ਪੰਥ ਦੀ ਸੇਵਾ ਕਰੀਏ ਤਾਂ ਅੰਮ੍ਰਿਤ ਦੀ ਦਾਤ ਮਿਲਦੀ ਹੈ।

**ਬਿਨੁ ਨਾਵੈ ਕਿਆ ਜੀਵਨਾ ਫਿਟੁ ਧ੍ਰਿਗੁ ਚਤੁਰਾਈ ॥**
**ਸਤਿਗੁਰ ਸਾਧੁ ਨ ਸੇਵਿਆ ਹਰਿ ਭਗਤਿ ਨ ਭਾਈ ॥੧॥ ਰਹਾਉ ॥**
*(ਪੰਨਾ ੪੨੨)*

ਜਿਹੜੇ ਅੰਮ੍ਰਿਤ ਨਹੀਂ ਛਕਦੇ, ਵਾਹਿਗੁਰੂ ਨਾਮ ਨਹੀਂ ਜਪਦੇ, ਉਸ ਦਾ ਕੀ ਜੀਵਨ ਹੈ, ਫਿਟ ਲਾਹਨਤ ਹੈ ਜੀਉਣ ਦੇ, ਹਜ਼ਾਰ ਵਾਰ ਫਿਟੇ ਮੂੰਹ ਉਸਦੇ, ਉਸ ਦੀ ਚਤੁਰਾਈ ਦੇ, ਉਸ ਦੀ ਸਿਆਣਪ ਦੇ। ਗੁਰੂ ਨਾਨਕ ਦੀ ਦੱਸੀ ਸੇਵਾ ਨਹੀਂ ਕੀਤੀ, ਵਾਹਿਗੁਰੂ ਸਿਮਰਨ ਹੀ ਚੰਗਾ ਨਾ ਲੱਗਾ।

**ਵਿਣੁ ਗੁਰ ਪੂਰੇ ਕੋਇ ਨ ਜਾਣੀ ॥.....**
**ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ॥.....**
**ਗੁਰ ਸੇਵਾ ਤੇ ਤ੍ਰਿਭਵਣ ਸੋਝੀ ਹੋਇ ॥** *(ਪੰਨਾ ੪੨੩)*

ਗੁਰੂ ਨਾਨਕ ਤੋਂ ਬਗ਼ੈਰ ਕੋਈ ਰੱਬ ਨੂੰ ਨਹੀਂ ਜਾਣ ਸਕਦਾ। ਗੁਰੂ ਨਾਨਕ ਦੀ ਦੱਸੀ ਸੇਵਾ ਤਪਾਂ ਸਿਰ ਤਪਾਂ ਦੇ ਬਰਾਬਰ ਹੈ, ਉਸ ਤੋਂ ਸ੍ਰੇਸ਼ਟ ਹੈ (ਤਪ ਨਹੀਂ ਕਰਨੇ)। ਗੁਰੂ ਨਾਨਕ ਦੀ ਦੱਸੀ ਸੇਵਾ ਕਰਨ ਨਾਲ ਤਿੰਨਾ ਭਵਨਾਂ ਦੀ ਸੋਝੀ ਹੋ ਜਾਂਦੀ ਹੈ।

**ਸਾਚੀ ਬਾਣੀ ਮਹਲੁ ਪਰਾਪਤਿ ਹੋਇ ॥੫॥**
**ਗੁਰ ਸੇਵਾ ਤੇ ਸਭ ਕੁਲ ਉਧਾਰੇ ॥.....**
**ਸੇ ਵਡਭਾਗੀ ਜਿ ਗੁਰਿ ਸੇਵਾ ਲਾਏ ॥** *(ਪੰਨਾ ੪੨੩)*

ਸੱਚੀ ਬਾਣੀ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੈ, ਕਿਉਂਕਿ ਸਚਖੰਡਿ

ਵੀ ਇਹਨਾਂ ਦਾ ਪ੍ਰਕਾਸ਼ ਹੈ। ਬਾਣੀ ਨੂੰ ਵਿਚਾਰੋ, ਸਚਖੰਡਿ ਦੀ ਪ੍ਰਾਪਤੀ ਹੋ ਜਾਏਗੀ। ਗੁਰੂ ਨਾਨਕ ਦੀ ਸੇਵਾ ਕਰਨ ਨਾਲ ਸਾਗੀ ਕੁਲ ਸਚਖੰਡਿ ਜਾਏਗੀ। ਉਹ ਬਹੁਤ ਵੱਡੇ ਭਾਗਾਂ ਵਾਲੇ ਹਨ, ਗੁਰਮੁਖ ਪਿਆਰੇ ਅੰਮ੍ਰਿਤਧਾਰੀ ਜੋ ਗੁਰੂ ਨਾਨਕ ਦੀ ਸੇਵਾ ਵਿਚ ਲਾ ਦਿੱਤੇ ਹਨ।

**ਸਤਿਗੁਰਿ ਨਾਮੁ ਬੁਝਾਇਆ ਵਿਣੁ ਨਾਵੈ ਭੁਖ ਨ ਜਾਈ॥.....**
**ਸਤਿਗੁਰੁ ਸੇਵਿਐ ਹੋਵੈ ਪਰਵਾਨੁ॥** *(ਪੰਨਾ ੪੨੩)*

ਗੁਰੂ ਨਾਨਕ ਨੇ ਵਾਹਿਗੁਰੂ ਨਾਮ ਦੀ ਸੂਝ ਦਿੱਤੀ, ਵਾਹਿਗੁਰੂ ਨਾਮ ਜਪਣ ਤੋਂ ਬਗ਼ੈਰ ਮਾਇਆ ਦੀ ਭੁੱਖ ਨਹੀਂ ਜਾਣੀ। ਗੁਰੂ ਨਾਨਕ ਦਾ ਦੱਸਿਆ ਵਾਹਿਗੁਰੂ ਸਿਮਰਨ ਕਰਨ ਨਾਲ ਅੰਮ੍ਰਿਤਧਾਰੀ ਸਚਖੰਡਿ ਪਰਵਾਨ ਹੋ ਜਾਂਦੇ ਹਨ।

**ਗੁਰ ਤੇ ਗਿਆਨੁ ਊਪਜੈ ਮਹਾ ਤਤੁ ਬੀਚਾਰਾ॥**
**ਗੁਰ ਤੇ ਘਰੁ ਦਰੁ ਪਾਇਆ ਭਗਤੀ ਭਰੇ ਭੰਡਾਰਾ॥** *(ਪੰਨਾ ੪੨੪)*

ਗੁਰੂ ਨਾਨਕ ਨੇ ਹੀ ਗਿਆਨ ਦਾ ਪ੍ਰਕਾਸ਼ ਕੀਤਾ ਹੈ, ਸਭ ਤੋਂ ਉੱਤਮ ਰੱਬ ਦੀ ਵਿਚਾਰ ਹੈ। ਗੁਰੂ ਨਾਨਕ ਦੀ ਮਿਹਰ ਨਾਲ ਹੀ ਸਚਖੰਡਿ ਦੀ ਪ੍ਰਾਪਤੀ ਹੋਈ ਤੇ ਪਤਾ ਲੱਗਾ ਭਗਤੀ ਦੇ ਭੰਡਾਰ ਭਰੇ ਪਏ ਹਨ।

**ਸਤਿਗੁਰਿ ਮਿਲਿਐ ਆਪੁ ਗਇਆ ਤ੍ਰਿਭਵਣ ਸੋਝੀ ਪਾਈ॥**
*(ਪੰਨਾ ੪੨੪)*

ਗੁਰੂ ਨਾਨਕ ਨੂੰ ਮਿਲਣ ਨਾਲ ਹੰਕਾਰ ਖ਼ਤਮ ਹੋ ਗਿਆ, ਤਿੰਨਾਂ ਭਵਨਾਂ ਦੀ ਸੋਝੀ ਹੋ ਗਈ।

**ਪੂਰੈ ਗੁਰਿ ਸਮਝਾਇਆ ਮਤਿ ਊਤਮ ਹੋਈ॥** *(ਪੰਨਾ ੪੨੪)*

ਗੁਰੂ ਨਾਨਕ ਨੇ ਬਾਣੀ ਰਾਹੀਂ ਸਮਝਾਇਆ, ਅਕਲ ਬੁੱਧੀ ਬਹੁਤ ਸ੍ਰੇਸ਼ਟ ਹੋ ਗਈ, ਤੀਖਣ ਬੁੱਧੀ ਹੋ ਗਈ।

**ਪੂਰਾ ਸਤਿਗੁਰੁ ਤਾਂ ਮਿਲੈ ਜਾਂ ਨਦਰਿ ਕਰੇਈ॥** *(ਪੰਨਾ ੪੨੪)*

ਜੇ ਵਾਹਿਗੁਰੂ ਪਰਮਾਤਮਾ ਮਿਹਰ ਕਰੇ ਤਾਂ ਗੁਰੂ ਨਾਨਕ ਮਿਲਦਾ ਹੈ, ਤਾਂ ਅੰਮ੍ਰਿਤ ਦੀ ਦਾਤ ਮਿਲਦੀ ਹੈ।

**ਇਸੁ ਭਗਤੀ ਨੋ ਸੁਰਿ ਨਰ ਮੁਨਿ ਜਨ ਲੋਚਦੇ ਵਿਣੁ ਸਤਿਗੁਰ ਪਾਈ ਨ ਜਾਇ॥** *(ਪੰਨਾ ੪੨੫)*

ਅੰਮ੍ਰਿਤ ਦੀ ਦਾਤ ਤੇ ਵਾਹਿਗੁਰੂ ਸਿਮਰਨ ਕਰਨ ਨੂੰ ਸੁਰਤੀ ਲਾਉਣ

ਨੂੰ ਦੇਵੀ ਦੇਵਤੇ, ਮਨੁੱਖ, ਰਿਸ਼ੀ ਮੁਨੀ ਸੇਵਕ ਸਾਰੇ ਹੀ ਲੋਚਦੇ ਹਨ, ਤਾਂਘ ਕਰਦੇ ਹਨ। ਪਰ ਅੰਮ੍ਰਿਤ ਛਕਣ ਤੋਂ ਬਗ਼ੈਰ ਗੁਰੂ ਨਾਨਕ ਤੋਂ ਬਗ਼ੈਰ ਭਗਤੀ ਦੀ ਪ੍ਰਾਪਤੀ ਨਹੀਂ ਹੁੰਦੀ। ਅੱਜ ਵੀ ਜਦੋਂ ਸੁਰਤੀ ਲਾਈਦੀ ਹੈ, ਬਾਹਰ ਜੋੜਿਆਂ ਵਿਚ ਦੇਵੀ ਦੇਵਤੇ ਬੈਠੇ, ਚਰਨ ਧੂੜ ਲੈਂਦੇ ਅਰਦਾਸਾਂ ਕਰਦੇ ਹਨ, ਸਾਨੂੰ ਵੀ ਅੰਮ੍ਰਿਤ ਦੀ ਦਾਤ ਮਿਲ ਜਾਏ, ਵਾਹਿਗੁਰੂ ਨਾਮ ਦੀ ਦਾਤ ਮਿਲ ਜਾਏ। ਬਹੁਤੇ ਉਹਨਾਂ ਵਿਚ ਸ਼ਿਵਜੀ ਹੈ, ਗਨੇਸ਼ ਹੈ, ਮਾਇਆ ਲਛਮੀ ਤਾਂ ਬੈਠੀ ਹੀ ਜੋੜਿਆਂ ਵਿਚ ਰਹਿੰਦੀ ਹੈ ਤੇ ਆਪਣੀ ਮੈਲ ਧੋਂਦੀ ਰਹਿੰਦੀ ਹੈ।

**ਸਤਿਗੁਰ ਤੇ ਹਰਿ ਪਾਈਐ ਭਾਈ ॥**
**ਅੰਤਰਿ ਨਾਮੁ ਨਿਧਾਨੁ ਹੈ ਪੂਰੈ ਸਤਿਗੁਰਿ ਦੀਆ ਦਿਖਾਈ ॥੧॥ਰਹਾਉ॥**

(ਪੰਨਾ ੪੨੫)

ਸਿਰਫ਼ ਗੁਰੂ ਨਾਨਕ ਦੀ ਕ੍ਰਿਪਾ ਨਾਲ ਹੀ ਵਾਹਿਗੁਰੂ ਮਿਲਣਾ ਹੈ। ਅੰਦਰ ਹੀ ਨਾਮ ਦਾ ਖ਼ਜ਼ਾਨਾ ਹੈ ਪਰ ਸਿਰਫ਼ ਪੂਰਾ ਗੁਰੂ ਗੁਰੂ ਨਾਨਕ ਹੀ ਦਿਖਾ ਸਕਦਾ ਹੈ। ਅੰਦਰ ਹੀ ਆਪ ਹੈ।

**ਬਿਨੁ ਗੁਰ ਕੋਇ ਨ ਰੰਗੀਐ ਗੁਰਿ ਮਿਲਿਐ ਰੰਗੁ ਚੜਾਉ ॥**
**ਗੁਰ ਕੈ ਭੈ ਭਾਇ ਜੋ ਰਤੇ ਸਿਫਤੀ ਸਚਿ ਸਮਾਉ ॥੩॥** (ਪੰਨਾ ੪੨੭)

ਗੁਰੂ ਨਾਨਕ ਤੋਂ ਬਗ਼ੈਰ, ਵਾਹਿਗੁਰੂ ਨਾਮ ਦੀ ਰੰਗਣ, ਪਿਆਰ ਕੋਈ ਨਹੀਂ ਚਾੜ੍ਹ ਸਕਦਾ। ਗੁਰੂ ਨਾਨਕ ਮਿਲੇ ਤਾਂ ਰੱਬ ਨਾਲ ਪਿਆਰ ਪੈਂਦਾ ਹੈ, ਹੋਰ ਗੁਰੂ ਨਾਨਕ ਤੋਂ ਬਗ਼ੈਰ ਕੋਈ ਰੱਬ ਨੂੰ ਜਾਣਦਾ ਹੀ ਨਹੀਂ। ਗੁਰੂ ਨਾਨਕ ਦੇ ਡਰ ਪਿਆਰ ਵਿਚ ਜੋ ਰੰਗੇ ਜਾਂਦੇ ਹਨ ਉਹ ਸਿਮਰਨ ਕਰਨ ਨਾਲ ਵਾਹਿਗੁਰੂ ਨਾਮ ਵਿਚ ਸਮਾ ਜਾਂਦੇ ਹਨ।

**ਪੂਰੇ ਗੁਰ ਤੇ ਸਤਸੰਗਤਿ ਊਪਜੈ ਸਹਜੇ ਸਚਿ ਸੁਭਾਇ ॥੫॥**
**ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ ॥** (ਪੰਨਾ ੪੨੭)

ਦੇਖੋ, ਧਿਆਨ ਨਾਲ ਵਿਚਾਰੋ। ਪੂਰੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਸਤ ਸੰਗਤਿ ਪੈਦਾ ਹੁੰਦੀ ਹੈ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੋਣਾ ਬਹੁਤ ਜ਼ਰੂਰੀ ਹੈ, ਰੱਬ ਦਾ ਪੂਰਾ ਗਿਆਨ ਹੈ ਇਸ ਵਿਚ। ਜਿਸ ਸੰਗਤਿ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਹੀਂ ਹਨ, ਉਹ ਤਾਂ ਪਸ਼ੂਆਂ ਬਰਾਬਰ ਹਨ, ਮਰੇ ਹੋਏ, ਬੋ ਮਾਰਦੇ ਪਸ਼ੂਆਂ ਵਾਂਗ। ਗੁਰਸਿੱਖਾਂ ਤੋਂ ਬਗ਼ੈਰ, ਅੰਮ੍ਰਿਤਧਾਰੀਆਂ ਤੋਂ ਬਗ਼ੈਰ ਭਾਵ ਸਾਰੀ ਸ੍ਰਿਸ਼ਟੀ ਮਰੇ ਹੋਏ ਪਸ਼ੂਆਂ ਵਾਂਗ ਬੋ ਹੀ ਮਾਰ ਰਹੀ ਹੈ। ਵਿਚਾਰ ਬਹੁਤ ਬਾਰੀਕ ਹੈ ਜੇ ਕੋਈ ਹੈ ਤਾਂ ਸਿਖ ਧਰਮ, ਖ਼ਾਲਸਾ ਧਰਮ ਦੀ ਵਿਸ਼ੇਸ਼ਤਾ ਕੀ ਹੈ? ਸੋਚੋ ਜ਼ਰਾ।

**ਤੂੰ ਬੇਅੰਤੁ ਦਇਆਲੁ ਹੈ ਤੇਰੀ ਸਰਣਾਈ॥**
**ਗੁਰ ਪੂਰੇ ਤੇ ਪਾਈਐ ਨਾਮੇ ਵਡਿਆਈ ॥੧॥ ਰਹਾਉ॥**
*(ਪੰਨਾ ੪੨੭)*

ਵਾਹਿਗੁਰੂ ਤੂੰ ਬੇਅੰਤ ਹੈਂ, ਦਇਆ ਦਾ ਘਰ ਹੈਂ, ਤੇਰੀ ਚਰਨੀਂ ਲਗਦਾ ਹਾਂ, ਪੂਰੇ ਗੁਰੂ ਨਾਨਕ ਤੋਂ ਅੰਮ੍ਰਿਤ ਛਕਣ ਲਗਿਆਂ ਵਾਹਿਗੁਰੂ ਨਾਮ ਦੀ ਵਡਿਆਈ ਸਮਝ ਪੈਂਦੀ ਹੈ। ਜਦੋਂ ਸਚਖੰਡਿ ਨਾਲ ਜੋੜ ਜੁੜ ਜਾਂਦਾ ਹੈ।

**ਸਤਿਗੁਰ ਤੇ ਗੁਣ ਊਪਜੈ ਜਾ ਪ੍ਰਭੁ ਮੇਲੈ ਸੋਇ॥** *(ਪੰਨਾ ੪੨੮)*

ਦੈਵੀ ਗੁਣ ਗੁਰੂ ਨਾਨਕ ਤੋਂ ਪੈਦਾ ਹੁੰਦੇ ਹਨ ਕਿਉਂਕਿ ਅੰਦਰ ਹੀ ਆਪ ਬਾਹਿਰ ਵੀ ਆਪ, ਜਦੋਂ ਚਾਹੇ ਅੰਦਰਲੇ ਨੂੰ ਸਮਝਾ ਦੇਵੇ। ਪਰ ਜਦੋਂ ਵਾਹਿਗੁਰੂ ਮਿਲਾਏਗਾ, ਕਦੋਂ ਮਿਲਾਏਗਾ, ਜਦੋਂ ਅੰਮ੍ਰਿਤ ਛਕਾਏਗਾ।

**ਪੂਰਾ ਸਤਿਗੁਰੁ ਭੇਟਿਆ ਸਫਲ ਜਨਮੁ ਹਮਾਰਾ॥** *(ਪੰਨਾ ੪੨੯)*

ਪੂਰੇ ਗੁਰੂ ਨਾਨਕ ਨੂੰ ਮਿਲਿਆਂ ਮਨੁੱਖਾ ਜਨਮ ਸਫਲ ਹੋ ਜਾਂਦਾ ਹੈ। ਦੁਬਾਰਾ ਜਨਮ ਨਹੀਂ ਮਿਲਦਾ, ਸੁਚਖੰਡਿ ਚਲੇ ਜਾਈਦਾ ਹੈ।

**ਝਝੈ ਕਦੇ ਨ ਝੂਰਹਿ ਮੂੜੇ, ਸਤਿਗੁਰ ਕਾ ਉਪਦੇਸੁ ਸੁਣਿ ਤੂੰ ਵਿਖਾ॥**
**ਸਤਿਗੁਰ ਬਾਝਹੁ ਗੁਰੂ ਨਹੀ ਕੋਈ, ਨਿਗੁਰੇ ਕਾ ਹੈ ਨਾਉ ਬੁਰਾ॥**
*(ਪੰਨਾ ੪੩੫)*

ਹੇ ਮੂਰਖ ਪਾਂਧੇ! ਤੂੰ ਗੁਰੂ ਨਾਨਕ ਦਾ ਉਪਦੇਸ਼ ਧਾਰਨ ਕਰਕੇ ਵੇਖ ਲੈ, ਤੂੰ ਕਦੇ ਨਹੀਂ ਝੁਰੇਂਗਾ। ਪਰ ਯਾਦ ਰੱਖੀਂ, ਗੁਰੂ ਨਾਨਕ ਤੋਂ ਬਗ਼ੈਰ ਗੁਰੂ ਕੋਈ ਨਹੀਂ, ਜਿਸਨੇ ਅੰਮ੍ਰਿਤ ਨਹੀਂ ਛਕਿਆ, ਉਹ ਬੰਦਾ ਹੀ ਭੈੜਾ ਹੈ, ਉਸ ਦਾ ਨਾਂ ਨਾ ਲਈਂ।

**ਹਾਹੈ ਹਰਿ ਕਥਾ ਬੂਝੁ ਤੂੰ ਮੂੜੇ, ਤਾ ਸਦਾ ਸੁਖੁ ਹੋਈ॥**
**ਮਨਮੁਖਿ ਪੜਹਿ, ਤੇਤਾ ਦੁਖੁ ਲਾਗੈ, ਵਿਣੁ ਸਤਿਗੁਰ ਮੁਕਤਿ ਨ ਹੋਈ॥੧੬॥** *(ਪੰਨਾ ੪੩੫)*

ਹੇ ਮੂਰਖ ਮਾਸਟਰ, ਟੀਚਰ, ਪਾਂਧੇ, ਪ੍ਰੋਫ਼ੈਸਰ! ਜੇ ਤੂੰ ਬਾਣੀ ਦੀ ਸਿਖਿਆ ਸਿਖ ਲਏਂ, ਬਾਣੀ ਵਿਚਾਰੇਂ, ਅਮਲ ਕਰੇਂ ਤਾਂ ਸਦੀਵੀ ਸੁੱਖ ਮਿਲ ਜਾਏ, ਜਿਹਨਾਂ ਨੇ ਅੰਮ੍ਰਿਤ ਨਹੀਂ ਛਕਿਆ, ਜਿੰਨਾ ਮਰਜ਼ੀ ਪੜ੍ਹੀ ਜਾਣ, ਓਨੇ ਦੁਖੀ ਰਹਿਣਗੇ, ਕਿਉਂਕਿ ਗੁਰੂ ਨਾਨਕ ਕੋਲੋਂ ਅੰਮ੍ਰਿਤ ਛਕਣ ਤੋਂ ਬਗ਼ੈਰ ਜਮਰਾਜ ਤੋਂ ਵਿਕਾਰਾਂ ਤੋਂ ਮਾਇਆ ਤੋਂ ਜਨਮ ਮਰਨ ਤੋਂ ਮੁਕਤੀ ਨਹੀਂ ਮਿਲਣੀ।

**ਗੁਰ ਪਰਸਾਦੀ ਜਿਨੑਿ ਰਾਮੁ ਪਛਾਤਾ,**
**ਨਿਰਗੁਣ ਰਾਮ ਤਿਨੑੀ ਬੂਝਿ ਲਹਿਆ ॥੧੭॥** *(ਪੰਨਾ ੪੩੫)*

ਗੁਰੂ ਨਾਨਕ ਦੀ ਕ੍ਰਿਪਾ ਨਾਲ ਅੰਮ੍ਰਿਤ ਛਕ ਕੇ ਜਿਹਨਾਂ ਵਾਹਿਗੁਰੂ ਸਿਮਰਨ ਕੀਤਾ ਉਹਨਾਂ ਵਾਹਿਗੁਰੂ ਨੂੰ ਪਛਾਣ ਲਿਆ, ਸੂਖਸ਼ਮ ਵਾਹਿਗੁਰੂ ਪ੍ਰਕਾਸ਼ ਦੀ ਸੋਝੀ ਪੈ ਗਈ, ਸਮਝ ਆ ਗਈ।

**ਨਾਨਕ ਜਿਨੑ ਕਉ ਸਤਿਗੁਰੁ ਮਿਲਿਆ,**
**ਤਿਨੑ ਕਾ ਲੇਖਾ ਨਿਬੜਿਆ ॥੧੮॥੧॥੨॥** *(ਪੰਨਾ ੪੩੫)*

ਜਿਹਨਾਂ ਗੁਰਮੁਖ ਪਿਆਰਿਆਂ ਅੰਮ੍ਰਿਤਧਾਰੀਆਂ ਨੂੰ ਗੁਰੂ ਨਾਨਕ ਮਿਲ ਗਿਆ, ਉਹਨਾਂ ਦਾ ਲੇਖਾ ਹੀ ਖ਼ਤਮ ਹੋ ਗਿਆ। ਗੁਰੂ ਨਾਨਕ ਪੂਰਨ ਰੱਬ ਪਾਰਬ੍ਰਹਮ ਹੈ। ਧਰਮਰਾਜ ਤੋਂ ਕੁਨੈਕਸ਼ਨ ਹੀ ਟੁੱਟ ਗਿਆ। ਉਹਨਾਂ ਦਾ ਜਨਮ ਮਰਨ ਹੀ ਖ਼ਤਮ ਹੋ ਗਿਆ। ਸਚਖੰਡਿ ਨਾਲ ਕੁਨੈਕਸ਼ਨ ਜੁੜ ਗਿਆ, ਤਰ ਗਿਆ।

**ਆਦਿ ਪੁਰਖੁ ਅਪਰੰਪਰੁ ਪਿਆਰਾ ਸਤਿਗੁਰਿ ਅਲਖੁ ਲਖਾਇਆ ॥**
*(ਪੰਨਾ ੪੩੬)*

ਸਮੇਂ ਤੋਂ ਪਹਿਲਾਂ, ਜਦੋਂ ਸਮਾਂ ਹੀ ਨਹੀਂ ਸੀ ਬਣਿਆ, ਸਭ ਵਿਚ ਸਮਾਇਆ ਹੋਇਆ, ਪਰੇ ਤੋਂ ਪਰੇ ਪਿਆਰਾ ਵਾਹਿਗੁਰੂ, ਗੁਰੂ ਨਾਨਕ ਨੇ, ਨਾ ਜਾਣਿਆ ਜਾਣ ਵਾਲਾ ਅਲੱਖ ਪ੍ਰਭੂ ਦਿਖਾ ਦਿੱਤਾ, ਜਣਾ ਦਿੱਤਾ।

**ਨਾਨਕ ਗੁਰ ਸਮਾਨਿ ਤੀਰਥੁ ਨਹੀ ਕੋਈ ਸਾਚੇ ਗੁਰ ਗੋਪਾਲਾ ॥੩॥**
*(ਪੰਨਾ ੪੩੭)*

ਗੁਰੂ ਨਾਨਕ ਦੇ ਬਰਾਬਰ ਦਾ ਕੋਈ ਤੀਰਥ ਨਹੀਂ। ਕਿਉਂਕਿ ਸਾਰੇ ਤੀਰਥ ਪਾਣੀ ਦੇ ਹਨ ਸਰੀਰ ਧੋ ਸਕਦੇ ਹਨ। ਗੁਰੂ ਨਾਨਕ ਅੰਮ੍ਰਿਤ ਦਾ ਸਰੋਵਰ ਹੈ, ਮਨ ਦੀ ਮੈਲ ਧੋਂਦਾ ਹੈ, ਪਿਛਲੇ ਕਰਮ ਧੋਂਦਾ ਹੈ। ਸਾਚਾ ਪ੍ਰਭੂ ਗੋਪਾਲ ਗੁਰੂ ਨਾਨਕ ਹੈ।

**ਸਤਿਗੁਰ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ ॥.....**
**ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ ॥**
*(ਪੰਨਾ ੪੪੦)*

ਗੁਰੂ ਨਾਨਕ ਨੂੰ ਮਿਲਣ ਨਾਲ, ਅੰਮ੍ਰਿਤ ਛਕਣ ਨਾਲ, ਭਟਕਦਾ ਮਨ ਰੁਕ ਗਿਆ, ਦਸਮ ਦੁਆਰ ਵਿਚ ਵਾਸਾ ਹੋ ਗਿਆ, ਪ੍ਰਕਾਸ਼ ਹੋ ਗਿਆ, ਸਚਖੰਡਿ ਵਿਚ ਵਾਸਾ ਹੋ ਗਿਆ।

**ਇਉ ਕਹੈ ਨਾਨਕੁ ਧੰਨੁ ਸੁ ਵੇਲਾ ਜਿਤੁ ਮੈ ਸਤਿਗੁਰੁ ਮਿਲਿਆ ਸੋ ਸਹੁ ਚਿਤਿ ਆਇਆ ॥੮॥** (ਪੰਨਾ ੪੪੧)

ਨਾਨਕ ਇਉਂ ਆਖਦਾ ਹੈ, ਭਾਗਾਂ ਵਾਲਾ ਸੀ ਉਹ ਵੇਲਾ ਜਦੋਂ ਮੈਨੂੰ ਅੰਮ੍ਰਿਤ ਛਕਣ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮਿਲਾਪ ਹੋਇਆ ਤੇ ਮੇਰਾ ਮਾਲਕ ਮੈਨੂੰ ਯਾਦ ਆਇਆ, ਰੱਬ ਵਾਹਿਗੁਰੂ ਦਾ ਸਿਮਰਨ ਕੀਤਾ।

**ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ ॥**
**ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥**

(ਪੰਨਾ ੪੪੨)

ਸਮੁੰਦਰ ਵਰਗਾ ਡੂੰਘਾ ਸਰੀਰ ਰਿੜਕ ਕੇ, ਸਿਮਰਨ ਨਾਲ ਰਿੜਕ ਕੇ, ਵਾਹਿਗੁਰੂ ਵਾਹਿਗੁਰੂ ਕਹਿ ਕੇ ਦੇਖਿਆ, ਖੋਜਿਆ ਤਾਂ ਅੰਦਰ ਹੀ ਸੋਹਣਾ ਕੀਮਤੀ ਪਦਾਰਥ ਵਿਖਾ ਦਿੱਤਾ। ਮੈਂ ਦਸਮ ਦੁਆਰ ਪਹੁੰਚ ਗਿਆ, ਸਚਖੰਡਿ ਪਹੁੰਚ ਗਿਆ, ਉੱਥੇ ਮੈਂ ਕੀ ਦੇਖਿਆ, ਵਾਹਿਗੁਰੂ ਗੁਰੂ ਨਾਨਕ ਹੈ, ਗੁਰੂ ਨਾਨਕ ਹੀ ਵਾਹਿਗੁਰੂ ਹੈ, ਦੋਹਾਂ ਵਿਚ ਕੋਈ ਫ਼ਰਕ ਨਹੀਂ। ਹੁਣ ਦੱਸ ਦੇਹਧਾਰੀ ਗੁਰੂ! ਤੂੰ ਤਾਂ ਸਚਖੰਡਿ ਹੈ ਹੀ ਨਹੀਂ। ਧਰਮਰਾਜ ਕੋਲ ਹੈ ਸਾਰੇ ਤੇਰੇ ਵੱਡੇ ਵਡੇਰੇ। ਫਿਰ ਸੋਚ ਤੂੰ ਹੈਂ ਵਾਹਿਗੁਰੂ ? ਰਜਨੀਸ਼ ਨੂੰ ਪੁੱਛਿਆ ਸੀ ਇਕ ਗੋਰੀ ਨੇ। Are you same God who is controlling whole Universe? ਤੂੰ ਉਹੀ ਰੱਬ ਹੈਂ ਜਿਹੜਾ ਸਾਰੀ ਸ੍ਰਿਸ਼ਟੀ ਨੂੰ ਸੰਭਾਲੀ ਬੈਠਾ ਹੈ ? ਰਜਨੀਸ਼ ਚੁੱਪ ਹੋ ਗਿਆ ਸੀ। ਜੇ ਮੈਂ ਤੈਨੂੰ ਪੁੱਛਾਂ, ਤੂੰ ਉਹੀ ਗੁਰੂ ਹੈਂ ਜੋ ਸਾਰੀ ਸ੍ਰਿਸ਼ਟੀ ਨੂੰ ਸੰਭਾਲਦਾ ਹੈ। ਕੋਈ ਉੱਤਰ ਹੈ ? ਗੁਰੂ ਨਾਨਕ ਨੂੰ ਪੁੱਛੋ, Yes, He is controlling whole Universe. ਅੱਜ ਵੀ ਕਰ ਰਿਹੈ। ਤੁਸੀਂ, ਅਸੀਂ ਸਾਰੇ ਗੁਰੂ ਨਾਨਕ ਦੇ ਪੈਦਾ ਕੀਤੇ ਹੋਏ ਹਾਂ ਤੇ ਗੁਰੂ ਨਾਨਕ ਹੀ ਪਾਲ ਰਿਹਾ ਹੈ।

**ਲੋਭ ਵਿਕਾਰ ਨਾਵ ਡੁਬਦੀ ਨਿਕਲੀ ਜਾ ਸਤਿਗੁਰਿ ਨਾਮੁ ਦਿੜਾਏ ॥**

(ਪੰਨਾ ੪੪੩)

ਲਾਲਚ ਵਿਚ, ਵਿਕਾਰਾਂ ਵਿਚ, ਕੁਰਹਿਤ ਕਰਦਿਆਂ ਜੀਵਨ ਦੀ ਬੇੜੀ ਡੁਬਦੀ ਜਾ ਰਹੀ ਹੈ, ਧਰਮਰਾਜ ਵਲ ਜਾ ਰਹੀ ਸੀ, ਡੁਬਦੀ ਬਚ ਗਈ ਮੈਂ ਅੰਮ੍ਰਿਤ ਛਕ ਲਿਆ, ਗੁਰੂ ਨਾਨਕ ਨੇ ਵਾਹਿਗੁਰੂ ਨਾਮ ਪੱਕਾ ਕਰ ਦਿੱਤਾ।

**ਗੁਰੂ ਸਿਖੁ, ਸਿਖੁ ਗੁਰੂ ਹੈ, ਏਕੋ ਗੁਰ ਉਪਦੇਸੁ ਚਲਾਏ ॥**

(ਪੰਨਾ ੪੪੪)

ਇਕੋ ਵਾਹਿਗੁਰੂ, ਗੁਰੂ ਨਾਨਕ ਦੀ ਸਿੱਖਿਆ ਨਾਲ, ਜੋ ਵਾਹਿਗੁਰੂ ਨੇ

ਸਾਰਿਆਂ ਨੂੰ ਉਪਦੇਸ਼ ਦਿੱਤਾ—ਅੰਮ੍ਰਿਤ ਛਕੋ, ਸਿਮਰਨ ਕਰੋ, ਸੁਰਤੀ ਲਾਓ—ਜਦੋਂ ਮਿਲਾਪ ਹੋਇਆ ਤਾਂ ਪਤਾ ਲੱਗਾ, ਮੇਰੇ ਤੇ ਗੁਰੂ ਨਾਨਕ ਵਿਚ ਫ਼ਰਕ ਹੀ ਨਹੀਂ ਸੀ। ਗੁਰੂ ਨਾਨਕ ਸਾਰੇ ਅੰਮ੍ਰਿਤਧਾਰੀਆਂ ਗੁਰਸਿੱਖਾਂ ਨੂੰ ਸੁਰਤੀ ਲੁਆ ਕੇ ਆਪਣੇ ਵਰਗਾ ਬਣਾ ਲੈਂਦਾ ਹੈ, ਤਾਂ ਹੀ ਸਚਖੰਡਿ ਪਹੁੰਚੀਦਾ ਹੈ।

**ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ ॥**
**ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ ॥**

*(ਪੰਨਾ ੪੬੫)*

ਹੇ ਵਾਹਿਗੁਰੂ! ਜੇ ਤੂੰ ਆਪਣੀ ਮਿਹਰ ਦੀ ਨਿਗਾਹ ਕਰੇਂ ਤਾਂ ਹੀ ਗੁਰੂ ਨਾਨਕ ਮਿਲ ਸਕਦਾ ਹੈ ਤਾਂ ਹੀ ਅੰਮ੍ਰਿਤ ਦੀ ਦਾਤ ਮਿਲਦੀ ਹੈ। ਇਹ ਜੀਵਾਤਮਾ ਕਰੋੜਾਂ ਜਨਮਾਂ ਵਿਚ ਘੁੰਮਦੀ ਆਈ ਹੈ ਤੇ ਹੁਣ ਗੁਰੂ ਨਾਨਕ ਨੇ ਵਾਹਿਗੁਰੂ ਨਾਮ ਸੁਣਾਇਆ।

**ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ ॥**

*(ਪੰਨਾ ੪੬੫)*

ਸਾਰੀ ਸ੍ਰਿਸ਼ਟੀ ਦੇ ਲੋਕੋ ਧਿਆਨ ਨਾਲ ਸੁਣੋ, ਗੁਰੂ ਨਾਨਕ ਵਰਗਾ ਦਾਤਾ ਹੋਰ ਕੋਈ ਨਹੀਂ ਜੋ ਵਾਹਿਗੁਰੂ ਨਾਮ ਦੀ ਦਾਤ ਦੇ ਸਕੇ।

**ਸਤਿਗੁਰਿ ਮਿਲਿਐ ਸਚੁ ਪਾਇਆ ਜਿਨੑੀ ਵਿਚਹੁ ਆਪੁ ਗਵਾਇਆ ॥**
**ਜਿਨਿ ਸਚੋ ਸਚੁ ਬੁਝਾਇਆ ॥੪॥** *(ਪੰਨਾ ੪੬੫)*

ਜੇ ਗੁਰੂ ਨਾਨਕ ਮਿਲ ਪਏ, ਜੇ ਅੰਮ੍ਰਿਤ ਦੀ ਦਾਤ ਮਿਲ ਜਾਏ, ਗੁਰੂ ਨਾਨਕ ਦੇ ਮਿਲਣ ਨਾਲ ਹੀ ਰੱਬ ਦੀ ਪ੍ਰਾਪਤੀ ਹੋਣੀ ਹੈ, (ਨਹੀਂ ਤੇ ਹੋ ਨਹੀਂ ਸਕਦੀ) ਗੁਰੂ ਨਾਨਕ ਨੇ ਰੱਬ ਬਾਰੇ ਸਭ ਕੁਛ ਸਮਝਾ ਦਿੱਤਾ ਹੈ। ਰੱਬ ਬਾਰੇ ਸਭ ਕੁਛ ਸੱਚੋ ਸੱਚ ਹੀ ਦਰਸਾਇਆ ਹੈ। ਹੋਰ ਕੋਈ ਦੱਸ ਹੀ ਨਹੀਂ ਸਕਦਾ। ਪਹਿਲੀ ਗੱਲ ਤੁਸੀਂ ਸਾਰਿਆਂ ਨੇ ਅਗਮ ਅਗੋਚਰ ਰੱਬ ਨੂੰ ਜਾਣਿਆ ਕਿਵੇਂ ? ਜੇ ਅੱਜ ਵੀ ਕੋਈ ਜਾਣਦਾ ਹੈ ਤਾਂ ਦਰਸ਼ਨ ਕਰਾਓ, ਅਸੀਂ ਵੀ ਗੁਰੂ ਕਹਿਣ ਨੂੰ ਤਿਆਰ ਹਾਂ। ਅਸੀਂ ਸਰੀਰ ਉਹ ਸੂਖਸ਼ਮ ਜੋਤ, ਅਸੀਂ ਤਿੰਨੀ ਗੁਣੀ ਮਾਇਆ ਦੇ ਪੁਤਲੇ ਉਹ ਨਿਰਗੁਣ। ਅਸੀਂ ਸਰੀਰ ਅਸਥੂਲ ਉਹ ਸੂਖਸ਼ਮ। ਅਸੀਂ ਹਉਮੈ ਨਾਲ ਭਰੇ ਹੋਏ, ਔਗੁਣਾਂ ਨਾਲ ਭਰੇ, ਵਿਕਾਰਾਂ ਨਾਲ ਮਰੇ, ਮਾਇਆ ਵਿਚ ਮੋਹੇ ਹੋਏ, ਉਹ ਬਿਲਕੁਲ ਨਿਰਲੇਪ, ਤੁਸੀਂ ਦੇਖਿਆ ਕਿਵੇਂ ? ਸਰੀਰ ਦੇਖ ਨਹੀਂ ਸਕਦਾ, ਗੁਰੂ ਨਾਨਕ ਤੋਂ ਬਗੈਰ ਕੋਈ ਦਿਖਾ ਨਹੀਂ ਸਕਦਾ, ਤੁਸੀਂ ਕਿਵੇਂ ਦੇਖਿਆ ? ਇਹੀ ਤਾਂ ਖੋਜ ਕਰ ਰਿਹਾ ਹਾਂ, ਬੰਦਾ ਕਿਵੇਂ ਰੱਬ ਨੂੰ ਦੇਖ ਸਕਦਾ ਹੈ ? ਤੁਸੀਂ ਈਰਖਾ ਦੇ ਭਰੇ ਸਿੱਖਾਂ ਦੇ ਗੁਰੂਆਂ ਦੇ ਬਰਖ਼ਿਲਾਫ਼ ਬੋਲੀ ਜਾਂਦੇ ਹੋ,

ਤੁਸੀਂ ਇਕ ਦਿਨ ਮਰਨਾ ਹੈ, ਰੱਬ ਨੇ ਹੀ ਮਾਰ ਦੇਣਾ ਹੈ ਯਾਦ ਰੱਖਣਾ। ਤੁਸੀਂ ਰੱਬ ਦੇ ਬਰਖ਼ਿਲਾਫ਼ ਬੋਲ ਰਹੇ ਹੋ। ਬੋਲ ਨਹੀਂ ਰਹੇ ਮਾਰ ਵੀ ਰਹੇ ਹੋ, ਰੱਬ ਨੇ ਰਾਜ ਤੋ ਗ਼ੁਲਾਮ ਬਣਾ ਦੇਣਾ, ਇਹ ਗੱਲ ਯਾਦ ਰਖਿਓ, ਸਿੱਖ, ਗੁਰਸਿਖ, ਅੰਮ੍ਰਿਤਧਾਰੀ ਗੁਰਸਿਖ, ਨਾਮ ਜਪਦਾ ਗੁਰਸਿਖ, ਸੁਰਤੀ ਲਾਉਂਦਾ ਗੁਰਸਿਖ ਰੱਬ ਦਾ ਅਤੀ ਪਿਆਰਾ ਹੈ, ਉਸ ਦੀ ਇੱਜ਼ਤ ਬਦਲੇ ਤੁਹਾਨੂੰ ਸਾਰਿਆਂ ਨੂੰ ਖ਼ਤਮ ਕਰ ਸਕਦਾ, ਤੇ ਉਸਨੇ ਖ਼ੁਸ਼ ਹੋ ਕੇ ਇਹ ਕਾਰਾ ਕਰਨਾ, ਸਿੱਖਾਂ ਨੂੰ ਪਿਆਰ ਤੇ ਸਤਿਕਾਰ ਦਿਓ, ਇਹ ਦਾਤੇ ਹਨ, ਮੰਗਤੇ ਨਹੀਂ। ਤੁਹਾਡੇ ਕੋਲੋਂ ਕੁਛ ਨਹੀਂ ਮੰਗਦੇ, ਦਿੰਦੇ ਹੀ ਹਨ, ਜਾਨਾਂ ਦਿੱਤੀਆਂ ਦੇਸ਼ ਲਈ, ਕੁਰਬਾਨੀਆਂ ਦਿੱਤੀਆਂ ਆਜ਼ਾਦੀ ਲਈ। ਤੂੰ ਕੀ ਦਿੱਤਾ ਹੈ, ਰਾਜ ਲੈ ਕੇ ਬਹਿ ਗਿਆ ਹੈਂ। ਰੱਬ ਨੇ ਖੋਹ ਲੈਣਾ, ਇਕ ਸਕਿੰਟ ਲਾਉਣਾ, ਸਭ ਕੁਛ ਦੇਖ ਰਿਹੈ, ਤੂੰ ਅੱਤ ਚੁੱਕੀ ਹੋਈ ਹੈ। ਤੇਰਾ ਸਸਕਾਰ ਕਰਨ ਲਈ ਲਾਸ਼ ਨਹੀਂ ਲੱਭਣੀ। ਸਰਬੱਤ ਦਾ ਭਲਾ ਮੰਗ, ਤੇਰਾ ਵੀ ਇਸੇ ਵਿਚ ਹੀ ਭਲਾ ਹੈ। ਮਨੁੱਖਤਾ ਦੀ ਸੇਵਾ ਮੰਗ, ਤੇਰਾ ਵੀ ਭਲਾ ਹੋਵੇ। ਮਾਇਆ ਨਾਲ ਸੇਵਾ ਕਰ, ਰੱਬ ਤੈਨੂੰ ਬਹੁਤੀ ਮਾਇਆ ਦੇਵੇ। ਤੂੰ ਸਵਿਟਜ਼ਰਲੈਂਡ ਜਮ੍ਹਾ ਕਰੀ ਜਾ ਰਿਹਾ ਹੈਂ। ਉੱਥੇ ਹੀ ਰਹਿ ਜਾਣੀ ਹੈ, ਤੂੰ ਮਰ ਜਾਣਾ ਹੈ। ਇਕ ਗੱਲ ਦੱਸ, ਅੱਜ ਤਕ ਕਿਸੇ ਨੇ ਸਵਿਟਜ਼ਰਲੈਂਡ ਪੈਸੇ ਜਮ੍ਹਾ ਕਰਵਾ ਕੇ ਕਢਵਾਏ ਵੀ ਹਨ, ਉਸ ਦਾ ਨਾਂ ਲੈ, ਸਾਰੇ ਮਰ ਗਏ ਹਨ ਮਾਇਆ ਕਢਵਾ ਨਾ ਸਕੇ, ਤੂੰ ਵੀ ਮਰ ਜਾਣਾ, ਪਰ ਕਢਵਾ ਨਹੀਂ ਸਕੇਂਗਾ। ਤੇਰੀ ਜਮ੍ਹਾ ਕੀਤੀ ਮਾਇਆ ਧਰਮਰਾਜ ਨਰਕਾਂ ਵਿਚ ਤੇਰੇ ਸਰੀਰ ਵਿਚੋਂ ਕੱਢੂਗਾ, ਤੂੰ ਜਾਣਾ ਹੀ ਹੈ ਆਪ ਦੇਖ ਲਈਂ ਫਿਰ ਮੈਨੂੰ ਯਾਦ ਕਰੀਂ, ਹੁਣ ਨਹੀਂ। ਰੱਬ ਦਾ ਮੂਡ ਬਦਲ ਗਿਆ, ਉਸ ਨੇ ਸਕਿੰਟ ਨਹੀਂ ਲਾਉਣਾ। ਦੇਖਦਾ ਰਹੀਂ।

**ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ ॥**

*(ਪੰਨਾ ੪੬੫)*

ਤੇਰਾ ਵਾਹਿਗੁਰੂ ਨਾਮ ਅਕਾਰ ਰਹਿਤ ਹੈ, ਜੇ ਸਿਮਰਦੇ ਰਹੀਏ, ਸੁਰਤੀ ਲਾਈਏ ਤਾਂ ਨਰਕਾਂ ਵਿਚ ਨਹੀਂ ਜਾਈਦਾ। ਜਿਹੜੇ ਨਹੀਂ ਸਿਮਰਦੇ ਉਹ ਸਾਰੇ ਨਰਕਾਂ ਵਿਚ ਜਾਂਦੇ ਹਨ, ਤੂੰ ਸਿਮਰਦਾ ਹੈਂ, ਅੰਮ੍ਰਿਤ ਦੀ ਦਾਤ ਲਈ ਹੈ ਕਿ ਨਹੀਂ।

**ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥**

*(ਪੰਨਾ ੪੬੬)*

ਕਿਉਂਕਿ ਗੁਰੂ ਨਾਨਕ ਆਦਿ ਹੈ, ਅੱਜ ਤਕ ਕਿਸੇ ਨੇ ਗੁਰੂ ਨਾਨਕ ਤੋਂ ਬਗ਼ੈਰ ਰੱਬ ਨਹੀਂ ਪਾਇਆ, ਗੁਰੂ ਨਾਨਕ ਤੋਂ ਬਗ਼ੈਰ ਕੋਈ ਪਾ ਹੀ ਨਹੀਂ ਸਕਦਾ, ਨਾ ਹੀ ਪਿੱਛੇ ਪਾਇਆ, ਨਾ ਅੱਜ ਪਾਇਆ, ਨਾ ਅੱਗੇ ਤੋਂ ਪਾਏਗਾ।

**ਸਤਿਗੁਰ ਵਿਚ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ॥**

*(ਪੰਨਾ ੪੬੬)*

ਗੁਰੂ ਨਾਨਕ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ, ਦਸੇ ਪਾਤਿਸ਼ਾਹੀਆਂ ਵਿਚ, ਮੇਰੀ ਜੋਤੀ, ਰੱਬ ਦੀ ਜੋਤ, ਪ੍ਰਤੱਖ ਤੌਰ ਤੇ ਹਾਜ਼ਰ ਹੈ, ਮੈਂ ਆਪ ਹੀ ਹਾਂ, ਸਾਰਿਆਂ ਨੂੰ ਪਰਗਟ ਕਰਕੇ, ਪ੍ਰਤੱਖ ਦਿਖਾ ਕੇ ਸੁਣਾ ਦਿੱਤਾ। ਪਰਮਾਤਮਾ ਕਹਿ ਰਿਹਾ ਹੈ, ਇਹ ਧੁਰਿ ਕੀ ਬਾਣੀ ਹੈ। ਮੈਂ ਰੱਬ ਪਰਮ-ਆਤਮਾ, ਰਾਮ, ਰਹੀਮ ਇਹਨਾਂ ਵਿਚ ਹਾਜ਼ਰ-ਨਾਜ਼ਰ ਹਾਂ। ਤੇਰੇ ਗੁਰੂ ਬਾਰੇ ਕੀ ਕਿਹਾ ? ਉਸ ਦੇ ਵਿਚ ਧਰਮਰਾਜ ਦੇ ਜਮਦੂਤ ੨੪ ਘੰਟੇ ਹਾਜ਼ਰ ਨਾਜ਼ਰ ਹਨ, ਜਦੋਂ ਮਰਜ਼ੀ ਦੇਖ ਲਓ।

**ਸਤਿਗੁਰੁ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ॥**

*(ਪੰਨਾ ੪੬੬)*

ਗੁਰੂ ਨਾਨਕ ਦੇ ਮਿਲਣ ਨਾਲ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਿਲਣ ਨਾਲ, ਅੰਮ੍ਰਿਤ ਛਕਣ ਨਾਲ, ਹਮੇਸ਼ਾ ਲਈ ਧਰਮਰਾਜ ਤੋਂ, ਜਮਦੂਤਾਂ ਤੋਂ, ਜਨਮ ਮਰਨ ਤੋਂ, ਵਿਕਾਰਾਂ ਤੋਂ, ਮਾਇਆ ਤੋਂ, ਬਜਰ ਕੁਰਹਿਤ ਤੋਂ, ਅਗਿਆਨਤਾ ਤੋਂ, ਸਰੀਰ ਦੇ ਮੋਹ ਤੋਂ ਮੁਕਤੀ ਮਿਲ ਜਾਂਦੀ ਹੈ। ਸਦੀਵੀ ਸਚਖੰਡਿ ਪਹੁੰਚ ਜਾਈਦਾ ਹੈ। ਤੇਰੇ ਗੁਰੂ ਤੋਂ, ਹਮੇਸ਼ਾ ਲਈ ਧਰਮਰਾਜ ਨਾਲ ਵਾਹ ਪੈ ਜਾਂਦਾ ਹੈ, ਜਮਦੂਤ ਸਿਰ ਤੇ ਹੀ ਰਹਿੰਦੇ ਹਨ। ਵਿਕਾਰਾਂ ਵਿਚ ਘਿਰੇ ਰਹੀਦਾ ਹੈ, ਜਨਮ ਮਰਨ ਦਾ ਗੇੜ ਬਣਿਆ ਹੀ ਰਹਿੰਦਾ, ਅਗਿਆਨਤਾ ਦੀ ਐਨਕ ਲੱਗੀ ਹੀ ਰਹਿੰਦੀ ਹੈ, ਬਜਰ ਕੁਰਹਿਤ ਹੁੰਦੀ ਹੀ ਰਹਿੰਦੀ ਹੈ। ਮੋਹ ਛਡਦਾ ਹੀ ਨਹੀਂ, ਮੁਕਤੀ ਮਿਲਦੀ ਹੀ ਨਹੀਂ, ਫ਼ਰਕ ਦੇਖੀ ਚੱਲ, ਤੇਰੇ ਗੁਰੂ ਤੇ ਮੇਰੇ ਗੁਰੂ ਵਿਚ।

**ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ॥**
**ਜਗਜੀਵਨੁ ਦਾਤਾ ਪਾਇਆ॥੬॥** *(ਪੰਨਾ ੪੬੬)*

ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰੱਬੀ ਧੁਰਿ ਕੀ ਬਾਣੀ ਵਿਚ ਉਤਮ ਵਿਚਾਰ ਇਹੀ ਹੈ ਕਿ ਜੇ ਰੱਬ ਨਾਲ ਸੁਰਤੀ ਜੁੜ ਗਈ, ਪ੍ਰਕਾਸ਼ ਹੋ ਗਿਆ, ਰੱਬ ਨਾਲ ਗੱਲ ਬਾਤ ਹੋ ਗਈ, ਜਗ ਨੂੰ ਜੀਵਨ ਦੇਣ ਵਾਲਾ ਵਾਹਿਗੁਰੂ ਮਿਲ ਗਿਆ। ਦੇਹਧਾਰੀ ਗੁਰੂਆਂ ਵਾਲਿਓ! ਤੁਹਾਨੂੰ ਰੱਬ ਮਿਲ ਗਿਆ ਹੈ, ਅੰਦਰ ਪ੍ਰਕਾਸ਼ ਹੋ ਗਿਆ ? ਗੱਲ ਬਾਤ ਹੁੰਦੀ ਹੈ ? ਦੱਸੋ।

**ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ॥**
**ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨ੍ਹੀ ਧਾਵਦੇ॥**

*(ਪੰਨਾ ੪੬੮)*

ਭਗਤ ਤੇਰੇ, ਗੁਰਮੁਖ ਸਿਰਫ਼ ਅੰਮ੍ਰਿਤਧਾਰੀ ਤੈਨੂੰ ਮਨ ਵਿਚ ਚੰਗੇ ਲਗਦੇ

ਹਨ, ਸਚਖੰਡਿ ਤੇਰੇ ਦਰ ਤੇ ਸੋਭਦੇ ਹਨ ਤੇ ਤੇਰੀ ਸਿਫ਼ਤਿ-ਸਾਲਾਹ ਕਰਦੇ ਹਨ, ਸਿਮਰਨ ਕਰਦੇ ਹਨ, ਸੁਰਤੀ ਲਾਉਂਦੇ ਹਨ, ਕੀਰਤਨ ਕਰਦੇ ਹਨ, ਸੋਹਣੇ ਹਨ। ਤੇਰੇ ਗੁਰੂ ਬਾਰੇ ਹੀ ਲਿਖਿਆ ਹੈ, ਬਖ਼ਸ਼ਿਸ਼ ਤੋਂ ਬਗ਼ੈਰ, ਗੁਰੂ ਵੀ ਹੈ, ਨਾਮ ਵੀ ਹੈ, ਸੁਰਤੀ ਵੀ ਲਾਉਂਦੇ ਹਨ, ਪਰ ਸਚਖੰਡਿ ਬੈਠਣ ਨੂੰ ਨਹੀਂ ਮਿਲਦਾ, ਢੋਈ ਨਹੀਂ ਮਿਲਦੀ, ਭਟਕਦੇ ਫਿਰਦੇ ਹਨ, ਅੱਜ ਵੀ ਭਟਕਦੇ ਫਿਰਦੇ ਹਨ। ਕਲ ਤੂੰ ਵੀ ਭਟਕੇਂਗਾ। ਕੀ ਫ਼ਾਇਦਾ ? ਜੀਵਨ ਬਰਬਾਦ ਕਰੇਂਗਾ। ਸੋਝੀ ਫਿਰ ਨਹੀਂ ਆਉਣੀ, ਅਜੇ ਵੀ ਅੰਮ੍ਰਿਤ ਛਕ ਲੈ, ਫਿਰ ਤੂੰ ਬਾਣੀ ਨੂੰ ਧੁਰਿ ਕੀ ਬਾਣੀ ਮੰਨਦਾ ਵੀ ਹੈਂ, ਫਿਰ ਅੰਮ੍ਰਿਤ ਤੋਂ ਕਿਉਂ ਮੁਨਕਰ ਹੈਂ ? ਸਾਬਤਿ ਸੂਰਤਿ ਤੋਂ ਕਿਉਂ ਮੁਨਕਰ ਹੈਂ ? ਵਾਹਿਗੁਰੂ ਸ਼ਬਦ ਨਾਲ ਕੀ ਇਨਕਾਰੀ ਹੈਂ ? ਕੀ ਨਰਾਜ਼ਗੀ ਹੋ ਗਈ ? ਗੁਰੂ ਨਾਨਕ ਨਾਲ ਹੀ ਨਰਾਜ਼ਗੀ ਹੋ ਗਈ ? ਢੋਈ ਕਿੱਥੇ ਮਿਲਣੀ ਹੈ ? ਗੁਰੂ ਨਾਨਕ ਤੋਂ ਕੌਣ ਵੱਡਾ ਹੈ ? ਕੋਈ ਇਕ ਹੀ ਦਿਖਾ ਦੇਹ, ਫਿਰ ਛੱਡੀ ਕਿਉਂ ਬੈਠਾ ਹੈਂ ?

**ਸਤਿਗੁਰੂ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ ॥**
**ਕਰਿ ਕਿਰਪਾ ਪਾਰਿ ਉਤਾਰਿਆ ॥੧੩॥** *(ਪੰਨਾ ੪੭੦)*

ਗੁਰੂ ਨਾਨਕ, ਸਚਖੰਡਿ ਲਿਜਾਣ ਲਈ ਜਹਾਜ਼ ਹੈ, ਪਰ ਕੋਈ ਵਿਰਲਾ ਹੀ ਵਿਚਾਰੇਗਾ। ਕਿਰਪਾ ਕਰਕੇ ਪਾਰ ਸਚਖੰਡਿ ਉਤਾਰ ਦੇਂਦਾ ਹੈ। ਅੰਮ੍ਰਿਤ ਛਕ ਕੇ ਪਰਿਵਾਰ ਸਮੇਤ ਚੁੱਪ ਕਰਕੇ ਚੜ੍ਹ ਜਾਹ, ਹੋਰਨਾਂ ਨੂੰ ਵੀ ਚੜ੍ਹਾ ਦੇਹ।

**ਵਿਣੁ ਸਤਿਗੁਰ ਵਾਟ ਨ ਪਾਵੈ ॥੨॥** *(ਪੰਨਾ ੪੭੦)*

ਗੁਰੂ ਨਾਨਕ ਤੋਂ ਬਗ਼ੈਰ ਸਚਖੰਡਿ ਦਾ ਰਸਤਾ ਨਹੀਂ ਲਭਣਾ। ਐਵੇਂ ਭਟਕ ਨਾ, ਜ਼ਿੰਦਗੀ ਬਰਬਾਦ ਹੋਈ ਜਾ ਰਹੀ ਹੈ।

**ਸਤਿਗੁਰੁ ਵਡਾ ਕਰਿ ਸਾਲਾਹੀਐ ਜਿਸੁ ਵਿਚਿ ਵਡੀਆ ਵਡਿਆਈਆ ॥**
**ਸਹਿ ਮੇਲੇ ਤਾ ਨਦਰੀ ਆਈਆ ॥** *(ਪੰਨਾ ੪੭੩)*

ਗੁਰੂ ਨਾਨਕ ਦੇ ਗੁਣ ਗਾਉਣੇ ਚਾਹੀਦੇ ਹਨ ਤੇ ਆਖਣਾ ਚਾਹੀਦਾ ਹੈ ਕਿ ਗੁਰੂ ਨਾਨਕ ਬਹੁਤ ਵੱਡਾ ਹੈ, ਕਿਉਂਕਿ ਗੁਰੂ ਨਾਨਕ ਵਿਚ ਵੱਡੇ ਗੁਣ ਹਨ। ਜਿਹਨਾਂ ਅੰਮ੍ਰਿਤਧਾਰੀ ਗੁਰਸਿੱਖਾਂ ਨੂੰ ਪ੍ਰਭੂ-ਪਤੀ ਨੇ ਮਿਲਾਇਆ ਹੈ ਗੁਰੂ ਨਾਨਕ ਨਾਲ, ਉਹਨਾਂ ਨੂੰ ਉਹ ਗੁਣ ਅੱਖੀਂ ਦਿੱਸਦੇ ਹਨ।

**ਕਹੁ ਕਬੀਰ ਜਿਸੁ ਸਤਿਗੁਰੁ ਭੇਟੈ, ਪੁਨਰਪਿ ਜਨਮਿ ਨ ਆਵੈ ॥੪॥੨॥**
*(ਪੰਨਾ ੪੭੬)*

ਕਬੀਰ ਕਹਿੰਦਾ ਹੈ ਸੱਚ ਤਾਂ ਇਹ ਹੈ ਜਿਸ ਨੂੰ ਗੁਰੂ ਨਾਨਕ ਮਿਲ ਜਾਂਦਾ ਹੈ, ਜੋ ਅੰਮ੍ਰਿਤ ਛਕ ਲੈਂਦਾ ਹੈ, ਉਹ ਦੁਬਾਰਾ ਜਨਮ ਨਹੀਂ ਲੈਂਦਾ। ਸਤਿਗੁਰੂ

ਕੌਣ ਹੈ ? ਸਤਿਗੁਰੂ ਤਾਂ ਇਕੋ ਹੀ ਹੈ, ਬਾਬਾ ਨਾਨਕ। ਚਲੋ ਜੇ ਕੋਈ ਹੋਰ ਬਾਬੇ ਨਾਨਕ ਵਰਗਾ ਸਤਿਗੁਰੂ ਹੈ ਤਾਂ ਦਿਖਾ ਦਿਓ। ਅੱਜ ਹੀ ਦਿਖਾ ਦਿਓ, ਚਲੋ ਦੱਸ ਹੀ ਦਿਓ, ਅਸੀਂ ਮਿਲ ਲੈਂਦੇ ਹਾਂ। ਉਸ ਦੇ ਗੁਣ ਦੇਖ ਲਓ।

੧. ਜਨਮ ਮਰਨ ਤੋਂ ਰਹਿਤ ਹੋਣਾ ਚਾਹੀਦਾ ਹੈ। ੨. ਅਬਿਨਾਸੀ ਪੁਰਖੁ ਹੋਣਾ ਚਾਹੀਦਾ ਹੈ। ੩. ਸਭ ਵਿਚ ਸਮਾਇਆ ਹੋਵੇ, ਸਾਰੇ ਜੀਵਾਂ ਦੇ ਅੰਦਰ ਗੁਰੂ ਨਾਨਕ ਦੀ ਤਰ੍ਹਾਂ ਹੋਵੇ। ੪. ਰੱਬ ਨਾਲ ਮਿਲਾ ਸਕਦਾ ਹੋਵੇ। ੫. ਸਚਖੰਡਿ ਦਾ ਮਾਲਕ ਹੋਵੇ। ੬. ਰੱਬ ਤੇ ਉਸ ਵਿਚ ਫ਼ਰਕ ਕੋਈ ਨਾ ਹੋਵੇ। ੭. ਆਦਿ ਤੇ ਜੁਗਾਦਿ ਹੋਵੇ। ੮. ਸ੍ਰਿਸ਼ਟੀ ਦਾ ਕਰਤਾ ਹੋਵੇ, ਅੱਜ ਵੀ ਚਲਾ ਰਿਹਾ ਹੋਵੇ। ੯. ਦਾਤਾ ਹੋਵੇ। ਵਾਹਿਗੁਰੂ ਨਾਮ ਜੋ ਸਚਖੰਡਿ ਜਪਿਆ ਜਾ ਰਿਹਾ ਹੈ ਦੇਣ ਦੇ ਸਮਰਥ ਹੋਵੇ। ਹੋਰ ਜੋ ਸਾਰੇ ਗੁਣ ਉੱਤੇ ਲਿਖੇ ਹਨ, ਹੋਵਣ। ਸਾਨੂੰ ਕੀ ਇਤਰਾਜ਼ ਹੈ ਮੰਨਣ ਵਿਚ, ਮਿਲਾਓ ਕੋਈ ਇਕ-ਅੱਧਾ ਹੀ ਮਿਲਾ ਦਿਓ।

**ਹਉ ਪੂਤੁ ਤੇਰਾ, ਤੂੰ ਬਾਪੁ ਮੇਰਾ॥**
**ਏਕੈ ਠਾਹਰ, ਦੁਹਾ ਬਸੇਰਾ॥**
**ਕਹੁ ਕਬੀਰ, ਜਨਿ ਏਕੋ ਬੂਝਿਆ॥**
**ਗੁਰ ਪ੍ਰਸਾਦਿ ਮੈ ਸਭੁ ਕਿਛੁ ਸੂਝਿਆ॥੪॥** (ਪੰਨਾ ੪੭੬)

ਮੈਂ ਤੇਰਾ ਪੁੱਤਰ, ਤੂੰ ਮੇਰਾ ਪਿਤਾ ਹੈਂ, ਸਾਡਾ ਦੋਹਾਂ ਦਾ ਇਕੋ ਥਾਂ ਦਸਮ ਦੁਆਰ (ਸਚਖੰਡਿ) ਵਿਚ ਨਿਵਾਸ ਹੈ। ਹੇ ਕਬੀਰ ! ਹੁਣ ਤੂੰ ਆਖ—ਮੈਂ ਦਾਸ ਨੇ ਉਸ ਇਕ ਪ੍ਰਭੂ ਨੂੰ ਪਛਾਣ ਲਿਆ ਹੈ। ਗੁਰੂ ਨਾਨਕ ਦੀ ਕ੍ਰਿਪਾ ਨਾਲ ਮੈਨੂੰ ਸਾਰੀ ਸੂਝ ਪੈ ਗਈ ਹੈ। ਮੈਂ ਤੇਰਾ ਪੁੱਤਰ, ਤੂੰ ਮੇਰਾ ਪਿਤਾ, ਇਹ ਕਿਹਨੂੰ ਕਹਿ ਰਹੇ ਹਨ ਕਬੀਰ ਜੀ, ਵਾਹਿਗੁਰੂ ਨੂੰ, ਉਹ ਜੋਤ ਬੋਲਦੀ ਹੈ, ਮੈਂ ਤਾਂ ਦੇਖੀ ਨਹੀਂ ਬੋਲਦੀ, ਤੁਸੀਂ ਸੁਣੀ ਹੈ ਬੋਲਦੀ, ਪ੍ਰਕਾਸ਼ ਬੋਲਦਾ ਹੈ, ਉਸ ਦੀ ਜ਼ੁਬਾਨ ਹੈ। ਵਾਹਿਗੁਰੂ ਨੇ ਮੰਨ ਲਿਆ ਹਾਂ ਤੂੰ ਮੇਰਾ ਪੁੱਤਰ ਹੈਂ, ਕਬੀਰ ਜੀ ਨੂੰ ਕਿਵੇਂ ਪਤਾ ਲੱਗਾ ? ਕਬੀਰ ਜੀ ਨੂੰ ਦਸਮ ਦੁਆਰ ਕੌਣ ਲੈ ਕੇ ਗਿਆ ? ਕਬੀਰ ਜੀ ਤਾਂ ਪੰਜ ਭੂਤਕ ਸਨ। ਵਿਚਾਰੇ ਜਾਤ ਦੇ ਗ਼ਰੀਬ ਜਿਹੇ ਜੁਲਾਹੇ ਸਨ। ਕਬੀਰ ਜੀ ਗੁਰੂ ਨਾਨਕ ਨੂੰ ਕਹਿ ਰਹੇ ਹਨ, ਬਾਬਾ ਤੇ ਰੱਬ ਇਕ ਹੀ ਹਨ।

**ਜਨ ਰਵਿਦਾਸ ਰਾਮ ਰੰਗਿ ਰਾਤਾ॥**
**ਇਉ, ਗੁਰ ਪਰਸਾਦਿ ਨਰਕ ਨਹੀ ਜਾਤਾ॥੩॥੫॥** (ਪੰਨਾ ੪੮੭)

ਵਾਹਿਗੁਰੂ ਦਾ ਦਾਸ ਰਵਿਦਾਸ ਵੀ ਵਾਹਿਗੁਰੂ ਦੇ ਪਿਆਰ ਵਿਚ ਰੰਗਿਆ ਗਿਆ ਹੈ। ਇਸ ਰੰਗ ਦੀ ਬਰਕਤਿ ਨਾਲ ਗੁਰੂ ਨਾਨਕ ਦੀ ਮਿਹਰ ਦਾ ਸਦਕਾ, ਰਵਿਦਾਸ ਨਰਕਾਂ ਵਿਚ ਨਹੀਂ ਪਏਗਾ। ਗੁਰੂ ਨਾਨਕ ਤੋਂ ਬ਼ਗੈਰ ਕੋਈ ਗੁਰੂ ਨਹੀਂ ਹੈ।

**ਬਿਨੁ ਭਾਗਾ ਐਸਾ ਸਤਿਗੁਰੁ ਨ ਪਾਈਐ ਜੇ ਲੋਚੈ ਸਭੁ ਕੋਇ॥**

*(ਪੰਨਾ ੪੯੦)*

ਚਾਹੇ ਹਰੇਕ ਮਨੁੱਖ ਪਿਆ ਤਾਂਘ ਕਰੇ, ਚੰਗੀ ਕਿਸਮਤ ਤੋਂ ਬਿਨਾਂ ਗੁਰੂ ਨਾਨਕ ਨਹੀਂ ਮਿਲਦਾ, ਅੰਮ੍ਰਿਤ ਦੀ ਦਾਤ ਨਹੀਂ ਮਿਲਦੀ। ਅੱਜ ਦੇ ਯੁੱਗ ਵਿਚ ਰਹਿਤ ਰੱਖਣੀ, ਕੁਰਹਿਤ ਛਡਣੀ ਬਹੁਤ ਔਖੀ ਹੈ।

**ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ॥**
**ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ॥੪॥੩॥੫॥**

*(ਪੰਨਾ ੪੯੦)*

ਵੇਖੋ, ਪਰਮਾਤਮਾ ਦੀ ਅਚਰਜ ਮਰਜ਼ੀ ! ਜੇਹੜਾ ਵੀ ਮਨੁੱਖ ਗੁਰੂ ਨਾਨਕ ਦੀ ਸਰਨ ਪੈਂਦਾ ਹੈ, ਅੰਮ੍ਰਿਤ ਛਕਦਾ ਹੈ, ਅੰਮ੍ਰਿਤ ਛਕਣ ਨਾਲ ਗੁਰੂ ਨਾਨਕ ਦਾ ਰੂਪ ਬਣ ਜਾਂਦਾ ਹੈ (ਤਾਂ ਹੀ ਸਚਖੰਡਿ ਜਾਂਦਾ ਹੈ) ਪਰਮਾਤਮਾ ਆਪ ਹੀ ਇਹ ਸਬੱਬ ਬਣਾਂਦਾ ਹੈ, ਜੋ ਅੰਮ੍ਰਿਤ ਛਕਦਾ ਹੈ ਉਸ ਦੀ ਆਤਮਾ ਪਰਮਾਤਮਾ ਦੀ ਜੋਤ ਵਿਚ ਲੀਨ ਹੋ ਜਾਂਦੀ ਹੈ।

**ਸਤਿਗੁਰੁ ਭੇਟੇ ਤਾ ਪਾਰਸੁ ਹੋਵੈ ਪਾਰਸੁ ਹੋਇ ਤ ਪੂਜ ਕਰਾਏ॥**
**ਜੋ ਉਸੁ ਪੂਜੇ ਸੋ ਫਲੁ ਪਾਏ ਦੀਖਿਆ ਦੇਵੈ ਸਾਚੁ ਬੁਝਾਏ॥੨॥**

*(ਪੰਨਾ ੪੯੧)*

ਗੁਰੂ ਨਾਨਕ ਮਿਲੇ ਤਾਂ ਪਾਰਸ ਹੋਵੈ ਤੇ ਪਾਰਸ ਹੀ ਪੂਜਾ ਕਰਾ ਸਕਦਾ ਹੈ। ਜਿਵੇਂ ਕਬੀਰ ਜੀ, ਰਵਿਦਾਸ ਜੀ, ਧੰਨਾ ਜੀ ਸਾਰੇ ਭਗਤ ਇਹਨਾਂ ਨੂੰ ਗੁਰੂ ਪਾਤਿਸ਼ਾਹ ਗੁਰੂ ਨਾਨਕ ਬਾਬਾ ਮਿਲਿਆ, ਉੱਤੇ ਅੰਮ੍ਰਿਤ ਛਕਿਆ, ਗੁਰੂ ਦੀ ਗੱਲ ਕੀਤੀ, ਹੁਣ ਸਾਰੀ ਦੁਨੀਆ ਪੂਜਦੀ ਹੈ, ਇਹ ਪਾਰਸ ਬਣ ਗਏ, ਇਹਨਾਂ ਅੱਗੋਂ ਲੋਕਾਈ ਨੂੰ ਗੁਰੂ ਨਾਨਕ ਦੇ ਕਹਿਣ ਤੇ ਦੀਖਿਆ ਦਿੱਤੀ। ਰੱਬ ਦੀ ਪੂਰੀ ਸੋਝੀ ਦਿੱਤੀ, ਜੋ ਗੁਰੂ ਨਾਨਕ ਨੇ ਦਿੱਤੀ ਸੀ, ਉਹੀ ਸਿਖਿਆ ਦਿੱਤੀ। ਪਰ ਹੁਣ ਅੱਗੇ ਦੇਖੋ ਦੇਹਧਾਰੀ ਸਰਕਾਰੀ ਗੁਰੂ।

**ਵਿਣੁ ਪਾਰਸੈ ਪੂਜ ਨ ਹੋਵਈ ਵਿਣੁ ਮਨ ਪਰਚੇ ਅਵਰਾ ਸਮਝਾਏ॥**
**ਗੁਰੂ ਸਦਾਏ ਅਗਿਆਨੀ ਅੰਧਾ ਕਿਸੁ ਓਹੁ ਮਾਰਗਿ ਪਾਏ॥੩॥**

*(ਪੰਨਾ ੪੯੧)*

ਗੁਰੂ ਨਾਨਕ ਪਾਰਸ ਨੂੰ ਛੋਹਣ ਤੋਂ ਬਗ਼ੈਰ ਹੀ ਗੁਰੂ ਬਣਨਾ ਚਾਹੁੰਦਾ ਹੈ, ਇਸ ਤਰ੍ਹਾਂ ਪੂਜਾ ਨਹੀਂ ਹੁੰਦੀ, ਆਪਣਾ ਮਨ ਪਰਚਿਆ ਨਹੀਂ, ਹੋਰਨਾਂ ਨੂੰ ਸਮਝਾਉਂਦਾ ਫਿਰਦਾ ਹੈ। ਬੇਸਮਝ-ਅੰਨ੍ਹਾ ਆਪਣੇ ਆਪ ਨੂੰ ਦੇਹਧਾਰੀ ਗੁਰੂ ਅਖਵਾਂਦਾ ਹੈ, ਸਚਖੰਡਿ ਬਾਰੇ ਜਾਣਦਾ ਕੁਛ ਨਹੀਂ, ਕਿਸ ਨੂੰ ਕਿਹੜੇ ਰਸਤੇ ਪਾਏਗਾ ?

**ਇਹੁ ਮਨੁ ਕਾਸੀ ਸਭਿ ਤੀਰਥ ਸਿਮ੍ਰਿਤਿ ਸਤਿਗੁਰ ਦੀਆ ਬੁਝਾਇ ॥**

*(ਪੰਨਾ ੪੯੧)*

ਜਿਸ ਗੁਰਸਿਖ ਅੰਮ੍ਰਿਤਧਾਰੀ ਨੂੰ ਗੁਰੂ ਨਾਨਕ ਨੇ ਸੂਝ ਬਖ਼ਸ਼ ਦਿੱਤੀ, ਉਸ ਵਾਸਤੇ ਇਹ ਮਨ ਹੀ ਕਾਸ਼ੀ ਹੈ, ਇਹ ਮਨ ਹੀ ਸਾਰੇ ਤੀਰਥ ਹੈ, ਇਹ ਮਨ ਹੀ ਸਾਰੀਆਂ ਸਿਮ੍ਰਿਤੀਆਂ ਹਨ। ਮਨੁੱਖ ਦੇ ਨਾਲ ਹੀ ਅਠਾਹਠ ਤੀਰਥ ਹਨ।

**ਨਾ ਕਾਸੀ ਮਤਿ ਊਪਜੈ ਨ ਕਾਸੀ ਮਤਿ ਜਾਇ ॥**
**ਸਤਿਗੁਰ ਮਿਲਿਐ ਮਤਿ ਊਪਜੈ ਤਾ ਇਹ ਸੋਝੀ ਪਾਇ ॥੧॥**

*(ਪੰਨਾ ੪੯੧)*

ਹੇ ਭਾਈ! ਨਾਹ ਹੀ ਕਾਸ਼ੀ ਆਦਿਕ ਤੀਰਥਾਂ ਤੇ ਗਿਆਂ ਦੈਵੀ ਅਕਲ ਪੈਦਾ ਹੁੰਦੀ ਹੈ ਨਾਹ ਹੀ ਕਾਸ਼ੀ ਆਦਿਕ ਤੀਰਥਾਂ ਤੇ ਨਾਂਹ ਗਿਆਂ ਚੰਗੀ ਅਕਲ ਦੂਰ ਹੋ ਜਾਂਦੀ ਹੈ। ਭਾਈ! ਗੁਰੂ ਨਾਨਕ ਨੂੰ ਮਿਲਿਆਂ, ਬਾਣੀ ਵਿਚਾਰਿਆਂ ਦੈਵੀ ਅਕਲ ਪੈਦਾ ਹੁੰਦੀ ਹੈ, ਤਦੋਂ ਮਨੁੱਖ ਨੂੰ ਇਹ ਆਤਮਿਕ ਸਮਝ ਆਉਂਦੀ ਹੈ, ਅੰਮ੍ਰਿਤ ਹੈ ਹੀ ਆਤਮਾ ਲਈ। ਬੰਦਾ ਸਰੀਰ ਨਹੀਂ, ਆਤਮਾ ਹੈ।

**ਹਰਿ ਕੇ ਜਨ ਸਤਿਗੁਰ ਸਤ ਪੁਰਖਾ ਹਉ ਬਿਨਉ ਕਰਉ ਗੁਰ ਪਾਸਿ ॥**
**ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ ॥**

*(ਪੰਨਾ ੪੯੨)*

ਹੇ ਸਤਿਗੁਰੂ! ਹੇ ਗੁਰੂ ਨਾਨਕ! ਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ! ਹੇ ਵਾਹਿਗੁਰੂ ਦੇ ਭਗਤ! ਹੇ ਮਹਾਂ ਪੁਰਖ ਗੁਰੂ ਨਾਨਕ! ਅਕਾਲ ਪੁਰਖ ਗੁਰੂ ਨਾਨਕ! ਮੈਂ ਤੇਰੇ ਪਾਸ ਬੇਨਤੀ ਕਰਦਾ ਹਾਂ। ਹੇ ਸਤਿਗੁਰੂ ਗੁਰੂ ਨਾਨਕ! ਮੈਂ ਇਕ ਕੀੜਾ ਹਾਂ, ਨਿੱਕਾ ਜਿਹਾ ਕਿਰਮ ਹਾਂ (Insects) ਤੇਰੀ ਸਰਨ ਆਇਆ ਹਾਂ, ਅੰਮ੍ਰਿਤ ਛਕ ਲਿਆ ਹੈ, ਵਾਹਿਗੁਰੂ ਨਾਮ ਨਾਲ ਮੈਨੂੰ ਪ੍ਰਕਾਸ਼ ਕਰ ਦੇਹ। ਮੇਰੇ ਅੰਦਰ ਵਾਹਿਗੁਰੂ ਜਪਦਿਆਂ ਵਾਹਿਗੁਰੂ ਦਾ ਪ੍ਰਕਾਸ਼ ਹੋ ਜਾਏ।

**ਜਿਨ੍ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ ॥**
**ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥੩॥**

*(ਪੰਨਾ ੪੯੨)*

ਜਿਨ੍ਹਾਂ ਨੇ ਅੰਮ੍ਰਿਤ ਛਕ ਕੇ ਵਾਹਿਗੁਰੂ ਨਾਮ ਦੀ ਪ੍ਰਾਪਤੀ ਹੀ ਨਹੀਂ ਕੀਤੀ ਉਹ ਜਮਾਂ ਕੋਲ ਨਰਕਾਂ ਵਿਚ ਜਾਣਗੇ। ਤੇਰਾ ਗੁਰੂ ਕਿਥੇ ਜਾਏਗਾ ? ਜੋ ਗੁਰੂ ਨਾਨਕ ਦੇ ਚਰਨੀਂ ਨਹੀਂ ਲੱਗੇ, ਅੰਮ੍ਰਿਤ ਛਕਿਆ ਹੀ ਨਹੀਂ, ਉਹਨਾਂ ਦੇ ਫਿਟ ਲਾਹਨਤ ਹੈ ਜੀਉਣ ਦੇ, ਅਗਾਂਹ ਦਾ ਜੀਵਨ ਵੀ ਫਿਟਕਾਰ ਯੋਗ ਹੈ।

**ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ ॥**

(ਪੰਨਾ ੪੯੩)

ਹੇ ਭਰਾਵੋ! ਸਦਾ ਵਾਹਿਗੁਰੂ ਨਾਮ ਜਪਣ ਵਾਲਾ, ਸਤਿਵਾਦੀ ਗੁਰੂ ਨਾਨਕ, ਅੰਮ੍ਰਿਤ ਨਾਲ ਭਰਿਆ ਹੋਇਆ ਸਰੋਵਰ ਹੈ, ਉਸ ਸਰੋਵਰ-ਸੰਗਤ ਵਿਚ ਨ੍ਹਾਤਿਆਂ ਸਿਮਰਨ ਵਿਚ ਸੁਰਤੀ ਲਾਇਆਂ ਕਾਂ—ਵਿਕਾਰੀ ਜੀਵਨ ਵਾਲਾ ਵੀ ਹੰਸ ਦੈਵੀ ਗੁਣਾਂ ਵਾਲਾ ਹੋ ਜਾਂਦਾ ਹੈ।

**ਜਿਨ ਦਰਸਨੁ ਸਤਿਗੁਰ ਸਤ ਪੁਰਖ ਨ ਪਾਇਆ ਤੇ ਭਾਗਹੀਣ ਜਮਿ ਮਾਰ੍ਰੇ ॥**
**ਸੇ ਕੂਕਰ ਸੂਕਰ ਗਰਧਭ ਪਵਹਿ ਗਰਭ ਜੋਨੀ ਦਯਿ ਮਾਰੇ ਮਹਾ ਹਤਿਆਰੇ ॥੩॥**

(ਪੰਨਾ ੪੯੩)

ਜਿਹਨਾਂ ਨੇ ਸਤਿਗੁਰੂ ਅਕਾਲ ਪੁਰਖ ਗੁਰੂ ਨਾਨਕ ਦਾ ਦਰਸ਼ਨ ਨਹੀਂ ਕੀਤਾ, ਉਹ ਭੈੜੀ ਕਿਸਮਤ ਵਾਲੇ ਜਮਦੂਤ ਨੇ ਉਹਨਾਂ ਨੂੰ ਬਹੁਤ ਮਾਰਿਆ। ਧਰਮਰਾਜ ਨੇ ਕੀ ਕਰਨਾ ਹੈ, ਉਸ ਲਈ ਮਾਮੂਲੀ ਗੱਲ ਹੈ, ਉਸਨੇ ਇਹਨਾਂ ਸਾਰਿਆਂ ਨੂੰ ਜਿਹਨਾਂ ਨੇ ਅੰਮ੍ਰਿਤ ਨਹੀਂ ਛਕਿਆ, ਉਹਨਾਂ ਨੂੰ ਕੁੱਤੇ, ਸੂਰ, ਗਧਾ, ਖੋਤਾ, ਬਣਾ ਕੇ ਗਰਭ ਜੂਨਾਂ ਵਿਚ ਘੁਮਾ ਦੇਣਾ, ਉਸ ਰੱਬ ਦੇ ਹੁਕਮ ਅਨੁਸਾਰ ਇਹਨਾਂ ਮਹਾਂ ਹਤਿਆਰਿਆਂ ਨੂੰ (ਰੱਬ ਨੂੰ ਮਾਰਨ ਦਾ ਦੋਸ਼ ਹੈ, ਆਤਮਾ ਨੂੰ ਮਾਰਿਆ ਹੈ) ਅੰਮ੍ਰਿਤ ਨਹੀਂ ਛਕਾਇਆ, ਮਾਰ ਦਿੱਤਾ, ਜੂਨਾਂ ਵਿਚ ਪਾ ਦਿੱਤਾ, ਉਸੇ ਗਲੀ ਵਿਚ ਸੂਰ ਬਣਾ ਕੇ ਭੇਜ ਦੇਣਾ, ਆਪਣੇ ਦੀ ਟੱਬਰ ਦਾ ਗੂੰਹ ਖਾਈਂ, ਕੁੱਤਾ ਵੀ ਉੱਥੇ, ਰਾਖੀ ਕਰ ਘਰ ਦੀ। ਖੇਡ ਆਤਮਾ ਦੀ ਹੈ ਸਰੀਰ ਦੀ ਨਹੀਂ, ਅਜੇ ਵੀ ਅੰਮ੍ਰਿਤ ਛਕ ਲੈ।

**ਜਿਨ ਸਤਿਗੁਰ ਸੰਗਤਿ ਸੰਗੁ ਨ ਪਾਇਆ ਸੇ ਭਾਗਹੀਣ ਪਾਪੀ ਜਮਿ ਖਾਇਆ ॥੩॥**

(ਪੰਨਾ ੪੯੪)

ਜਿਹਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ, ਬਾਬੇ ਨਾਨਕ ਦੀ ਅੰਮ੍ਰਿਤ ਛਕ ਕੇ ਸੰਗਤਿ ਹੀ ਨਹੀਂ ਕੀਤੀ, ਵਾਹਿਗੁਰੂ ਨਾਮ ਹੀ ਨਹੀਂ ਜਪਿਆ, ਉਹ ਬਦਕਿਸਮਤ ਪਾਪੀ ਬੰਦਿਆਂ ਨੂੰ ਜਮ ਖਾ ਗਿਆ। ਨਾਮ ਨਾ ਜਪਣ ਕਰਕੇ ਪਾਪੀ।

**ਅੰਮ੍ਰਿਤ ਬਚਨ੍ਹ ਸਤਿਗੁਰ ਕੀ ਬਾਣੀ ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ ॥੨॥**

(ਪੰਨਾ ੪੯੪)

ਹੇ ਭਾਈ! ਗੁਰੂ ਨਾਨਕ ਦੀ ਬਾਣੀ ਅੰਮ੍ਰਿਤ ਬਚਨ ਹਨ, ਜਿਹੜਾ

ਅੰਮ੍ਰਿਤਧਾਰੀ ਗੁਰਸਿਖ ਬਾਣੀ ਉਚਾਰਦਾ ਹੈ। ਉਹ ਗੁਰਸਿਖ ਸਮਝੋ ਆਪਣੇ ਮੂੰਹ ਨਾਲ ਅੰਮ੍ਰਿਤ ਪੀ ਰਿਹਾ ਹੈ।

**ਅੰਗੀਕਾਰੁ ਕੀਓ ਮੇਰੈ ਕਰਤੈ ਗੁਰ ਪੂਰੇ ਕੀ ਵਡਿਆਈ ॥**
**ਅਬਿਚਲ ਨੀਵ ਧਰੀ ਗੁਰ ਨਾਨਕ ਨਿਤ ਨਿਤ ਚੜੈ ਸਵਾਈ ॥੨॥**

*(ਪੰਨਾ ੫੦੦)*

ਮੇਰੇ ਸਿਰਜਨਹਾਰ ਨੇ ਮੈਨੂੰ ਪ੍ਰਵਾਨ ਕਰ ਲਿਆ, ਆਪਣਾ ਬਣਾ ਲਿਆ, ਇਹ ਸਾਰੀ ਮਿਹਰ ਗੁਰੁ ਪੂਰੇ ਗੁਰੂ ਨਾਨਕ ਦੀ ਹੈ। ਗੁਰੂ ਨੇ ਨਾਮ ਸਿਮਰਨ 'ਵਾਹਿਗੁਰੂ' ਦੀ ਪੱਕੀ ਨੀਂਹ ਹੀ ਰੱਖ ਦਿੱਤੀ ਹੈ। ਜਿਉਂ ਜਿਉਂ ਜਪੋਗੇ ਵਧਦੇ ਜਾਓਗੇ, ਸਿੱਖੀ ਵਧਦੀ ਜਾਏਗੀ।

**ਬਡੇ ਭਾਗ ਗੁਰੁ ਸੇਵਹਿ ਅਪੁਨਾ ਭੇਦੁ ਨਾਹੀ ਗੁਰਦੇਵ ਮੁਰਾਰ ॥**

*(ਪੰਨਾ ੫੦੪)*

ਵੱਡੀ ਕਿਸਮਤ ਵਾਲੇ ਗੁਰੂ ਨਾਨਕ ਦੀ ਦੱਸੀ ਸੇਵਾ-ਭਗਤੀ ਅੰਮ੍ਰਿਤ ਛਕ ਕੇ ਕਰਦੇ ਹਨ। ਗੁਰੂ ਨਾਨਕ ਤੇ ਰੱਬ ਵਿਚ ਕੋਈ ਫ਼ਰਕ ਨਹੀਂ ਹੁੰਦਾ।

**ਬਿਨੁ ਹਰਿ ਭਗਤਿ ਨਾਹੀ ਸੁਖੁ ਪ੍ਰਾਨੀ ਬਿਨੁ ਗੁਰ ਗਰਬੁ ਨ ਜਾਈ ॥੨॥**

*(ਪੰਨਾ ੫੦੪)*

ਗੁਰੂ ਨਾਨਕ ਤੋਂ ਬ਼ਗੈਰ ਸੁਰਤੀ ਨਹੀਂ ਜੁੜਨੀ, ਸੁਰਤੀ ਤੋਂ ਬ਼ਗੈਰ ਸੁੱਖ ਨਹੀਂ ਮਿਲਣਾ। ਗੁਰੂ ਨਾਨਕ ਤੋਂ ਬ਼ਗੈਰ ਹੰਕਾਰ ਨਹੀਂ ਜਾਣਾ।

**ਐ ਜੀ ਕਾਲੁ ਸਦਾ ਸਿਰ ਊਪਰਿ ਠਾਢੇ ਜਨਮਿ ਜਨਮਿ ਵੈਰਾਈ ॥**
**ਸਾਚੈ ਸਬਦਿ ਰਤੇ ਸੇ ਬਾਚੇ ਸਤਿਗੁਰ ਬੂਝ ਬੁਝਾਈ ॥੩॥**

*(ਪੰਨਾ ੫੦੪)*

ਮੌਤ, ਜਮਦੂਤ ਤੇਰੇ ਸਿਰ ਤੇ ਖਲੋਤੇ ਹਨ, ਇਹ ਤੇਰੇ ਜਨਮਾਂ ਜਨਮਾਂ ਦੇ ਦੁਸ਼ਮਨ ਸਨ। ਤੈਨੂੰ ਇਹਨਾਂ ਅੰਮ੍ਰਿਤ ਨਹੀਂ ਛਕਣ ਦੇਣਾ, ਰਹਿਤ ਨਹੀਂ ਰੱਖਣ ਦੇਣੀ, ਕੁਰਹਿਤ ਨਹੀਂ ਛਡਣ ਦੇਣੀ, ਮਾਇਆ ਵਿਚ ਮਸਤ ਰੱਖਣਾ ਹੈ। ਮਨਮੁਖ ਸਾਕਤ ਬਣਾਈ ਰੱਖਣਾ, ਸੰਗਤਿ ਵਿਚ ਜਾਣ ਨਹੀਂ ਦੇਣਾ। ਸੱਚੇ ਸ਼ਬਦ, ਵਾਹਿਗੁਰੂ ਸਿਮਰਨ ਵਿਚ ਜਿਹੜੇ ਰੰਗੇ ਗਏ, ਉਹ ਬਚ ਜਾਣਗੇ। ਇਹ ਸਮਝ ਗੁਰੂ ਨਾਨਕ ਨੇ ਬਖ਼ਸ਼ੀ ਹੈ। ਅੰਮ੍ਰਿਤ ਛਕ ਕੇ ਵਾਹਿਗੁਰੂ ਬੋਲਣਾ ਜਪਣਾ ਸ਼ੁਰੂ ਕਰ।

**ਐ ਜੀ ਭਾਗਿ ਪਰੇ ਗੁਰ ਸਰਣਿ ਤੁਮ੍ਹਾਰੀ ਮੈ ਅਵਰ ਨ ਦੂਜੀ ਭਾਈ ॥**
**ਅਬ ਤਬ ਏਕੋ ਏਕੁ ਪੁਕਾਰਉ ਆਦਿ ਜੁਗਾਦਿ ਸਖਾਈ ॥੬॥**

*(ਪੰਨਾ ੫੦੪)*

ਮੇਰੀ ਚੰਗੀ ਕਿਸਮਤ ਸੀ ਮੈਂ ਅੰਮ੍ਰਿਤ ਛਕ ਲਿਆ, ਮੈਨੂੰ ਹੋਰ ਕੋਈ ਚੰਗਾ ਨਹੀਂ ਲੱਗਾ। ਹੁਣ ਤਾਂ ਮੈਂ ਵਾਹਿਗੁਰੂ ਵਾਹਿਗੁਰੂ ਕੂਕਦਾ ਆ ਰਿਹਾ ਹਾਂ, ਇਹ ਤਾਂ ਸਮੇਂ ਤੋਂ ਪਹਿਲਾਂ, ਜੁਗਾਂ ਤੋਂ ਹੀ ਪਹਿਲਾਂ ਦਾ ਮੇਰਾ ਮਿੱਤਰ ਹੈ, ਪਰ ਮੈਨੂੰ ਹੁਣ ਪਤਾ ਲੱਗਾ ਹੈ। ਜਦੋਂ ਦੁਨੀਆਂ ਹੀ ਹੋਂਦ ਵਿਚ ਨਹੀਂ ਸੀ ਆਈ, ਤਦੋਂ ਵੀ ਸਿਮਰਨ ਵਾਹਿਗੁਰੂ ਹੋ ਰਿਹਾ ਸੀ ਸਚਖੰਡਿ ਵਿਚ, ਸਮਾਂ ਬਣਨ ਤੋਂ ਪਹਿਲਾਂ ਦੀ ਗੱਲ ਹੈ। ਦੇਹਧਾਰੀ ! ਤੂੰ ਸਿਮਰਨ ਹੀ ਬਦਲ ਦਿੱਤਾ ਹੈ। ਇਸ ਦਾ ਮਤਲਬ ਤੈਨੂੰ ੧% ਵੀ ਅਗਲੀ ਸੋਝੀ ਨਹੀਂ, ਰੱਬ ਬਾਰੇ ਕੋਈ ਗਿਆਨ ਨਹੀਂ, ਦਸਮ ਦੁਆਰ ਦਾ ਪਤਾ ਹੀ ਨਹੀਂ, ਸੂਖਸ਼ਮ ਖੇਡ ਜਾਣਦਾ ਹੀ ਨਹੀਂ, ਪਾਖੰਡੀ ਹੈ ਤੂੰ, ਤੇ ਦੁਨੀਆਂ ਨੂੰ ਗੁਮਰਾਹ ਕਰ ਰਿਹਾ ਹੈਂ। ਪਾਪੀਆ ! ਕਿਵੇਂ ਬਖ਼ਸ਼ਿਆ ਜਾਏਂਗਾ। ਇਹ ਸਰਕਾਰ ਤਾਂ ਨਹੀਂ ਉੱਥੇ, ਜਿਹੜੀ ਤੈਨੂੰ ਬਖ਼ਸ਼ ਦੇਏਗੀ। ਡਰੱਮ ਇਕ ਖ਼ਾਲੀ ਹੈ, ਉੱਥੇ ਹੀ ਘੁਮਾਏਗੀ।

**ਭਾਈ ਰੇ ਗੁਰ ਕਿਰਪਾ ਤੇ ਭਗਤਿ ਠਾਕੁਰ ਕੀ॥**
**ਸਤਿਗੁਰ ਵਾਕਿ ਹਿਰਦੈ ਹਰਿ ਨਿਰਮਲੁ ਨਾ ਜਮ ਕਾਣਿ ਨ ਜਮ ਕੀ ਬਾਕੀ ॥੧॥ ਰਹਾਉ ॥**

*(ਪੰਨਾ ੫੦੪)*

ਹੇ ਭਾਈ ! ਗੁਰੂ ਨਾਨਕ ਦੀ ਕਿਰਪਾ ਨਾਲ ਹੀ ਵਾਹਿਗੁਰੂ ਦੀ ਭਗਤੀ ਹੋਣੀ ਹੈ। ਗੁਰੂ ਨਾਨਕ ਦੇ ਸ਼ਬਦ 'ਵਾਹਿਗੁਰੂ' ਨੂੰ ਜਿਸ ਨੇ ਆਪਣੇ ਹਿਰਦੇ ਵਿਚ ਵਸਾ ਲਿਆ ਹੈ, ਬਾਣੀ ਦੀ ਵਿਚਾਰ ਕੀਤੀ ਹੈ, ਪਵਿੱਤਰ ਨਾਮ ਵਸਾ ਲਿਆ ਹੈ, ਉਸ ਦੀ ਜਮ ਵਾਲੀ ਮੁਥਾਜੀ ਨਹੀਂ ਰਹਿੰਦੀ। ਉਸ ਦੇ ਜ਼ਿੰਮੇ ਪਿਛਲੇ ਕੀਤੇ ਕਰਮਾਂ ਦਾ ਕੋਈ ਅਜਿਹਾ ਬਾਕੀ ਲੇਖਾ ਨਹੀਂ ਰਹਿ ਜਾਂਦਾ, ਜਿਸ ਕਰਕੇ ਜਮਰਾਜ ਦਾ ਉਸ ਉੱਤੇ ਜ਼ੋਰ ਪੈ ਸਕੇ। ਭਾਵ, ਧਰਮਰਾਜ ਨਾਲੋਂ ਕੁਨੈਕਸ਼ਨ ਟੁੱਟ ਜਾਂਦਾ ਹੈ, ਜੀਵ ਉਧਰ ਜਾਂਦਾ ਹੀ ਨਹੀਂ, ਸਚਖੰਡਿ ਜਾਂਦਾ ਹੈ।

**ਐ ਜੀ ਗੁਰ ਕੀ ਦਾਤਿ ਨ ਮੇਟੈ ਕੋਈ ਮੇਰੈ ਠਾਕੁਰਿ ਆਪਿ ਦਿਵਾਈ ॥**
**ਨਿੰਦਕ ਨਰ ਕਾਲੇ ਮੁਖ ਨਿੰਦਾ ਜਿਨ੍ਹ ਗੁਰ ਕੀ ਦਾਤਿ ਨ ਭਾਈ ॥੪॥**

*(ਪੰਨਾ ੫੦੪)*

ਹੇ ਭਾਈ ! ਗੁਰੂ ਨਾਨਕ ਦੀ ਦਿੱਤੀ ਹੋਈ ਵਾਹਿਗੁਰੂ ਨਾਮ ਦਾਤਿ ਨੂੰ ਕੋਈ ਮਿਟਾ ਨਹੀਂ ਸਕਦਾ। ਠਾਕੁਰੁ ਵਾਹਿਗੁਰੂ ਪ੍ਰਭੂ ਨੇ ਆਪ ਹੀ ਇਹ ਨਾਮ ਦੀ ਦਾਤਿ ਗੁਰੂ ਨਾਨਕ ਕੋਲੋਂ ਦਿਵਾਈ ਹੈ। ਜਿਨ੍ਹਾਂ ਨਿੰਦਕਾਂ ਨੂੰ ਗੁਰੂ ਨਾਨਕ ਦੀ ਦਿੱਤੀ ਦਾਤਿ ਪਸੰਦ ਨਹੀਂ ਆਉਂਦੀ, ਨਿੰਦਾ ਕਰਦੇ ਹਨ, ਨਿੰਦਾ ਦੇ ਕਾਰਨ, ਉਹਨਾਂ ਨਿੰਦਕਾਂ ਦੇ ਮੂੰਹ ਕਾਲੇ ਕੀਤੇ ਜਾਂਦੇ ਹਨ। ਤੇਰਾ ਵੀ ਹੋਣਾ ਹੈ।

**ਐ ਜੀ ਸਰਣਿ ਪਰੇ ਪ੍ਰਭੁ ਬਖਸਿ ਮਿਲਾਵੈ ਬਿਲਮ ਨ ਅਧੂਆ ਰਾਈ ॥**
**ਆਨਦ ਮੂਲੁ ਨਾਥੁ ਸਿਰਿ ਨਾਥਾ ਸਤਿਗੁਰੁ ਮੇਲਿ ਮਿਲਾਈ ॥੫॥**

*(ਪੰਨਾ ੫੦੪)*

ਹੇ ਭਾਈ! ਜਿਹੜੇ ਅੰਮ੍ਰਿਤ ਛਕ ਲੈਂਦੇ ਹਨ, ਪ੍ਰਭੂ ਉਹਨਾਂ ਦੇ ਪਿਛਲੇ ਔਗੁਣ ਬਖ਼ਸ਼ ਦੇਂਦਾ ਹੈ, ਆਪਣੇ ਨਾਲ ਮਿਲਾ ਲੈਂਦਾ ਹੈ ਤੇ ਰੱਤੀ ਭਰ ਵੀ ਢਿੱਲ ਨਹੀਂ ਕਰਦਾ। ਆਨੰਦ ਦਾ ਸੋਮਾ ਹੈ, ਸਭ ਤੋਂ ਵੱਡਾ ਮਾਲਕ ਹੈ, ਗੁਰੂ ਨਾਨਕ ਅੰਮ੍ਰਿਤਧਾਰੀ ਨੂੰ ਵਾਹਿਗੁਰੂ ਨਾਲ ਮਿਲਾ ਦੇਂਦਾ ਹੈ।

**ਮਹਿਮਾ ਕਹੀ ਨ ਜਾਇ ਗੁਰ ਸਮਰਥ ਦੇਵ ॥**
**ਗੁਰ ਪਾਰਬ੍ਰਹਮ ਪਰਮੇਸੁਰ ਅਪਰੰਪਰ ਅਲਖ ਅਭੇਵ ॥੧੬॥**

*(ਪੰਨਾ ੫੨੨)*

ਸਮਰਥ ਗੁਰੂ ਨਾਨਕ ਦੀ ਵਡਿਆਈ ਕਹੀ ਨਹੀਂ ਜਾ ਸਕਦੀ। ਗੁਰੂ ਨਾਨਕ ਹੀ ਰੱਬ ਹੈ, ਪਾਰਬ੍ਰਹਮ ਹੈ, ਪਰਮੇਸਰ ਹੈ, ਪਰੇ ਤੋਂ ਪਰੇ ਹੈ ਉਸਦਾ ਅੰਤ ਹੀ ਨਹੀਂ ਪਾਇਆ ਜਾ ਸਕਦਾ। ਗੁਰੂ ਨਾਨਕ ਜਾਣਿਆ ਨਹੀਂ ਜਾ ਸਕਦਾ, ਉਸ ਦਾ ਭੇਦ ਹੀ ਨਹੀਂ ਪੈ ਸਕਦਾ ਕਿਉਂਕਿ ਉਹ ਪੂਰਨ ਪਰਮੇਸਰ ਹੈ।

**ਹਰਿ ਕੇ ਨਾਮ ਬਿਨਾ ਸੁੰਦਰਿ ਹੈ ਨਕਟੀ ॥**
**ਜਿਉ ਬੇਸੁਆ ਕੇ ਘਰਿ ਪੂਤੁ ਜਮਤੁ ਹੈ ਤਿਸੁ ਨਾਮੁ ਪਰਿਓ ਹੈ ਧ੍ਰਕਟੀ ॥੧॥ ਰਹਾਉ ॥**

*(ਪੰਨਾ ੫੨੯)*

ਨਾਮ ਦੀ ਦਾਤ ਸਿਰਫ਼ ਤੇ ਸਿਰਫ਼ ਬਾਬਾ ਨਾਨਕ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਦੇ ਸਕਦਾ ਹੈ, ਹੋਰ ਕੋਈ ਨਹੀਂ ਅਧਿਕਾਰੀ। ਜਿਹਨਾਂ ਨੇ ਬਾਬੇ ਨਾਨਕ ਕੋਲੋਂ ਅੰਮ੍ਰਿਤ ਛਕ ਕੇ ਵਾਹਿਗੁਰੂ ਨਾਮ ਦੀ ਦਾਤ ਹੀ ਨਹੀਂ ਲਈ, ਦੇਖਣ ਨੂੰ ਭਾਵੇਂ ਸੁੰਦਰ ਹੋਵੇ ਪਰ ਹੈ ਨਿਲੱਜ, ਜਿਵੇਂ ਕੰਜਰੀ ਦੇ ਘਰ ਪੁੱਤਰ ਜੰਮ ਪਏ ਭਾਵੇਂ ਸੋਹਣਾ ਹੋਵੇ ਪਰ ਹੈ ਤਾਂ ਹਰਾਮ ਦਾ Bastard, ਤੇਰੇ ਅੰਦਰ ਰੱਬ ਹੈ। ਉਸ ਨੂੰ ਵਾਹਿਗੁਰੂ ਨਾਮ ਦੀ ਲੋੜ ਹੈ, ਅੰਮ੍ਰਿਤ ਦੀ ਲੋੜ ਹੈ, ਅੰਮ੍ਰਿਤ ਵੀ ਵਾਹਿਗੁਰੂ ਆਪ ਤਿਆਰ ਕਰੇ।

**ਬਿਨੁ ਗੁਰ ਨ ਪਾਵੈਗੋ ਹਰਿ ਜੀ ਕੋ ਦੁਆਰ ॥** *(ਪੰਨਾ ੫੩੫)*

ਗੁਰੂ ਨਾਨਕ ਤੋਂ ਬਗ਼ੈਰ ਵਾਹਿਗੁਰੂ ਦੇ ਘਰ ਦਾ ਦਰਵਾਜ਼ਾ ਨਹੀਂ ਲੱਭਣਾ, ਜ਼ੋਰ ਲਾ ਲੈ।

**ਸਿਫਤਿ ਖਜਾਨਾ ਬਖਸ ਹੈ ਜਿਸੁ ਬਖਸੈ ਸੋ ਖਰਚੈ ਖਾਇ ॥**
**ਸਤਿਗੁਰ ਬਿਨੁ ਹਥਿ ਨ ਆਵਈ ਸਭ ਥਕੇ ਕਰਮ ਕਮਾਇ ॥**

**ਨਾਨਕ ਮਨਮੁਖੁ ਜਗਤੁ ਧਨਹੀਣੁ ਹੈ ਅਗੈ ਭੁਖਾ ਕਿ ਖਾਇ ॥੨॥**

(ਪੰਨਾ ੫੪੮)

ਵਾਹਿਗੁਰੂ ਦੇ ਸਿਮਰਨ ਦਾ ਖ਼ਜ਼ਾਨਾ ਵਾਹਿਗੁਰੂ ਦੀ ਬਖ਼ਸ਼ਿਸ਼ ਹੈ। ਜਿਸ ਨੂੰ ਬਖ਼ਸ਼ਦਾ ਹੈ, ਉਹ ਆਪ ਖਾਂਦਾ ਹੈ ਤੇ ਖ਼ਰਚਦਾ ਹੈ, ਆਪ ਨਾਮ ਜਪਦਾ ਹੈ ਤੇ ਹੋਰਨਾਂ ਨੂੰ ਜਪਣ ਦੀ ਪ੍ਰੇਰਨਾ ਕਰਦਾ ਹੈ। ਪਰ ਇਹ ਬਖ਼ਸ਼ਿਸ਼ ਗੁਰੂ ਨਾਨਕ ਤੋਂ ਬਿਨਾਂ ਮਿਲਦੀ ਨਹੀਂ, ਗੁਰੂ ਨਾਨਕ ਨੂੰ ਛੱਡ ਕੇ ਹੋਰ ਕਰਮ ਕਾਂਡ ਬਥੇਰੇ ਲੋਕ, ਸਾਰੀ ਲੋਕਾਈ ਕਰ ਕਰ ਕੇ ਥੱਕ ਗਏ ਹਨ ਪਰ ਵਾਹਿਗੁਰੂ ਨਾਮ ਦੀ ਦਾਤ ਅੰਮ੍ਰਿਤ ਦੀ ਦਾਤ ਨਾ ਮਿਲੀ। ਮਨਮੁਖ, ਜਿਹਨੇ ਅੰਮ੍ਰਿਤ ਨਹੀਂ ਛਕਿਆ, ਗੁਰੂ ਨਾਨਕ ਤੋਂ ਭੁਲਿਆ ਹੋਇਆ ਸੰਸਾਰ ਇਥੇ ਵਾਹਿਗੁਰੂ ਨਾਮ ਤੋਂ ਖ਼ਾਲੀ ਭੁੱਖਾ ਹੈ, ਅੱਗੇ ਕੀ ਖਾਏਂਗਾ ? ਜੋ ਹੁਣ ਨਾਮ ਨਹੀਂ ਜਪਦੇ, ਅੱਗੇ ਸਚਖੰਡਿ ਕਿਵੇਂ ਜਾ ਸਕਦੇ ਹਨ ?

**ਨਾਮਿ ਰਤਾ ਸਤਿਗੁਰੂ ਹੈ ਕਲਿਜੁਗ ਬੋਹਿਥੁ ਹੋਇ ॥**
**ਗੁਰਮੁਖਿ ਹੋਵੈ ਸੁ ਪਾਰਿ ਪਵੈ ਜਿਨਾ ਅੰਦਰਿ ਸਚਾ ਸੋਇ ॥**
**ਨਾਮੁ ਸਮ੍ਹਾਲੇ ਨਾਮੁ ਸੰਗ੍ਰਹੈ ਨਾਮੇ ਹੀ ਪਤਿ ਹੋਇ ॥**
**ਨਾਨਕ ਸਤਿਗੁਰੁ ਪਾਇਆ ਕਰਮਿ ਪਰਾਪਤਿ ਹੋਇ ॥੨॥**

(ਪੰਨਾ ੫੫੨)

ਗੁਰੂ ਨਾਨਕ ਵਾਹਿਗੁਰੂ ਨਾਮ ਵਿਚ ਭਿੱਜਾ ਹੋਇਆ ਹੁੰਦਾ ਹੈ, ਗੁਰੂ ਨਾਨਕ ਕਲਯੁਗੀ ਜੀਵਾਂ ਨੂੰ ਤਾਰਨ ਲਈ ਜਹਾਜ਼ ਹੈ, ਪਾਰ ਕਰਾ ਕੇ ਸਚਖੰਡਿ ਲੈ ਜਾਂਦਾ ਹੈ। ਕਿਉਂਕਿ ਉਹ ਵਾਹਿਗੁਰੂ ਨਾਮ ਨੂੰ ਸਾਂਭਦਾ ਹੈ, ਵਾਹਿਗੁਰੂ ਨਾਮ ਇਕੱਠਾ ਕਰਦਾ ਹੈ, ਸਚਖੰਡਿ ਆਦਰ ਵੀ ਸਿਰਫ਼ ਵਾਹਿਗੁਰੂ ਨਾਮ ਜਪਣ ਨਾਲ ਹੀ ਮਿਲਦਾ ਹੈ। ਗੁਰੂ ਨਾਨਕ ਨੂੰ ਮਿਲ ਕੇ ਪ੍ਰਭੂ ਦੀ ਮੇਹਰ ਨਾਲ ਹੀ ਬਖ਼ਸ਼ਸ਼ ਦਾ ਪਾਤਰ ਬਣਿਆਂ ਹੀ ਵਾਹਿਗੁਰੂ ਨਾਮ ਦੀ ਪ੍ਰਾਪਤੀ ਹੁੰਦੀ ਹੈ।

**ਬਿਨੁ ਸਤਿਗੁਰ ਸੇਵੇ ਜੀਅ ਕੇ ਬੰਧਨਾ ਜੇਤੇ ਕਰਮ ਕਮਾਹਿ ॥**
**ਬਿਨੁ ਸਤਿਗੁਰ ਸੇਵੇ ਠਵਰ ਨ ਪਾਵਹੀ, ਮਰਿ ਜੰਮਹਿ ਆਵਹਿ ਜਾਹਿ ॥**
**ਬਿਨੁ ਸਤਿਗੁਰ ਸੇਵੇ ਫਿਕਾ ਬੋਲਣਾ ਨਾਮੁ ਨ ਵਸੈ ਮਨਿ ਆਇ ॥**
**ਨਾਨਕ ਬਿਨੁ ਸਤਿਗੁਰ ਸੇਵੇ ਜਮ ਪੁਰਿ ਬਧੇ ਮਾਰੀਅਹਿ ਮੁਹਿ ਕਾਲੈ ਉਠਿ ਜਾਹਿ ॥੧॥**

(ਪੰਨਾ ੫੫੨)

ਗੁਰੂ ਨਾਨਕ ਦੀ ਦੱਸੀ ਸੇਵਾ-ਭਗਤੀ ਤੋਂ ਬਗ਼ੈਰ ਅੰਦਰਲੀ ਜੀਵਾਤਮਾ ਬੰਨ੍ਹੀ ਰਹਿੰਦੀ ਹੈ (ਬਾਹਿਰ ਨਹੀਂ ਨਿਕਲ ਸਕਦੀ, ਜੇ ਬਾਹਿਰ ਨਾ ਨਿਕਲੀ ਤਾਂ ਦਰਸ਼ਨ ਨਹੀਂ ਹੋਣੇ, ਪ੍ਰਕਾਸ਼ ਨਹੀਂ ਹੋਣਾ, ਮਿਲਾਪ ਨਹੀਂ ਹੋਣਾ, ਸੁੰਨ ਸਮਾਧ

ਨਹੀਂ ਹੋਣੀ, ਸਚਖੰਡਿ ਕਿਵੇਂ ਜਾਏਗੀ ?) ਹੋਰ ਜਿੰਨੇ ਮਰਜ਼ੀ ਕਰਮ ਕਾਂਡ ਕਰ ਲੈ, ਜੀਵਾਤਮਾ ਫ਼੍ਰੀ ਨਹੀਂ ਹੋਣੀ। ਗੁਰੂ ਨਾਨਕ ਨੂੰ ਸਿਮਰਨ ਤੋਂ ਬਗ਼ੈਰ ਸਚਖੰਡਿ ਜਗ੍ਹਾ ਨਹੀਂ ਮਿਲਣੀ, ਆਤਮਾ ਬਾਹਿਰ ਨਹੀਂ ਨਿਕਲਣੀ ਤੇ ਸਚਖੰਡਿ ਕਿਵੇਂ ਜਗ੍ਹਾ ਮਿਲੇਗੀ ? ਚਲੋ ! ਜੇ ਨਿਕਲ ਵੀ ਗਈ ਤਾਂ ਸਚਖੰਡਿ ਕੌਣ ਲਿਜਾਏਗਾ ? ਤੁਹਾਨੂੰ ਪਤਾ ਹੈ ਕਿੱਥੇ ਹੈ ਸਚਖੰਡਿ ? ਗੁਰੂ ਸਾਹਿਬ ਨਾਲ ਜਾਂਦੇ ਹਨ। ਬੇਅੰਮ੍ਰਿਤੀਏ ਨੂੰ ਤਾਂ ਕੰਜਰੀ ਦਾ ਪੁੱਤਰ ਹਰਾਮ ਦਾ ਕਹਿੰਦੇ ਹਨ ਤੇ ਨਾਲ ਕਿਸ ਨੂੰ ਲਿਜਾਣਗੇ ? ਜ਼ਰਾ ਸੋਚ ! ਕਿਉਂ ਗਾਲ੍ਹਾਂ ਖਾਂਦਾ ਹੈਂ ? ਉਹ ਵੀ ਗੁਰੂ ਸਾਹਿਬ ਕੋਲੋਂ ? ਅੰਮ੍ਰਿਤ ਹੀ ਛਕ ਲੈ। ਤੇਰਾ ਦੇਹਧਾਰੀ ਗੁਰੂ ਇਥੇ ਕੀ ਕਰੇਗਾ, ਸਚਖੰਡਿ ਦਾ ਰਸਤਾ ਜਾਣਦਾ ਹੈ ? ਹਾਂ ਧਰਮਰਾਜ ਦਾ ਰਸਤਾ ਉਸਨੂੰ ਪਤਾ ਹੈ। ਧਰਮਰਾਜ ਕੋਲ ਜੰਮਣ ਮਰਨ ਦੇ ਚੱਕਰ ਵਿਚ ਪਿਆ ਰਹੇਂਗਾ। ਗੁਰੂ ਨਾਨਕ ਨੂੰ ਸਿਮਰਨ ਤੋਂ ਬਗ਼ੈਰ ਬੋਲ ਹੀ ਫਿੱਕਾ ਰਹਿੰਦਾ ਹੈ ਤੇ ਵਾਹਿਗੁਰੂ ਨਾਮ ਦਾ ਵਾਸਾ ਹੋ ਹੀ ਨਹੀਂ ਸਕਦਾ। ਗੁਰੂ ਨਾਨਕ ਨੂੰ ਸਿਮਰਨ ਤੋਂ ਬਗ਼ੈਰ, ਜਮ ਪੁਰੀ ਵਿਚ ਬੰਨ੍ਹਿਆ ਮਾਰਿਆ ਜਾਏਂਗਾ। ਤੇਰਾ ਮੂੰਹ ਕਾਲਾ ਕੀਤਾ ਜਾਏਗਾ, ਜਦੋਂ ਮਰੇਂਗਾ। ਜਮਦੂਤ ਤੇਰੇ ਸਿਰ ਤੇ ਖੜਾ ਹੈ, ਉਸ ਨੂੰ ਹੀ ਮੌਤ ਕਿਹਾ ਹੈ। ਉਸ ਨੂੰ ਪਤਾ ਹੈ ਤੂੰ ਕਦੋਂ ਮਰਨਾ ਹੈ, ਤੈਨੂੰ ਉਸਨੇ ਇਥੇ ਹੀ ਨੰਗਾ ਕਰ ਦੇਣਾ, ਭਾਵੇਂ ਕੁੜੀ ਭਾਵੇਂ ਮੁੰਡਾ। Male Female ਦੀ ਗੱਲ ਹੀ ਨਹੀਂ ਤੇ ਮੂੰਹ ਕਾਲਾ ਕਰ ਦੇਣਾ ਹੈ।

**ਨਾਨਕ ਬਿਨੁ ਸਤਿਗੁਰ ਭੇਟੇ ਜਗੁ ਅੰਧੁ ਹੈ ਅੰਧੇ ਕਰਮ ਕਮਾਇ ॥**

*(ਪੰਨਾ ੫੫੪)*

ਗੁਰੂ ਨਾਨਕ ਛੋਹ ਪ੍ਰਾਪਤ ਕਰਨ ਤੋਂ ਬਗ਼ੈਰ (ਅੰਮ੍ਰਿਤ ਛਕਣ ਵੇਲੇ ਛੋਹ ਪ੍ਰਾਪਤ ਹੁੰਦੀ ਹੈ ਜਦੋਂ ਸਿਰ ਤੇ ਹੱਥ ਰੱਖ ਕੇ ਆਖਦੇ ਹਨ ਬੋਲ ਵਾਹਿਗੁਰੂ, ਬੋਲ ਵਾਹਿਗੂਰੂ) ਸਾਰੀ ਦੁਨੀਆਂ ਹੀ ਮਾਇਆ ਵਿਚ ਅੰਨ੍ਹੀ ਹੈ ਤੇ ਮਾਇਆ ਵਾਲੇ ਸਾਰੇ ਅੰਨ੍ਹਿਆਂ ਵਾਲੇ ਕੰਮ ਕਰੀ ਜਾ ਰਹੇ ਹਨ।

**ਆਪੇ ਸਤਿਗੁਰੁ ਮੇਲਿ ਸੁਖ ਦੇਵੈ ਆਪਣਾਂ ਸੇਵਕੁ ਆਪਿ ਹਰਿ ਭਾਵੈ ॥...**
**ਧਰਮ ਰਾਇ ਹੈ ਹਰਿ ਕਾ ਕੀਆ ਹਰਿ ਜਨ ਸੇਵਕ ਨੇੜਿ ਨ ਆਵੈ ॥**

*(ਪੰਨਾ ੫੫੫)*

ਸਿਖੜਿਓ ! ਬਾਣੀ ਤਾਂ ਧਿਆਨ ਨਾਲ ਪੜ੍ਹਿਆ ਕਰੋ। ਢਾਈ ਘੰਟੇ ਤਾਂ ਗੁਰੂ ਪਾਤਿਸ਼ਾਹ ਲਈ ਕੱਢਿਆ ਕਰੋ। ਕੰਮ ਕਦੀ ਨਹੀਂ ਮੁਕਣੇ। ਬੰਦੇ ਨੇ ਮੁੱਕ ਜਾਣਾ ਹੈ। ਉੱਥੇ ਰੋਏਂਗਾ, ਇਹ ਸਾਰੀ ੫੦-੬੦ ਸਾਲ ਦੀ ਸਰੀਰ ਦੀ ਉਮਰ, ਅੱਗੇ ੫੦-੬੦ ਕਰੋੜ ਸਾਲ ਦਾ ਭੁਗਤਾਨ। ਤੂੰ ਸਰੀਰ ਹੈ ਹੀ ਨਹੀਂ, ਸਰੀਰ ਇਕ ਭੁਲੇਖਾ ਹੈ ਕਿ ਤੂੰ ਰੱਬ ਨਹੀਂ, ਕਿਤੇ ਰੱਬ/ਆਤਮਾ ਆਪਣੀ ਅਸਲੀਅਤ

ਨਾ ਪਛਾਣ ਲਏ। ਤੂੰ ਸੱਚ ਮੁਚ ਹੀ ਸਰੀਰ ਵਿਚ ਫਸ ਕੇ ਭੁੱਲ ਗਿਆ। ਵਾਹ! ਗੁਰੂ ਨਾਨਕ ਦੇ ਪੁੱਤਰਾ! ਅਜੇ ਅੰਮ੍ਰਿਤ ਹੀ ਨਹੀਂ ਛਕਿਆ, ਵਾਹਿਗੁਰੂ ਨੂੰ ਮੌਕਾ ਹੀ ਨਹੀਂ ਦਿੱਤਾ ਕਿ ਤੈਨੂੰ ਕੀੜੇ ਕਿਰਮ ਨੂੰ ਇਕ ਵਾਰੀ ਅੰਮ੍ਰਿਤ ਦੀ ਦਾਤ ਦੇ ਕੇ ਕਹਿ ਦੇਵੇ, ਤੂੰ ਮੇਰਾ ਪੁੱਤਰ ਹੈਂ, ਧਰਮਰਾਜ ਦੀ ਕੀ ਜੁਰਅਤ ਹੈ, ਤੇਰੇ ਵਲ ਦੇਖ ਵੀ ਜਾਵੇ। ਧਰਮਰਾਜ ਬਾਬੇ ਨਾਨਕ ਨੇ ਬਣਾਇਆ ਤੇ ਤੂੰ ਹੁਣ ਬਾਬੇ ਨਾਨਕ ਦਾ ਪੁੱਤਰ ਹੈਂ। ਰੱਬ ਆਪ ਹੀ ਗੁਰੂ ਨਾਨਕ ਨਾਲ ਮਿਲਾ ਕੇ, ਅੰਮ੍ਰਿਤ ਦੀ ਦਾਤ ਦੇ ਕੇ ਸੁੱਖ ਦੇਂਦਾ ਹੈ, ਅੰਮ੍ਰਿਤਧਾਰੀ ਸੇਵਕ ਉਸ ਨੂੰ ਬਹੁਤ ਚੰਗਾ ਲਗਦਾ ਹੈ, ਧਰਮਰਾਜ ਵੀ ਬਾਬੇ ਨਾਨਕ/ਵਾਹਿਗੁਰੂ ਦਾ ਬਣਾਇਆ ਹੋਇਆ ਹੈ, ਰੱਬ ਦੇ ਅੰਮ੍ਰਿਤਧਾਰੀ ਸੇਵਕਾਂ ਦੇ ਨੇੜੇ ਨਹੀਂ ਜਾ ਸਕਦਾ।

ਇਕ ਉਦਾਹਰਣ ਹੋਰ ਲੈ ਲਓ, ਕਿਸੇ ਨੂੰ ਭੂਤ ਚੰਮੜਿਆ ਹੋਇਆ ਹੈ, ਕਸਰ ਹੈ, ਬਾਹਰੀ ਕੋਈ ਚੀਜ਼ ਤੰਗ ਕਰਦੀ ਹੈ, ਤੁਸੀਂ ਉਸ ਨੂੰ ਅੰਮ੍ਰਿਤ ਛਕਾ ਦਿਓ, ਇਹ ਉਸ ਦਾ ਪੱਕਾ ਇਲਾਜ ਹੈ। ਉਸੇ ਵੇਲੇ ਕਕਾਰ ਪੁਆ ਦਿਓ, ਕੱਚਾ ਇਲਾਜ ਹੈ। ਗੁਰਦੁਆਰੇ ਲੈ ਜਾਓ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਉਹ ਠੀਕ ਹੋ ਜਾਏਗਾ, ਪਰ ਕੱਚਾ ਇਲਾਜ ਹੈ। ਪੱਕਾ ਇਲਾਜ ਅੰਮ੍ਰਿਤ ਹੈ।

**ਧੁਰਿ ਖਸਮੈ ਕਾ ਹੁਕਮੁ ਪਇਆ ਵਿਣੁ ਸਤਿਗੁਰ ਚੇਤਿਆ ਨ ਜਾਇ ॥**
**ਸਤਿਗੁਰਿ ਮਿਲਿਐ ਅੰਤਰਿ ਰਵਿ ਰਹਿਆ ਸਦਾ ਰਹਿਆ ਲਿਵ ਲਾਇ ॥**

*(ਪੰਨਾ ੫੫੬)*

ਧੁਰੋਂ, ਸਚਖੰਡਿ ਤੋਂ ਖਸਮ ਪ੍ਰਭੂ ਦਾ ਹੁਕਮ ਹੈ, ਕਿ ਗੁਰੂ ਨਾਨਕ ਤੋਂ ਅੰਮ੍ਰਿਤ ਛਕਣ ਤੋਂ ਬਗ਼ੈਰ, ਮੇਰਾ ਕੋਈ ਸਿਮਰਨ ਨਹੀਂ ਕਰ ਸਕਦਾ, ਮੈਨੂੰ ਯਾਦ ਨਹੀਂ ਕਰ ਸਕਦਾ। ਭਾਵ, ਮੈਂ ਉਸ ਦਾ ਕੀਤਾ ਸਿਮਰਨ ਕਬੂਲ ਨਹੀਂ ਕਰਦਾ। ਤੇਰੇ ਗੁਰੂ ਦੀ ਗੱਲ ਤਾਂ ਨਹੀਂ ਕੀਤੀ, ਉਹ ਤਾਂ ਵਿਚਾਰਾ ਅਜੇ ਕੱਲ ਜੰਮਿਆ ਹੈ। ਇਹ ਆਦਿ ਜੁਗਾਦੀ ਗੁਰੂ ਦੀ ਗੱਲ ਹੈ, ਨੂਰਮਹਿਲੀਆ ਨਹੀਂ ਹੈ। ਗੁਰਬਾਣੀ ਸਰੀਰ ਨੂੰ ਗੁਰੂ ਨਹੀਂ ਮੰਨਦੀ ਕਿਉਂਕਿ ਰੱਬ ਸਰੀਰ ਨਹੀਂ ਹੈ ਫਿਰ ਸਰੀਰ ਇਕ ਗੰਦਗੀ ਦਾ ਘਰ, ਰੱਬ ਨੂੰ ਭੁਲੇਖੇ ਵਿਚ ਪਾਉਣ ਵਾਲਾ ਹੈ, ਭੁਲੇਖੇ ਵਿਚ ਪਾਉਣ ਵਾਲਾ ਗੁਰੂ/ਰੱਬ ਕਿਵੇਂ ਹੋ ਸਕਦਾ ਹੈ, ਫਿਰ ਗੰਦਗੀ ਦਾ ਭਰਿਆ ਹੋਇਆ ਕਿਵੇਂ ਰੱਬ ਹੋ ਸਕਦਾ ਹੈ? ਸਰੀਰ ਵਿਚ ਤਾਂ ਟੱਟੀ, ਪੇਸ਼ਾਬ, ਵੀਰਜ, ਹੱਡੀਆਂ ਹਨ। ਫਿਰ ਇਸ ਨੂੰ ਅਕਲ ਹੀ ਨਹੀਂ, ਬੁੱਧੂ ਹੈ, ਬੇਅਕਲ ਹੈ, ਬੇਸਮਝ ਹੈ, ਤੂੰ ਕਿਵੇਂ ਤੇ ਕਿਸ ਤਰ੍ਹਾਂ ਰੱਬ ਸਮਝ ਲਿਆ? ਜ਼ਰਾ ਸੋਚ। ਗੁਰੂ ਨਾਨਕ ਕੋਲੋਂ ਅੰਮ੍ਰਿਤ ਛਕ ਕੇ ਦੇਖ ਲੈ, ਵਾਹਿਗੁਰੂ ਵਿਚ ਸੁਰਤੀ ਲੱਗ ਜਾਣੀ ਹੈ ਤੇ ਅੰਦਰ ਵੱਸਦਾ ਰੱਬ ਦਿੱਸ ਪੈਣਾ ਹੈ।

**ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ॥**
**ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ॥੧॥**
*(ਪੰਨਾ ੫੫੬)*

ਕਲਯੁਗ ਵਿਚ ਨਾਨਕਾ ਸਾਰੇ ਭੂਤ ਪ੍ਰੇਤ ਤੇ ਜਿੰਨ ਹੀ ਜੰਮ ਰਹੇ ਹਨ। ਪੁੱਤਰ ਛੋਟੇ ਜਿੰਨ, ਧੀਅ ਭੂਤਨੀ ਜੰਮ ਰਹੀ ਹੈ, ਜਿਹੜੇ ਕਾਮੀ ਪੁਰਖਾਂ ਤੇ ਔਰਤ ਦਾ ਰਾਜ ਹੈ। ਉਹਨਾਂ ਦੇ ਘਰ ਧੀਆਂ ਬੱਚੇ ਸਭ ਕਾਮੀ ਹਨ ਅਵੈੜ ਹਨ, ਘੁੰਮਦੇ ਫਿਰਦੇ ਅਵਾਰਾ ਗਰਦੀ ਕਰਦੇ ਹਨ। ਅੱਜ ਦੇ ਯੁੱਗ ਵਿਚ ਸਾਰੀ ਖੇਡ ਹੀ ਕਲਯੁਗੀ ਹੈ, ਕਾਮ ਦਾ ਜ਼ੋਰ ਹੈ, ਦੁਨੀਆਂ ਰੁੜ੍ਹੀ ਜਾ ਰਹੀ ਹੈ ਕਿਸੇ ਕੋਲ ਕੋਈ ਉਪਾਵ ਨਹੀਂ।

**ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ॥**
**ਨਾਰਦਿ ਕਹਿਆ ਸਿ ਪੂਜ ਕਰਾਂਹੀ॥**
**ਅੰਧੇ ਗੁੰਗੇ ਅੰਧ ਅੰਧਾਰੁ॥**
**ਪਾਥਰੁ ਲੇ ਪੂਜਹਿ ਮੁਗਧ ਗਵਾਰ॥** *(ਪੰਨਾ ੫੫੬)*

ਹਿੰਦੂਆਂ ਨੂੰ ਕਿਉਂ ਇੰਨਾ ਭੈੜਾ ਲਿਖਿਆ, ਆਪ ਹੀ ਬਣਾਉਣ ਵਾਲਾ ਹੈ, ਆਪਣੀ ਬਣਾਈ ਸ੍ਰਿਸ਼ਟੀ ਨੂੰ ਹੀ ਨਿੰਦੀ ਜਾਂਦਾ ਹੈ। Ignore ਕਰ ਰਿਹਾ ਹੈ। ਇਹ ਕਿਉਂ ? ਆਓ ਸਮਝੀਏ। ੧. ਪਹਿਲਾਂ ਜਨਮ ਦਿੱਤਾ, ਗੁਰਸਿੱਖਾਂ ਦੇ ਪੂਰਨ ਗੁਰਸਿਖ, ਆਪਾਂ ਇਹਨੂੰ ਸਤਿਯੁਗ ਕਹਿ ਦਿੱਤਾ, ਧਰਮ ਦੇ ਚਾਰੇ ਪੈਰ, ਬੰਦਾ ਧਰਮੀ, ਨਾਮ ਜਪਦਾ, ਸੁਰਤੀ ਲਾਉਂਦਾ, ਸਚਖੰਡਿ ਨਾਲ ਜੋੜ ਜੁੜਿਆ ਹੋਇਆ, ਸਤਵਾਦੀ।

ਬੰਦਾ ਉਖੜ ਗਿਆ, ਧਰਮ ਦੇ ਤਿੰਨ ਪੈਰ ਰਹਿ ਗਏ, ਆਪਾਂ ਤ੍ਰੇਤਾ ਕਹਿ ਦਿੱਤਾ, ਈਰਖਾਲੂ ਹੋ ਗਿਆ, ਲੜਾਈਆਂ ਸ਼ੁਰੂ ਹੋ ਗਈਆਂ, ਹਦ-ਬੰਦੀ ਹੋ ਗਈ। ਵੰਡੀਆਂ ਪੈ ਗਈਆਂ। ਬੰਦੇ ਨੇ ਚਾਰ ਕੁਰਹਿਤਾਂ ਵਿਚੋਂ ਇਕ ਕੁਰਹਿਤ ਕਰ ਲਈ। ਚਾਰੇ ਪੈਰਾਂ ਵਿਚ ਤਿੰਨ ਰਹਿ ਗਏ। ਸਿਰਫ਼ ਕੁਰਹਿਤੀਏ ਦਾ ਹੀ ਧਰਮਰਾਜ ਨਾਲ ਵਾਹ ਪੈਂਦਾ ਹੈ। ਵੱਖਰੀ ਹੋਂਦ ਕਰ ਲਈ, ਕੇਸ ਕਟਾ ਦਿੱਤੇ। ਵਾਹਿਗੁਰੂ ਨੂੰ ਇਹ ਪਸੰਦ ਨਹੀਂ ਕਿਉਂਕਿ ਉਹ ਕੇਸ਼ਵ ਹੈ। ਫਿਰ ਮੌਕਾ ਦਿੱਤਾ, ਗੋਰਾ ਬਣਾ ਦਿੱਤਾ, ਕੇਸ ਵੀ ਮੁੰਨੇ ਗਏ। ਕਰੈਕਟਰ ਵੀ ਗੁਆ ਬੈਠਾ, ਫਿਰ ਵੀ ਧਰਮੀ ਦਾ ਧਰਮੀ। ਅੰਦਰ ਭਾਵਨਾ ਉਹੀ ਮੈਂ ਧਰਮੀ ਹਾਂ।

ਦੋ ਕੁਰਹਿਤਾਂ ਹੋ ਗਈਆਂ, ਦੋ ਪੈਰ ਧਰਮ ਦੇ ਖ਼ਤਮ ਹੋ ਗਏ, ਆਪਾਂ ਨਾਂ ਦੇ ਦਿੱਤਾ ਦੁਆਪਰ, ਬੰਦਾ ਕਾਮੀ ਹੋ ਗਿਆ। ਔਰਤਾਂ ਚੁੱਕਣੀਆਂ ਸ਼ੁਰੂ ਹੋ ਗਈਆਂ। ਲੜਾਈਆਂ-ਝਗੜੇ, ਪੁਲੀਸ ਕਚਹਿਰੀਆਂ, ਹੱਦ-ਬੰਦੀ, ਫ਼ੌਜਾਂ, ਬੰਬ, ਗੈਸ ਬੰਬ।

ਜੀਵ-ਸਰੀਰ ਦੇ ਆਖੇ ਮੋਨਾ ਹੋ ਗਿਆ, ਚਰਿਤੱਰ-ਹੀਨ ਹੋ ਗਿਆ, ਨਸ਼ਾ ਕਰਨ ਲੱਗ ਪਿਆ, ਹੋਟਲਾਂ ਵਿਚ ਐਸ਼ਾਂ ਕਰਨ ਲੱਗ ਪਿਆ, ਆਯਾਸ਼ੀ ਦੇ ਅੱਡੇ ਬਣ ਗਏ। ਔਰਤਾਂ ਵਿਕਣ ਲੱਗ ਪਈਆਂ, ਸਾਰੀਆਂ ਕੁਰਹਿਤਾਂ ਆਮ ਹੀ ਹੋ ਗਈਆਂ। ਅੱਗੇ ਕੋਈ ਕੋਈ ਨਸ਼ਾ ਕਰਦਾ ਸੀ, ਹੁਣ ਸਾਰੇ ਹੀ ਕਰਦੇ ਹਨ, ਅੱਗੇ ਕੋਈ ਕੋਈ ਚਰਿੱਤਰ-ਹੀਨ ਹੁੰਦਾ ਸੀ ਹੁਣ ੧੧੦% ਹਨ। ਕੋਈ ਕੋਈ ਸ਼ਰਾਬ ਪੀਂਦਾ ਸੀ। ਹੁਣ ੧੨੦% ਬੰਦੇ ਨੂੰ ਕਿੰਨੇ ਮੌਕੇ ਮਿਲੇ, ਗੁਰਸਿਖ ਤੋਂ ਸਿਖ ਅਜੇ ਵੀ ਸਮਝ, ਸਿਖ ਤੋਂ ਅੰਗਰੇਜ਼ ਅਜੇ ਵੀ ਸਮਝ, ਅੰਗਰੇਜ਼ ਤੋਂ ਮੁਸਲਿਮ ਅਜੇ ਵੀ ਸਮਝ, ਪਰ ਇਹ ਕੁਰਹਿਤਾਂ ਕਰਦਾ ਆਇਆ, ਸਮਝੋ ਕਲਯੁਗ ਆ ਗਿਆ, ਤਿੰਨ ਪੈਰ ਧਰਮ ਦੇ ਉੱਡ ਗਏ, ਜੀਵ ਹਿੰਦੂ ਬਣ ਗਿਆ।

ਏਨੇ ਮੌਕੇ ਦਿੱਤੇ ਪਰ ਸਮਝਿਆ ਨਹੀਂ, ਗੁਰੂ ਕਰਤਾ ਲਿੱਖਦਾ ਹੈ, ਹੁਣ ਨਹੀਂ ਸਮਝ ਸਕਦਾ, ਬਸ ! ਜਿਵੇਂ ਸਰਾਪ ਹੀ ਦੇ ਦਿੱਤਾ। ਚਾਰ ਜਨਮ ਨਹੀਂ ਸਮਝਿਆ, ਹੁਣ ਕੀ ਸਮਝੇਗਾ ? ਦੇਹਧਾਰੀ ਗੁਰੂ ਨੂੰ ਸਮਝ ਹੀ ਨਹੀਂ ਕਿ ਹਿੰਦੂ ਜਨਮ ਤੋਂ ਹੀ ਭੁੱਲ ਗਿਆ ਹੈ ਤੂੰ ਕਿਵੇਂ ਤਾਰ ਸਕਦਾ ਹੈਂ ? ਡੋਬ ਸਕਦਾ ਹੈ ਤੇ ਡੋਬੀ ਜਾ ਰਿਹਾ ਹੈ। ਹਿੰਦੂ ਤਾਂ ਮਨੁੱਖਾ ਜਨਮ ਦੀ ਨਾਮ ਨਾ ਜਪਣ ਕਰਕੇ ਮਨੁੱਖਾ ਜਨਮ ਵਿਚ ਹੀ ਸਜ਼ਾ ਭੁਗਤ ਰਿਹਾ ਹੈ, ਇਸ ਤੋਂ ਬਾਦ ਇਸ ਨੇ ਸਿਧਾ ਨਰਕਾਂ ਵਿਚ ਧਰਮਰਾਜ ਕੋਲ ਜਾਣਾ ਹੈ, ਕੋਈ ਮਾਂ ਦਾ ਲਾਲ ਬਚਾ ਨਹੀਂ ਸਕਦਾ, ਹਾਂ ਬਚਾ ਸਕਦਾ ਹੈ ਜੇ ਅੰਮ੍ਰਿਤ ਛਕਾ ਦੇਵੇ। ਹਿੰਦੂ ਜਨਮ ਲੈਣ ਲਗਿਆ ਹੀ ਭੁੱਲ ਗਿਆ ਤੇ ਖੁੰਝ ਗਿਆ। ਜੋ ਸ਼ਰਾਰਤੀ ਨਾਰਦ ਨੇ ਕਿਹਾ ਲੜਾਈ ਪਾਉਣੇ ਨੇ ਉਹੀ ਕਰਦੇ ਹਨ, ਨਾਰਦ ਰੱਬ ਹੈ ? ਆਤਮਿਕ ਪੱਖੋਂ ਅੰਨ੍ਹੇ ਹਨ, ਗੂੰਗੇ ਹਨ, ਰੱਬ ਨੂੰ ਦੇਖ ਨਹੀਂ ਸਕਦੇ, ਅੰਨ੍ਹੇ ਵਾਹਿਗੁਰੂ ਜਪ ਨਹੀਂ ਸਕਦੇ, ਗੂੰਗੇ ਮਾਇਆ ਵਿਚ ਅੰਨ੍ਹੇ ਹਨੇਰੇ ਵਿਚ ਹੀ ਫਿਰਦੇ ਹਨ। ਮੂਰਖਾਂ ਦੇ ਮੂਰਖ, ਰੱਬ ਦਾ ਗਿਆਨ ਨਹੀਂ, ਪੱਥਰ ਨੂੰ ਪੂਜਦੇ ਹਨ। ਪੱਥਰ ਵਿਚ ਨਾ ਜਾਨ ਨਾ ਜਿੰਦ, ਨਾ ਸਾਹ, ਨਾ ਬੋਲਦਾ, ਬੰਦਾ ਆਪ ਜਾਗਤ ਜੋਤ ਹੈ, ਪੂਜ ਰਿਹੈ ਪੱਥਰ ਨੂੰ, ਇਹੋ ਹੀ ਬੇਅਕਲੀ ਹੈ। ਪਰ ਸਮਝ ਨਹੀਂ ਆ ਰਹੀ। ਉਹ ਹਿੰਦੂ ਆਪ ਹੀ ਡੁਬਿਆ ਬੈਠਾ ਹੈ ਤੈਨੂੰ ਕਿਵੇਂ ਤਾਰ ਲਏਗਾ ? ਤੂੰ ਉਸ ਤੇ ਆਸ ਲਾਈ ਬੈਠਾ ਹੈਂ।

**ਧਨੁ ਧੰਨੁ ਗੁਰੂ ਗੁਰ ਸਤਿਗੁਰੁ ਪੂਰਾ ਨਾਨਕ ਮਨਿ ਆਸ ਪੁਜਾਏ ॥੪॥**

*(ਪੰਨਾ ੫੬੨)*

ਧੰਨ ਹੈ, ਧੰਨ ਹੈ, ਗੁਰੂ ਨਾਨਕ ਧੰਨ ਹੈ, ਮੇਰਾ ਗੁਰੂ ਪੂਰਾ ਗੁਰੂ ਨਾਨਕ ਧੰਨ ਹੈ, ਮੇਰੇ ਮਨ ਦੀ ਆਸ ਪੂਰੀ ਕਰ ਦਿੱਤੀ। ਰੱਬ ਮਿਲਾ ਦਿੱਤਾ।

**ਘਰ ਮਹਿ ਨਿਜ ਘਰੁ ਪਾਇਆ ਸਤਿਗੁਰੁ ਦੇਇ ਵਡਾਈ ॥**

(ਪੰਨਾ ੫੭੨)

ਸਰੀਰ ਵਿਚੋਂ ਹੀ ਰੱਬ ਦਾ ਨਿੱਜੀ ਘਰ, ਗੁਰ ਦਾ ਨਿੱਜੀ ਘਰ ਲੱਭ ਲਿਆ, ਇਹ ਸਾਰੀ ਵਡਿਆਈ ਗੁਰੂ ਨਾਨਕ ਦੀ ਹੀ ਹੈ।

**ਗੁਰ ਜੇਵਡੁ ਗੁਰ ਜੇਵਡੁ ਦਾਤਾ ਮੈ ਅਵਰੁ ਨ ਕੋਈ ਰਾਮ ॥**
**ਹਰਿ ਦਾਨੋ ਹਰਿ ਦਾਨੁ ਦੇਵੈ ਹਰਿ ਪੁਰਖੁ ਨਿਰੰਜਨੁ ਸੋਈ ਰਾਮ ॥**

(ਪੰਨਾ ੫੭੨)

ਗੁਰੂ ਨਾਨਕ ਵਰਗਾ, ਗੁਰੂ ਨਾਨਕ ਵਰਗਾ, ਹੋਰ ਕੋਈ ਦਾਤਾ ਨਹੀਂ ਹੈ। ਮੈਂ ਹੋਰ ਕੋਈ ਨਹੀਂ ਦੇਖਿਆ, ਵਾਹਿਗੁਰੂ ਨਾਮ ਦੀ ਦਾਤ ਦੇਂਦਾ ਹੈ। ਅੰਮ੍ਰਿਤ ਦੀ ਦਾਤ ਦੇਂਦਾ ਹੈ। ਬਾਬਾ ਨਾਨਕ ਹੀ ਅਕਾਲ ਪੁਰਖ ਹੈ, ਬਾਬਾ ਨਾਨਕ ਹੀ ਮਾਇਆ ਤੋਂ ਰਹਿਤ ਵਾਹਿਗੁਰੂ ਹੈ।

**ਇਕੋ ਸਤਿਗੁਰੁ ਜਾਗਤਾ ਹੋਰੁ ਜਗੁ ਸੂਤਾ ਮੋਹਿ ਪਿਆਸਿ ॥**
**ਸਤਿਗੁਰੁ ਸੇਵਨਿ ਜਾਗੰਨਿ ਸੇ ਜੋ ਰਤੇ ਸਚਿ ਨਾਮਿ ਗੁਣਤਾਸਿ ॥**

(ਪੰਨਾ ੫੯੨)

ਇਕੋ ਗੁਰੂ ਨਾਨਕ ਹੀ ਹੈ ਜੋ ਜਾਗਦਾ ਹੈ (ਜੋ ਸਰੀਰ ਦੀਆਂ ਗੰਦੀਆਂ ਹਰਕਤਾਂ ਤੋਂ ਸੁਚੇਤ ਹੈ, ਕਿਉਂਕਿ ਉਹ ਸਰੀਰ ਨਹੀਂ ਹੈ, ਬਾਕੀ ਸਾਰਾ ਜਗ ਸਰੀਰ ਹੈ, ਪੰਜ ਭੂਤਕ ਹੈ) ਬਾਕੀ ਸਾਰੀ ਸ੍ਰਿਸ਼ਟੀ ਸਰੀਰ ਕਰਕੇ ਮਾਇਆ ਦੇ ਮੋਹ ਵਿਚ ਤ੍ਰਿਸ਼ਨਾ ਦੀ ਅੱਗ ਵਿਚ ਸੁੱਤੀ ਪਈ ਹੈ। ਤੇਰਾ ਗੁਰੂ ਸਰੀਰ ਹੈ ਕਿ ਜੋਤ, ਸੌਂਦਾ ਹੈ ਕਿ ਨਹੀਂ, ਕੀ ਮਾਇਆ ਨਾਲ ਮੋਹ ਨਹੀਂ ? ਕੀ ਅੰਦਰ ਈਰਖਾ ਦੀ ਅੱਗ ਨਹੀਂ ? ਸਭ ਕੁਛ ਹੈ। ਕਿਉਂਕਿ ਉਹ ਸਰੀਰ ਹੈ ਤੇ ਜੋ ਸਰੀਰ ਹੈ, ਉਹ ਗੁਰੂ ਨਹੀਂ ਹੁੰਦਾ, ਗੁਰੂ ਜਾਗਤ ਜੋਤ ਹੁੰਦਾ ਹੈ, ਅਨੁਭਵੀ ਪ੍ਰਕਾਸ਼ ਹੁੰਦਾ ਹੈ। ਜਿਹੜੇ ਗੁਰੂ ਨੂੰ ਸੇਵਦੇ ਹਨ ਸਿਮਰਦੇ ਹਨ ਉਹ ਸਰੀਰ ਤੋਂ ਨਿਰਮੋਹ ਹੋ ਜਾਂਦੇ ਹਨ, ਫਿਰ ਉਹ ਵੀ ਜਾਗਦੇ ਹਨ ਜੋ ਸੱਚੇ ਨਾਮ ਵਾਹਿਗੁਰੂ ਵਿਚ ਸੁਰਤੀ ਜੋੜਦੇ ਹਨ, ਜੋ ਦੈਵੀ ਗੁਣਾਂ ਨਾਲ ਭਰਪੂਰ ਹੈ।

**ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥**
**ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥**

(ਪੰਨਾ ੫੯੪)

ਗੁਰੂ ਨਾਨਕ ਦੇ ਸਰੀਰ ਨੂੰ ਸਾਰੀ ਸ੍ਰਿਸ਼ਟੀ ਦੇਖਦੀ ਸੀ, ਦੇਖਿਆ, ਦੇਖਿਆਂ ਧਰਮਰਾਜ ਤੋਂ ਜਨਮ ਮਰਨ, ਮਾਇਆ ਤੋਂ ਕੁਰਹਿਤ ਤੋਂ ਛੁਟਕਾਰਾ ਨਹੀਂ ਹੋਣਾ, ਜਿੰਨਾ ਚਿਰ ਅੰਮ੍ਰਿਤ ਛਕ ਕੇ ਬਾਣੀ ਦੀ ਵਿਚਾਰ ਨਹੀਂ ਕਰਦੇ। ਸਿਮਰਨ ਨਹੀਂ

ਕਰਦੇ। ਜੇ ਸ਼ਬਦ ਦੀ ਵਿਚਾਰ ਕਰਕੇ ਹੀ ਤਰਨਾ ਹੈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ, ਫਿਰ ਤੇਰੇ ਗੁਰੂ ਦਾ ਸਰੀਰ ਕਿਸ ਕੰਮ ? ਸਾਰੀ ਰੱਬ ਦੀ ਵਿਚਾਰ ਤਾਂ ਆ ਗਈ ਹੈ ਧੁਰਿ ਕੀ ਬਾਣੀ ਵਿਚ, ਤੇਰੇ ਗੁਰੂ ਦਾ ਸਰੀਰ ਕੁਛ ਹੋਰ ਕਹਿਣਾ ਚਾਹੁੰਦਾ ਹੈ ? ਜੇ ਇਕ ਲਾਈਨ ਵੀ ਉਚਾਰ ਦੇਵੇ ਜਾਂ ਇਕ ਹੋਰ ਨਵਾਂ ਸਿਧਾਂਤ ਦੱਸ ਦੇਵੇ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ, ਤਾਂ ਅਸੀਂ ਵੀ ਉਹਨੂੰ ਗੁਰੂ ਮੰਨ ਲੈਣਾ। ਜਾਂ ਕੋਈ ਸਿਧਾਂਤ ਛੱਡ ਕੇ ਰੱਬ ਨੂੰ ਪਾ ਕੇ ਦਿਖਾ ਦੇਵੇ, ਤਾਂ ਵੀ ਮੰਨ ਲੈਣਾ। ਦੋ ਰਸਤੇ ਹਨ, ਸਚਖੰਡਿ ਤੇ ਧਰਮਰਾਜ। ਗੁਰੂ ਨਾਨਕ ਤਾਂ ਸਚਖੰਡਿ ਭੇਜਣ ਦਾ ਗੁਰੂ ਹੈ ਤੇ ਤੇਰਾ ਗੁਰੂ ਧਰਮਰਾਜ ਕੋਲ ਭੇਜਣ ਵਾਲਾ ਹੈ।

**ਸਤਿਗੁਰੂ ਨ ਸੇਵਿਓ ਮੂਰਖ ਅੰਧ ਗਵਾਰਿ॥....**
**ਜਿਨ ਕਾਰਣਿ ਗੁਰੂ ਵਿਸਾਰਿਆ, ਸੇ ਨ ਉਪਕਰੇ ਅੰਤੀ ਵਾਰ॥**

(ਪੰਨਾ ੫੯੪)

ਮੂਰਖ ਅੰਨ੍ਹੇ, ਗਵਾਰ ਨੇ ਅੰਮ੍ਰਿਤ ਨਾ ਛਕਿਆ ਤੇ ਗੁਰੂ ਨਾਨਕ ਨੂੰ ਨਾ ਸਿਮਰਿਆ। ਜਿਹਨਾਂ ਕਾਰਨਾਂ ਕਰਕੇ ਅੰਮ੍ਰਿਤ ਨਾ ਛਕਿਆ, ਉਹ ਮਰਨ ਲੱਗਿਆਂ, ਜਮਦੂਤ ਤੋਂ ਨਰਕਾਂ ਤੋਂ, ਧਰਮਰਾਜ ਤੋਂ, ਜਨਮ ਮਰਨ ਤੋਂ, ਮਾਰ ਪੈਂਦੀ ਤੋਂ ਬਚਾਉਣ ਲਈ ਨਾ ਬਹੁੜੇ। ਯਾਰੀ ਦੋਸਤੀ ਪਾਲਦਾ ਰਿਹਾ, ਸੋਹਣਾ ਬਣ ਬਣ ਕੇ ਦਿਖਾਉਂਦਾ ਸੀ, ਦਿਖਾਉਂਦੀ ਸੀ, ਹੋਟਲਾਂ ਵਿਚ ਐਸ਼ ਕਰਨ ਜਾਂਦਾ ਸੀ, ਜਾਂਦੀ ਸੀ, ਕਿਸਨੂੰ ਬਣ ਠਣ ਕੇ ਦਿਖਾਉਂਦੀ ਸੀ ? ਉਹ ਤੈਨੂੰ ਬਚਾਉਣਗੇ ? ਕਿਉਂ ਛੋਟੀ ਜਿਹੀ ਉਮਰ ਪਿੱਛੇ ਲੰਬਾ ਭੁਗਤਾਨ ਭੁਗਤਦੇ ਹੋ। ਅਰਬਾਂ ਸਾਲਾਂ ਦਾ ਚੱਕਰ। ਅਜੇ ਵੀ ਸਮਝ, ਅੰਮ੍ਰਿਤ ਛਕ ਲੈ। ਰਹਿਤ ਰੱਖੀਂ, ਕੁਰਹਿਤ ਨਾ ਕਰੀਂ।

**ਬਿਨੁ ਗੁਰ ਸਾਚੇ ਭਗਤਿ ਨ ਹੋਵੀ ਹੋਰ ਭੂਲੀ ਫਿਰੈ ਇਆਣੀ॥**
**ਮਨਮੁਖਿ ਫਿਰਹਿ ਸਦਾ ਦੁਖੁ ਪਾਵਹਿ ਡੂਬਿ ਮੁਏ ਵਿਣੁ ਪਾਣੀ॥੧॥**

(ਪੰਨਾ ੬੦੨)

ਗੁਰੂ ਨਾਨਕ ਤੋਂ ਅੰਮ੍ਰਿਤ ਛਕਣ ਤੋਂ ਬਗ਼ੈਰ ਭਗਤੀ ਨਹੀਂ ਹੋਣੀ, ਪਰਵਾਨ ਨਹੀਂ ਹੋਣੀ, ਕੋਈ ਫ਼ਾਇਦਾ ਨਹੀਂ ਹੋਣਾ, ਹੋਰ ਸਾਰੀ ਲੋਕਾਈ ਬੇਸਮਝ ਹੋਣ ਕਰਕੇ ਭੁੱਲੀ ਫਿਰਦੀ ਹੈ। ਜਿਹੜੇ ਅੰਮ੍ਰਿਤ ਨਹੀਂ ਛਕਦੇ, ਅਰਬਾਂ ਸਾਲ ਦੁੱਖ ਪਾਂਦੇ ਹਨ ਉਹ ਵਿਚਾਰੇ ਜਿਵੇਂ ਪਾਣੀ ਤੋਂ ਬਗ਼ੈਰ ਹੀ ਡੁੱਬ ਮਰੇ। ਅੰਮ੍ਰਿਤ ਛਕਣ ਤੋਂ ਬਗ਼ੈਰ ਹੀ ਮਰ ਗਏ, ਧਰਮਰਾਜ ਕੋਲ ਗਏ, ਸੂਰ ਬਣ ਕੇ ਉਸੇ ਗਲੀ ਵਿਚ ਆ ਗਏ।

**ਆਇਆ ਸੋ ਪਰਵਾਣੁ ਹੈ ਭਾਈ ਜਿ ਗੁਰ ਸੇਵਾ ਚਿਤੁ ਲਾਇ॥**

(ਪੰਨਾ ੬੦੩)

ਮਨੁੱਖਾ ਜਨਮ ਲਿਆ ਉਸ ਦਾ ਹੀ ਪਰਵਾਨ ਹੈ, ਸਚਖੰਡਿ ਵਾਪਿਸ ਉਹੀ ਜਾਵੇਗਾ ਭਾਈ, ਜਿਹੜਾ ਗੁਰੂ ਨਾਨਕ ਦੀ ਸੇਵਾ ਕਰੇਗਾ।

**ਸਤਿਗੁਰੁ ਸੁਖ ਸਾਗਰੁ ਜਗ ਅੰਤਰਿ ਹੋਰ ਥੈ ਸੁਖੁ ਨਾਹੀ॥.....**
**ਸਤਿਗੁਰੁ ਸੇਵਹਿ ਤਾ ਸੁਖੁ ਪਾਵਹਿ ਨਾਹਿ ਤ ਜਾਹਿਗਾ ਜਨਮੁ ਗਵਾਇ॥**

*(ਪੰਨਾ ੬੦੩)*

ਗੁਰੂ ਨਾਨਕ ਸੁੱਖਾਂ ਦਾ ਸਮੁੰਦਰ ਹੈ, ਇਸ ਦੁਨੀਆਂ ਵਿਚ ਹੋਰ ਕਿਸੇ ਕੋਲ ਸੁੱਖ ਨਹੀਂ ਹਨ। ਗੁਰੂ ਨਾਨਕ ਸਿਮਰੇਂਗਾ ਤਾਂ ਸੁੱਖ ਮਿਲਣਗੇ, ਨਹੀਂ ਤਾਂ ਮਨੁੱਖਾ ਜਨਮ ਲੈ ਕੇ ਵੀ ਅਜਾਈਂ ਗੁਆ ਜਾਏਂਗਾ। ਦੇਖ ਤੂੰ ਕੀ ਕਰ ਰਿਹੈਂ ? ਤੈਨੂੰ ਸਮਝ ਹੀ ਨਹੀਂ।

**ਇਹੁ ਜਗੁ ਅੰਧਾ ਸਭੁ ਅੰਧੁ ਕਮਾਵੈ ਬਿਨੁ ਗੁਰ ਮਗੁ ਨ ਪਾਏ॥**
**ਨਾਨਕ ਸਤਿਗੁਰੁ ਮਿਲੈ ਤ ਅਖੀ ਵੇਖੈ ਘਰੈ ਅੰਦਰਿ ਸਚੁ ਪਾਏ॥੪॥੧੦॥**

*(ਪੰਨਾ ੬੦੩)*

ਇਹ ਸਾਰੀ ਦੁਨੀਆਂ ਆਤਮਿਕ ਪੱਖੋਂ ਅੰਨ੍ਹੀ ਹੈ, ਸਾਰੇ ਮਾਇਆ ਅੰਨ੍ਹੀ ਨੂੰ ਕਮਾਈ ਜਾਂਦੇ ਹਨ, ਗੁਰੂ ਨਾਨਕ ਤੋਂ ਬਗ਼ੈਰ ਕੋਈ ਰਾਹ ਦੱਸਣ ਵਾਲਾ ਨਹੀਂ, ਜੇ ਗੁਰੂ ਨਾਨਕ, ਅੰਮ੍ਰਿਤ ਛਕ ਕੇ ਮਿਲ ਜਾਏ ਤਾਂ ਸਿਮਰਨ ਕਰਕੇ ਸਰੀਰ ਵਿਚੋਂ ਹੀ ਰੱਬ ਮਿਲ ਜਾਂਦਾ ਹੈ।

**ਬਿਨੁ ਸਤਿਗੁਰ ਸੇਵੇ ਬਹੁਤਾ ਦੁਖੁ ਲਾਗਾ ਜੁਗ ਚਾਰੇ ਭਰਮਾਈ॥**

*(ਪੰਨਾ ੬੦੩)*

ਗੁਰੂ ਨਾਨਕ ਦੇ ਦੱਸੇ ਵਾਹਿਗੁਰੂ ਸਿਮਰਨ ਕਰਨ ਤੋਂ ਬਗ਼ੈਰ, ਅੰਮ੍ਰਿਤ ਛਕਣ ਤੋਂ ਬਗ਼ੈਰ, ਬਹੁਤ ਦੁਖੀ ਰਹੇਂਗਾ ਤੇ ਚਾਰੇ ਜੁਗ ਭਟਕਦਾ ਰਹੇਂਗਾ। ਸ਼ਾਂਤੀ ਕਿਤੇ ਨਹੀਂ ਮਿਲਣੀ, ਟਿਕਾਓ ਨਹੀਂ ਮਿਲਣਾ, ਚੌਰਾਸੀ ਦਾ ਗੇੜ ਕੱਟ ਕੇ ਫਿਰ ਵੀ ਅੰਮ੍ਰਿਤ ਹੀ ਛਕੇਂਗਾ, ਅੱਜ ਹੀ ਛਕ ਲੈ।

**ਬਿਨੁ ਸਤਿਗੁਰ ਸਭੁ ਜਗੁ ਬਉਰਾਨਾ॥**
**ਮਨਮੁਖਿ ਅੰਧਾ ਸਬਦੁ ਨ ਜਾਣੈ ਝੂਠੈ ਭਰਮਿ ਭੁਲਾਨਾ॥ਰਹਾਉ॥**

*(ਪੰਨਾ ੬੦੪)*

ਗੁਰੂ ਨਾਨਕ ਤੋਂ ਅੰਮ੍ਰਿਤ ਛਕਣ ਤੋਂ ਬਗ਼ੈਰ ਸਾਰੀ ਦੁਨੀਆਂ ਪਾਗਲ ਹੈ। ਜਿਸ ਨੇ ਅੰਮ੍ਰਿਤ ਨਹੀਂ ਛਕਿਆ ਉਹ ਅੰਨ੍ਹਾ ਹੈ, ਬਾਣੀ ਦੀ ਵਿਚਾਰ ਨਹੀਂ ਕਰਦਾ, ਨਾਸ਼ਵੰਤ ਪਦਾਰਥਾਂ ਵਿਚ ਲੱਗ ਕੇ ਭਟਕਿਆ ਪਿਆ ਤੇ ਕੁਰਾਹੇ ਪੈ ਗਿਆ ਹੈ।

**ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਪਿਆਰਾ ਕਰਿ ਦਇਆ ਅੰਮ੍ਰਿਤੁ ਮੁਖਿ ਚੋਇ॥ ਰਹਾਉ॥**
*(ਪੰਨਾ ੬੦੫)*

ਗੁਰੂ ਨਾਨਕ ਵਿਚ 'ਵਾਹਿਗੁਰੂ' ਨਾਮ ਦਾ ਖ਼ਜ਼ਾਨਾ ਹੈ ਕਿਰਪਾ ਕਰਕੇ ਮੂੰਹ ਵਿਚ ਦਸਮ ਦੁਆਰ ਵਿਚੋਂ ਅੰਮ੍ਰਿਤ ਚੁਆ ਦੇਂਦਾ ਹੈ।

**ਪਾਰਬ੍ਰਹਮ ਪਰਮੇਸੁਰ ਸਤਿਗੁਰ ਸਭਨਾ ਕਰਤ ਉਧਾਰਾ॥**
**ਕਹੁ ਨਾਨਕ ਗੁਰ ਬਿਨੁ ਨਹੀ ਤਰੀਐ ਇਹੁ ਪੂਰਨ ਤਤੁ ਬੀਚਾਰਾ॥੪॥੯॥**
*(ਪੰਨਾ ੬੧੧)*

ਗੁਰੂ ਨਾਨਕ ਹੀ ਪਾਰਬ੍ਰਹਮ ਪਰਮੇਸਰ ਹੈ ਜੋ ਸਾਰਿਆਂ ਦਾ ਉੱਧਾਰ ਕਰਦਾ ਹੈ। ਗੁਰੂ ਨਾਨਕ ਤੋਂ ਬਗ਼ੈਰ ਕੋਈ ਨਹੀਂ ਤਰਿਆ, ਕੋਈ ਧਰਮਰਾਜ ਤੋਂ ਬਚ ਨਹੀਂ ਸਕਦਾ, ਕੋਈ ਸਚਖੰਡਿ ਜਾ ਨਹੀਂ ਸਕਦਾ। ਇਹ ਪੂਰਨ ਅਸਲੀਅਤ ਦੀ ਵਿਚਾਰ ਹੈ।

**ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ॥**
**ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ॥੪॥੨॥**
*(ਪੰਨਾ ੬੧੨)*

ਮੈਂ ਮੂਰਖ ਦੀ ਕੀ ਗੱਲ ਹੈ, ਕਰੋੜਾਂ ਅਪਰਾਧੀ ਤਰ ਗਏ, ਜਿਹਨਾਂ ਨੇ ਗੁਰੂ ਨਾਨਕ ਨੂੰ ਸੁਣਿਆ ਤੇ ਦੇਖਿਆ ਹੈ ਉਹ ਦੁਬਾਰਾ ਜਨਮ ਵਿਚ ਨਹੀਂ ਆਏ।

**ਏਕ ਬੂੰਦ ਗੁਰਿ ਅੰਮ੍ਰਿਤੁ ਦੀਨੋ ਤਾ ਅਟਲੁ ਅਮਰੁ ਨ ਮੁਆ॥**
**ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ ਫਿਰਿ ਲੇਖਾ ਮੂਲਿ ਨ ਲਇਆ॥**
*(ਪੰਨਾ ੬੧੨)*

ਗੁਰੂ ਨਾਨਕ ਨੇ ਏਕ ਬੂੰਦ ਅੰਮ੍ਰਿਤ ਦੀ ਦਿੱਤੀ ਤਾਂ ਬੰਦੇ ਨੂੰ ਸਦੀਵੀ ਤੇ ਅਮਰ ਬਣਾ ਦਿੱਤਾ, ਉਹ ਦੁਬਾਰਾ ਮਰਦਾ ਹੀ ਨਹੀਂ, ਧਰਮਰਾਜ ਕੋਲ ਜਾਂਦਾ ਹੀ ਨਹੀਂ। ਸਾਰੇ ਭਗਤੀ ਦੇ ਭੰਡਾਰ ਨਾਨਕ ਨੂੰ ਸੌਂਪ ਦਿੱਤੇ, ਜਿਸ ਨੂੰ ਬਾਬੇ ਨਾਨਕ ਨੇ ਅੰਮ੍ਰਿਤ ਛਕਣ ਲੱਗਿਆਂ ਦੇ ਦਿੱਤੇ ਫਿਰ ਉਸਦਾ ਲੇਖਾ ਧਰਮਰਾਜ ਨੇ ਬਿਲਕੁਲ ਨਹੀਂ ਲਿਆ।

**ਮਿਰਤਕ ਕਉ ਪਾਇਓ ਤਨਿ ਸਾਸਾ ਬਿਛੁਰਤ ਆਨਿ ਮਿਲਾਇਆ॥**
**ਪਸੂ ਪਰੇਤ ਮੁਗਧ ਭਏ ਸ੍ਰੋਤੇ ਹਰਿ ਨਾਮਾ ਮੁਖਿ ਗਾਇਆ॥੧॥**
*(ਪੰਨਾ ੬੧੪)*

ਮੁਰਦੇ ਸਰੀਰ ਵਿਚ ਸੁਆਸ ਪਾ ਕੇ ਵਿਛੁੜੇ ਜੀਵ ਨੂੰ ਪ੍ਰਭੂ ਨਾਲ ਮਿਲਾ ਦਿੱਤਾ। ਪਸ਼ੂ ਸੀ, ਪਰੇਤ ਸੀ, ਮੂਰਖਾਂ ਦਾ ਮੂਰਖ ਸੀ ਹੁਣ ਵਾਹਿਗੁਰੂ ਨਾਮ ਸੁਣ ਰਿਹਾ ਹੈ ਤੇ ਗਾ ਰਿਹਾ ਹੈ, ਇਹ ਸਾਰੀ ਵਡਿਆਈ ਕਿਸ ਦੀ ਹੈ (ਤੂੰ ਤਾਂ ਅਕ੍ਰਿਤਘਣ ਹੈਂ, ਦੇਹਧਾਰੀ ਗੁਰੂ) ਤੂੰ ਤਾਂ ਆਪਣੀ ਮਿਰਤਕ ਦੇਹ ਨੂੰ ਸਰੀਰ ਨੂੰ ਗੁਰੂ ਬਣਾਈ ਬੈਠਾ ਹੈਂ, ਗੁਰੂ ਰੱਬ ਹੁੰਦਾ ਹੈ, ਪਰਮਾਤਮਾ ਹੁੰਦਾ ਹੈ, ਪਰ ਸਰੀਰ ਨਹੀਂ ਹੁੰਦਾ, ਪੰਜ ਭੂਤਕ ਨਹੀਂ ਹੁੰਦਾ। ਤੂੰ ਸਰੀਰ ਨੂੰ ਹੀ ਗੁਰੂ ਬਣਾਈ ਬੈਠਾ ਹੈਂ, ਕਿੱਥੇ ਲੇਖਾ ਦਏਂਗਾ ? ਤੂੰ ਮਹਾਂ ਹਤਿਆਰਾ ਹੈਂ, ਸਾਰੀ ਦੁਨੀਆਂ ਦੀ, ਸਾਰੀ ਸੰਗਤਿ ਦੀ, ਜੋ ਤੇਰੇ ਕੋਲ ਆ ਰਿਹਾ, ਹਤਿਆ ਕਰੀ ਜਾ ਰਿਹਾ ਹੈਂ। ਤੂੰ ਸਮਝ ਸਕਦਾ ਹੈਂ ਮੇਰੀ ਗੱਲ, ਤੂੰ ਤੇ ਸਮਝ ਵੀ ਰਿਹਾ ਹੈਂ, ਪਰ ਤੇਰੀ ਸੰਗਤਿ ਅੰਨ੍ਹੀ, ਗੂੰਗੀ, ਬੋਲੀ ਹਿੰਦੂ ਨਹੀਂ ਸਮਝ ਸਕਦੇ ਹਤਿਆਰਿਆ! ਇਹ ਕੰਮ ਛੱਡ ਦੇ, ਸਰੀਰ ਗੁਰੂ ਨਹੀਂ ਹੁੰਦਾ। ਦੇਖ! ਰੱਬ ਗੁਰੂ ਨਾਨਕ ਸਰੀਰ ਵਿਚ ਸੀ, ਉਸ ਨੇ ਕਿਹਾ ਸਰੀਰ ਨਹੀਂ ਸ਼ਬਦ ਗੁਰੂ ਹੈ, ਅੱਜ ਸਬਦ ਗੁਰੂ ਸਾਡੇ ਸਾਹਮਣੇ ਹੈ, ਜੇ ਤੂੰ ਕਹਿੰਦਾ ਹੈਂ ਮੈਂ ਵੀ ਸ਼ਬਦ ਦੇਂਦਾ ਹਾਂ, ਤਾਂ ਗੁਰੂ ਨਾਨਕ ਦਾ ਦਿੱਤਾ ਸ਼ਬਦ ਠੀਕ ਨਹੀਂ ਸੀ ਜਾਂ ਠੀਕ ਨਹੀਂ ਹੈ। ਵਾਹਿਗੁਰੂ ਜਪਣਾ ਗ਼ਲਤ ਹੈ ? ਅੰਮ੍ਰਿਤ ਛਕਣਾ ਠੀਕ ਨਹੀਂ ? ਰਹਿਤ ਰੱਖਣੀ ਠੀਕ ਨਹੀਂ ? ਕੁਰਹਿਤ ਛੱਡਣੀ ਠੀਕ ਨਹੀਂ ? ਤਾਂ ਸਿੱਧਾ ਬੋਲ ਇਹ ਠੀਕ ਨਹੀਂ ਤਾਂ ਹੀ ਮੈਂ ਦੁਕਾਨ ਖੋਲ੍ਹੀ ਹੈ। ਮੈਂ ਇਕ ਸਿਖ ਗੁਰੂ ਨਾਨਕ ਦਾ ਸਿੱਧਾ ਬੋਲ ਰਿਹਾ ਹਾਂ,. ਤੂੰ ੧੧੦% ਗ਼ਲਤ ਹੈ, ਸਰੀਰ ਗੁਰੂ ਨਹੀਂ ਹੁੰਦਾ, ਤੂੰ ਸਾਰਿਆਂ ਦਾ ਸਿੱਧਾ ਕੁਨੈਕਸ਼ਨ ਨਰਕਾਂ ਨਾਲ, ਧਰਮਰਾਜ ਨਾਲ, ਜਨਮ ਮਰਨ ਨਾਲ, ਚੌਰਾਸੀ ਦੇ ਗੇੜ ਨਾਲ ਜੋੜ ਰਿਹਾ ਹੈਂ। ਇਕ ਸੁਆਲ ਦਾ ਜੁਆਬ ਦੇ ਦਿਓ ਦੇਹਧਾਰੀ ਗੁਰੂਓ! ਜਦੋਂ ਧਰਮਰਾਜ ਨੇ ਇਕ ਜੁੱਤੀ ਮਾਰ ਕੇ ਪੁਛਿਆ, ਓਏ ਤੂੰ ਗੁਰੂ ਸੀ, ਤਾਂ ਕੀ ਜੁਆਬ ਦਏਂਗਾ ? ਨਹੀਂ ਜੀ, ਮੈਂ ਸਰਕਾਰੀਆ ਸੀ, ਸਰਕਾਰ ਦਾ ਪੈਦਾ ਕੀਤਾ ਹੋਇਆ ਗੁਰੂ ਸੀ, ਦੂਜਾ ਸੁਆਲ ਏਨੀ ਦੁਨੀਆਂ ਨੂੰ ਗੁਮਰਾਹ ਕਰ ਆਇਆਂ, ਕੀ ਜੁਆਬ ਦਿਓਗੇ ? ਇਥੇ ਮੈਨੂੰ ਹੀ ਜੁਆਬ ਦੇ ਦਿਓ, ਇਹੋ ਹੀ ਸੁਆਲ ਮਹਾਰਾਜ ਚਰਨ ਸਿੰਘ ਕੋਲੋਂ ਪੁੱਛਿਆ ਸੀ, ਉਸ ਨੇ ਕਿਹਾ ਮੈਂ ਸਰਕਾਰ ਦੇ ਆਖੇ ਸਭ ਕੁਛ ਕਰ ਰਿਹਾ ਸੀ, ਸਾਰੀ ਦੁਨੀਆਂ ਦਾ ਕਾਤਲ ਹਾਂ, ਆ ਜਾ ਫਿਰ ਲੁੱਕ ਦੇ ਡਰੱਮ ਵਿਚ ਤੇ ਤੂੰ ਵੀ ਲੁੱਕ ਦੇ ਡਰੱਮ ਵਿਚ ਜਾਣਾ ਚਾਹੁੰਦਾ ਹੈਂ, ਤੇਰੀ ਮਰਜ਼ੀ ਭਾਈ, ਗੁਰੂ ਨਾਨਕ ਦੀ ਬਰਾਬਰੀ ਨਾ ਕਰ, ਮੈਂ ਅਜੇ ਵੀ ਹੱਥ ਜੋੜ ਕੇ ਬੇਨਤੀ ਕਰਦਾ ਹਾਂ, ਗੁਰੂ ਨਾਨਕ ਦੀ ਬਰਾਬਰੀ ਨਾ ਕਰ, ਉਹ ਰੱਬ ਸੀ, ਤੂੰ ਸਰੀਰ, ਮਿਰਤਕ ਸਰੀਰ, ਸਾਹ ਹੀ ਗੁਰੂ ਨਾਨਕ ਨੇ ਪਾਇਆ, ਤੂੰ ਅਕ੍ਰਿਤਘਣ ਨਾ ਬਣ। ਆ ਦੇਖ।

**ਪੂਰੇ ਗੁਰ ਕੀ ਦੇਖੁ ਵਡਾਈ॥**
**ਤਾ ਕੀ ਕੀਮਤਿ ਕਹਣੁ ਨ ਜਾਈ॥ ਰਹਾਉ॥** (ਪੰਨਾ ੬੧੪)

ਪੂਰੇ ਗੁਰੂ ਨਾਨਕ ਦੀ ਵਡਿਆਈ ਦੇਖ, ਉਸ ਦੀ ਤਾਂ ਕੀਮਤ ਹੀ ਨਹੀਂ ਪੈ ਸਕਦੀ, ਉਸ ਨੇ ਕੀ ਕੀਤਾ, ਮਿਰਤਕ ਸਰੀਰ ਵਿਚ ਸਾਹ ਪਾ ਕੇ ਜਿੰਦਾ ਕਰ ਦਿੱਤਾ, ਤੂੰ ਗੁਰੂ ਨਾਨਕ ਦਾ ਧੰਨਵਾਦ ਕਰਨਾ ਸੀ, ਤੂੰ ਉਸ ਦੇ ਬਰਾਬਰ ਦਾ ਗੁਰੂ ਬਣ ਗਿਆ, ਸ਼ਰੀਕ ਬਣ ਗਿਆ, ਰੱਬ ਦਾ, ਥੋਹੜੇ ਸਮੇਂ ਲਈ, ਅਰਬਾਂ ਸਾਲ ਦੀ ਜ਼ਿੰਦਗੀ ਬਰਬਾਦ ਕਰ ਲਈ, ਵਾਹ ਓਏ ਦੇਹਧਾਰੀ ਗੁਰੂ! ਸਾਨੂੰ ਵੀ ਚੇਲਾ ਬਣਾ ਲੈ, ਪਰ ਦੋ ਸੁਆਲਾਂ ਦਾ ਜੁਆਬ ਦੇ ਕੇ—ਤੇਰੀ ਆਪਣੀ ਸੁਰਤ ਰੱਬ ਨਾਲ ਲਗਦੀ ਹੈ। ਸੂਖਸ਼ਮ ਰੱਬ ਪ੍ਰਕਾਸ਼ ਬਾਰੇ ਨਿੱਜੀ ਤੌਰ ਤੇ ਕੁਛ ਜਾਣਦਾ ਹੈਂ? ਸਚਖੰਡਿ ਤੇ ਧਰਮਰਾਜ ਦੀ ਕਚਹਿਰੀ ਆਪ ਦੇਖੀ ਹੈ? ਜੇ ਦੇਖੀ ਹੀ ਨਹੀਂ ਤਾਂ ਗੁਰੂ ਕਿਵੇਂ ਬਣ ਗਿਆ? ਜੇ ਦੇਖੀ ਹੈ ਤਾਂ ਕੀ ਮਹਾਰਾਜ ਚਰਨ ਸਿੰਘ ਨੂੰ ਨਹੀਂ ਦੇਖਿਆ ਉੱਥੇ, ਤੂੰ ਹੁਣ ਵੀ ਗੁਰੂ ਹੈਂ? ਇਸ ਤੋਂ ਭਾਵ ਇਹ ਨਿਕਲਿਆ, ਨਾ ਤੂੰ ਅਗਲੀ ਦੁਨੀਆਂ ਦੇਖੀ ਹੈ, ਨਾ ਹੀ ਤੇਰੀ ਸੁਰਤੀ ਲਗਦੀ ਹੈ। ਨਾ ਹੀ ਤੂੰ ਸੂਖਸ਼ਮ ਰੱਬ ਪ੍ਰਕਾਸ਼ ਨੂੰ ਜਾਣਦਾ ਹੈਂ। ਤੁਸੀਂ ਸਾਰੇ ਸਰਕਾਰ ਦੀ ਸ਼ਹਿ ਤੇ ਸਿੱਖਾਂ ਨੂੰ ਪਾੜਨ ਲਈ ਹੋ।

**ਆਗੈ ਸੁਖੁ ਗੁਰਿ ਦੀਆ॥**
**ਪਾਛੈ ਕੁਸਲ ਖੇਮ ਗੁਰਿ ਕੀਆ॥** (ਪੰਨਾ ੬੨੬)

ਅੱਗੇ ਤਾਂ ਸਰੀਰ ਜਾਂਦਾ ਹੀ ਨਹੀਂ, ਦੇਹਧਾਰੀ ਗੁਰੂ ਅੱਗੇ ਕੀ ਕਰੇਗਾ, ਇਹ ਕਿਹੜਾ ਗੁਰੂ ਹੈ ਜੋ ਅੱਗੇ ਵੀ ਸੁੱਖ ਦਿੰਦਾ ਹੈ ਤੇ ਇਥੇ ਵੀ ਸੁੱਖ ਦੇਂਦਾ ਹੈ, ਉਸ ਗੁਰੂ ਦਾ ਤੁਸੀਂ ਨਾਂ ਲੈ ਦਿਓ ਮੈਂ ਤਾਂ ਗੁਰੂ ਨਾਨਕ ਨੂੰ ਦੋ ਜਹਾਨ ਦਾ ਮਾਲਕ ਵਾਲੀ ਕਹਿ ਰਿਹਾ ਹਾਂ, ਤੂੰ ਦੱਸ ਦੇ ਹੋਰ ਕਿਹੜਾ ਗੁਰੂ ਹੈ? ਕਿਸੇ ਵੀ ਦੇਹਧਾਰੀ ਗੁਰੂ ਦੀ ਪਹੁੰਚ ਹੈ ਅੱਗੇ ਤਕ, ਇਕ ਹੀ ਦਿਖਾ ਦਿਓ। ਸਚਖੰਡਿ ਵਿਚ ਵੀ ਸੁੱਖ ਗੁਰੂ ਨਾਨਕ ਨੇ ਦਿੱਤਾ ਹੈ, ਪਿਛਲੀ ਜ਼ਿੰਦਗੀ ਵਿਚ ਵੀ ਖ਼ੁਸ਼ੀਆਂ ਗੁਰੂ ਨਾਨਕ ਨੇ ਦਿੱਤੀਆਂ।

**ਧੁਰ ਕੀ ਬਾਣੀ ਆਈ॥**
**ਤਿਨਿ ਸਗਲੀ ਚਿੰਤ ਮਿਟਾਈ॥** (ਪੰਨਾ ੬੨੮)

ਧੁਰ ਕੀ ਬਾਣੀ ਕਿਥੋਂ ਆਈ? ਕੌਣ ਲਿਆਇਆ? ਜ਼ਰਾ ਧਿਆਨ ਨਾਲ ਸੋਚ। ਧੁਰ ਕੀ ਹੈ? ਕੁਛ ਹੈ। ਧੁਰ ਸਚਖੰਡਿ ਹੈ। ਉੱਥੇ ਕੌਣ ਹੈ? ਰੱਬ ਹੈ। ਰੱਬ ਗੁਰੂ ਨਾਨਕ ਬਣ ਕੇ ਆਪ ਹੀ ਇਸ ਬਾਣੀ ਨੂੰ ਜੀਵਾਂ ਦੇ ਉੱਧਾਰ ਲਈ ਧਰਤੀ ਤੇ ਲੈ ਕੇ ਆਇਆ। ਬਾਣੀ ਵਿਚਾਰ ਕੇ ਦੇਖ ਲੈ, ਜੇ ੧% ਵੀ ਚਿੰਤਾ ਰਹਿ

ਗਈ ਤਾਂ ਕਹੀਂ। ਬਾਣੀ ਨੇ ਤੈਨੂੰ ਸਰੀਰ ਤੋਂ ਨਿਰਮੋਹ ਕਰ ਦੇਣਾ ਹੈ, ਚਿੰਤਾ ਫ਼ਿਕਰ ਦੂਰ ਆਪੇ ਹੀ ਹੋ ਜਾਣੇ ਹਨ। ਬਾਣੀ ਨੇ ਤੈਨੂੰ ਪਾਇਆ ਸਰੀਰ ਦਾ ਭੁਲੇਖਾ ਕਿ ਤੂੰ ਰੱਬ ਨਹੀਂ ਹੈ, ਦੂਰ ਕਰ ਦੇਣਾ, ਤੈਨੂੰ ਸਾਬਤ ਕਰ ਦੇਣਾ, ਤੂੰ ਰੱਬ ਹੈਂ, ਫਿਰ ਚਿੰਤਾ ਫ਼ਿਕਰ, ਰੱਬ ਨੂੰ ਤੇ ਤੂੰ ਦੇਹਧਾਰੀ ਗੁਰੂ ਹੀ ਬਣ ਬੈਠਾ ਹੈਂ। ਬਾਣੀ ਦਾ ਮੁਕਾਬਲਾ ਕਰਦਾ ਹੈਂ ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੁਕਾਬਲਾ ਕਰਦਾ ਹੈਂ, ਗੰਦਗੀ ਦੇ ਬੈਗ, ਸਚਖੰਡਿ ਦੇ ਮਾਲਕ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਰੱਬ ਵੀ ਮੱਥਾ ਟੇਕਦਾ ਹੈ, ਦਸੇ ਪਾਤਿਸ਼ਾਹੀਆਂ ਰੱਬ ਹਨ, ਪਰ ਮੱਥਾ ਟੇਕਦੀਆਂ ਹਨ। ਬਾਬਾ ਨਾਨਕ ਸਾਰੀ ਸ੍ਰਿਸ਼ਟੀ ਦਾ ਮਾਲਕ ਹੈ, ਕਰਤਾ ਹੈ, ਕਰਨਹਾਰ ਹੈ, ਸਮਰੱਥ ਹੈ, ਨਿਰੰਕਾਰ ਹੈ, ਨਿਰੰਜਨ ਹੈ, ਅਗੰਮ ਹੈ, ਅਗੋਚਰ ਹੈ, ਮਨਸਾ ਪੂਰਨ ਦਾਤਾ ਹੈ, ਬੈਠਾ ਚੌਰ ਕਰ ਰਿਹਾ ਹੈ, ਪੰਜ ਪਿਆਰੇ ਮੱਥਾ ਟੇਕਦੇ ਹਨ। ਸਾਰੀ ਸੰਗਤਿ ਮੱਥਾ ਟੇਕਦੀ ਹੈ, ਤੂੰ ਬਰਾਬਰੀ ਕਰ ਰਿਹਾ ਹੈਂ, ਸੋਚ ਲੈ, ਤੇਰਾ ਕੀ ਹਾਲ ਹੋਏਗਾ, ਧਰਮਰਾਜ ਨੱਕ ਰਗੜਦਾ ਹੈ, ਧਰਮਰਾਜ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਚਰਨ ਧੂੜ ਵੀ ਨਹੀਂ, ਤੇ ਤੂੰ ਧਰਮਰਾਜ ਕੋਲ ਜਾਣਾ ਹੈ, ਕਿਵੇਂ ਬਚ ਜਾਏਂਗਾ, ਕੌਣ ਬਚਾਏਗਾ, ਦੁਨੀਆਂ ਦੇ ਕਾਤਲਾ! ਜੀਵ ਦੇ ਕਾਤਲ, ਆਤਮਾ ਦੇ ਕਾਤਲ, ਰੱਬ ਦੇ ਕਾਤਲ, ਤੈਨੂੰ ਰਾਤ ਨੂੰ ਨੀਂਦ ਆ ਜਾਂਦੀ ਹੈ ? ਸੋਚਦਾ ਤਾਂ ਹੋਏਂਗਾ ਮੈਂ ਕੀ ਕਰ ਰਿਹਾ ਹਾਂ ? ਦੋ ਚਾਰ ਦਿਨਾਂ ਦੇ ਸੁੱਖਾਂ ਲਈ, ਇਸ ਕੱਚੀ ਦੇਹ ਲਈ, ਜੋ ਛੇ ਮਣ ਬਾਲਣ ਪਾ ਕੇ ਸੜ ਜਾਣੀ ਹੈ, ਬੱਸ!

**ਐਥੈ ਓਥੈ ਰਖਵਾਲਾ॥**
**ਪ੍ਰਭ ਸਤਿਗੁਰ ਦੀਨ ਦਇਆਲਾ॥**
**ਦਾਸ ਅਪਨੇ ਆਪਿ ਰਾਖੇ॥** *(ਪੰਨਾ ੬੨੮)*

ਇਥੇ ਉੱਥੇ ਕੌਣ ਰਖਵਾਲਾ ? ਹੈ ਤੇਰਾ ਸਤਿਗੁਰੂ ? ਕੀ ਤੇਰੇ ਸਤਿਗੁਰੂ ਦੀ ਗੱਲ ਹੋ ਰਹੀ ਹੈ ? ਕੀ ਤੇਰਾ ਸਤਿਗੁਰੂ ਦੀਨ ਦਇਆਲ ਹੈ ? ਰੱਬ ਕਰੇ ਤੇਰੀ ਸੁਰਤੀ ਲੱਗ ਜਾਏ, ਦਸਮ ਦੁਆਰ ਖੁਲ੍ਹ ਜਾਏ, ਤੂੰ ਆਪਣੀ ਅੱਖੀਂ ਆਪਣੇ ਸਤਿਗੁਰੂ ਦਾ ਅੰਦਰਲਾ ਜੀਵਨ ਦੇਖੇਂ, ਉਸ ਨੂੰ ਮਾਰ ਪੈਂਦੀ ਦੇਖੇਂ, ਉਸ ਦੇ ਕੋਲ ਜਮਦੂਤ ਖੜੇ ਦੇਖੇਂ, ਸਾਰੀ ਸੰਗਤਿ ਦਾ ਧਰਮਰਾਜ ਨਾਲ ਜੁੜਿਆ ਕੁਨੈਕਸ਼ਨ ਦੇਖੇਂ। ਜਿਹੜਾ ਵੀ ਦੇਹਧਾਰੀ ਗੁਰੂ ਦਾ ਚੇਲਾ ਮਰਦਾ ਹੈ, ਦੇਖ ਕਿਵੇਂ ਸਿੱਧਾ ਧਰਮਰਾਜ ਕੋਲ ਜਾਂਦਾ ਹੈ ? ਫਿਰ ਤੈਨੂੰ ਸਮਝ ਪਏਗੀ, ਸੱਚ ਕੀ ਹੈ, ਝੂਠ ਕੀ ਹੈ ? ਇਸ ਤਰ੍ਹਾਂ ਤੇਰੀ ਸੁਰਤੀ ਜੁੜਦੀ ਹੈ, ਅੰਮ੍ਰਿਤ ਛਕ ਕੇ ਅਰਦਾਸ ਕਰ, ਵਾਹਿਗੁਰੂ ਮੈਨੂੰ ਅਸਲੀਅਤ ਦਿਖਾ, ਜੇ ਦੇਖ ਲਏਂ ਤਾਂ ਲਿਖੀਂ ਜ਼ਰੂਰ, ਦੱਸੀਂ ਜ਼ਰੂਰ। ਗੁਰੂ ਨਾਨਕ ਪ੍ਰਭੂ ਨਿਮਰਤਾ ਵਾਲਿਆਂ ਤੇ ਦਇਆ ਕਰਨ ਦਾ ਘਰ ਹੈ, ਇਥੇ ਤੇ ਅੱਗੇ ਸਚਖੰਡਿ ਉਹੀ ਰਖਵਾਲਾ ਹੈ।

**ਗੁਰ ਪੂਰੇ ਕੀ ਬਾਣੀ ॥**
**ਪਾਰਬ੍ਰਹਮ ਮਨਿ ਭਾਣੀ ॥** *(ਪੰਨਾ ੬੨੯)*

ਪੂਰੇ ਗੁਰੂ ਨਾਨਕ ਦੀ ਬਾਣੀ, ਵਾਹਿਗੁਰੂ ਦੇ ਮਨ ਵਿਚ ਪਿਆਰੀ, ਚੰਗੀ ਲਗਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰੱਬ ਨੂੰ ਪਿਆਰੇ ਲਗਦੇ ਹਨ ਤੇ ਤੂੰ ਦੇਹਧਾਰੀ ਗੁਰੂ ਦਾ ਬਣਿਆ ਬੈਠਾ ਹੈਂ ਗਦਾਰ ਹੈਂ, ਗੁਰੂ ਦਾ ਕਿਵੇਂ ਪਿਆਰਾ ਲਗੇਂਗਾ ? ਗੁਰਸਿਖਾ ! ਬਾਣੀ ਨਾਲ ਪਿਆਰ ਕਰ ਜੇ ਵਾਹਿਗੁਰੂ ਦੀ ਬਖ਼ਸ਼ਿਸ਼ ਚਾਹੀਦੀ ਹੈ ਤਾਂ, ਧਰਮਰਾਜ ਦੀ ਬਖ਼ਸ਼ਸ਼ ਚਾਹੀਦੀ ਹੈ ਤਾਂ ਠੀਕ ਹੈ, ਉੱਥੇ ਹੀ ਬੈਠਾ ਰਹੁ। ਨਹੀਂ ਤਾਂ ਦਸਮੇਸ਼ ਦੇ ਪੁੱਤਰ! ਅੰਮ੍ਰਿਤ ਛਕ ਲੈ।

**ਜਿਤੁ ਸਿਮਰਨਿ ਦਰਗਹ ਮੁਖੁ ਊਜਲ**
**ਸਦਾ ਸਦਾ ਸੁਖੁ ਪਾਈਐ ॥੧॥ ਰਹਾਉ ॥** *(ਪੰਨਾ ੬੨੯)*

ਜਿਹੜੇ ਵਾਹਿਗੁਰੂ ਸਿਮਰਨ ਕਰਨ ਨਾਲ ਸਚਖੰਡਿ ਵਿਚ ਮੁਖ ਊਜਲ ਹੁੰਦਾ ਹੈ ਤੇ ਸਦੀਵੀ ਸੁੱਖ ਮਿਲਦਾ ਹੈ, ਅੰਮ੍ਰਿਤ ਛਕ ਕੇ ਕਿਉਂ ਨਹੀਂ ਕਰਦਾ, ਕਿਉਂ ਮਨੁੱਖਾ ਜਨਮ ਦਾ ਸਮਾਂ ਅਜਾਈਂ ਗੁਆਈ ਜਾ ਰਿਹਾ ਹੈਂ ? ਇਹ ਕਿਹੜੇ ਸਿਮਰਨ ਦੀ ਗੱਲ ਕੀਤੀ ਹੈ, ਤੇਰੇ ਪੰਜ ਅੱਖਰੀ, ਸੱਤ ਅੱਖਰੀ ਕਿ ਵਾਹਿਗੁਰੂ ਸਿਮਰਨ ਦੀ ਗੱਲ ਕੀਤੀ ਹੈ, ਮੇਰੇ ਤੇ ਵਿਸ਼ਵਾਸ ਨਾ ਕਰ, ਸੁਰਤੀ ਲਾ ਕੇ ਦੇਖ ਸਚਖੰਡਿ ਕਿਹੜਾ ਸਿਮਰਨ ਹੋ ਰਿਹੈ ? ਕੋਈ ਦੇਹਧਾਰੀ ਗੁਰੂ ਵੀ ਉੱਥੇ ਹੈ ?

ਧੁਰ ਕੀ ਬਾਣੀ ਕਹਿ ਰਹੀ ਹੈ, ਪਰਮਾਤਮਾ ਕਹਿ ਰਿਹਾ, ਗੁਰੂ ਨਾਨਕ ਬਾਬਾ ਕਹਿ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਹਿ ਰਹੇ ਹਨ।

**ਕਉਨੁ ਕਰਮ ਬਿਦਿਆ ਕਹੁ ਕੈਸੀ ਧਰਮੁ ਕਉਨੁ ਫੁਨਿ ਕਰਈ ॥**
**ਕਉਨੁ ਨਾਮੁ ਗੁਰ ਜਾ ਕੈ ਸਿਮਰੈ ਭਵ ਸਾਗਰ ਕਉ ਤਰਈ ॥੧॥**
*(ਪੰਨਾ ੬੩੨)*

ਕਿਹੜੇ ਧਾਰਮਿਕ ਕਰਮ ਹਨ ? ਉਹ ਕਿਹੜੀ ਵਿਦਿਆ ਹੈ ? ਉਹ ਕੇਹੜਾ ਧਰਮ ਹੈ ? ਜੇਹੜਾ ਮਨੁੱਖ ਕਰੇ, ਉਹ ਕਿਹੜਾ ਗੁਰੂ ਕਿਹੜਾ ਨਾਮ ਸਿਮਰੇ, ਜਿਸ ਦਾ ਸਿਮਰਨ ਕਰਨ ਨਾਲ ਸੰਸਾਰ-ਸਮੁੰਦਰ ਤੋਂ ਤਰ ਜਾਈਦਾ ਹੈ, ਪਾਰ ਲੰਘ ਸਕੀਦਾ ਹੈ, ਸਚਖੰਡਿ ਪਹੁੰਚ ਜਾਈਦਾ ਹੈ (ਇਥੇ ਵਿਕਾਰਾਂ ਤੋਂ ਬਚੇ ਰਹੀਦਾ ਹੈ, ਰਹਿਤ ਵਿਚ ਪ੍ਰਪੱਕ ਰਹੀਦਾ ਹੈ)

**ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ ॥**
**ਅਉਰ ਧਰਮ ਤਾ ਕੈ ਸਮ ਨਾਹਨਿ ਇਹ ਬਿਧਿ ਬੇਦੁ ਬਤਾਵੈ ॥**
*(ਪੰਨਾ ੬੩੨)*

ਕਲਯੁਗ ਵਿਚ ਇਕੋ 'ਵਾਹਿਗੁਰੂ' ਨਾਮ ਹੀ ਹੈ, ਕ੍ਰਿਪਾ ਦੇ ਖ਼ਜ਼ਾਨੇ ਪਰਮਾਤਮਾ ਦਾ ਨਾਮ, ਜੋ ਗੁਰੂ ਨਾਨਕ ਵਾਹਿਗੁਰੂ ਨੇ ਪਰਗਟ ਕੀਤਾ ਹੈ, ਜੋ ਅੰਮ੍ਰਿਤ ਛਕ ਕੇ ਜਪੇਗਾ, ਮੁਕਤੀ ਪ੍ਰਾਪਤ ਕਰੇਗਾ (ਤੇਰੇ ਗੁਰੂ ਦਾ ਨਾਮ ਤਾਂ ਨਹੀਂ ਆਇਆ) ਸਚਖੰਡਿ ਪਹੁੰਚੇਗਾ। ਹੋਰ ਕੋਈ ਧਰਮ ਇਸ ਦੇ ਬਰਾਬਰ ਨਹੀਂ, ਬੇਦ ਵੀ ਇਹੀ ਜੁਗਤੀ ਦੱਸਦਾ ਹੈ। ਤੂੰ ਗੁਰੂ ਨਾਨਕ ਨੂੰ ਛੱਡ ਕੇ, ਇਹ ਧਰਮ ਛੱਡ ਕੇ, ਹੋਰ ਦੇਹਧਾਰੀਆਂ ਮਗਰ ਤੁਰਿਆ ਫਿਰਦਾ ਹੈਂ, ਸਮਝ ਹੀ ਨਹੀਂ ਆਈ। ਮੂਰਖਾ! ਅੰਦਰ ਝਾਤੀ ਮਾਰ, ਤੂੰ ਕਾਮੀ ਤਾਂ ਨਹੀਂ, ਨਸ਼ਈ ਤਾਂ ਨਹੀਂ, ਤੂੰ ਤਾਂ ਅੰਮ੍ਰਿਤ ਨਹੀਂ ਛਕਣਾ ਚਾਹੁੰਦਾ। ਬਹੁਤ ਬੁਰੀ ਤਰ੍ਹਾਂ ਮਾਰਿਆ ਜਾਏਂਗਾ। ਅਰਬਾਂ ਸਾਲ ਦਾ ਭੁਗਤਾਨ ਪੈ ਜਾਏਗਾ। ਅੱਛਾ ਇਕ ਕੰਮ ਕਰ, ਗਲ ਵਿਚ ਪੱਲਾ ਪਾ ਲੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਚਲਾ ਜਾਹ, ਆਖ—ਗੁਰੂ ਪਾਤਿਸ਼ਾਹ! ਮੇਰੇ ਅੰਦਰ ਵਿਕਾਰਾਂ ਨੂੰ ਖ਼ਤਮ ਕਰਕੇ ਮੈਨੂੰ ਸਿੱਧੇ ਰਸਤੇ ਲਾ, ਸੋਧ ਦੇਹ, ਮੇਰਾ ਧਰਮਰਾਜ ਨਾਲ ਵਾਹ ਨ ਪਵੇ, ਜਨਮ ਮਰਨ ਤੋਂ ਬਚ ਜਾਵਾਂ, ਵਾਹਿਗੁਰੂ ਬਖ਼ਸ਼ਿਸ਼ ਕਰ, ਕਰਕੇ ਦੇਖ।

**ਸੁਖੁ ਦੂਖੁ ਰਹਤ ਸਦਾ ਨਿਰਲੇਪੀ ਜਾ ਕਉ ਕਹਤ ਗੁਸਾਈ ॥**
**ਸੋ ਤੁਮ ਹੀ ਮਹਿ ਬਸੈ ਨਿਰੰਤਰਿ ਨਾਨਕ ਦਰਪਨਿ ਨਿਆਈ ॥**

*(ਪੰਨਾ ੬੩੨)*

ਹੇ ਨਾਨਕ! ਆਖ—ਹੇ ਭਾਈ! ਜਿਸ ਨੂੰ ਜਗਤ ਧਰਤੀ ਦਾ ਖਸਮ ਆਖਦਾ ਹੈ, ਉਹ ਦੁੱਖਾਂ ਸੁੱਖਾਂ ਤੋਂ ਵੱਖਰਾ ਰਹਿੰਦਾ ਹੈ, ਉਹ ਸਦਾ ਮਾਇਆ ਤੋਂ ਨਿਰਲੇਪ ਰਹਿੰਦਾ ਹੈ। ਉਹ ਸ਼ੀਸ਼ੇ ਦੀ ਨਿਆਈਂ ਤੇਰੇ ਅੰਦਰ ਵੀ ਇਕ-ਰਸ ਵੱਸ ਰਿਹਾ ਹੈ। ਸ਼ੀਸ਼ੇ ਦੀ ਨਿਆਈਂ ਵੱਸ ਰਿਹਾ ਹੈ, ਤੂੰ ਦੇਖਿਆ ਹੈ ਕਿ ਨਹੀਂ, ਜੇ ਦੇਖਿਆ ਹੀ ਨਹੀਂ ਤਾਂ ਕੀ ਫ਼ਾਇਦਾ ਗੱਲ ਕਰਨ ਦਾ। ਜੇ ਦੇਖਿਆ ਹੈ ਤਾਂ ਗੱਲ ਕਰ, ਫ਼ਰਕ ਦੇਖ ਸ਼ਬਦ ਗੁਰੂ ਤੇ ਦੇਹਧਾਰੀ ਗੁਰੂ ਦਾ।

**ਮਨ ਰੇ ਗਹਿਓ ਨ ਗੁਰ ਉਪਦੇਸੁ ॥**
**ਕਹਾ ਭਇਓ ਜਉ ਮੂਡੁ ਮੁਡਾਇਓ ਭਗਵਉ ਕੀਨੋ ਭੇਸੁ ॥੧॥ ਰਹਾਉ ॥**

*(ਪੰਨਾ ੬੩੩)*

ਹੇ ਮਨ! ਤੂੰ ਗੁਰੂ ਨਾਨਕ ਦੀ ਦਿੱਤੀ ਸਿਖਿਆ ਗ੍ਰਹਿਣ ਨਹੀਂ ਕਰਦਾ, ਗੁਰੂ ਨਾਨਕ ਦੀ ਸਿਖਿਆ ਭੁਲਾ ਕੇ ਜੇ ਸਿਰ ਮੁਨਾ ਲਿਆ ਤੇ ਭਗਵੇ ਗੇਰੂ ਰੰਗ ਦੇ ਕੱਪੜੇ ਪਾ ਲੈ, ਕੁਛ ਪ੍ਰਾਪਤੀ ਨਾ ਹੋਈ। ਕੀ ਫ਼ਾਇਦਾ ਹੋਇਆ? ਦੋ ਪੱਖ ਸਾਹਮਣੇ ਆ ਗਏ, ਕੇਸ ਮੁਨਾਇਆਂ ਰੱਬ ਨਹੀਂ ਮਿਲਣਾ ਤੇ ਭੇਸ ਧਾਰਿਆਂ ਨਹੀਂ ਮਿਲਣਾ। ਤੇਰਾ ਇਕ ਪੱਖ ੧੦੦% ਗ਼ਲਤ ਹੋ ਗਿਆ, ਦੇਹਧਾਰੀ ਗੁਰੂ, ਕੇਸ ਕਤਲ ਕੀਤੇ ਹੋਏ ਨੂੰ ਰੱਬ ਨਹੀਂ ਮਿਲ ਸਕਦਾ। ਤੂੰ ਮਿਲਾ ਰਿਹਾ ਹੈਂ।

੭੦% ਘੋਨੇ ਮੋਨੇ ਹੀ ਤੇਰੀ ਸਿੱਖੀ ਹੈ, ਗੁਰੂ ਨਾਨਕ ਤੋਂ ਵੀ ਵੱਡਾ ਗੁਰੂ ਹੈਂ, ਧੰਨ ਹੈਂ, ਧੰਨ ਹੈਂ।

**ਗੁਰੁ ਦਾਤਾ ਮੇਲੇ ਤਾ ਮਤਿ ਹੋਵੈ ਨਿਗੁਰੇ ਮਤਿ ਨ ਕਾਈ ॥**

(ਪੰਨਾ ੬੩੫)

ਗੁਰੂ ਨਾਨਕ ਦਾਤਾ ਅੰਮ੍ਰਿਤ ਦੀ ਦਾਤ ਦੇ ਕੇ ਵਾਹਿਗੁਰੂ ਸਿਮਰਨ ਕਰਾ ਕੇ ਮਿਲਾ ਦੇਵੇ ਤਾਂ ਅਕਲ ਆਉਂਦੀ ਹੈ, ਜਿਸ ਨੇ ਅੰਮ੍ਰਿਤ ਨਹੀਂ ਛਕਿਆ ਉਸ ਨੂੰ ਅਕਲ ਬਿਲਕੁਲ ਨਹੀਂ ਹੁੰਦੀ। ਤੇ ਤੂੰ ਉਸ ਨੂੰ ਗੁਰੂ ਧਾਰੀ ਬੈਠਾ ਹੈਂ, ਤੂੰ ਵੀ ਬੇਅਕਲ ਤੇਰਾ ਗੁਰੂ ਵੀ ਬੇਅਕਲ।

**ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ ॥**
**ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ ਆਵਣੁ ਜਾਣੁ ਰਹਾਈ ॥੩॥**
**ਸਾਚ ਸਹਜੁ ਗੁਰ ਤੇ ਊਪਜੈ ਭਾਈ ਮਨੁ ਨਿਰਮਲੁ ਸਾਚਿ ਸਮਾਈ ॥**
**ਗੁਰੁ ਸੇਵੇ ਸੋ ਬੂਝੈ ਭਾਈ ਗੁਰ ਬਿਨੁ ਮਗੁ ਨ ਪਾਈ ॥.....**
**ਗੁਰ ਬਿਨੁ ਭਰਮਿ ਵਿਗੂਚੀਐ ਭਾਈ ਘਟਿ ਘਟਿ ਦੇਉ ਅਲਖੁ ॥੫॥.....**
**ਬਿਨੁ ਗੁਰ ਗਾਠਿ ਨ ਛੂਟਈ ਭਾਈ ਥਾਕੇ ਕਰਮ ਕਮਾਇ ॥**

(ਪੰਨਾ ੬੩੫)

ਗੁਰੂ ਨਾਨਕ ਤੋਂ ਬਗ਼ੈਰ, ਵਾਹਿਗੁਰੂ ਨਾਮ ਦੀ ਦਾਤ ਨਹੀਂ ਮਿਲਣੀ, ਕੋਈ (Authorise) ਹੀ ਨਹੀਂ, ਅਧਿਕਾਰੀ ਹੀ ਨਹੀਂ, ਕਿਉਂਕਿ ਵਾਹਿਗੁਰੂ ਨਾਮ ਦੀ ਦਾਤ ਸਿਰਫ਼ ਵਾਹਿਗੁਰੂ ਹੀ ਦੇ ਸਕਦਾ ਹੈ, ਹੋਰ ਕੋਈ ਬੰਦਾ ਦੇ ਹੀ ਨਹੀਂ ਸਕਦਾ, ਅੰਮ੍ਰਿਤ ਛਕਣ ਤੋਂ ਬਗ਼ੈਰ ਵਾਹਿਗੁਰੂ ਨਾਮ ਜਪਣ ਤੋਂ ਬਗ਼ੈਰ ਭਟਕਣਾ ਨਹੀਂ ਜਾਣੀ, ਸਾਰੀ ਉਮਰ ਭਟਕਦਾ ਰਹੇਂਗਾ। ਗੁਰੂ ਨਾਨਕ ਨੂੰ ਸਿਮਰੇਂਗਾ ਤਾਂ ਸੁੱਖ ਮਿਲੇਗਾ, ਤਾਂ ਹੀ ਆਉਣ ਜਾਣ ਦਾ ਚੌਰਾਸੀ ਦਾ ਗੇੜ ਖ਼ਤਮ ਹੋਏਗਾ (ਤੇਰਾ ਗੁਰੂ ਖ਼ਤਮ ਕਰ ਦੇਂਦਾ ਹੈ ?) ਰੱਬ ਦੀ ਪ੍ਰਾਪਤੀ ਤੇ ਸੁਭਾਅ ਦੀ ਤਬਦੀਲੀ ਗੁਰੂ ਨਾਨਕ ਤੋਂ ਹੀ ਮਿਲਣੀ ਹੈ, ਮਨ ਦੀ ਪਵਿੱਤਰਤਾ ਵੀ ਗੁਰੂ ਨਾਨਕ ਤੋਂ ਹੀ ਮਿਲਣੀ ਹੈ, ਵਾਹਿਗੁਰੂ ਵਿਚ ਸੁਰਤੀ ਵੀ ਗੁਰੂ ਨਾਨਕ ਨੇ ਹੀ ਲਾਉਣੀ ਹੈ ਕਿਉਂਕਿ (ਅੰਦਰ ਹੀ ਆਪ ਗੁਰੂ ਨਾਨਕ ਹੈ) ਗੁਰੂ ਨਾਨਕ ਦਾ ਦੱਸਿਆ ਵਾਹਿਗੁਰੂ ਸਿਮਰਨ ਕਰੇ ਤਾਂ ਸਮਝ ਪਵੇ, ਗੁਰੂ ਨਾਨਕ ਤੋਂ ਬਗ਼ੈਰ ਸਚਖੰਡਿ ਦਾ ਰਸਤਾ ਕੌਣ ਦੱਸੇਗਾ ? ਗੁਰੂ ਨਾਨਕ ਤੋਂ ਬਗ਼ੈਰ ਭਟਕਣਾ ਵਿਚ ਹੀ ਗੁਆਚੇ ਰਹੋਗੇ, ਸਾਰੀ ਜ਼ਿੰਦਗੀ ਖ਼ੁਆਰ ਹੋਵੋਗੇ। ਸਾਰੇ ਸਰੀਰਾਂ ਵਿਚ ਹੀ ਅਲੱਖ ਪਰਮਾਤਮਾ ਤੋਂ ਖੁੰਝੇ ਰਹੀਦਾ ਹੈ। ਗੁਰੂ ਨਾਨਕ ਤੋ ਬਗ਼ੈਰ ਅੰਦਰਲੀ ਮੋਹ ਦੀ ਗੰਢ ਨਹੀਂ ਖੁਲ੍ਹਣੀ। ਤੂੰ ਨਿਰਮੋਹ ਨਹੀਂ ਹੋ ਸਕਦਾ, ਰੱਬ ਕਿਵੇਂ ਪਾਏਂਗਾ ?

**ਜਿਨ੍ਹੀ ਸਤਿਗੁਰੁ ਸੇਵਿਆ ਪਿਆਰੇ ਤਿਨ੍ ਕੇ ਸਾਥ ਤਰੇ॥**
**ਤਿਨ੍ਹਾ ਠਾਕ ਨ ਪਾਈਐ ਪਿਆਰੇ ਅੰਮ੍ਰਿਤ ਰਸਨ ਹਰੇ॥**

(ਪੰਨਾ ੬੩੬)

ਜਿਹਨਾਂ ਅੰਮ੍ਰਿਤਧਾਰੀਆਂ ਨੇ ਗੁਰੂ ਨਾਨਕ ਨੂੰ ਸਿਮਰਿਆ, ਵਾਹਿਗੁਰੂ ਜਪਿਆ ਹੈ, ਉਹਨਾਂ ਦੇ ਸੰਗੀ-ਸਾਥੀ ਵੀ ਸਚਖੰਡਿ ਪਹੁੰਚ ਜਾਂਦੇ ਹਨ। ਸਿਮਰਨ ਕਰਦਿਆਂ ਜਿਹਨਾਂ ਨੂੰ ਅੰਮ੍ਰਿਤ ਰਸ ਆ ਗਿਆ, ਉਹਨਾਂ ਨੂੰ ਸਚਖੰਡਿ ਜਾਣ ਲਈ ਕੋਈ ਰੁਕਾਵਟ ਨਹੀਂ। (ਦੇਖ ਧਿਆਨ ਨਾਲ ਕਿਸੇ ਦੇਹਧਾਰੀ ਗੁਰੂ ਦੀ ਗੱਲ ਤਾਂ ਨਹੀਂ ਕੀਤੀ) "ਸਤਿਗੁਰੂ ਨਾਨਕ ਦੇਉ ਹੈ ਪਰਮੇਸੁਰ ਸੋਈ॥"

**ਗੁਰਮੁਖਿ ਦਰਗਹ ਜਾਣੀਐ ਪਿਆਰੇ ਚਲੈ ਕਾਰਜ ਸਾਰਿ॥੪॥**

(ਪੰਨਾ ੬੩੬)

ਗੁਰੂ ਨਾਨਕ ਦੀ ਸਰਨੀ ਪੈਣ ਵਾਲਾ, ਅੰਮ੍ਰਿਤਧਾਰੀ ਹੀ ਸਿਰਫ਼ ਸਚਖੰਡਿ ਜਾਣਿਆ ਜਾਂਦਾ ਹੈ, ਸਤਿਕਾਰ ਮਿਲਦਾ ਹੈ ਕਿਉਂਕਿ ਆਪਣਾ ਮਨੁੱਖਾ ਜਨਮ ਸਵਾਰ ਕੇ ਇਥੋਂ ਜਾਂਦਾ ਹੈ।

**ਗੁਰ ਬਿਨੁ ਅਲਖੁ ਨ ਲਖੀਐ ਭਾਈ ਜਗੁ ਬੂਡੈ ਪਤਿ ਖੋਇ॥**

(ਪੰਨਾ ੬੩੭)

ਗੁਰੂ ਨਾਨਕ ਤੋਂ ਬਗ਼ੈਰ ਅਲੱਖ, ਅਦ੍ਰਿਸ਼ਟ, ਨਾ ਜਾਣਿਆ ਜਾਣ ਵਾਲਾ ਰੱਬ ਜਾਣਿਆ ਨਹੀਂ ਜਾ ਸਕਦਾ, ਭਾਈ! ਸਾਰਾ ਜਗ ਅੰਮ੍ਰਿਤ ਛਕਣ ਤੋਂ ਬਗ਼ੈਰ ਮਾਇਆ ਵਿਚ ਵਿਕਾਰਾਂ ਵਿਚ ਡੁੱਬ ਰਿਹਾ ਹੈ, ਅੱਗੇ ਆਪਣੀ ਇੱਜ਼ਤ ਗੁਆ ਰਿਹਾ ਹੈ। ਧਰਮਰਾਜ ਨੇ ਜੀਵਾਤਮਾ, ਜੀਵ ਰੱਬ ਦੀ ਉਹ ਮਿੱਟੀ ਪਲੀਤ ਕਰਨੀ ਹੈ, ਰਹਿ ਰੱਬ ਦਾ ਨਾਂ, ਚਮੜੀ ਵੱਖਰੀ, ਹੱਡੀਆਂ ਵੱਖਰੀਆਂ, ਸਿਰ ਦੇ ਕੇਸ ਪੁੱਟ ਕੇ ਹੱਥ ਫੜਾ ਦੇਣੇ ਹਨ, ਨੰਗਾ ਕਰ ਦੇਣਾ, ਮੂੰਹ ਕਾਲਾ, ਡਾਂਗ ਦੇ ਕੇ ਉੱਤੇ ਟੰਗ ਦੇਣਾ ਹੈ। ਤੇਰੀ ਕਿੱਥੇ ਇੱਜ਼ਤ ਰਹੀ, ਤੂੰ ਆਪਣੇ ਆਪ ਮੂੰਹੋਂ ਕਹਿਣਾ—ਇਸ ਕੱਚੇ ਸਰੀਰ ਦੀ ਖ਼ਾਤਰ ਮੈਂ ਮਾਰਿਆ ਗਿਆ, ਮੈਂ ਰੱਬ ਤੇ ਵਿਕਾਰ ਭੋਗਦਾ ਰਿਹਾ, ਮਾਇਆ ਵਿਚ ਡੁੱਬਾ ਰਿਹਾ, ਕੁਰਹਿਤ ਕਰਦਾ ਰਿਹਾ, ਅੰਮ੍ਰਿਤ ਨਾਂ ਛਕਿਆ, ਨਾਮ ਹੀ ਨਾ ਜਪਿਆ—ਦੇਹਧਾਰੀ, ਸੰਤਾਂ ਗੁਰੂਆਂ ਮਗਰ ਜੀਵਨ ਹੀ ਬਰਬਾਦ ਕਰ ਲਿਆ, ਗੁਰੂ ਨਾਨਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਭੁੱਲ ਗਿਆ। ਮੈਂ ਕੀ ਕੀਤਾ, ਮੈਨੂੰ ਬਖ਼ਸ਼ ਲਓ, ਮੁਆਫ਼ ਕਰੋ, ਇਕ ਵਾਰੀ ਮੁਆਫ਼ ਕਰੋ, ਪਰ ਮੁਆਫ਼ ਕੌਣ ਕਰੇ, ਧਰਮਰਾਜ ਦੀ ਕਿਤਾਬ ਵਿਚ ਮੁਆਫ਼ ਲਫ਼ਜ਼ ਹੈ ਹੀ ਨਹੀਂ, ਦਇਆ ਹੈ ਹੀ ਨਹੀਂ, ਬਖ਼ਸ਼ ਲਓ ਵੀ ਹੈ ਨਹੀਂ—ਇਹ ਸਾਰੇ ਹੁਣ ਸਰੀਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕਹਿ, ਅਰਦਾਸ ਕਰ, ਬਖ਼ਸ਼ ਲਓ, ਅੰਮ੍ਰਿਤ ਦੀ ਦਾਤ ਦਿਓ, ਨਾਮ ਦੀ ਦਾਤ ਦਿਓ, ਆਪਣਾ ਪੁੱਤਰ ਬਣਾਓ।

**ਬਿਨੁ ਸਤਿਗੁਰ ਸੇਵੇ ਕਿਨੈ ਨ ਪਾਇਆ ਮਨਮੁਖਿ ਭਉਕਿ ਮੁਏ ਬਿਲਲਾਈ॥** *(ਪੰਨਾ ੬੩੮)*

ਗੁਰੂ ਨਾਨਕ ਦੇ ਦੱਸੇ ਵਾਹਿਗੁਰੂ ਸਿਮਰਨ ਤੋਂ ਬਗ਼ੈਰ ਕਿਸੇ ਨੇ ਰੱਬ ਨਹੀਂ ਪਾਇਆ, ਜਿਹਨੇ ਅੰਮ੍ਰਿਤ ਨਹੀਂ ਛਕਿਆ ਉਹ ਕੁੱਤੇ ਦੀ ਤਰ੍ਹਾਂ ਭੌਂਕਦਾ ਹੈ, ਵਿਲਕਦਾ ਹੈ, ਦਾਹਵਾ ਕਰਦਾ ਹੈ ਮੈਂ ਪਾਇਆ ਹੋਇਆ (ਤੇਗਾ ਗੁਰੂ ਵੀ ਕਿਸੇ ਕੈਟਾਗਰੀ ਵਿਚ ਆਉਂਦਾ ਹੈ, ਉਸ ਨੇ ਕਿਹੜਾ ਅੰਮ੍ਰਿਤ ਛਕਿਆ ਹੈ ? ਇਸ ਦਾ ਮਤਲਬ ਉਹ ਵੀ ਕੁੱਤੇ ਦੀ ਤਰ੍ਹਾਂ ਵਿਲਕਦਾ ਹੈ ਤੇ ਭੌਂਕਦਾ ਹੈ)।

**ਬਿਨੁ ਸਤਿਗੁਰ ਸੇਵੇ ਜਨਮੁ ਨ ਛੋਡੈ ਜੇ ਅਨੇਕ ਕਰਮ ਕਰੈ ਅਧਿਕਾਈ॥** *(ਪੰਨਾ ੬੩੮)*

ਗੁਰੂ ਨਾਨਕ ਕੋਲੋਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅੰਮ੍ਰਿਤ ਲੈਣ ਤੇ ਵਾਹਿਗੁਰੂ ਨਾਮ ਦੀ ਦਾਤ ਲੈਣ ਤੋਂ ਬਗ਼ੈਰ ਤੇ ਵਾਹਿਗੁਰੂ ਸਿਮਰਨ ਵਿਚ ਸੁਰਤੀ ਲਾਉਣ ਤੋਂ ਬਗ਼ੈਰ, ਜਨਮ ਮਰਨ ਦਾ ਗੇੜ ਨਹੀਂ ਮੁੱਕਣਾ, ਜਿੰਨੇ ਮਰਜ਼ੀ ਕਰਮ ਕਾਂਡ ਕਰ ਲੈ।

**ਸਚਾ ਸਤਿਗੁਰੁ ਸਾਚੀ ਜਿਸੁ ਬਾਣੀ ਭਜਿ ਛੂਟਹਿ ਗੁਰ ਸਰਣਾਈ॥** *(ਪੰਨਾ ੬੩੮)*

ਬਚਣਾ ਈ ਤਾਂ ਇਹ ਮੌਕਾ ਹੈ, ਮਨੁੱਖਾ ਜਨਮ ਮੌਕਾ ਹੈ, ਗੁਰੂ ਨਾਨਕ ਸੱਚਾ ਗੁਰੂ ਹੈ, ਉਸ ਦੀ ਬਾਣੀ ਵੀ ਸੱਚੀ ਹੈ, ਭੱਜ ਕੇ, ਨੱਠ ਕੇ, ਜਲਦੀ ਹੀ ਅੰਮ੍ਰਿਤ ਛਕ ਲੈ, ਦੇਰੀ ਨਾ ਕਰ, ਬਚ ਜਾਏਂਗਾ ਧਰਮਰਾਜ ਤੋਂ, ਜਮਦੂਤਾਂ ਤੋਂ। ਅੱਜ ਹੀ ਕ੍ਰਿਪਾਨ ਪਾ ਲੈ, ਰਹਿਤ ਰੱਖ ਲੈ, ਕਲ ਅੰਮ੍ਰਿਤ ਛਕ ਲਈਂ।

**ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ॥**
**ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ॥੧॥** *(ਪੰਨਾ ੬੩੮)*

ਦੈਵੀ ਗੁਣਾਂ ਤੋਂ ਬਗ਼ੈਰ ਬੰਦਿਆਂ ਨੂੰ ਵਾਹਿਗੁਰੂ, ਗੁਰੂ ਨਾਨਕ ਦੇ ਚਰਨਾਂ ਵਿਚ ਲਾ ਕੇ, ਅੰਮ੍ਰਿਤ ਛਕਾ ਕੇ ਬਖ਼ਸ਼ ਲੈਂਦਾ ਹੈ। ਭਰਾਵੋ ! ਗੁਰੂ ਨਾਨਕ ਦੀ ਸੇਵਾ ਸਾਰਿਆਂ ਤੋਂ ਉੱਤਮ ਹੈ। ਹੋਰ ਸਾਰੇ ਕੰਮਾਂ ਤੋਂ ਉੱਤਮ ਹੈ, ਵਾਹਿਗੁਰੂ ਨਾਮ ਵਿਚ ਸੁਰਤੀ ਲੱਗ ਜਾਂਦੀ ਹੈ।

**ਭਉਜਲੁ ਪਾਰਿ ਉਤਾਰਿਅਨੁ ਭਾਈ ਸਤਿਗੁਰ ਬੇੜੈ ਚਾੜਿ॥**
**ਮਨੂਰੈ ਤੇ ਕੰਚਨ ਭਏ ਭਾਈ ਗੁਰੁ ਪਾਰਸੁ ਮੇਲਿ ਮਿਲਾਇ॥** *(ਪੰਨਾ ੬੩੮)*

ਗੁਰੂ ਨਾਨਕ ਦੇ ਨਾਮ ਵਾਹਿਗੁਰੂ ਬੇੜੇ ਵਿਚ ਚਾੜ੍ਹ ਕੇ ਪਰਮਾਤਮਾ ਦੁਨੀਆਂ ਨੂੰ ਪਾਰ ਉਤਾਰਦਾ ਹੈ, ਸਚਖੰਡਿ ਪੁਚਾ ਦੇਂਦਾ ਹੈ। ਤੇਰੇ ਗੁਰੂ ਕੋਲ ਕਿਹੜਾ ਬੇੜਾ ਹੈ? ਕੀ ਵਾਹਿਗੁਰੂ ਸਾਰੀ ਦੁਨੀਆਂ ਨੂੰ ਤੇਰੇ ਗੁਰੂ ਕੋਲ ਨਾਮ ਦੀ ਦਾਤ ਦੁਆ ਕੇ ਤਾਰਦਾ ਹੈ। ਇਕ ਹੀ ਦਿਖਾ ਦੇਹ ਤਰਿਆ ਹੋਇਆ, ਮੈਂ ਸਾਰੇ ਡੁੱਬੇ ਦਿਖਾ ਦਿਆਂ, ਆ ਲਾ ਸੁਰਤੀ, ਤੇਰੀ ਤਾਂ ਸੁਰਤੀ ਹੀ ਨਹੀਂ ਲਗਦੀ। ਸੜੇ ਹੋਏ ਲੋਹੇ ਤੋਂ ਸੋਨਾ ਬਣ ਗਏ, ਜਿਹਨਾਂ ਨੂੰ ਗੁਰੂ ਨਾਨਕ ਪਾਰਸ ਨੇ ਆਪਣੇ ਨਾਲ ਮਿਲਾਇਆ ਹੈ। ਅੰਮ੍ਰਿਤ ਛਕਾ ਦਿੱਤਾ ਹੈ।

**ਜਨਮੁ ਸਵਾਰੀ ਆਪਣਾ ਭਾਈ ਕੁਲੁ ਭੀ ਲਈ ਬਖਸਾਇ॥**

*(ਪੰਨਾ ੬੩੮)*

ਹੇ ਭਾਈ! ਜਨਮ ਵੀ ਸੰਵਾਰ ਲਿਆ ਆਪਣਾ, ਅੰਮ੍ਰਿਤ ਛਕਾ ਕੇ, ਗੁਰੂ ਨਾਨਕ ਤੋਂ ਸਾਰੀ ਕੁਲ ਵੀ ਬਖ਼ਸ਼ਾ ਲਈ। ਦੇਹਧਾਰੀ! ਤੂੰ ਆਪ ਦੇਖ—ਤੂੰ ਆਪ ਬਖ਼ਸ਼ਿਆ ਹੋਇਆ ਹੈਂ, ਫਿਰ ਤੂੰ ਧਰਮਰਾਜ ਕੋਲ ਕਿਉਂ ਜਾਂਦਾ ਹੈਂ?

**ਏਤੁ ਜਨਮਿ ਹਰਿ ਨ ਚੇਤਿਓ ਭਾਈ ਕਿਆ ਮੁਹੁ ਦੇਸੀ ਜਾਇ॥**
**ਕਿੜੀ ਪਵੰਦੀ ਮੁਹਾਇਓਨੁ ਭਾਈ ਬਿਖਿਆ ਨੋ ਲੋਭਾਇ॥੭॥**

*(ਪੰਨਾ ੬੩੯)*

ਹੇ ਭਾਈ! ਮਨੁੱਖਾ ਜਨਮ ਲੈ ਕੇ, ਅੰਮ੍ਰਿਤ ਛਕ ਕੇ ਵਾਹਿਗੁਰੂ ਨਾਮ ਹੀ ਨਹੀਂ ਸਿਮਰਿਆ, ਅੱਗੇ ਕਿਹੜਾ ਮੂੰਹ ਦਿਖਾਵੇਂਗਾ? ਕਿਹੜਾ ਮੂੰਹ ਲੈ ਕੇ ਜਾਏਂਗਾ? ਧਰਮਰਾਜ ਨੇ ਉਹ ਮੂੰਹ ਹੀ ਭੰਨ ਦੇਣਾ, ਜਮਦੂਤ ਨੇ ਪਹੁੰਚਣ ਤੋਂ ਪਹਿਲਾਂ ਹੀ ਭੰਨ ਦੇਣਾ ਹੈ। ਮਨਮੁਖ, ਬੇਅੰਮ੍ਰਿਤੀਆ, ਸਾਕਤਾ, ਹੁਣ ਤੈਨੂੰ ਆਵਾਜ਼ਾਂ ਪੈ ਰਹੀਆਂ ਹਨ, ਤੈਨੂੰ ਸਮਝਾ ਰਹੇ ਹਾਂ, ਅੰਮ੍ਰਿਤ ਛਕ ਲੈ, ਨਾਮ ਜਪ ਲੈ ਭਾਈ! ਵਾਹਿਗੁਰੂ ਸਿਮਰਨ ਵਿਚ ਸੁਰਤੀ ਲਾਇਆ ਕਰ, ਤੂੰ ਮਾਇਆ ਦੀ ਖ਼ਾਤਰ ਲੋਭ ਵਿਚ ਫਸ ਕੇ ਠਗਿਆ ਜਾ ਰਿਹੈਂ।

**ਗੁਰੁ ਗੋਵਿੰਦੁ ਸਲਾਹੀਐ ਭਾਈ ਜਿਸ ਤੇ ਜਾਪੈ ਤਥੁ॥.....**
**ਸਤਿਗੁਰੁ ਪੂਰਾ ਭੇਟੀਐ ਭਾਈ ਸਬਦਿ ਮਿਲਾਵਣਹਾਰ॥੨॥**

*(ਪੰਨਾ ੬੩੯)*

ਗੁਰੂ ਨਾਨਕ ਜੋ ਵਾਹਿਗੁਰੂ ਹੈ, ਉਸ ਦੀ ਭਗਤੀ ਕਰੋ ਭਾਈ। ਉਸ ਕੋਲੋਂ ਹੀ ਆਪਣੀ ਅਸਲੀਅਤ ਦੀ ਸਮਝ ਆਉਣੀ ਹੈ। ਪੂਰੇ ਸਤਿਗੁਰੂ ਗੁਰੂ ਨਾਨਕ ਨਾਲ ਮਿਲਾਪ ਕਰੋ, ਅੰਮ੍ਰਿਤ ਛਕ ਕੇ ਭਾਈ ਸਿਰਫ਼ ਵਾਹਿਗੁਰੂ ਸਿਮਰਨ ਹੀ ਮਿਲਾ ਸਕਦਾ ਹੈ।

**ਗੁਰ ਬਚਨੀ ਸੁਖੁ ਊਪਜੈ ਭਾਈ ਸਭਿ ਫਲ ਸਤਿਗੁਰ ਪਾਸਿ ॥੩॥**

*(ਪੰਨਾ ੬੩੯)*

ਗੁਰੂ ਨਾਨਕ ਦੇ ਬਚਨਾਂ ਤੇ ਅਮਲ ਕਰੀਏ ਤਾਂ ਸੁੱਖ ਪੈਦਾ ਹੁੰਦਾ ਹੈ, ਗੁਰੂ ਨਾਨਕ ਸਾਰੀਆਂ ਇੱਛਾਂ ਪੂਰੀਆਂ ਕਰਨ ਵਾਲਾ ਹੈ।

**ਜਿਸੁ ਗੁਰੁ ਸਾਚਾ ਭੇਟੀਐ ਭਾਈ ਪੂਰਾ ਤਿਸੁ ਕਰਮਾਉ ॥੭॥**

*(ਪੰਨਾ ੬੪੦)*

ਹੇ ਭਾਈ! ਜਿਸ ਨੂੰ ਗੁਰੂ ਨਾਨਕ ਮਿਲ ਪੈਂਦਾ ਹੈ, ਜੋ ਅੰਮ੍ਰਿਤ ਛਕ ਲੈਂਦਾ ਹੈ, ਉਸ ਦੀ ਕਿਸਮਤ ਜਾਗ ਪੈਂਦੀ ਹੈ, ਭਾਗ ਜਾਗ ਪੈਂਦੇ ਹਨ।

**ਜਿਨ ਭੇਟੈ ਪੂਰਾ ਸਤਿਗੁਰੂ ਪਿਆਰੇ ਸੇ ਲਾਗੇ ਸਾਚੈ ਨਾਇ ॥**
**ਤਿਨਾ ਪਿਛੈ ਛੁਟੀਐ ਪਿਆਰੇ ਜੋ ਸਾਚੀ ਸਰਣਾਇ ॥੨॥**

*(ਪੰਨਾ ੬੪੦)*

ਜਿਹਨਾਂ ਨੂੰ ਪੂਰਾ ਸਤਿਗੁਰੂ ਗੁਰੂ ਨਾਨਕ ਮਿਲਦਾ ਹੈ, ਜੋ ਅੰਮ੍ਰਿਤ ਛਕਦੇ ਹਨ, ਉਹੀ ਪ੍ਰਭੂ ਦੇ ਸੱਚੇ ਨਾਮ ਵਾਹਿਗੁਰੂ ਵਿਚ ਜੁੜਦੇ ਹਨ (ਇਸ ਤੋਂ ਭਾਵ ਹੋਇਆ, ਬਾਕੀ ਸਾਰਿਆਂ ਕੋਲ ਝੂਠਾ ਨਾਮ ਹੀ ਹੈ, ਤੂੰ ਝੂਠੀ ਦੇਹ ਤੇ ਝੂਠੇ ਨਾਮ ਮਗਰ ਹੀ ਤੁਰਿਆ ਫਿਰਦਾ ਹੈਂ, ਕੁਛ ਅਕਲ ਕਰ) ਜਿਹਨਾਂ ਅੰਮ੍ਰਿਤ ਛਕਿਆ ਹੈ ਤੇ ਨਾਮ ਜਪਦੇ ਹਨ, ਸੁਰਤੀ ਲਾਉਂਦੇ ਹਨ, ਉਹਨਾਂ ਦੀ ਸੰਗਤਿ ਵਿਚ ਹੀ ਤੇਰਾ ਬਚਾਓ ਹੈ। ਤੂੰ ਝੂਠਿਆਂ ਦੀ ਸੰਗਤਿ ਵਿਚ ਲਾਲ ਝੰਡੀ ਲੈ ਕੇ ਨੱਠਾ ਫਿਰਦਾ ਹੈਂ।

**ਜੋ ਗੁਰ ਮੇਲਿ ਸਵਾਰਿਆ ਪਿਆਰੇ ਤਿਨ ਕਾ ਰਹਿਆ ਮੂਲੁ ॥੪॥**

*(ਪੰਨਾ ੬੪੧)*

ਗੁਰੂ ਕੇ ਪਿਆਰੇ! ਜਿਹਨਾਂ ਨੂੰ ਗੁਰੂ ਨਾਨਕ ਨੇ ਅੰਮ੍ਰਿਤ ਛਕਾ ਕੇ, ਵਾਹਿਗੁਰੂ ਨਾਮ ਜਪਾ ਕੇ, ਜੀਵਨ ਸੋਹਣਾ ਬਣਾ ਦਿੱਤਾ ਹੈ, ਉਹਨਾਂ ਦਾ ਅੰਦਰਲਾ ਰੱਬ, ਅੰਦਰਲੀ ਆਤਮਾ, ਜੀਵਾਤਮਾ ਵਿਕਾਰਾਂ ਤੋਂ ਕੁਰਹਿਤ ਤੋਂ ਬਚੀ ਰਹਿੰਦੀ ਹੈ। ਤੂੰ ਦੇਖ! ਬਚਿਆ ਹੋਇਆ ਹੈਂ। ਰੋਮਾਂ ਦੀ ਬੇਅਦਬੀ ਕਰਦਾ ਹੈਂ, ਕਾਮ ਤੈਨੂੰ ਮਾਰੀ ਫਿਰਦਾ ਹੈ, ਨਸ਼ਾ ਨੂੰ ਕਰਦਾ ਹੈਂ, ਮੂਲ ਹੀ ਖ਼ਤਮ ਹੋ ਗਿਆ।

**ਸਤਿਗੁਰ ਤੇ ਜੋ ਮੁਹ ਫਿਰੇ ਸੇ ਬਧੇ ਦੁਖ ਸਹਾਹਿ॥**
**ਫਿਰਿ ਫਿਰਿ ਮਿਲਣੁ ਨ ਪਾਇਨੀ ਜੰਮਹਿ ਤੈ ਮਰਿ ਜਾਹਿ॥**

*(ਪੰਨਾ ੬੪੫)*

ਜਿਹਨਾਂ ਨੇ ਗੁਰੂ ਨਾਨਕ ਤੋਂ ਮੂੰਹ ਫੇਰ ਲਿਆ ਹੈ, ਅੰਮ੍ਰਿਤ ਨਹੀਂ ਛਕਿਆ, ਵਾਹਿਗੁਰੂ ਨਾਮ ਨਹੀਂ ਜਪਿਆ, ਜੋ ਜਮਪੁਰੀ ਵਿਚ ਬੰਨ੍ਹੇ ਹੋਏ ਸਾਰੀ ਉਮਰ ਦੁਖੀ ਰਹਿੰਦੇ ਹਨ। ਹੁਣ ਰੱਬ ਨਾਲ ਮਿਲਾਪ ਨਹੀਂ ਹੋ ਸਕਦਾ, ਮਨੁੱਖਾ ਜਨਮ ਦੁਬਾਰਾ ਮਿਲ ਨਹੀਂ ਸਕਦਾ, ਉਹ ਜੰਮਣ ਮਰਨ ਦੇ ਗੇੜ ਵਿਚ ਪੈ ਜਾਣਗੇ। ਨਾ ਤੂੰ ਨਾ ਤੇਰੇ ਗੁਰੂ ਨੇ ਅੰਮ੍ਰਿਤ ਛਕਿਆ, ਅੱਗੇ ਮਿਲਾਂਗੇ।

**ਜੋ ਸਤਿਗੁਰ ਤੇ ਮੁਹ ਫਿਰੇ ਤਿਨਾ ਠਉਰ ਨ ਠਾਉ ॥**
**ਜਿਉ ਛੁਟੜਿ ਘਰਿ ਘਰਿ ਫਿਰੈ ਦੁਹਚਾਰਣਿ ਬਦਨਾਉ ॥**

*(ਪੰਨਾ ੬੪੫)*

ਜੋ ਗੁਰੂ ਨਾਨਕ ਤੋਂ ਮੂੰਹ ਫੇਰੀ ਬੈਠੇ ਹਨ, ਅੰਮ੍ਰਿਤ ਨਹੀਂ ਛਕਦੇ, ਵਾਹਿਗੁਰੂ ਨਾਮ ਨਹੀਂ ਜਪਦੇ, ਉਹਨਾਂ ਨੂੰ ਅੱਗੇ ਸਚਖੰਡਿ ਵਿਚ ਨਾ ਥਾਂ, ਨਾ ਥਿਤ ਭਾਵ ਸਚਖੰਡਿ ਦੇ ਨੇੜੇ ਨਹੀਂ ਜਾ ਸਕਦੇ। ਉਹ ਵਿਭਚਾਰਨ ਛੁਟੜ ਕੰਜਰੀ ਇਸਤਰੀ ਦੀ ਤਰ੍ਹਾਂ ਹਨ ਜੋ ਘਰ ਘਰ ਸਰੀਰ ਵੇਚ ਕੇ ਬਦਨਾਮ ਹੁੰਦੀ ਫਿਰਦੀ ਹੈ। ਇਹ ਸਭ ਅੱਗੇ ਦੀਆਂ ਗੱਲਾਂ ਹਨ, ਸਰੀਰ ਤਾਂ ਆਰਜ਼ੀ ਹੈ।

**ਨਾਨਕ ਗੁਰਮੁਖਿ ਬਖਸੀਅਹਿ ਸੇ ਸਤਿਗੁਰ ਮੇਲਿ ਮਿਲਾਉ ॥੨॥**

*(ਪੰਨਾ ੬੪੫)*

ਗੁਰੂ ਨਾਨਕ ਵਾਲੇ, ਅੰਮ੍ਰਿਤਧਾਰੀ ਬਖ਼ਸ਼ੇ ਜਾਂਦੇ ਹਨ, ਉਹਨਾਂ ਨੂੰ ਗੁਰੂ ਨਾਨਕ ਬਾਬਾ ਰੱਬ ਨਾਲ ਮਿਲਾ ਦੇਂਦਾ ਹੈ, ਆਪ ਹੀ ਰੱਬ ਹੈ।

**ਜੋ ਧੁਰਿ ਮੇਲੇ ਸੇ ਮਿਲਿ ਰਹੇ ਸਤਿਗੁਰ ਸਿਉ ਚਿਤੁ ਲਾਇ ॥**

*(ਪੰਨਾ ੬੪੫)*

ਵਾਹਿਗੁਰੂ ਨੇ ਜੋ ਧੁਰੋਂ ਸਚਖੰਡਿ ਤੋਂ ਮਿਲਾਏ ਹਨ, ਉਹੀ ਗੁਰਸਿਖ ਗੁਰੂ ਨਾਨਕ ਨਾਲ ਚਿੱਤ ਜੋੜ ਕੇ ਵਾਹਿਗੁਰੂ ਵਿਚ ਲੀਨ ਹੋਏ। ਇਸ ਤੋਂ ਭਾਵ ਤੂੰ ਵਿਛੁੜਿਆ ਹੋਇਆ ਹੈਂ, ਧੁਰੋਂ ਬਖ਼ਸ਼ਿਸ਼ ਲੈ ਕੇ ਨਹੀਂ ਆਇਆ, ਗੁਰੂ ਨਾਨਕ ਨੂੰ ਛਡੀ ਬੈਠਾ ਹੈਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਛਡ ਕੇ, ਕੱਚੀ ਗੰਦੀ ਦੇਹ ਮਗਰ ਤੁਰਿਆ ਫਿਰਦਾ ਹੈਂ। ਤੈਨੂੰ ਕੁਛ ਲੱਭਾ ਹੈ, ਦਰਸ਼ਨ ਹੋਏ ਹਨ।

**ਅੰਤਰਿ ਗਿਆਨੁ ਨ ਆਇਓ ਜਿਤੁ ਕਿਛੁ ਸੋਝੀ ਪਾਇ ॥**
**ਵਿਣੁ ਡਿਠਾ ਕਿਆ ਸਾਲਾਹੀਐ ਅੰਧਾ ਅੰਧੁ ਕਮਾਇ ॥**

*(ਪੰਨਾ ੬੪੬)*

ਗੁਰਬਾਣੀ ਦੀ ਵਿਚਾਰ ਨਾਲ ਸਮਝ ਆਉਣੀ ਸੀ, ਉਹ ਗਿਆਨ ਤਾਂ ਅੰਦਰ ਆਇਆ ਨਹੀਂ, ਰੱਬ ਬਾਰੇ ਪੂਰੀ ਸਮਝ ਨਹੀਂ ਪਈ, ਵਾਹਿਗੁਰੂ ਨੂੰ ਵੇਖਿਆ

ਹੀ ਨਹੀਂ, ਜਾਣਿਆ ਹੀ ਨਹੀਂ, ਉਸ ਦੀ ਉਸਤਤ ਕਿਵੇਂ ਹੋਵੇ ? ਅਗਿਆਨੀ ਹੀ ਅੰਨ੍ਹਾ, ਅਗਿਆਨਤਾ ਅੰਧ ਹੀ ਕਮਾਉਂਦਾ ਹੈ, (ਜੀਵ ਤੂੰ ਅਸਲ ਵਿਚ ਤਾਂ ਰੱਬ ਹੀ ਹੈਂ, ਤੇਰੀ ਅਸਲੀਅਤ ਕੀ ਹੈ ? ਸਰੀਰ ਤਾਂ ਕੱਚੀ ਖੇਡ ਹੈ, ਅੱਜ ਵੀ ਹੈ ਨਹੀਂ, ਕਲ ਵੀ ਹੈ ਨਹੀਂ, ਸਰੀਰ ਤੋਂ ਬਾਦ ਤੂੰ ਕੀ ਹੈਂ ? ਉਹ ਅਸਲੀ ਖੇਡ ਹੈ, ਪਛਾਣ ਆਪਣੇ ਆਪ ਨੂੰ, ਅੰਨ੍ਹਾ ਤੂੰ ਤਾਂ ਹੈਂ ਤੂੰ ਅੰਦਰਲੀ ਅਸਲੀਅਤ ਨੂੰ ਨਹੀਂ ਪਛਾਣਦਾ, ਕਿ ਤੂੰ ਰੱਬ ਹੈਂ ? ਅੰਧ ਤਾਂ ਕਮਾ ਰਿਹਾ ਹੈਂ ਕਿ ਰੱਬ ਮਾਇਆ ਵਿਚ ਵਿਕਾਰਾਂ ਵਿਚ ਪੀਣ ਵਿਚ ਨਸ਼ਾ ਕਰਨ ਵਿਚ ਮਸਤ ਰਹਿੰਦਾ ਹੈ, ਸਰੀਰ ਦਾ ਮੋਹ ਤਿਆਗ, ਗੁਰੂ ਨਾਨਕ ਤੋਂ ਬਗ਼ੈਰ ਅੰਦਰਲਾ ਪੱਖ ਸਮਝ ਨਹੀਂ ਆਉਣਾ, ਕਿਉਂਕਿ ਗੁਰ ਨਾਨਕ ਹੀ ਅੰਦਰ ਹੈ, ਫਿਰ ਆਪ ਸਚਮੁਚ ਗੁਰੂ ਨਾਨਕ ਹੀ ਅੰਮ੍ਰਿਤ ਛਕਾਉਣ ਆਉਂਦਾ ਹੈ, ਫਿਰ ਆਤਮਾ ਨੂੰ ਅੰਮ੍ਰਿਤ ਮਿਲ ਜਾਂਦਾ ਹੈ ਜਦੋਂ ਦਸਮ ਦੁਆਰ ਵਿਚ ਪੈਂਦਾ ਹੈ, ਫਿਰ ਬਾਬਾ ਨਾਨਕ ਆਖਦਾ ਹੈ, ਆਤਮਾ ਨੂੰ—ਬੋਲ ਵਾਹਿਗੁਰੂ, ਬੋਲ ਵਾਹਿਗੁਰੂ। ਵਿਚਾਰੋ ! ਵਾਹਿਗੁਰੂ, ਵਾਹਿਗੁਰੂ ਨੂੰ ਅੰਮ੍ਰਿਤ ਦੇ ਕੇ ਆਖ ਰਿਹਾ ਹੈ —ਬੋਲ ਵਾਹਿਗੁਰੂ, ਬੋਲ ਵਾਹਿਗੁਰੂ। ਆਤਮਾ ਜਾਗ ਜਾਂਦੀ ਹੈ, ਰੱਬ ਗੁਰੂ ਨਾਨਕ ਜਿਹਨੇ ਸ੍ਰਿਸ਼ਟੀ ਰਚੀ ਹੈ, ਸਰੀਰ ਦੀ ਖ਼ੁਰਾਕ ਬੰਦ ਕਰ ਦੇਂਦਾ ਹੈ, ਸਰੀਰ ਬਹੁਤ ਗੰਦਾ ਬਣਾਇਆ ਹੈ, ਉਸ ਦੀ ਖ਼ੁਰਾਕ ਹੈ, ਪਰਾਈ ਇਸਤਰੀ ਨੂੰ ਭੋਗਣਾ, ਪਰਾਏ ਮਰਦ ਕੋਲ ਜਾਣਾ, ਨਸ਼ਾ ਕਰਨਾ ਤੇ ਸੋਹਣੇ ਬਣ ਕੇ ਰਹਿਣਾ, ਰੋਮਾਂ ਦੀ ਬੇਅਦਬੀ ਕਰਨੀ, ਪੈਸੇ ਇਕੱਠੇ ਕਰਨੇ, ਅਮੀਰ ਬਣ ਕੇ ਰਹਿਣਾ, ਵੱਢੀ ਲੈਣੀ, ਬੇ-ਸਬਰੇ ਰਹਿਣਾ। ਬਾਬਾ ਇਸ ਨੂੰ ਕੁਰਹਿਤ ਦੱਸ ਕੇ ਬੰਦ ਕਰਵਾ ਦੇਂਦਾ ਹੈ, ਸਰੀਰ ਮਰਨਾ ਸ਼ੁਰੂ ਹੋ ਜਾਂਦਾ ਹੈ, ਤੇ ਭੁੱਖਾ ਮਰਦਾ ਮਰਦਾ ਮਰ ਜਾਂਦਾ ਹੈ, ਉਧਰੋਂ ਆਤਮਾ ਜਾਗੀ ਹੋਈ ਹੈ, ਉਹ ਗੁਰੂ ਨਾਨਕ ਬਣਦੀ ਬਣਦੀ ਗੁਰੂ ਨਾਨਕ ਬਣ ਹੀ ਜਾਂਦੀ ਹੈ, ਭਾਵੇਂ ਸਮਾਂ ਲੱਗ ਹੀ ਜਾਂਦਾ ਹੈ, ਪਰ ਮਨੁੱਖਾ ਜਨਮ ਸਫਲ ਹੋ ਜਾਂਦਾ ਹੈ, ਜੀਵ ਸਚਖੰਡਿ ਪਹੁੰਚ ਜਾਂਦਾ ਹੈ, ਹੁਣ ਇਕ ਗੱਲ ਦੱਸ, ਸਾਨੂੰ ਤਾਂ ਬਾਬੇ ਅੰਮ੍ਰਿਤ ਛਕਾ ਕੇ ਜਗਾ ਦਿੱਤਾ, ਤੂੰ ਕਿਵੇਂ ਜਾਗਿਆ, ਫੇਰ ਤੂੰ ਤੇ ਤੇਰਾ ਗੁਰੂ ਕੁਰਹਿਤ ਕਰਨੋਂ ਰੋਕਦਾ ਹੀ ਨਹੀਂ, ਇਹੀ ਸਰਕਾਰ ਚਾਹੁੰਦੀ ਹੈ, ਜੇ ਕੁਰਹਿਤ ਤੋਂ ਰੋਕ ਦਏ ਤਾਂ ਸਾਰੇ ਸਰਦਾਰ ਹੀ ਨਜ਼ਰ ਆਉਣ, ਹਿੰਦੂ ਸਰਕਾਰ ਇਹੀ ਚਾਹੁੰਦੀ ਨਹੀਂ ਤਾਂ ਇਹਨਾਂ ਦੇਹਧਾਰੀਆਂ ਨੂੰ ਖ਼ਰੀਦਿਆ ਹੋਇਆ ਹੈ। ਸਰਕਾਰ ਚਾਹੁੰਦੀ ਹੈ, ਕੁਰਹਿਤ ਨੂੰ ਲਾਗੂ ਰਹਿਣ ਦੇ। ਇਸੇ ਲਈ ਇਹ ਦੇਹਧਾਰੀ paid ਗੁਰੂ ਪੈਦਾ ਕੀਤੇ ਹਨ, ਤੈਨੂੰ ਸਮਝ ਆਈ ? ਜੇ ਸਾਰੇ ਹੀ ਸਮਝ ਗਏ ਤਾਂ ਸਰਕਾਰ ਕਿਵੇਂ ਚਲੇਗੀ ? ਫਿਰ ਦੇਖ ! ਕੋਈ ਦੇਹਧਾਰੀ ਗੁਰੂ ਦੀ ਸੰਗਤਿ ਸਿੱਖਾਂ ਨੂੰ ਵੋਟ ਨਹੀਂ ਪਾਏਗੀ, ਖੇਡ ਹੀ ਸਾਰੀ ਪਾੜਨ ਦੀ ਹੈ। Divide and Rule ਤੂੰ ਤਾਂ ਸਮਝ ਜਾਹ, ਤੈਨੂੰ ਤਾਂ ਗੁਰੂ ਨਾਨਕ ਨੇ ਪੈਦਾ ਕੀਤਾ ਹੈ ਮੂਰਖਾ ! ਤੂੰ ਕਿਉਂ ਵਿਕ ਰਿਹੈਂ।

**ਮ : ੩ ॥ ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥**
**ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ ॥**
**ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ ॥**

*(ਪੰਨਾ ੬੪੬)*

ਇਕਾ—ਇਕੁ, ਇਕੋ, ਸਿਰਫ਼, ਕੇਵਲ only and only.

ਕੇਵਲ ਗੁਰਬਾਣੀ, ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਪ੍ਰਮਾਣਿਕ ਗੁਰੂ ਹਨ, ਇਕੋ ਇਹੀ ਸਾਰੇ ਜਗਤ ਵਿਚ ਗੁਰੂ ਹਨ। ਗੁਰੂ ਨਾਨਕ ਦੇ ਸ਼ਬਦ ਨੂੰ ਵਿਚਾਰੋ, ਬਾਣੀ ਨੂੰ ਵਿਚਾਰੋ, ਇਹੀ ਸੱਚਾ ਰਹਿਣ ਵਾਲਾ ਸੌਦਾ ਹੈ, ਇਹੀ ਸੱਚਾ ਹੱਟ ਹੈ, ਇਸ ਵਿਚ ਰਤਨਾਂ ਦੇ ਭੰਡਾਰ ਭਰੇ ਪਏ ਹਨ, ਦੇਣ ਵਾਲਾ ਪ੍ਰਭੂ ਜੇ ਦੇਵੇ ਤਾਂ ਸਿਰਫ਼ ਤੇ ਸਿਰਫ਼ ਗੁਰੂ ਨਾਨਕ ਦੀ ਕ੍ਰਿਪਾ ਨਾਲ ਮਿਲਦੇ ਹਨ। ਤੇਰਾ ਦੇਹਧਾਰੀ ਗੁਰੂ ਵੀ ਪ੍ਰਮਾਣਿਕ ਹੈ, ਵਾਹਿਗੁਰੂ ਤੋਂ ਪੁੱਛ ਤਾਂ ਸਹੀ, ਚੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੁੱਛ ਲੈ। ਕਿਸੇ ਭੂਤ, ਪ੍ਰੇਤ ਤੋਂ ਪੁੱਛ ਲੈ, ਸ਼ਿਵ ਜੀ, ਬ੍ਰਹਮਾ ਤੋਂ ਪੁੱਛ ਲੈ, ਵੈਸ਼ਨੋ ਦੇਵੀ, ਸ਼ੇਰਾਂ ਵਾਲੀ ਤੋਂ ਪੁੱਛ ਲੈ, ਦੁਰਗਾ ਤੋਂ ਮਹਾਂਕਾਲੀ ਤੋਂ ਪੁੱਛ, ਕਿਸੇ ਦੇਵੀ ਦੇਵਤੇ ਤੋਂ ਪੁੱਛ ਲੈ, ਪਰ ਸਬੂਤ ਕਰ ਦੇਹ ਕਿ ਪ੍ਰਮਾਣਿਕ ਗੁਰੂ ਹੈ। ਸਚਖੰਡਿ ਤਕ ਇਸ ਦੀ ਪਹੁੰਚ ਹੈ। ਗੁਰਬਾਣੀ ਤੇ ਤਾਂ ਵਿਸ਼ਵਾਸ ਕਰ, ਬਾਦ ਵਿਚ ਬਹੁਤ ਪਛਤਾਏਂਗਾ। ਅੰਮ੍ਰਿਤ ਛਕਣ ਵਿਚ ਕੋਈ ਨੁਕਸਾਨ ਤਾਂ ਨਹੀਂ, ਫਿਰ ਛਕ ਲੈ।

**ਜਿਨਾ ਅੰਦਰਿ ਕੂੜੁ ਵਰਤੈ, ਸਚੁ ਨ ਭਾਵਈ ॥**
**ਜੇ ਕੋ ਬੋਲੈ ਸਚੁ, ਕੂੜਾ ਜਲਿ ਜਾਵਈ ॥**
**ਕੂੜਿਆਰੀ ਰਜੈ ਕੂੜਿ, ਜਿਉ ਵਿਸਟਾ ਕਾਗੁ ਖਾਵਈ ॥**

*(ਪੰਨਾ ੬੪੬)*

ਜਿਵੇਂ ਤੇਰਾ ਦੇਹਧਾਰੀ ਗੁਰੂ ਹੈ, ਝੂਠੀ ਸਰਕਾਰ ਦਾ ਬਣਾਇਆ ਹੋਇਆ ਹੈ, ਉਸ ਦੇ ਅੰਦਰ ਵੀ ਝੂਠ ਹੈ, ਝੂਠ ਹੀ ਵਰਤ ਰਿਹੈ, ਉਹਨਾਂ ਨੂੰ ਅੰਮ੍ਰਿਤ ਛਕਣਾ ਤੇ ਵਾਹਿਗੁਰੂ ਨਾਮ ਜਪਣਾ ਚੰਗਾ ਹੀ ਨਹੀਂ ਲਗਦਾ, ਜਿਵੇਂ ਝੂਠੀ ਸਰਕਾਰ ਖ਼ਾਲਸੇ ਨੂੰ ਬਾਣੇ ਵਿਚ ਦੇਖ ਕੇ ਸੜ ਜਾਂਦੀ ਹੈ। ਜਿਵੇਂ ਗੁਰੂ ਸਾਹਿਬ ਸੱਚ ਬੋਲਦੇ ਹਨ—ਇਹ ਝੂਠੇ ਗੁਰੂ ਸੜ ਬਲ ਜਾਂਦੇ ਹਨ, ਤੂੰ ਵੀ ਸੜ ਰਿਹੈਂ, ਸਰਕਾਰ ਵੀ ਖ਼ਾਸ ਕਰਕੇ, ਹਿੰਦੂ ਪੰਡਿਤ ਤੇ ਬ੍ਰਾਹਮਣ, ਝੂਠਾ ਝੂਠ ਵਿਚ ਪ੍ਰਸੰਨ ਹੁੰਦਾ ਹੈ, (ਇਹਨਾਂ ਨਾਲ ਤਾਂ ਮਾਇਆ ਦੀ ਗੱਲ ਕਰੋ, ਠੱਗੀ ਕਿਵੇਂ ਮਾਰਨੀ ਹੈ ? ਘੁਟਾਲਾ ਕਿਵੇਂ ਕਰਨਾ ਹੈ ? ਹਥਿਆਰਾਂ ਵਿਚੋਂ ਕਮਿਸ਼ਨ ਕਿਸ ਤਰ੍ਹਾਂ ਖਾਣੀ ਹੈ ? ਦੇਸ਼ ਕਿਵੇਂ ਵੇਚਣਾ ਹੈ ? ਖ਼ਾਲਸਾ ਸਾਰੀ ਕੁਦਰਤ ਦਾ ਮਾਲਕ ਹੈ। ਝੂਠਾ ਕਿਵੇਂ ਦੇਖ ਸਕਦਾ ਹੈ, ਹਿੰਦੂ ਸਾਰੇ ਹੀ ਝੂਠੇ ਹਨ, ਇਕ ਵੀ ਸੱਚਾ ਨਹੀਂ) ਜਿਵੇਂ

ਕਾਂ ਗੂੰਹ ਖਾ ਕੇ ਖ਼ੁਸ਼ ਰਹਿੰਦਾ ਹੈ। ਗੂੰਹ ਖਾਣ ਵਾਲੇ ਨੂੰ ਕਪੂਰ ਕਿਵੇਂ ਚੰਗਾ ਲੱਗੇ ? ਵਿਕਾਰੀ ਮਾਇਆਧਾਰੀ, ਇਸਤਰੀਆਂ ਭੋਗਣ ਵਾਲੇ ਨੂੰ ਅੰਮ੍ਰਿਤ ਕਿਵੇਂ ਚੰਗਾ ਲੱਗੇ ਤੇ ਵਾਹਿਗੁਰੂ ਸਿਮਰਨ ਕਿਵੇਂ ਚੰਗਾ ਲੱਗੇ ਤੇ ਗਲ ਵਿਚ ਕ੍ਰਿਪਾਨ ਕਿਵੇਂ ਚੰਗੀ ਲੱਗੇ ? ਦੇਖੋ ! **ਕ੍ਰਿਪਾਨ**—ਮੰਗਲ ਦਾ ਪ੍ਰਤੀਕ ਹੈ, ਮੰਗਲ ਹੈ, ਮੰਗਲ ਗ੍ਰਹਿ, ਸ਼ਕਤੀ ਦਾ ਪ੍ਰਤੀਕ। ਝੂਠਾ ਤੇ ਕਮਜ਼ੋਰ ਕਿਵੇਂ ਸ਼ਕਤੀ ਧਾਰਨ ਕਰੇ। **ਕਛਹਿਰਾ**—ਸ਼ੁਕਰ ਦਾ ਪ੍ਰਤੀਕ, ਸ਼ੁਕਰ ਜੋ ਕਾਮ ਨੂੰ ਰੋਕਦਾ ਹੈ, ਰੰਗ ਵੀ ਚਿੱਟਾ ਤੇ ਹਿੰਦੂ ਤੂੰ ਕਾਮ ਨੂੰ ਵਧਾਉਣਾ ਚਾਹੁੰਦਾ ਹੈਂ, ਰੋਜ਼ ਇਸਤਰੀ ਭੋਗਣਾ ਚਾਹੁੰਦਾ ਹੈਂ। ਦੱਸਣਾ ਚਾਹੁੰਦਾ ਹਾਂ ਤੂੰ ਕਾਂ ਕਿਵੇਂ ਹੈਂ ਤੇ ਗੂੰਹ ਕਿਵੇਂ ਖਾ ਰਿਹਾ ਹੈਂ ? **ਕੜਾ**—ਸ਼ਨੀ ਦਾ ਪ੍ਰਤੀਕ ਹੈ। ਸ਼ਨੀ ਦੇਵਤਾ, ਸਾਡੇ ਸੱਜੇ ਹੱਥ ਵਿਚ, ਕੋਈ ਭਰਮ ਵਹਿਮ ਨਹੀਂ। **ਕੇਸਕੀ**—ਛੋਟੀ ਦਸਤਾਰ, ਬ੍ਰਹਸਪਤਿ ਦਾ ਪ੍ਰਤੀਕ, ਬ੍ਰਹਸਪਤਿ—ਬਿਬੇਕ ਬੁੱਧੀ, ਰੰਗ ਵੀ ਸੁਨਿਹਰੀ (Golden) ਸਿਰ ਤੇ ਬੰਨ੍ਹੋ, ਬੁੱਧੀ ਬਿਬੇਕ ਹੋ ਜਾਂਦੀ ਹੈ, ਤੀਖਨ ਬੁੱਧੀ। **ਕੰਘਾ**—ਰਾਹੂ ਕੇਤੂ ਸਿਰ ਵਿਚ ਟੂੰਗਿਆ ਹੋਇਆ ਹੈ, ਕੋਈ ਰੁਕਾਵਟ ਨਹੀਂ ਪੈ ਸਕਦੀ। **ਕੇਸ**—ਸਾਬਤਿ ਸੂਰਤਿ, ਇਨਸਾਨੀਅਤ ਦਾ ਪ੍ਰਤੀਕ, ਹਿੰਦੂ ਬ੍ਰਾਹਮਣ ਪੰਡਿਤ ਤਾਂ ਬਹੁਤ ਹੀ ਸੜਦਾ ਹੈ ਦੇਖ ਕੇ, ਸਾਰੇ ਗ੍ਰਹਿ ਸਰੀਰ ਨਾਲ ਹੀ ਬੰਨ੍ਹੀ ਫਿਰਦਾ ਹੈ, ਕੁਦਰਤ ਦਾ ਮਾਲਕ ਤਾਂ ਇਹੀ ਹੈ, ਕੁਰਹਿਤ ਤੋਂ ਕਿਤੇ ਦੂਰ, ਸਾਰੀਆਂ ਔਰਤਾਂ ਨੂੰ ਮਾਂ, ਭੈਣ ਤੇ ਧੀ ਬਰਾਬਰ ਸਮਝਦਾ ਹੈ। ਰੱਬ ਵਰਗਾ ਕੇਸ਼ਵ, ਮੰਗਲ ਬਗਲ ਵਿਚ, ਸ਼ਨੀ ਸੱਜੀ ਬਾਂਹ ਵਿਚ, ਸ਼ੁਕਰ ਤੇੜ, ਬ੍ਰਹਸਪਤਿ ਸਿਰ ਤੇ, ਰਾਹੂ ਕੇਤੂ ਜੂੜੇ ਵਿਚ ਟੂੰਗਿਆ ਫਿਰਦੈ, ਤੇ ਫਿਰ ਖੰਡਾ ਲਾਈ ਫਿਰਦੈ, ਚੈਲੰਜ Challenge to whole Universe—ਹੈ ਕੋਈ ਮੇਰੇ ਜਿਹਾ, ਕੁਦਰਤ ਦਾ ਮਾਲਕ, ਇਨਸਾਨੀਅਤ ਦਾ ਰਖਵਾਲਾ, ਭਗਤੀ ਸ਼ਕਤੀ ਦਾ ਮਾਲਕ, ਮਨੁੱਖਤਾ ਦੀ ਸੇਵਾ ਕਰਨ ਵਾਲਾ, ਸਰਬੱਤ ਦਾ ਭਲਾ ਮੰਗਣ ਵਾਲਾ, ਰੱਬ ਨਾਲ ਜੁੜਨ ਤੇ ਜੋੜਨ ਵਾਲਾ, ਸਭ ਨੂੰ ਖ਼ੁਸ਼ਹਾਲ ਦੇਖਣ ਵਾਲਾ, ਈਰਖਾ ਰਹਿਤ ਜਿਸ ਅੰਦਰ ਵਿਕਾਰ ਹੀ ਕੋਈ ਨਹੀਂ, ਕੁਰਹਿਤ ਹੀ ਕੋਈ ਨਹੀਂ, ਮਾਇਆ ਕੰਜਰੀ ਦਾ ਪ੍ਰੇਮੀ ਨਹੀਂ, ਹੈ ਕੋਈ ਸਾਰੀ ਦੁਨੀਆਂ ਤੇ ਇਹੋ ਜਿਹਾ ਗੁਰੂ ਨਾਨਕ ਦਾ ਸਿਖ, ਇਹ ਹੈ ਸਚਾਈ, ਜੋ ਗੁਰੂ ਨਾਨਕ ਵਾਹਿਗੁਰੂ ਦੇ ਰਿਹਾ ਹੈ। ਤੇ ਤੂੰ ਨਸ਼ਾ ਕਰਦਾ, ਇਸਤਰੀ ਭੋਗਦਾ, ਰੁੰਡਤ ਮੁੰਡਤ, ਮਾਇਆ ਪਿਛੇ ਦੇਸ਼ ਨੂੰ ਵੇਚਣ ਵਾਲਾ ਕਾਂ ਗੂੰਹ ਨਹੀਂ ਖਾ ਰਿਹਾ ਹੈ ਤਾਂ ਕੀ ਕਰ ਰਿਹੈ, ਜਿਹੜੇ ਆਪਣੇ ਜਨਮਦਾਤੇ ਰੱਬ ਗੁਰੂ ਨਾਨਕ ਨੂੰ ਭੁੱਲੀ ਬੈਠਾ ਹੈ ਉਹ ਵੀ ਕੋਈ ਬੰਦਾ ਹੈ ? ਕਾਂ ਹੈ ਗੂੰਹ ਖਾ ਰਿਹਾ ਹੈ। ਗੁਰੂ ਸਾਹਿਬ ਬਹੁਤ ਗਰਮ ਕੌੜਾ, ਗੁਸੈਲਾ ਬੋਲਦੇ ਹਨ, ਜਿਸ ਨੇ ਅੰਮ੍ਰਿਤ ਛਕ ਕੇ ਅੰਦਰੋਂ ਵਾਹਿਗੁਰੂ ਲੱਭਣ ਦੀ ਕੋਸ਼ਿਸ਼ ਹੀ ਨਹੀਂ ਕੀਤੀ, ਕੋਈ ਲਿਹਾਜ਼ ਨਹੀਂ ਕਰਦੇ, ਭੁੱਲਾ ਨਾ ਫਿਰੀਂ, ਦੇਹਧਾਰੀ ਗੁਰੂ ਨੂੰ ਕਾਂ ਕਹਿੰਦੇ ਹੀ

ਨਹੀਂ, ਗੂੰਹ ਵੀ ਖੁਆਉਂਦੇ ਹਨ। ਤੂੰ ਆਪਣੀਆਂ ਅੱਖਾਂ ਨਾਲ ਦੇਖੇਂਗਾ ਆ ਰਿਹਾ ਸਮਾਂ, ਛੱਡ ਦੇ ਦੇਹਧਾਰੀ ਨੂੰ, ਅੰਮ੍ਰਿਤ ਛਕ ਕੇ ਦਸਮੇਸ਼ ਦਾ ਪੁੱਤਰ ਬਣ।

**ਸਲੋਕੁ ਮ : ੩ ॥**
**ਸੇਖਾ ਚਉਚਕਿਆ ਚਉਵਾਇਆ ਏਹੁ ਮਨੁ ਇਕਤੁ ਘਰਿ ਆਣਿ ॥**
**ਏਹੜ ਤੇਹੜ ਛਡਿ ਤੂ ਗੁਰ ਕਾ ਸਬਦੁ ਪਛਾਣੁ ॥**

(ਪੰਨਾ ੬੪੬)

ਹੇ ਚੁੱਕੇ ਚੁਕਾਏ ਸ਼ੇਖ਼! ਹੇ ਚੁੱਕੇ ਚੁਕਾਏ ਵਜ਼ੀਰ! ਰਾਜੇ! ਦੇਹਧਾਰੀ ਗੁਰੂ! ਇਸ ਮਨ ਨੂੰ ਇਕ ਟਿਕਾਣੇ ਤੇ ਲਿਆ ਤੇ ਘਰ ਪਹੁੰਚ, ਨਿਜ ਘਰ, ਥਿਰ ਘਰ, ਦਸਮ ਦੁਆਰ ਪਹੁੰਚ (ਪਹੁੰਚ ਕੇ ਦਿਖਾ) ਵਿੰਗੀਆਂ ਟੇਢੀਆਂ ਗੱਲਾਂ ਛੱਡ ਦੇਹ। ਅੰਮ੍ਰਿਤ ਛਕ ਕੇ ਗੁਰੂ ਨਾਨਕ ਦੇ ਸ਼ਬਦ ਵਾਹਿਗੁਰੂ ਨੂੰ ਸਮਝ, ਬਾਣੀ ਵਿਚਾਰ (ਇਸੇ ਚੁੱਕੇ ਚੁਕਾਏ ਨੇ ਤਾਂ ਤੱਤੀ ਤਵੀ ਤੇ ਬਿਠਾ ਦਿੱਤਾ, ਸੀਸ ਗੰਜ ਸਿਰ ਕਟਵਾ ਦਿੱਤਾ, ਬੱਚੇ ਸ਼ਹੀਦ ਕਰਵਾ ਦਿੱਤੇ, ਨੀਹਾਂ ਵਿਚ ਚਿਣਵਾ ਦਿੱਤੇ, ਮਾਂ ਨੂੰ ਠੰਡੇ ਬੁਰਜ ਤੋਂ ਧੱਕਾ ਮਾਰਿਆ, ਬੰਦ ਬੰਦ ਕੱਟੇ ਗਏ, ਖੋਪਰੀ ਉਤਰ ਗਈ, ਬੱਚਿਆਂ ਦੇ ਟੁਕੜੇ ਕਰਵਾ ਕੇ ਗਲਾਂ ਵਿਚ ਹਾਰ ਪੈ ਗਏ। ਗੱਡੀਆਂ ਥੱਲੇ ਆ ਗਏ, ਜੰਡਾਂ ਨਾਲ ਸਾੜ ਦਿੱਤੇ, ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਚੀਰੇ ਗਏ, ਦੇਗਾਂ ਵਿਚ ਉਬਲ ਗਏ, ਅੱਜ ਜੇਲ੍ਹਾਂ ਵਿਚ ਸੜ ਰਹੇ ਹਨ, ਅਤਵਾਦੀ ਕਹਿ ਕੇ ਮਾਰਿਆ ਜਾ ਰਿਹਾ ਹੈ, ਵੱਖਵਾਦੀ ਕਹਿ ਕੇ ਸਾੜਿਆ ਜਾ ਰਿਹਾ ਹੈ, ਕੋਈ ਛੁਡਾਉਣ ਵਾਲਾ ਨਹੀਂ, ਕੋਈ ਜ਼ਮਾਨਤ ਕਰਾਉਣ ਵਾਲਾ ਨਹੀਂ, ਕੋਈ ਪੁਕਾਰ ਸੁਣਨ ਵਾਲਾ ਨਹੀਂ। ੨੦-੨੦, ੨੫-੨੫ ਸਾਲ ਤੋਂ ਜੇਲ੍ਹਾਂ ਵਿਚ ਹਨ, ਕੋਈ ਸੁਣਦਾ ਨਹੀਂ ਸਭ ਸੁੱਤੇ ਹੋਏ ਹਨ। ਪਰ ਕਿਸੇ ਨੇ ਅਸਲੀਅਤ ਹੀ ਨਹੀਂ ਦੇਖੀ, ਝੂਠ ਨੂੰ ਸੱਚ ਭਾਇਆ ਹੀ ਨਹੀਂ, ਅਸਲੀਅਤ ਨਾ ਹਿੰਦੂ ਕੋਲ ਹੈ, ਨਾ ਮੁਸਲਮਾਨ ਕੋਲ ਹੈ। ਇਸੇ ਕਰਕੇ ਸਿਖ ਨੂੰ ਖ਼ਤਮ ਕਰਨਾ ਚਾਹੁੰਦੇ ਹਨ। ਸੱਚ ਖ਼ਤਮ ਹੀ ਹੋ ਜਾਏ, ਈਸਾ ਮਸੀਹ Jesus ਨੂੰ ਕਿਲ ਮਾਰ ਕੇ ਟੰਗ ਦਿੱਤਾ। ਪਰ ਮਗਰੋਂ ਤਾਂ ਮੰਨਿਆਂ ਸਾਰੀ ਕੌਮ ਨੇ, ਇਥੇ ਐਸੇ ਅਕ੍ਰਿਤਘਣ ਹਨ ਕਿ ਸ਼ਹੀਦੀ ਲੈ ਕੀ ਵੀ ਸਬਰ ਨਹੀਂ ਆਇਆ। ਦੇਖੋ! ਵਾਹਿਗੁਰੂ ਕੀ ਕਰਦਾ ਹੈ? ਉਸਦਾ ਹੁਣ ਸਬਰ ਦੇਖੋ, ਕੈਨੇਡਾ ਵਿਚ ਕਾਮਰੇਡ ਚੀਫ ਮਨਿਸਟਰ ਨੇ ਸਿੰਘ ਖ਼ਾਲਸੇ ਅੰਦਰ ਕਰਵਾ ਦਿੱਤੇ ੨੦-੨੫ ਸਾਲ ਪਹਿਲਾਂ ਤੁਸੀਂ ਜਹਾਜ਼ ਉਡਾਇਆ ਸੀ, ਖ਼ਾਲਸੇ ਨੂੰ ਕੋਈ ਦੇਖ ਕੇ ਰਾਜ਼ੀ ਨਹੀਂ, ਖ਼ਾਸ ਕਰਕੇ ਕਾਮਰੇਡ। ਕਾਮਰੇਡੀ ਰੂਸ ਵਿਚੋਂ ਖ਼ਤਮ ਹੋ ਗਈ, ਇਹ ਅਜੇ ਕਾਮਰੇਡ, ਇਹ ਸਾਥੀ ਸਭ ਦੇ ਦੁਸ਼ਮਨ, ਮਨੁੱਖਤਾ ਦੇ ਦੁਸ਼ਮਨ ਹਨ, ਇਨਸਾਨੀਅਤ ਦੇ ਦੁਸ਼ਮਨ ਹਨ। ਗੁਰੂ ਸਾਹਿਬ ਅਜੇ ਵੀ ਸਮਝਾਉਂਦੇ ਹਨ।

**ਸਤਿਗੁਰ ਅਗੈ ਢਹਿ ਪਉ ਸਭੁ ਕਿਛੁ ਜਾਣੈ ਜਾਣੁ ॥**
**ਆਸਾ ਮਨਸਾ ਜਲਾਇ ਤੂ ਹੋਇ ਰਹੁ ਮਿਹਮਾਣੁ ॥**

*(ਪੰਨਾ ੬੪੬)*

ਹੇ ਸੇਖਾ ! ਰਾਜਿਆ ! ਵਜ਼ੀਰਾ ! ਦੇਹਧਾਰੀ ਗੁਰੂ ! ਜੋ ਸਭ ਦਾ ਕਰਤਾ, ਜਾਣੂ ਸਤਿਗੁਰੁ ਗੁਰੂ ਨਾਨਕ ਸਭ ਕੁਛ ਸਮਝਦਾ ਹੈ, ਉਸ ਦੀ ਚਰਨੀਂ ਲੱਗ, ਅੰਮ੍ਰਿਤ ਛਕ ਲੈ ਤੇ ਵਾਹਿਗੁਰੂ ਵਾਹਿਗੁਰੂ ਬੋਲ। ਆਸਾਂ ਤੇ ਮਨ ਦੀਆਂ ਦੌੜਾਂ ਮਿਟਾ ਕੇ ਆਪਣੇ ਆਪ ਨੂੰ ਜਗਤ ਵਿਚ ਪਰਾਹੁਣਾ ਸਮਝ, ਜੇ ਤੂੰ ਗੁਰੂ ਨਾਨਕ ਦੇ ਭਾਣੇ ਵਿਚ ਚਲੇਂਗਾ ਤਾਂ ਰੱਬ ਦੀ ਦਰਗਾਹ ਸਚਖੰਡਿ ਵਿਚ ਆਦਰ ਪਾਏਂਗਾ।

**ਨਾਨਕ ਜਿ ਨਾਮੁ ਨ ਚੇਤਨੀ ਤਿਨ ਧਿਗੁ ਪੈਨਣੁ ਧਿਗੁ ਖਾਣੁ ॥੧॥**

*(ਪੰਨਾ ੬੪੬)*

ਜੇ ਨਾਮ ਵਾਹਿਗੁਰੂ ਨਹੀਂ ਜਪੇਂਗਾ, ਅੰਮ੍ਰਿਤ ਨਹੀਂ ਛਕੇਂਗਾ, ਭਾਵੇਂ ਤੂੰ ਰਾਜਾ ਹੀ ਹੈਂ, P.M. ਹੈਂ, President ਹੈਂ, ਅੱਗੇ ਪਤਾ ਲੱਗੂ ਤੇਰਾ ਖਾਧਾ ਫਿਟਕਾਰਯੋਗ ਸੀ ਤੇ ਪਹਿਨਿਆ ਫਿਟਕਾਰਯੋਗ ਸੀ। ਅੱਗੇ ਧਰਮਰਾਜ ਨੇ ਕਰੋੜਾਂ ਸਾਲ ਬਦਲਾ ਲੈਣਾ ਹੈ।

**ਜਿਨਾ ਗੁਰੁ ਗੋਪਿਆ ਆਪਣਾ ਤੇ ਨਰ ਬੁਰਿਆਰੀ ॥**
**ਹਰਿ ਜੀਉ ਤਿਨ ਕਾ ਦਰਸਨੁ ਨਾ ਕਰਹੁ ਪਾਪਿਸਟ ਹਤਿਆਰੀ ॥**
**ਓਹਿ ਘਰਿ ਘਰਿ ਫਿਰਹਿ ਕੁਸੁਧ ਮਨਿ ਜਿਉ ਧਰਕਟ ਨਾਰੀ ॥**

*(ਪੰਨਾ ੬੫੧)*

ਜਿਹਨਾਂ ਨੇ ਆਪਣੇ ਗੁਰੂ ਨਾਨਕ ਨੂੰ ਨਿੰਦਿਆ ਹੈ (ਜਿਵੇਂ ਦੇਹਧਾਰੀ ਗੁਰੂ, ਹਿੰਦੂ, ਨਿੰਦਦੇ ਹਨ) ਉਹ ਬਹੁਤ ਭੈੜੇ ਹਨ। ਰੱਬ ਕਰਕੇ ਉਹਨਾਂ ਦਾ ਦਰਸ਼ਨ ਨਾ ਕਰੋ, (ਤੂੰ ਗੁਰੂ ਬਣਾਈ ਬੈਠਾ ਹੈਂ) ਉਹ ਬੜੇ ਪਾਪੀ ਤੇ ਹਤਿਆਰੇ ਹਨ। ਮਨੋਂ ਖੋਟੇ ਹਨ, ਉਹ ਆਦਮੀ ਵਿਭਚਾਰਨ ਇਸਤਰੀ ਕੰਜਰੀ ਬਣਾ ਕੇ ਘਰ ਘਰ ਫਿਰਦੇ ਰਹਿਣਗੇ (ਝੂਠਿਆ ! ਤੂੰ ਨਾਮ ਦੀ ਦਾਤ ਦਿੰਦਾ ਸੀ, ਉਹੀ ਤੈਨੂੰ ਭੋਗਣਗੇ, ਤੈਨੂੰ ਉਹਨੇ ਕੰਜਰੀ ਬਣਾ ਕੇ ਥੱਲੇ ਭੇਜ ਦੇਣਾ। ਧਰਮਰਾਜ ਸੁਭਾਅ ਦਾ ਵਧੀਆ ਨਹੀਂ ਹੈ, ਤੇਰੇ ਵਰਗੇ ਨਿੰਦਕ ਨੂੰ ਨੀਝ ਲਾ ਕੇ ਵੇਖਦਾ ਹੈ। ੨੦-੩੦ ਸਾਲ ਗੁਰੂ ਰਹੇਂਗਾ ਉਹ ੨੦-੩੦ ਜਨਮ ਕੰਜਰੀ ਬਣਾ ਕੇ ਭੇਜਦਾ ਰਹੇਗਾ, ਅਸਲ ਵਿਚ ਤੂੰ ਧਰਮਰਾਜ ਦੇਖਿਆ ਹੀ ਨਹੀਂ, ਜਾ ਇਕ ਵਾਰੀ ਦੇਖ ਕੇ ਆ।

ਬੁਤ ਪੂਜਿ ਪੂਜਿ ਹਿੰਦੂ ਮੂਏ, ਤੁਰਕ ਮੂਏ ਸਿਰੁ ਨਾਈ॥.....
ਕਬਿਤ ਪੜੇ ਪੜਿ ਕਬਿਤਾ ਮੂਏ, ਕਪੜ ਕੇਦਾਰੈ ਜਾਈ॥
ਜਟਾ ਧਾਰਿ ਧਾਰਿ ਜੋਗੀ ਮੂਏ..... ॥
ਦਰਬੁ ਸੰਚਿ ਸੰਚਿ ਰਾਜੇ ਮੂਏ, ਗਡਿ ਲੇ ਕੰਚਨ ਭਾਰੀ॥
ਬੇਦ ਪੜੇ ਪੜਿ ਪੰਡਿਤ ਮੂਏ..... ॥ (ਪੰਨਾ ੬੫੪)

ਤੇਰਾ ਗੁਰੂ ਸਾਰਿਆਂ ਨੂੰ ਦਾਤਿ ਦੇਈ ਜਾਂਦਾ ਹੈ, ਸਰਕਾਰ ਦੇ ਨਾਮ ਦੀ, ਧੁਰਿ ਕੀ ਬਾਣੀ ਕਹਿੰਦੀ ਹੈ, ਇਹ ਬੰਦੇ ਫਿਰਕੇ ਰੱਬ ਨਹੀਂ ਪਾ ਸਕਦੇ, ਰੱਬ ਦੇ ਧਿਰਕਾਰੇ ਹੋਏ ਹਨ ਕਿਉਂਕਿ ਇਹਨਾਂ ਨੂੰ ਪਹਿਲਾਂ ਜਨਮ ਸਿੱਖਾਂ ਦੇ ਘਰ ਦਿੱਤਾ ਸੀ, ਫਿਰ ਦਿੱਤਾ, ਫਿਰ ਦਿੱਤਾ। ਹੁਣ ਇਹ ਰੱਬ ਨੂੰ ਨਹੀਂ ਪਾ ਸਕਦੇ, ਹੁਣ ਧਰਮਰਾਜ ਕੋਲ ਹੀ ਜਾਣਗੇ। ਸਭ ਤੋਂ ਪਹਿਲਾਂ ਸਾਬਤਿ ਸੂਰਤਿ ਸਭ ਨੂੰ ਦਿੱਤੀ, ਗੁਰਸਿਖੀ ਜੀਵਨ ਦਿੱਤਾ, ਹੁਣ ਜਿਵੇਂ ਜੱਟਾਂ ਦੇ ਤੇ ਪੇਂਡੂ ਮੁੰਡੇ ਦੇਖੋ, ਸਿੱਖਾਂ ਦੇ ਘਰਾਂ ਵਿਚ ਜਨਮ ਲਿਆ, ਸਿਰ ਘੋਨ ਮੋਨ, ਕੰਨਾਂ ਵਿਚ ਵਾਲੀਆਂ, ਮੋਟਰ ਸਾਈਕਲ ਥੱਲੇ, ਹਾਰਨ ਪੌਂ ਪੌਂ, ਅਵਾਰਾ ਗਰਦੀ ਕੁੜੀਆਂ ਪਿੱਛੇ, ਮਨੁੱਖਾ ਜਨਮ ਕਰਨਾ ਕੀ ਸੀ, ਕਰ ਹੀ ਰਹੇ ਹਾਂ, ਤੈਨੂੰ ਕਾਮ ਵਿਆਪਦਾ ਹੈ, ਤੇਰੀ ਭੈਣ ਨੂੰ ਨਹੀਂ, ਜਿਹੜੀਆਂ ਕੁੜੀਆਂ ਮਗਰ ਫਿਰਦੇ ਹੋ, ਉਹ ਭੈਣਾਂ ਨਹੀਂ, ਤੇਰੀਆਂ ਭੈਣਾਂ ਮਗਰ ਕੋਈ ਹੋਰ ਫਿਰਦਾ ਹੋਵੇਗਾ, ਇਹੀ ਖੇਡ ਹੈ ਵਾਹਿਗੁਰੂ ਦੀ, ਇਹ ਮੁੰਡੇ ਕੁੜੀਆਂ, ਦੁਬਾਰਾ ਗੁਰਸਿਖ ਬਣਨਗੀਆਂ, ਕਿਤੇ ਹਿੰਦੂਆਂ ਦੇ ਘਰ ਪੈਦਾ ਹੋਣਗੀਆਂ/ਹੋਣਗੇ, ਕਰਨਗੇ ਸਿੱਖਾਂ ਦੀ ਨਿੰਦਾ, ਸਿੱਖੀ ਵਿਚ ਕੀ ਹੈ, ਧਰਮਰਾਜ ਨੀਝ ਲਾ ਕੇ ਦੇਖਦਾ ਹੈ, ਇਸ ਤਰ੍ਹਾਂ ਇਹ ਸਾਰੇ ਹਿੰਦੂ ਪਹਿਲਾਂ ਗੁਰਸਿਖ ਸਾਬਤ ਸੂਰਤਿ ਪਿਆਰੇ ਗੁਰੂ ਨਾਨਕ ਦੇ ਲਾਲ ਹੀ ਸਨ, ਨਹੀਂ ਅੰਮ੍ਰਿਤ ਛਕਿਆ, ਨਹੀਂ ਨਾਮ ਜਪਿਆ, ਧਰਮਰਾਜ ਨੇ ਪੰਜ ਛੇ ਜਨਮ ਦਿੱਤੇ ਇਹ ਕੁਰਹਿਤ ਕਰਦੇ ਕਰਦੇ ਇਥੇ ਤਕ ਆ ਗਏ ਕਿ ਸ਼ਰੀਕ ਹੀ ਬਣ ਗਏ, ਗੁਰੂ ਹੀ ਬਣ ਗਏ, ਸੰਤ ਬਣ ਗਏ, ਸਾਧ ਬਣ ਗਏ, ਨਾਮ ਦੀ ਦਾਤ ਦੇਣ ਲੱਗ ਪਏ, ਧਰਮਰਾਜ ਨੇ ਭੁਲਾ ਹੀ ਦਿੱਤਾ ਮੂਰਖਾ! ਤੂੰ ਅਸਲ ਗੁਰੂ ਨਾਨਕ ਦਾ ਪੁੱਤਰ ਹੈਂ, ਅੱਜ ਗੁਰੂ ਨਾਨਕ ਦੀ ਹੀ ਨਿੰਦਾ ਕਰ ਰਿਹਾ ਹੈਂ, ਇਹ ਹੈ ਸੰਸਕਾਰਾਂ ਦੀ, ਯੁੱਗ ਯੁੱਗ ਤੇ ਜਨਮਾਂ ਜਨਮਾਂ ਦੀ ਖੇਡ, ਨਿੰਦਕ ਉਹ ਵੀ ਗੁਰੂ ਨਾਨਕ ਦਾ। ਦੱਸੋ! ਕੌਣ ਮੁਆਫ਼ ਕਰੇਗਾ। ਧਰਮਰਾਜ ਬਿਠਾਇਆ ਹੀ ਇਸੇ ਕੰਮ ਨੂੰ ਹੈ। ਅੱਜ ਆਪਣਾ ਜੀਵਨ ਬਦਲ ਸਕਦਾ ਹੈਂ। ਫਿਰ ਦੁਨੀਆਂ ਦੀ ਖੇਡ ਹੀ ਇਹੀ ਹੈ, ਪਹਿਲੇ ਛੇ ਜਨਮ ਮੁਆਫ਼ ਹੀ ਕੀਤਾ ਹੈ, ਨਹੀਂ ਸਮਝਿਆ ਹੁਣ ਨਰਕਾਂ ਵਿਚ ਜਾਏਗਾ। ਤੇਰਾ ਗੁਰੂ ਇਹਨਾਂ ਨੂੰ ਰੱਬ ਦਾ ਨਾਂ ਤਾਂ ਦੇ ਨਹੀਂ ਸਕਦਾ, ਸਰਕਾਰ ਦਾ ਨਾਮ ਜ਼ਰੂਰ ਦੇ ਸਕਦਾ ਹੈ। ਵੋਟਾਂ ਪਾਉਣ ਨੂੰ ਕਹੇਗਾ।

ਬੁਤ ਪੂਜ ਪੂਜ ਕੇ ਹਿੰਦੂ ਮਰ ਗਏ (ਖ਼ਤਮ ਹੋ ਗਏ ਛੇਵਾਂ ਜਨਮ ਹੈ) ਮੁਸਲਿਮ ਸਿਰ ਨਿਵਾ ਕੇ, ਸਿਜਦਾ ਕਰ ਕਰ ਮਰ ਗਏ, ਕਵੀ ਕਵਿਤਾ ਪੜ੍ਹ ਪੜ੍ਹ ਕੇ ਮਰ ਗਏ, ਭਾਵ ਰੱਬ ਵਲੋਂ ਇਹ ਸਾਰੇ ਮਰ ਚੁੱਕੇ ਹਨ, ਕਾਪੜੀ ਫ਼ਿਰਕਾ ਹੈ, ਕੇਦਾਰੇ ਜਾਂਦਾ ਹੈ ਜਾਂਦਾ ਰਹੁ ਤੂੰ ਰੱਬ ਵਲੋਂ ਮਰ ਚੁੱਕਾ ਹੈਂ। ਜਟਾਂ ਰੱਖੀਂ ਬੈਠਾ ਹੈ ਜੋਗੀ, ਰੱਬ ਵਲੋਂ ਮਰ ਚੁਕਾ ਹੈ, ਇਹ ਸਾਰੇ ਰੱਬਾ ਤੇਰੇ ਬਾਰੇ ਨਹੀਂ ਜਾਣ ਸਕਦੇ, ਹੁਣ ਤੈਨੂੰ ਨਹੀਂ ਪਾ ਸਕਦੇ। ਰਾਜੇ ਅਮੀਰ ਪੈਸਾ ਜਮ੍ਹਾ ਕਰਾ ਕਰਾ ਕੇ ਮਰ ਗਏ, ਮਾਇਆ ਨਾਲ ਹੀ ਪਿਆਰ ਹੈ। ਸੋਨਾ ਵੀ ਜਮ੍ਹਾ ਕਰੀ ਜਾਂਦੇ ਹਨ, ਬੇਦ ਪੜ੍ਹ ਪੜ੍ਹ ਕੇ ਪੰਡਿਤ ਵੀ ਮਰ ਗਏ, ਰੱਬ ਨੇ ਆਪਣੇ ਵਲੋਂ ਮਾਰ ਦਿੱਤੇ, ਔਰਤਾਂ ਦਾ ਰੂਪ ਦੇਖੀ ਜਾਂਦੇ ਹਨ, ਕਾਮੀ ਹਨ, ਔਰਤਾਂ ਭੋਗਦੇ ਹਨ ਇਹ ਵੀ ਮਾਰ ਦਿੱਤੇ ਹਨ, ਦੇਹਧਾਰੀ ਗੁਰੂ ਤੂੰ ਨਾਮ ਦੇ ਰਿਹਾ ਹੈਂ। ਇਥੋਂ ਪਤਾ ਲਗਦਾ ਹੈ ਕਿ ਤੈਨੂੰ ਬਿਲਕੁਲ ਅਕਲ ਨਹੀਂ ਹੈ, ਤੂੰ ਅੰਨ੍ਹਾ ਤੇ ਝੂਠਾ ਹੈਂ ਸਿਰਫ਼ ਸਤਿਕਾਰ ਦਾ ਹੀ ਭੁੱਖਾ ਹੈਂ।

**ਰਾਮ ਨਾਮ ਬਿਨੁ ਸਭੈ ਬਿਗੂਤੇ, ਦੇਖਹੁ ਨਿਰਖਿ ਸਰੀਰਾ॥**
**ਹਰਿ ਕੇ ਨਾਮ ਬਿਨੁ ਕਿਨਿ ਗਤਿ ਪਾਈ, ਕਹਿ ਊਪਦੇਸੁ ਕਬੀਰਾ ॥੪॥੧॥**

*(ਪੰਨਾ ੬੫੪)*

ਆਪਣੇ ਆਪਣੇ ਅੰਦਰ ਝਾਤ ਮਾਰ ਕੇ ਦੇਖੋ, ਵਾਹਿਗੁਰੂ ਨਾਮ ਸਿਮਰਨ ਤੋਂ ਬਿਨਾਂ ਸਭ ਜੀਵ ਖ਼ੁਆਰ ਹੋ ਰਹੇ ਹਨ। ਕਬੀਰ ਸਿੱਖਿਆ ਦੀ ਗੱਲ ਆਖਦਾ ਹੈ ਕਿ ਵਾਹਿਗੁਰੂ ਤੋਂ ਬਿਨਾਂ (ਅੰਮ੍ਰਿਤ ਛਕਣ ਤੋਂ ਬਿਨਾਂ, ਬਾਣੀ ਵਿਚਾਰਣ ਤੋਂ ਬਿਨਾਂ) ਕਿਸੇ ਜੀਵ ਨੂੰ ਜੀਵਨ ਦੀ ਇਨਸਾਨੀਅਤ ਦੀ ਸਹੀ ਸੂਝ ਨਹੀਂ ਪੈ ਸਕਦੀ।

**ਅੰਧੇ ਜੀਵਨਾ ਵੀਚਾਰਿ ਦੇਖਿ ਕੇਤੇ ਕੇ ਦਿਨਾ ॥੧॥ਰਹਾਉ॥.....**
**ਜਮ ਦੁਆਰਿ ਜਾ ਪਕੜਿ ਚਲਾਇਆ ਤਾ ਚਲਦਾ ਪਛੁਤਾਨਾ ॥੪॥**

*(ਪੰਨਾ ੬੬੦)*

ਅੰਨ੍ਹਿਆ! ਮੂਰਖਾ! ਆਪਣੇ ਜੀਵਨ ਵਲ ਝਾਤੀ ਮਾਰ, ਇਹ ਸਰੀਰ ਕਿੰਨੇ ਕੁ ਦਿਨ ਹੋਰ ਜੀਏਗਾ, ਕੱਲ ਦਾ ਭਰੋਸਾ ਨਹੀਂ, ਸਤਿਗੁਰੂ ਸਦੀਵੀ ਹੁੰਦਾ ਹੈ। ਸਤਿਗੁਰੂ ਸਾਨੂੰ ਜੀਵਨ ਬਖ਼ਸ਼ਦਾ ਹੈ, ਤੂੰ ਆਪ ਹੀ ਸਤਿਗੁਰੂ ਬਣ ਗਿਆ ਹੈਂ। ਜਦੋਂ ਜਮ ਦੁਆਰ ਜਮ ਨੇ ਫੜ ਕੇ ਖਿਚਿਆ ਤਾਂ ਤੁਰਨ ਲੱਗਾ ਪਛਤਾਏਂਗਾ, ਅਜੇ ਵੀ ਸਮਝ।

**ਕਾਦੀ ਕੂੜੁ ਬੋਲਿ ਮਲੁ ਖਾਇ॥**
**ਬ੍ਰਾਹਮਣੁ ਨਾਵੈ ਜੀਆ ਘਾਇ॥**

**ਜੋਗੀ ਜੁਗਤਿ ਨ ਜਾਣੈ ਅੰਧੁ ॥**
**ਤੀਨੇ ਓਜਾੜੇ ਕਾ ਬੰਧੁ ॥੨॥** (ਪੰਨਾ ੬੬੨)

ਕਾਜ਼ੀ ਝੂਠ ਬੋਲਦਾ ਹੈ, ਗੂੰਹ ਖਾਂਦਾ ਹੈ। ਬ੍ਰਾਹਮਣ ਤੀਰਥ ਨਹਾਉਂਦਾ ਹੈ, ਬੰਦੇ ਦੀ ਜੀਵਾਤਮਾ ਦਾ ਕਾਤਲ ਹੈ। (ਤੇਰੇ ਤਰ੍ਹਾਂ ਗੁਰੂ ਬਣਿਆ ਹੋਇਆ ਹੈ) ਜੋਗੀ ਨੂੰ ਜੀਉਣ ਦੀ ਜੁਗਤ ਨਹੀਂ, ਅੰਨ੍ਹਾ ਹੈ ਰਾਹ ਹੀ ਨਹੀਂ ਦਿੱਸ ਰਿਹਾ। ਇਹ ਤਿੰਨੇ ਤੇਰੇ ਤਰ੍ਹਾਂ ਦੇਹਧਾਰੀ ਗੁਰੂ ਉਜਾੜੇ ਦਾ ਮੂਲ ਹਨ, ਸਾਰੀ ਦੁਨੀਆਂ ਨੂੰ ਗੁਮਰਾਹ ਕਰ ਸਕਦੇ, ਸਿੱਧੇ ਰਸਤੇ ਨਹੀਂ ਪਾ ਸਕਦੇ, ਰੱਬ ਦਾ ਇਹਨਾਂ ਨੂੰ ਗਿਆਨ ਹੀ ਨਹੀਂ, ਸੁਰਤੀ ਕਿਵੇਂ ਲਾਉਣਗੇ ? ਕਿਸ ਦੇ ਨਾਲ ਲਾਉਣਗੇ ?

**ਕਾਲੁ ਨਾਹੀ ਜੋਗੁ ਨਾਹੀ, ਨਾਹੀ ਸਤ ਕਾ ਢਬੁ ॥**
**ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ ॥੧॥**
(ਪੰਨਾ ੬੬੨)

ਦੇਹਧਾਰੀ ਸਤਿਗੁਰੂ ਜੀ ਮਹਾਰਾਜ! ਰੱਬ ਦੇ ਮਿਲਾਪ ਦਾ ਇਹ ਸਮਾਂ ਨਹੀਂ ਜੋ ਤੂੰ ਕਹਿ ਰਿਹਾ ਹੈਂ ਨਾ ਹੀ ਜੀਉਣ ਦਾ ਸਹੀ ਢੰਗ ਹੈ। ਚੰਗੇ ਪਵਿੱਤਰ ਹਿਰਦੇ ਤੂੰ ਭਰਿਸ਼ਟ ਕਰੀ ਜਾ ਰਿਹੈਂ, ਬ੍ਰਾਹਮਣ ਵੀ ਕਰੀ ਜਾ ਰਿਹੈ, ਤੂੰ ਵੀ ਕਰੀ ਜਾ ਰਿਹੈਂ। ਤੂੰ ਕਦੀ ਸੋਚਦਾ ਤਾਂ ਹੋਏਂਗਾ, ਮੈਂ ਕੀ ਕਰ ਰਿਹਾ ਹਾਂ ? ਮੈਂ ਗੁਰੂ ਨਹੀਂ, ਨਾਮ ਦੇਈ ਜਾ ਰਿਹਾ ਹਾਂ, ਦੁਨੀਆਂ ਦਾ ਕਤਲ ਕਰੀ ਜਾ ਰਿਹਾ ਹਾਂ, ਗੁਮਰਾਹ ਕਰੀ ਜਾ ਰਿਹਾ ਹਾਂ, ਕਦੀ ਅੰਦਰ ਖ਼ਿਆਲ ਤਾਂ ਆਉਂਦਾ ਹੀ ਹੋਵੇਗਾ, ਫਿਰ ਰੋਂਦਾ ਹੋਵੇਂਗਾ, ਤੇਰਾ ਕੀ ਬਣੇਗਾ, ਧਰਮਰਾਜ ਨੇ ਚਟਨੀ ਬਣਾ ਕੇ ਨਹੀਂ ਖਾਣੀ, ਯਾਦ ਰੱਖੀਂ, ਮਿਲਾਂਗੀ ਜ਼ਰੂਰ।

**ਬਿਨੁ ਸਤਿਗੁਰ ਸਭ ਮੁਈ ਬਿਲਲਾਇ ॥**
**ਅਨਦਿਨੁ ਦਾਝਹਿ ਸਾਤਿ ਨਾ ਪਾਇ ॥** (ਪੰਨਾ ੬੬੪)

ਗੁਰੂ ਨਾਨਕ ਤੋਂ ਬਗ਼ੈਰ ਸਾਰੀ ਸ੍ਰਿਸ਼ਟੀ ਵਿਲਕ ਵਿਲਕ ਕੇ ਮਰ ਰਹੀ ਹੈ। ਰੋਜ਼ ਸੜ ਰਹੀ ਹੈ, ਸ਼ਾਂਤੀ ਨਹੀਂ ਮਿਲਦੀ।

**ਹਰਿ ਕੇ ਸੰਤ, ਜਪਹੁ ਹਰਿ ਜਪਣਾ ਹਰਿ ਸੰਤੁ ਚਲੈ ਹਰਿ ਨਾਲੀ ॥**
**ਜਿਨ ਹਰਿ ਜਪਿਆ ਸੇ ਹਰਿ ਹੋਏ..... ॥** (ਪੰਨਾ ੬੬੭)

ਵਾਹਿਗੁਰੂ ਦੇ ਪੁੱਤਰੋ! ਵਾਹਿਗੁਰੂ ਦੇ ਸਿਮਰਨ ਦਾ ਜਾਪ ਕਰਿਆ ਕਰੋ, ਵਾਹਿਗੁਰੂ ਦਾ ਸੰਤ ਗੁਰੂ ਨਾਨਕ, ਤੁਹਾਡੇ ਨਾਲ ਸਚਖੰਡਿ ਤਕ ਜਾਏਗਾ, ਜਿਹੜੇ ਵਾਹਿਗੁਰੂ ਜਪਣਗੇ ਉਹ ਵਾਹਿਗੁਰੂ ਹੀ ਹੋ ਜਾਣਗੇ। ਦੇਹਧਾਰੀ ਗੁਰੂ! ਤੂੰ ਵੀ ਆਪਣੇ ਚੇਲਿਆਂ ਨਾਲ ਸਚਖੰਡਿ ਤਕ ਜਾਏਂਗਾ ? ਉੱਥੇ ਤਾਂ ਗੁਰੂ ਨਾਨਕ ਦਾ

ਰਾਜ ਹੈ, ਤੈਨੂੰ ਪਤਾ ਹੈ ਸਚਖੰਡਿ ਕਿੱਥੇ ਹੈ, ਕਿਵੇਂ ਜਾਏਂਗਾ ? ਉੱਥੇ ਕੋਈ ਬੇਅੰਮ੍ਰਿਤੀਆ ਨਹੀਂ ਹੈ, ਤੈਨੂੰ ਤਾਂ ਧਰਮਰਾਜ ਨੀਝ ਲਾ ਕੇ ਦੇਖ ਰਿਹੈ।

**ਅਦ੍ਰਿਸਟੁ ਅਗੋਚਰੁ ਅਪਰੰਪਰ ਸੁਆਮੀ ਗੁਰਿ ਪੂਰੈ ਪ੍ਰਗਟ ਕਰਿ ਦੀਨੇ ॥੧॥** *(ਪੰਨਾ ੬੬੮)*

ਰੱਬ ਦਿੱਸਦਾ ਨਹੀਂ, ਤੈਨੂੰ ਕਿਵੇਂ ਦਿੱਸ ਪਿਆ, ਸਮਝਾ ਤਾਂ ਸਹੀ। ਗਿਆਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ ਤੇਰੀ ਪਹੁੰਚ ਵਿਚ ਕਿਵੇਂ ਆ ਗਿਆ। ਮਾਲਕ ਪਰੇ ਤੋਂ ਪਰੇ ਹੈ, ਤੂੰ ਪਰੇ ਕਿਵੇਂ ਪਹੁੰਚੇਂਗਾ। ਸਿਰਫ਼ ਗੁਰੂ ਨਾਨਕ ਹੀ ਪ੍ਰਗਟ ਕਰ ਸਕਦਾ ਹੈ ਕਿਉਂਕਿ ਵਾਹਿਗੁਰੂ ਦੁਨੀਆਂ ਨੂੰ ਸਮਝਾਉਣ ਲਈ ਆਪ ਹੀ ਗੁਰੂ ਨਾਨਕ ਬਣਿਆ ਤੇ ਸਾਰੀ ਬਾਣੀ ਲਿਖ ਦਿੱਤੀ, ਤੂੰ ਇਕ ਲਾਈਨ ਵੀ ਲਿਖੀ ਹੈ, ਦੱਸ ਤਾਂ ਸਹੀ।

**ਸੋ ਗੁਰੁ ਕਰਉ ਜਿ ਸਾਚੁ ਦ੍ਰਿੜਾਵੈ ॥**
**ਅਕਥੁ ਕਥਾਵੈ ਸਬਦਿ ਮਿਲਾਵੈ ॥** *(ਪੰਨਾ ੬੮੬)*

ਉਹ ਗੁਰੂ ਧਾਰਨ ਕਰੋ ਜੋ ਰੱਬ ਦਾ ਨਾਂ ਪੱਕਾ ਕਰੇ, ਉਸ ਦੀਆਂ ਸੂਖਸ਼ਮ ਗੱਲਾਂ ਕਰੇ, ਸਚਖੰਡਿ ਦੀਆਂ ਗੱਲਾਂ ਕਰੇ ਤੇ ਸਿਮਰਨ ਨਾਲ ਮਿਲਾ ਦੇਵੇ। ਜੇ ਕੋਈ ਵੀ ਵਾਹਿਗੁਰੂ ਸਿਮਰਨ ਤੋਂ ਬਗ਼ੈਰ ਮਿਲਾ ਸਕਦਾ ਹੈ, ਅੰਮ੍ਰਿਤ ਛਕਣ ਤੋਂ ਬਗ਼ੈਰ ਮਿਲਾ ਸਕਦਾ ਹੈ, ਰਹਿਤ ਰੱਖਣ ਤੋਂ ਬਗ਼ੈਰ ਮਿਲਾ ਸਕਦਾ ਹੈ, ਫਿਰ ਤੱਤੀ ਤਵੀ ਤੇ ਬੈਠਣ ਦੀ ਕੀ ਲੋੜ ਸੀ ? ਸੀਸ ਗੰਜ, ਸਿਰ ਕਿਉਂ ਕਟਵਾ ਦਿੱਤਾ ? ਔਰੰਗਜ਼ੇਬ ਤਾਂ ਕਹਿੰਦਾ ਸੀ, ਮਿੰਨਤਾਂ ਕਰਦਾ ਸੀ, ਰਾਜ ਭਾਗ ਵੀ ਮਿਲਦਾ ਸੀ, ਬੱਚੇ ਸ਼ਹੀਦ ਕਰਵਾ ਦਿੱਤੇ, ਨੀਹਾਂ ਵਿਚ ਚਿਣਵਾ ਦਿੱਤੇ, ਖੋਪਰੀ ਉਤਰਾ ਦਿੱਤੀ, ਕਿੰਨੀਆਂ ਸ਼ਹੀਦੀਆਂ ਹੋਈਆਂ, ਗਿਣਤੀ ਨਹੀਂ। ਅੱਜ ਵੀ ਤਕਲੀਫ਼ ਹੀ ਤਕਲੀਫ਼ ਹੈ, ਜੇਲ੍ਹਾਂ ਵਿਚ ਸੜ ਰਹੇ ਹਾਂ, ਕੋਈ ਜ਼ਮਾਨਤ ਨਹੀਂ, ਕੋਈ ਸੁਣਵਾਈ ਨਹੀਂ, ਰੱਬ ਹੀ ਪਾਉਣਾ, ਹਿੰਦੂ ਹੀ ਬਣ ਜਾਂਦੇ ਹਾਂ, ਇਹਨਾਂ ਵਿਚ ਮਿਲ ਗੋਭਾ ਹੋ ਜਾਂਦੇ ਹਨ ਪਰ ਇਕ ਬੰਦਾ ਤਾਂ ਦਿਖਾਓ ਸਚਖੰਡਿ ਪਹੁੰਚਣਾ ਤਾਂ ਕਿਤੇ ਰਿਹਾ, ਰੱਬ ਨੂੰ ਜਾਣਦਾ ਹੀ ਹੋਵੇ, ਗਿਆਨ ਹੀ ਹੋਵੇ, ਛੱਡੋ ਧਿਆਨ ਨੂੰ, ਪੂਰਾ ਗਿਆਨੀ ਹੋਵੇ, ਰੱਬ ਬਾਰੇ ਪੂਰਾ ਗਿਆਨ ਹੋਵੇ, ਅਸੀਂ ਕ੍ਰਿਪਾਨ ਤੇ ਕੇਸਾਂ ਵਿਚੋਂ ਕੀ ਲੈਣਾ, ਪਰ ਇਕ ਨਹੀਂ ਅੱਧਾ ਹੀ ਮਿਲਾ ਦਿਓ, ਜੋ ਰੱਬ ਦੀ ਗੱਲ ਕਰੇ, ਹੈ ਹੀ ਕੋਈ ਨਹੀਂ। ਇਕੋ ਇਕ ਖ਼ਾਲਸਾ ਹੈ, ਜੋ ਰੱਬ ਨੂੰ ਜਾਣਦਾ ਹੈ। ਬੰਦ ਬੰਦ ਹੀ ਕੱਟੇ ਗਏ, ਸਰੀਰਾਂ ਦੇ ਸਰੀਰ ਕੱਟੇ ਗਏ, ਸਰੀਰ ਤਾਂ ਹੈ ਹੀ ਕੱਚਾ, ਖੋਪਰੀ ਉਤਰ ਗਈ, ਸਰੀਰ ਦੀ ਉਤਰੀ ਉਹ ਤਾਂ ਪਹਿਲਾਂ ਹੀ ਮਿਰਤਕ ਸੀ, ਨੀਹਾਂ ਵਿਚ ਚਿਣੇ ਗਏ, ਕੌਣ ਸਰੀਰ, ਉਹ ਤਾਂ ਸੀ ਠੀਕਰਾ,

ਸ਼ਹੀਦ ਹੋ ਗਏ ਕੌਣ, ਫਾਂਸੀ ਲੱਗ ਗਏ ਕੌਣ, ਜੇਲ੍ਹਾਂ ਵਿਚ ਸੜ ਰਹੇ ਹਨ ਕੌਣ—ਸਰੀਰ, ਇਹ ਅੱਜ ਵੀ ਹੈ ਨਹੀਂ ਕਲ ਵੀ ਹੈ ਨਹੀਂ। ਜੇ ਖੋਪਰੀ ਨ ਉਤਰਦੀ ਫਿਰ ਭਾਈ ਤਾਰੂ ਜੀ ਨੇ ਅੱਜ ਤਕ ਜੀਂਦੇ ਰਹਿਣਾ ਸੀ, ਭਾਈ ਮਨੀ ਸਿੰਘ ਜੀ ਅੱਜ ਤਕ ਜੀਂਦੇ ਰਹਿੰਦੇ। ਮਰ ਤਾਂ ਵੀ ਜਾਣਾ ਸੀ, ਨੀਹਾਂ ਵਿਚ ਨਾ ਚਿਣੇ ਜਾਂਦੇ, ਅੱਜ ਤਕ ਜੀਉਂਦੇ ਰਹਿੰਦੇ। ਸਾਡਾ ਤਾਂ ਸਰੀਰ ਹੀ ਮਰਿਆ ਸੜਿਆ ਬੰਦ ਬੰਦ ਕਟਿਆ, ਆਰੇ ਨਾਲ ਚੀਰਿਆ, ਦੇਗ ਵਿਚ ਉਬਲਿਆ, ਬੁਰਜ ਤੋਂ ਧੱਕਾ ਮਾਰ ਕੇ ਮਾਰਿਆ, ਬੱਚੇ ਸ਼ਹੀਦ ਹੋ ਗਏ, ਆ ਦਿਖਾਵਾਂ ਸਾਰੇ ਜੀਵਤ ਪਰਮਾਨੈਂਟ, ਸਦੀਵੀ ਜੀਵਤ ਗੁਰੂ ਪਾਤਿਸ਼ਾਹ ਕੋਲ ਬੈਠੇ ਸਚਖੰਡਿ, ਆ ਦਿਖਾਵਾ ਕਿੰਨੇ ਖ਼ੁਸ਼ ਆ ਦਿਖਾਵਾਂ, ਸੁਬੇਗ ਸਿੰਘ ਅਜੇ ਵੀ ਜਰਨਲ ਦੀ ਵਰਦੀ ਵਿਚ ਗੁਰੂ ਸਾਹਿਬ ਕੋਲ, ਆ ਦਿਖਾਵਾਂ ਸੁੱਖਾ ਜਿੰਦਾ, ਆ ਦਿਖਾਵਾ ਸਾਰੇ ਗੁਰੂ, ਆ ਦਿਖਾਵਾਂ ਸਾਰੇ ਸ਼ਹੀਦ ਬਾਬਾ ਦੀਪ ਸਿੰਘ ਜੀ, ਆ ਦਿਖਾਵਾਂ ਸਾਰੀਆਂ ਸਿੰਘਣੀਆਂ ਸਵਾ ਸਵਾ ਮਣ ਪੀਸਣ ਪੀਹਣ ਵਾਲੀਆਂ, ਆ ਉਹ ਸ਼ਹੀਦ ਬੱਚੇ ਦਿਖਾਵਾਂ, ਜਿਹਨਾਂ ਦੇ ਟੁਕੜੇ ਕਰ ਕੇ ਝੋਲੀ ਵਿਚ ਪੁਆ ਦਿੱਤੇ ਸੀ, ਹਾਰ ਬਣਾ ਕੇ ਗਲਾਂ ਵਿਚ ਪੁਆ ਦਿੱਤੇ ਸੀ। ਕੋਈ ਐਸਾ ਗੁਰਸਿਖ ਮਰਿਆ ਦਿਖਾ ਦੇਹ, ਜਿਸ ਨੇ ਪੰਥ ਪਿੱਛੇ ਸ਼ਹੀਦੀ ਦਿੱਤੀ, ਗੁਰੂ ਪਾਤਿਸ਼ਾਹ ਬਦਲੇ ਸ਼ਹੀਦੀ ਦਿੱਤੀ ਹੋਵੇ। ਓਏ ਮੂਰਖਾ! ਤੂੰ ਕੋਈ ਆਪਣਾ ਵੀ ਜਿੰਦਾ ਦਿਖਾ ਦੇਹ, ਆ ਮੈਂ ਸਾਰੇ ਮਰੇ ਦਿਖਾਵਾਂ, ਲੁੱਕ ਦੇ ਡਰੱਮ ਵਿਚ ਘੁੰਮਦੇ ਦਿਖਾਵਾਂ, ਮੀਰ ਮੰਨੂ ਅਜੇ ਵੀ ਲਟਕਦਾ ਦਿਖਾਵਾਂ, ਇੰਦਰਾ ਗਾਂਧੀ, ਨਹਿਰੂ, ਰਾਜੀਵ, ਸੰਜੇ ਦਿਖਾਵਾਂ, ਅੱਗ ਦੇ ਉੱਤੇ ਬੈਠੇ, ਚਮਗਿੱਦੜ ਵਾਂਗੂ ਉਲਟੇ ਲਟਕੇ, ਤੂੰ ਕੋਈ ਸਿੱਧਾ ਹੀ ਲਟਕਦਾ ਦਿਖਾ ਦੇਹ। ਜਿਹਨੇ ਅੰਮ੍ਰਿਤ ਨਹੀਂ ਛਕਿਆ, ਜਿਹਨੇ ਰਹਿਤ ਨਹੀਂ ਰੱਖੀ, ਜਿਹਨੇ ਕੁਰਹਿਤ ਨਹੀਂ ਛੱਡੀ, ਫਿਰ ਅਸੀਂ ਆਪਣਾ ਧਰਮ ਕਿਉਂ ਛਡੀਏ ੧੧੦% ਸੱਚਾ ਤੇ ਤੂੰ ੧੨੦% ਝੂਠਾ ਹੀ ਝੂਠਾ, ਨਿਰੋਲ ਮਾਇਆਧਾਰੀ, ਕਮੀਨਾ, ਈਰਖਾਲੂ, ਕਾਮੀ, ਕੁਰਹਿਤੀਆ, ਤੇਰਾ ਮੇਰਾ ਕੀ ਜੋੜ ?

ਸੁਪ੍ਰਸੰਨ ਗੋਪਾਲ ਰਾਇ ਕਾਟੈ ਰੇ ਬੰਧਨ ਮਾਇ,
ਗੁਰ ਕੈ ਸਬਦਿ ਮੇਰਾ ਮਨੁ ਰਾਤਾ॥
ਸਦਾ ਸਦਾ ਆਨੰਦੁ ਭੇਟਿਓ ਨਿਰਭੈ ਗੋਬਿੰਦੁ,
ਸੁਖ ਨਾਨਕ ਲਾਧੇ ਹਰਿ ਚਰਨ ਪਰਾਤਾ॥੪॥
ਸਫਲ ਸਫਲ ਭਈ ਸਫਲ ਜਾਤ੍ਰਾ॥
ਆਵਣ ਜਾਣ ਰਹੇ ਮਿਲੇ ਸਾਧਾ॥ (ਪੰਨਾ ੬੮੭)

ਹੇ ਮੇਰੀ ਮਾਂ! ਖ਼ੁਸ਼ੀਆਂ ਨਾਲ ਭਰਪੂਰ, ਸਦੀਵੀ ਖੇੜੇ ਵਾਲਾ ਪ੍ਰਕਾਸ਼ਮਾਨ

ਵਾਹਿਗੁਰੂ ਮਿਲ ਪਿਆ, ਮੇਰੇ ਸਾਰੇ ਮਾਇਆ ਦੇ ਬੰਧਨ ਕੱਟ ਦਿੱਤੇ, ਵਾਹਿਗੁਰੂ ਸਿਮਰਨ ਨਾਲ ਮੇਰਾ ਮਨ ਰੰਗਿਆ ਗਿਆ। ਸਦੀਵੀ, ਸਦੀਵੀ ਆਨੰਦ ਦੀ ਪ੍ਰਾਪਤੀ ਹੋ ਗਈ, ਨਿਡਰ ਵਾਹਿਗੁਰੂ ਮਿਲਿਆ, ਸਾਰੇ ਸੁੱਖ ਮਿਲ ਗਏ, ਵਾਹਿਗੁਰੂ ਦੇ ਸ਼ਬਦ ਨਾਲ, ਅੰਮ੍ਰਿਤ ਛਕ ਕੇ ਜਦੋਂ ਸੁਰਤੀ ਲਾਈ। ਸਾਡੀ ਜੀਵਨ ਯਾਤਰਾ ਸਫਲ ਹੋ ਗਈ, ਸਫਲ ਹੋ ਗਈ, ਆਉਣ ਜਾਣ ਦਾ ਚੱਕਰ ਹੀ ਖ਼ਤਮ ਹੋ ਗਿਆ, ਅਸੀਂ ਧਰਮਰਾਜ ਤੋਂ ਬਚ ਗਏ, ਸਿੱਧੇ ਸਚਖੰਡਿ ਗਏ ਕਿਉਂਕਿ ਸਾਨੂੰ ਗੁਰੂ, ਗੁਰੂ ਨਾਨਕ ਮਿਲ ਗਿਆ। ਤੁਹਾਡੇ ਸਾਰਿਆਂ ਵਿਚੋਂ ਇਕ ਵੀ ਸਚਖੰਡਿ ਗਿਆ ਹੋਵੇ, ਯਾਤਰਾ ਸਫਲ ਹੋਈ ਹੋਵੇ, ਆਵਣ ਜਾਣ ਮੁੱਕ ਗਿਆ ਹੋਵੇ। ਧਰਮਰਾਜ ਕੋਲ ਨਾ ਗਿਆ ਹੋਵੇ, ਤੁਹਾਨੂੰ ਕੋਈ ਸਿੱਧਾ ਗੁਰੂ ਮਿਲਿਆ ਹੋਵੇ, ਇਕ ਤਾਂ ਦਿਖਾ ਦਿਓ।

**ਸਿਰਿ ਲਗਾ ਜਮ ਡੰਡੁ ਤਾ ਪਛੁਤਾਨਿਆ ॥**
**ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ ॥੯॥** *(ਪੰਨਾ ੭੦੮)*

ਜਿਹਨੇ ਵੀ ਅੰਮ੍ਰਿਤ ਨਹੀਂ ਛਕਿਆ, ਸਾਰਿਆਂ ਦੇ ਸਿਰ ਤੇ ਜਮ ਦਾ ਡੰਡ ਲਗਣਾ ਹੀ ਲਗਣਾ। ਕਿਉਂਕਿ ਗੁਰੂ ਨਾਨਕ ਤੋਂ ਅੰਮ੍ਰਿਤ ਦੀ ਦਾਤ ਲੈਣ ਤੋਂ ਬਗ਼ੈਰ, ਵਾਹਿਗੁਰੂ ਸਿਮਰਨ ਕਰਨ ਤੋਂ ਬਗ਼ੈਰ ਸਾਰੇ ਭੂਤਨੇ ਹਨ, ਸ਼ੈਤਾਨ ਹਨ ਸ਼ੈਤਾਨ। ਹੁਣ ਦੱਸ! ਤੇਰਾ ਗੁਰੂ ਕੀ ਹੈ ? ਉਸ ਨੇ ਕਿਹੜੀ ਦਾਤ ਲਈ ਹੈ ? ਅਸੂਲ ਹੀ ਇਕ ਹੈ, ਰੱਬ ਇਕ ਗੁਰੂ ਵੀ ਇਕ ਬਾਬਾ ਨਾਨਕ, ਇਹ ਅਸੂਲ ਟੁੱਟ ਨਹੀਂ ਸਕਦਾ। ਦੋ ਗੁਰੂ ਹੋਣਗੇ, ਰੱਬ ਵੀ ਦੋ ਹੋਣਗੇ, ਤਿੰਨ ਗੁਰੂ ਹੋਣਗੇ, ਰੱਬ ਵੀ ਤਿੰਨ ਹੋਣਗੇ, ਫਿਰ ਦੇਖੋ "ਖ਼ਾਲਸਾ ਅਕਾਲ ਪੁਰਖ ਕੀ ਫ਼ੌਜ, ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ" ਵਾਹਿਗੁਰੂ ਨੇ ਆਪ ਪੈਦਾ ਕੀਤਾ ਹੈ ਤੂੰ ਮਾਰ ਦਏਂਗਾ, ਤੈਨੂੰ ਰੱਬ ਨਾ ਮਾਰ ਦੇਵੇ, ਯਾਦ ਰੱਖੀਂ, ਖਾਲਸੇ ਨੂੰ ਓਨਾ ਚਿਰ ਸੁੱਖ ਨਹੀਂ ਮਿਲਣਾ, ਜਿੰਨਾਂ ਚਿਰ ਆਪਣਾ ਰਾਜ ਨਹੀਂ ਆਉਂਦਾ।

**ਨਦਰਿ ਕਰੇ ਤਾ ਸਤਿਗੁਰੁ ਪਾਵੈ ॥** *(ਪੰਨਾ ੭੩੩)*

ਖੋਜ ਕਰਕੇ ਅਗਰ ਇਸ ਗੱਲ ਦਾ ਨਿਸਤਾਰਾ ਹੋ ਜਾਏ, ਸਾਰਿਆਂ ਸਾਹਮਣੇ ਹੋ ਜਾਏ, ਫਿਰ ਸਾਰੇ ਮੰਨ ਲੈਣ, ਜੇ ਵਾਹਿਗੁਰੂ ਮੇਹਰ ਕਰੇ ਤਾਂ ਕਿਹੜਾ ਸਤਿਗੁਰੂ ਮਿਲਦਾ ਹੈ, ਰਾਧਾ ਸੁਆਮੀ ਸਤਿਗੁਰੂ ਜੀ ਮਹਾਰਾਜ, ਕਸ਼ਮੀਰਾ ਸਿੰਘ ਜੀ ਠਾਣੇਦਾਰ। ਅਸ਼ੂਤੋਸ਼ ਨੂਰ ਮਹਿਲੀਆ, ਨਿਰੰਕਾਰੀ ਹਰਦੇਵ ਸਿੰਘ ਨਿਰਾ ਸਰਕਾਰੀ ਬੁੱਤ, ਸਤਿਕਰਤਾਰੀਆ, ਸਤਿਨਾਮੀਆ, ਸਿਰਸੇ ਵਾਲਾ ਗੁਰਮੀਤ, ਰਾਮ ਰਹੀਮ ਸਿੰਘ ਇਸਾਈ ਨਹੀਂ ਵਿਚ ਪਾਇਆ ਗੁਰਮੀਤ ਰਾਮ ਰਹੀਮ ਇਸਾਈ ਸਿੰਘ ਫਿਰ ਜੈਨੀ ਬੋਧੀ ਰਹਿ ਜਾਣੇ ਹਨ, ਫਿਰ ਜੋਗੀ ਸੰਨਿਆਸੀ ਰਹਿ

ਜਾਂਦੇ ਹਨ। ਕੂਕੇ ਨਾਮਧਾਰੀਏ, ਬਾਬਾ ਰਾਮ ਸਿੰਘ ਜੀ ਕਿਤੇ ਗੁਆਚ ਗਏ, ਹੁਣ ਜਗਜੀਤ ਸਿੰਘ ਜੀ, ਸਾਈ ਬਾਬਾ ਰਜਨੀਸ਼ ਵਿਚਾਰਾ ਮਰ ਗਿਆ, ਹੁਣ ਜੇ ਰੱਬ ਦੀ ਨਦਰਿ ਹੋ ਜਾਏ ਤਾਂ ਕਿਹੜਾ ਰਜਨੀਸ਼ ਮਿਲੇਗਾ ? ਹੋਰ ਕਈ ਜਿਹਨਾਂ ਦਾ ਮੈਨੂੰ ਨਾਂ ਨਹੀਂ ਆਉਂਦਾ। ਹੇ ਵਾਹਿਗੁਰੂ! ਹੇ ਰਾਮ! ਹੇ ਰਹੀਮ। ਹੇ ਅੱਲਾ! ਹੇ God ! ਜੇ ਤੂੰ ਅੱਜ ਮੇਹਰ ਕਰੇ ਤਾਂ ਕਿਹੜੇ ਗੁਰੂ ਨੂੰ ਮਿਲਾਉਂਦਾ ਹੈ, ਇਹਨਾਂ ਸਾਰੇ ਗੁਰੂਆਂ ਦੇ ਆਪਸ ਵਿਚ ਅਸੂਲ ਨਹੀਂ ਮਿਲਦੇ, ਇਹਨਾਂ ਦੇ ਰੱਬ ਵੀ ਵੱਖਰੇ ਵੱਖਰੇ ਹੀ ਹੋਣਗੇ, ਨਾਮਧਾਰੀਆਂ ਵਿਚ ਹਿੰਦੂ ਕੋਈ ਨਹੀਂ, ਉਹਨਾਂ ਦਾ ਰੱਬ ਸਰਦਾਰ ਹੋਏਗਾ, ਰਾਧਾ ਸੁਆਮੀ ਪਹਿਲਾਂ ਦਾਹੜੀ ਕਟਦਾ ਸੀ, ਹੁਣ ਰੱਖ ਲਈ ਹੈ, ਉਸ ਦਾ ਰੱਬ ਦਾਹੜੀ ਕੱਟਦਾ ਹੋਣੈ। ਰਜਨੀਸ਼ ਦਾ ਕੋਈ ਹਿੰਦੂ ਹੋਣਾ, ਸਾਈਂ ਬਾਬੇ ਦੇ ਰੱਬ ਨੇ ਸੁਆਹ ਹੀ ਮੱਲੀ ਹੋਣੀ ਹੈ, ਕਿਉਂਕਿ ਉਹ ਸੁਆਹ ਦੀ ਪੁੜੀ ਦੇਂਦਾ ਹੈ। ਸਤਿਨਾਮੀਏ ਦਾ ਸਤ ਨਾਮ ਕਹਿੰਦਾ ਹੋਣਾ। ਸਤਿਕਰਤਾਰੀਏ ਦਾ ਸਤਿ ਕਰਤਾਰ ਕਹਿੰਦਾ ਹੋਣਾ। ਆਪਾ ਕਿਹਨੂੰ ਮੱਥਾ ਟੇਕਣਾ ਹੈ, ਸੱਚਾ ਕੌਣ ਹੈ ? ਕਿਵੇਂ ਪਤਾ ਲੱਗੇ ? ਪਤਾ ਲੱਗ ਸਕਦਾ ਹੈ ਜਿਹੜੀ ਰੂਹ ਹੈ ਭਾਵੇਂ ਗੰਦੀ ਭਾਵੇਂ ਚੰਗੀ ਉਹਨੂੰ ਤਿੰਨਾਂ ਭਵਨਾਂ ਦੀ ਸੋਝੀ ਹੁੰਦੀ ਹੈ, ਜਿਵੇਂ ਭੂਤ, ਪ੍ਰੇਤ, ਚੁੜੇਲ, ਜਿੰਨ ਆਦਿਕ ਦੂਸਰੀਆਂ ਕੁਛ ਦੇਵ ਰੂਹਾਂ ਹਨ, ਦੇਵੀ ਦੇਵਤੇ ਸ਼ਿਵ ਜੀ, ਬ੍ਰਹਮਾ, ਵਿਸ਼ਨੂੰ ਇੰਦਰ ਵੈਸ਼ਨੋ ਦੇਵੀ, ਗਣੇਸ਼, ਸ਼ੇਰਾਂ ਵਾਲੀ, ਦੁਰਗਾ, ਮਹਾਂ ਕਾਲੀ, ਰਾਮ, ਕ੍ਰਿਸ਼ਨ ਇਹ ਦੇਵ ਰੂਹਾਂ ਹਨ, ਇਹਨਾਂ ਚੋਂ ਕਿਸੇ ਇਕ ਨੂੰ ਪੁੱਛ ਲਓ। ਮੇਰੇ ਤੇ ਵਿਸ਼ਵਾਸ ਨਾ ਕਰੋ ਮੇਰੇ ਤੇ ਗੁਰੂ ਨਾਨਕ ਦੇ ਕੂਕਰ ਦੀ ਮੋਹਰ ਲੱਗ ਗਈ ਹੈ, ਮੈਂ ਬਾਬੇ ਨਾਨਕ ਦਾ ਦਿੱਤਾ ਪਟਾ ਪਾਇਆ ਹੋਇਆ ਹੈ। ਮੈਂ ਪੂਰਾ ਵਿਸ਼ਵਾਸ ਰੱਖਦਾ ਹਾਂ, ਤੁਸੀਂ ਆਪਣੀ ਕੋਈ ਰੂਹ ਬੁਲਾ ਲਓ, ਮੈਨੂੰ ਵੀ ਬੁਲਾ ਲਓ, ਕਈ ਰੂਹਾਂ ਕੀਲੀਆਂ ਹੁੰਦੀਆਂ ਹਨ, ਉਹ ਉਹੀ ਬੋਲਦੀਆਂ ਹਨ ਜੋ ਉਸ ਦਾ ਮਾਸਟਰ ਕਹਿੰਦਾ ਹੈ। ਦੇਵੀ ਦੇਵਤਿਆਂ ਦੀ ਕਿਸੇ ਰੂਹ ਨੂੰ ਬੁਲਾਓ, ਸ਼ਿਵ ਜੀ, ਰਾਮ ਜਾਂ ਕ੍ਰਿਸ਼ਨ, ਗਣੇਸ਼, ਮੈਂ ਵੀ ਇਹਨਾਂ ਤੇ ਵਿਸ਼ਵਾਸ ਕਰਦਾ ਹਾਂ, ਹਜ਼ਰਤ ਮੁਹੰਮਦ ਸਾਹਿਬ ਨੂੰ ਬੁਲਾ ਲਓ, ਹੁਣ ਪੁੱਛੋ ਅਸਲੀਅਤ ਕੀ ਹੈ, ਹੇ ਦੇਵੋ! ਦੱਸੋ ਰੱਬ ਕੌਣ ਹੈ ? ਜਦੋਂ ਉਹ ਮੇਹਰ ਕਰਦਾ ਹੈ ਤਾਂ ਕਿਹੜਾ ਸਤਿਗੁਰੂ ਮਿਲਦਾ ਹੈ, ਜਿਹੜਾ ਰੱਬ ਨਾਲ ਮਿਲਾ ਦੇਂਦਾ ਹੈ। ਰੱਬ ਕਿੱਥੇ ਰਹਿੰਦਾ ਹੈ ? ਉੱਥੇ ਕੌਣ ਪਹੁੰਚਾ ਸਕਦਾ ਹੈ ? ਕੌਣ ਹੈ ਅਸਲੀ ਮਾਲਕ ? ਕੌਣ ਹੈ ਅਸਲੀ ਪਾਲਕ ? ਕੌਣ ਹੈ ਅਸਲੀ ਕਰਤਾ ? ਕੌਣ ਹੈ ਅਸਲੀ ਕਰਣਹਾਰ ? ਇਕੋ ਹੀ ਹੈ ਜਾਂ ਦੋ ਵੀ ਹੋ ਸਕਦੇ ਹਨ, ਇਹ ਸਿਖੜੇ ਅੰਮ੍ਰਿਤ ਛਕੀ ਫਿਰਦੇ ਹਨ। ਇਹ ਕੀ ਹੈ ? ਗੁਰੂ ਨਾਨਕ ਕੌਣ ਹੈ ? ਸਚਖੰਡਿ ਕੀ ਹੈ ? ਉੱਥੇ ਕਿਸਦਾ ਰਾਜ ਹੈ ? ਅੱਜ ਕੌਣ ਤਾਰ ਸਕਦਾ ਹੈ ? ਬਾਕੀ ਸਾਰੇ ਕੌਣ ਹਨ ? ਜੇ ਸ਼ਿਵਜੀ, ਬ੍ਰਹਮਾ, ਰਾਮ ਕ੍ਰਿਸ਼ਨ ਨੇ ਇਹ ਗੱਲ ਕਹਿ ਦਿੱਤੀ ਕਿ ਸਿਰਫ਼ ਤੇ

ਸਿਰਫ਼ ਗੁਰੂ ਨਾਨਕ ਹੀ ਮਾਲਕ ਹੈ। Rest all are real Bastards—ਤੇਰੇ ਕੋਲ ਕੀ ਜੁਆਬ ਹੈ ? ਤੂੰ ਸੋਚ, ਹੁਣ ਪੁੱਛ ਕੇ ਦੇਖ, ਪੁੱਛ ਲੈ, ਬੁਲਾ ਕਿਸੇ ਰੂਹ ਨੂੰ, ਬੁਲਾ ਤੇ ਗੱਲ ਕਰ, ਜੋ ਮੈਂ ਲਿਖੀ ਹੈ। I will be thankful to you—ਇਹ ਮਨੁੱਖਾ ਜਨਮ ਬਹੁਤ ਅਮੁੱਲਾ ਹੈ ਅਜਾਈਂ ਨਾ ਗੁਆ (ਹਾਂ Jesus ਤੋਂ ਪੁੱਛ ਲੈ) ਆ ਜਾ ਰੱਬ ਗੁਰੂ ਨਾਨਕ ਦੀ ਸਰਨ, ਅੰਮ੍ਰਿਤ ਛਕ ਲੈ, ਵਾਹਿਗੁਰੂ ਨਾਮ ਜਪ, ਖ਼ਾਲਸਾ ਬਣ ਜਾਹ, ਇਹੀ ਅਸਲੀ ਅਕਾਲ ਪੁਰਖ ਦੀ ਫ਼ੌਜ ਹੈ। ਐਵੇਂ ਖ਼ਾਹਮਖ਼ਾਹ ਨਰਕਾਂ ਵਿਚ ਜਾਏਂਗਾ, ਧਰਮਰਾਜ ਦਾ ਨਾਂ ਹੀ ਭੈੜਾ ਹੈ, ਆ ਜਾ ਵਾਪਸ ਮੁੜ ਆਹ, ਅੰਮ੍ਰਿਤ ਛਕ ਲੈ।

**ਸੋ ਸਤਿਗੁਰੂ ਸਾ ਸੇਵਾ ਸਤਿਗੁਰ ਕੀ ਸਫਲ ਹੈ ਜਿਸ ਤੇ ਪਾਈਐ ਪਰਮ ਨਿਧਾਨੁ ॥**
**ਜੋ ਦੂਜੈ ਭਾਇ ਸਾਕਤ ਕਾਮਨਾ ਅਰਥਿ ਦੁਰਗੰਧ ਸਰੇਵਦੇ ਸੋ ਨਿਹਫਲ ਸਭੁ ਅਗਿਆਨੁ ॥੨॥.....**
**ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ ॥੩॥** *(ਪੰਨਾ ੭੩੪)*

ਉਹ ਸਤਿਗੁਰੂ, ਉਹ ਸੇਵਾ ਭਗਤੀ ਸਤਿਗੁਰੂ ਦੀ ਸਫਲ ਹੈ ਜਿਸ ਤੇ ਸਭ ਤੋਂ ਉੱਚਾ ਖ਼ਜ਼ਾਨਾ ਰੱਬ ਮਿਲਦਾ ਹੈ। ਜਿਹੜੇ ਦੂਜੇ ਗੁਰੂ ਨਾਨਕ ਦੀ ਰੀਸੇ ਮਾਇਆ ਦੇ ਪ੍ਰੇਮ ਸਾਕਤ, ਅੰਦਰ ਮਾਇਆ ਖ਼ਾਤਰ, ਦੇਹਧਾਰੀ ਦੁਰਗੰਧ Bag of Dirt ਨੂੰ ਸਿਮਰਦੇ ਹਨ, ਸਭ ਵਿਅਰਥ ਅਗਿਆਨੀ ਹਨ। ਅੰਨ੍ਹੇਰਾ ਹੀ ਅੰਨ੍ਹੇਰਾ ਹੈ। ਅੱਖਾਂ ਮੀਟ ਕੇ ਸੁਰਤੀ ਲਾਈਦੀ ਹੈ, ਪਰ ਜੋ ਯਕੀਨ ਤੋਂ ਬਗ਼ੈਰ ਪਾਖੰਡੀ, ਝੂਠੀ ਝੂਠੀ ਅੱਖਾਂ ਮੀਟਦੇ ਹਨ, ਧਰਮਰਾਜ ਉਹਨਾਂ ਦਾ ਇਹ ਝੂਠ ਉਤਾਰ ਦਏਗਾ।

**ਸਭੁ ਮੋਹੁ ਮਾਇਆ ਸਰੀਰੁ ਹਰਿ ਕੀਆ ਵਿਚਿ ਦੇਹੀ ਮਾਨੁਖ ਭਗਤਿ ਕਰਾਈ ॥**
**ਇਕਨਾ ਸਤਿਗੁਰੁ ਮੇਲਿ ਸੁਖੁ ਦੇਵਹਿ ਇਕਿ ਮਨਮੁਖਿ ਧੰਧੁ ਪਿਟਾਈ ॥੨॥**
*(ਪੰਨਾ ੭੩੫)*

ਇਹ ਸਰੀਰ ਸਾਰਾ ਮੋਹ ਨਾਲ ਮਾਇਆ ਨਾਲ ਭਰਿਆ ਹੋਇਆ ਹੈ, (ਤੂੰ ਗੁਰੂ ਬਣੀ ਬੈਠਾ ਹੈਂ) ਇਹ ਰੱਬ ਨੇ ਬਣਾਇਆ, ਇਸੇ ਸਰੀਰ ਵਿਚ ਭਗਤੀ ਦੀ ਦਾਤ ਵੀ ਹੈ। ਕਈਆਂ ਨੂੰ ਗੁਰੂ ਨਾਨਕ ਮਿਲਾ ਕੇ ਅੰਮ੍ਰਿਤ ਛਕਾ ਕੇ, ਸਿਮਰਨ ਕਰਾ ਕੇ, ਸੁੱਖ ਦੇਂਦਾ ਹੈ, ਕਈਆਂ ਨੂੰ ਅੰਮ੍ਰਿਤ ਦੀ ਦਾਤ ਹੀ ਨਹੀਂ ਦੇਂਦਾ, ਵਾਹਿਗੁਰੂ ਨਾਮ ਦੀ ਦਾਤ ਹੀ ਨਹੀਂ ਦੇਂਦਾ, ਉਹ ਮਨਮੁਖ ਹਰ ਵੇਲੇ ਧੰਦੇ ਵਿਉਪਾਰ ਹੀ ਪਿਟਦੇ ਰਹਿੰਦੇ ਹਨ।

ਸੂਖ ਮਹਲ ਜਾ ਕੇ ਊਚ ਦੁਆਰੇ ॥
ਤਾ ਮਹਿ ਵਾਸਹਿ ਭਗਤ ਪਿਆਰੇ ॥
ਸਹਜ ਕਥਾ ਪ੍ਰਭ ਕੀ ਅਤਿ ਮੀਠੀ ॥
ਵਿਰਲੈ ਕਾਹੂ ਨੇਤ੍ਰਹੁ ਡੀਠੀ ॥੧॥ ਰਹਾਉ ॥ (ਪੰਨਾ ੭੩੯)

ਸੁੱਖਾਂ ਦਾ ਭਰਿਆ ਹੋਇਆ ਮਹਲ ਹੈ, ਸਚਖੰਡਿ ਹੈ, ਬਹੁਤ ਉੱਚਾ ਹੈ, ਤਾਰਿਆਂ ਤੋਂ ਵੀ ਉੱਚਾ, ਉੱਥੇ ਵਾਹਿਗੁਰੂ ਦੇ ਪਿਆਰੇ ਭਗਤ ਸਿਰਫ਼ ਅੰਮ੍ਰਿਤਧਾਰੀ ਗੁਰਸਿਖ ਵੱਸਦੇ ਹਨ। ਸਹਜ ਦੀ ਵਿਚਾਰ ਵਾਹਿਗੂਰੂ ਦੀ ਬਹੁਤ ਮਿੱਠੀ ਹੈ। ਜਦੋਂ ਸੁਭਾਅ ਪੂਰਨ ਤੌਰ ਤੇ ਬਦਲ ਜਾਂਦਾ ਹੈ, ਕੋਈ ਵਿਰਲੇ ਗੁਰਸਿਖ ਹਨ ਜਿਸ ਨੇ ਆਪਣੀਆਂ ਅੱਖਾਂ ਨਾਲ ਦੇਖੀ ਹੈ।

ਤਹ ਗੀਤ ਨਾਦ ਅਖਾਰੇ ਸੰਗਾ ॥
ਊਹਾ ਸੰਤ ਕਰਹਿ ਹਰਿ ਰੰਗਾ ॥
ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ ॥
ਸਾਚ ਨਾਮ ਕੀ ਅੰਮ੍ਰਿਤ ਵਰਖਾ ॥ (ਪੰਨਾ ੭੩੯)

ਉੱਥੇ ਕੀਰਤਨ ਹੋਈ ਜਾ ਰਿਹਾ ਹੈ। ਉੱਥੇ ਗੁਰਮੁਖ ਪਿਆਰੇ ਵਾਹਿਗੁਰੂ ਦੇ ਪਿਆਰ ਵਿਚ ਮਸਤ ਹਨ। ਉੱਥੇ ਮੌਤ ਨਹੀਂ, ਜਨਮ ਨਹੀਂ, ਗ਼ਮੀ ਤੇ ਖ਼ੁਸ਼ੀ ਨਹੀਂ। ਸੱਚੇ ਨਾਮ ਵਾਹਿਗਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਦੀ ਅੰਮ੍ਰਿਤ ਵਰਖਾ ਹੋ ਰਹੀ ਹੈ ਭਾਵ ਹਮੇਸ਼ਾ ਨਾਮ ਜਪਿਆ ਜਾ ਰਿਹਾ ਹੈ। ਇਹ ਖੇਡ ਕਿੱਥੇ ਹੈ।

ਗੁਹਜ ਕਥਾ ਇਹ ਗੁਰ ਤੇ ਜਾਣੀ ॥
ਨਾਨਕੁ ਬੋਲੈ ਹਰਿ ਹਰਿ ਬਾਣੀ ॥੪॥੬॥੧੨॥ (ਪੰਨਾ ੭੩੯)

ਇਹੀ ਹੈ ਛੁਪੀ ਕਹਾਣੀ, ਇਹ ਸਭ ਕੁਛ ਕਿੱਥੇ ਹੈ, ਮੈਨੂੰ ਗੁਰੂ ਨਾਨਕ ਤੋਂ ਪਤਾ ਲੱਗੀ (ਤੈਨੂੰ ਪਤਾ ਲੱਗੀ ਗੁਰੂ ਤੋਂ) ਨਾਨਕ ਆਪ ਬੋਲਦਾ ਹੈ, ਹਰਿ ਹਰਿ, ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੂਰੂ ਦੀ ਬਾਣੀ, ਬੋਲੀਂ।

ਊਚ ਤੇ ਊਚ ਤਾ ਕਾ ਦਰਬਾਰਾ ॥ (ਪੰਨਾ ੭੪੦)

ਊਚ ਤੇ ਊਚ, ਸਾਰਿਆਂ ਤੋਂ ਉੱਚੇ ਤਾਰੇ ਉਸ ਤੋਂ ਵੀ ਉੱਚਾ ਉਸ ਦਾ ਦਰਬਾਰ, ਸਚਖੰਡਿ। ਤੇਰਾ ਗੁਰੂ ਵੀ ਜਾਣਦਾ ਹੈ ਇਸ ਬਾਰੇ, ਅੰਨ੍ਹਾਂ ਕੀ ਜਾਣੈ ਬਸੰਤ ਦੀ ਬਹਾਰ।

ਕਾਚੀ ਦੇਹ ਮਾਨੁਖ ਅਭਿਮਾਨੀ ॥ (ਪੰਨਾ ੭੪੧)

**ਰਖਹਿ ਪੋਚਾਰਿ ਮਾਟੀ ਕਾ ਭਾਂਡਾ॥** (ਪੰਨਾ ੭੪੧)

ਕਾਚੀ ਦੇਹ ਮਨੁੱਖ ਅਭਿਮਾਨੀ, ਗੁਰੂ ਬਣ ਗਈ, ਮਾਟੀ ਕਾ ਭਾਂਡਾ, ਗੁਰੂ ਬਣ ਗਿਆ।

**ਗੁਰੁ ਪਰਮੇਸਰੁ ਕਰਣੈਹਾਰੁ॥**
**ਸਗਲ ਸ੍ਰਿਸਟਿ ਕਉ ਦੇ ਆਧਾਰੁ॥੧॥** (ਪੰਨਾ ੭੪੧)

ਗੁਰੂ ਨਾਨਕ ਪਰਮੇਸਰ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ, ਸਾਰੀ ਸ੍ਰਿਸ਼ਟੀ ਨੂੰ ਪਾਲ ਰਿਹਾ ਹੈ, ਆਸਰਾ ਦੇ ਰਿਹਾ ਹੈ।

**ਗਣਤੀ ਗਣੀ ਨ ਛੂਟੈ ਕਤਹੂ ਕਾਚੀ ਦੇਹ ਇਆਣੀ॥**

(ਪੰਨਾ ੭੪੮)

ਹੇ ਵਾਹਿਗੁਰੂ! ਗਿਣਤੀ ਮਿਣਤੀ ਨਾਲ ਧਰਮਰਾਜ ਤੋਂ ਨਹੀਂ ਬਚ ਸਕਦੀ, ਇਹ ਸਰੀਰ ਕੱਚਾ ਹੈ ਇਹ ਦੇਹ ਅਨਜਾਣ ਹੈ। ਇਸ ਨੂੰ ਕੋਈ ਅਕਲ ਨਹੀਂ। ਪੰਜਾਬ ਵਿਚ ਤਾਂ ਸਤਿਗੁਰੂ ਜੀ ਮਹਾਰਾਜ ਬਣੀ ਬੈਠੀ ਹੈ, ਕਾਚੀ ਦੇਹ ਇਆਣੀ।

**ਪਾਰਬ੍ਰਹਮ ਪਰਮੇਸਰ ਸਤਿਗੁਰ ਆਪੇ ਕਰਣੈਹਾਰਾ॥**

(ਪੰਨਾ ੭੪੯)

ਪਾਰਬ੍ਰਹਮ ਪਰਮੇਸਰ ਗੁਰੂ ਨਾਨਕ ਆਪ ਹੀ ਕਰਣਹਾਰਾ ਹੈ।

**ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥**

(ਪੰਨਾ ੭੫੦)

ਸਾਰੀ ਸ੍ਰਿਸ਼ਟੀ ਵਿਚ ਸਤਿਗੁਰੂ ਨਾਨਕ ਵੱਡਾ ਹੈ ਜਿਹਨੇ ਮੇਰੀ ਇੱਜ਼ਤ ਰੱਖ ਲਈ। ਬਾਣੀ ਕਹਿ ਰਹੀ ਹੈ ਸਭ ਤੋਂ ਵੱਡਾ ਹੈ ਵਾਹਿਗੁਰੂ ਵਲੋਂ ਪ੍ਰਮਾਣਿਕ ਗੁਰੂ ਹੈ ਬਾਣੀ। ਗੁਰੂ ਤੋਂ ਵੱਡਾ ਕੋਈ ਹੈ ਤਾਂ ਦਿਖਾ ਦੇਹ।

**ਚਿਟੇ ਜਿਨ ਕੇ ਕਪੜੇ ਮੈਲੇ ਚਿਤ ਕਠੋਰ ਜੀਉ॥**
**ਤਿਨ ਮੁਖਿ ਨਾਮੁ ਨ ਊਪਜੈ ਦੂਜੈ ਵਿਆਪੇ ਚੋਰ ਜੀਉ॥**
**ਮੂਲੁ ਨ ਬੂਝਹਿ ਆਪਣਾ ਸੇ ਪਸੂਆ ਸੇ ਢੋਰ ਜੀਉ॥੩॥**

(ਪੰਨਾ ੭੫੧)

ਸਰੀਰ ਦੇ ਸਮਝ ਆਉਣ ਵਾਲੀ ਗੱਲ ਹੀ ਨਹੀਂ ਹੈ, ਜਿੱਥੇ ਰੱਬ ਹੈ ਉੱਥੇ ਤਾਲਾ (ਲਾਕ) ਲੱਗਾ ਹੋਇਆ ਹੈ। ਚਾਬੀ ਸਿਰਫ਼ ਗੁਰੂ ਨਾਨਕ ਕੋਲ ਹੈ। ਚਿੱਟੇ ਕਪੜੇ ਪਾਇਆਂ ਗੁਰੂ ਨਹੀਂ ਬਣ ਜਾਈਦਾ, ਅੰਦਰਲਾ ਚਿਤ ਕਾਲਾ ਤੇ ਕਠੋਰ

ਹੈ। ਮੂੰਹੋਂ ਵਾਹਿਗੁਰੂ ਤਾਂ ਬੋਲਦੇ ਨਹੀਂ, ਮਾਇਆ ਦਾ ਚੋਰ ਅੰਦਰ ਬੈਠਾ ਹੈ। ਤੱਤ ਅਸਲੀਅਤ ਤਾਂ ਸਮਝ ਨਹੀਂ ਰਹੇ, ਉਹ ਪਸ਼ੂ ਹਨ, ਮਰੇ ਹੋਏ ਪਸ਼ੂ ਹਨ, ਤੂੰ ਆਪਣਾ ਗੁਰੂ ਬਣਾਈ ਬੈਠਾ ਹੈਂ।

**ਅਨ ਕੋ ਕੀਜੈ ਮਿਤੜਾ ਖਾਕੁ ਰਲੈ ਮਰ ਜਾਇ ਜੀਉ ॥.....**
**ਗਾਫਲ ਗਿਆਨ ਵਿਹੂਣਿਆ ਗੁਰ ਬਿਨੁ ਗਿਆਨੁ ਨ ਭਾਲਿ ਜੀਉ ॥**
*(ਪੰਨਾ ੭੫੧)*

ਸਾਰੇ ਦੇਹਧਾਰੀ ਗੁਰੂਆਂ ਨੇ ਸਰਕਾਰ ਨੂੰ ਦੋਸਤ ਬਣਾਇਆ ਹੋਇਆ, ਰੱਬ ਨੂੰ ਨਹੀਂ ਬਣਾਇਆ, ਮਿੱਟੀ ਵਿਚ ਰਲ ਕੇ ਮਰੇਗਾ, ਦੇਖੀ ਜਾਹ। ਮੂਰਖਾ! ਗਿਆਨ ਤੋਂ ਬਗ਼ੈਰ, ਗੁਰੂ ਨਾਨਕ ਤੋਂ ਬਗ਼ੈਰ ਗਿਆਨ ਕਿਤੇ ਹੋਰ ਨਾ ਲੱਭ।

**ਬਿਨੁ ਸਬਦੈ ਭੈ ਰਤਿਆ ਸਭ ਜੋਹੀ ਜਮਕਾਲਿ ਜੀਉ ॥** *(ਪੰਨਾ ੭੫੧)*
**ਪਤਿ ਪਾਏ ਦਰਬਾਰਿ ਸਤਿਗੁਰ ਸਬਦਿ ਭੈ ॥੧॥ ਰਹਾਉ ॥**
*(ਪੰਨਾ ੭੫੧)*

ਗੁਰੂ ਨਾਨਕ ਦੇ ਦਿੱਤੇ ਸ਼ਬਦ ਵਾਹਿਗੁਰੂ ਦੇ ਭੈ ਤੋਂ ਬਗ਼ੈਰ ਤੇ ਰੰਗਣ ਤੋਂ ਬਗ਼ੈਰ, ਸਾਰੇ ਜਮ ਕਾਲ ਦੇ ਨਜ਼ਰ ਹੇਠ ਹਨ। ਸਚਖੰਡਿ ਵਿਚ ਇੱਜ਼ਤ ਮਿਲਦੀ ਹੈ ਜੇ ਗੁਰੂ ਨਾਨਕ ਦੇ ਸ਼ਬਦ ਵਿਚ ਭੈ-ਭਾਵਨੀ ਰਖੀਏ ਤਾਂ। ਜਦੋਂ ਬਾਣੀ ਲਿਖੀ ਸੀ, ਤੇਰਾ ਗੁਰੂ ਜੰਮਿਆ ਵੀ ਨਹੀਂ ਸੀ। ਸਰਕਾਰ ੪੭ ਤੋਂ ਬਾਦ ਇਸ ਦੀ ਜਨਮ ਦਾਤਾ ਹੈ। ਬਾਣੀ ਆਦਿ ਹੈ। ਪਤਾ ਕਰੀਂ ਤੇਰਾ ਗੁਰੂ ਆਦਿ ਤਾਂ ਨਹੀਂ, ਅਬਿਨਾਸੀ ਹੈ, ਸਚਖੰਡਿ ਦਾ ਮਾਲਕ ਹੈ।

**ਦੇਹੀ ਹੋਵਗਿ ਖਾਕੁ ਪਵਣੁ ਉਡਾਈਐ ॥** *(ਪੰਨਾ ੭੫੨)*
**ਦੇਹੀ ਭਸਮ ਰੁਲਾਇ ਨ ਜਾਪੀ ਕਹ ਗਇਆ ॥** *(ਪੰਨਾ ੭੫੩)*

ਇਹ ਸਰੀਰ ਗੁਰੂ, ਸੁਆਹ ਬਣ ਜਾਣੀ ਹੈ ਹਵਾ ਨੇ ਉਡਾ ਕੇ ਲੈ ਜਾਣਾ ਹੈ। ਦੇਹੀ ਸੁਆਹ ਵਿਚ ਰਲ ਜਾਣੀ ਹੈ। ਪਤਾ ਨਹੀਂ ਲਗਣਾ ਕਿਥੇ ਗਈ, ਤੂੰ ਆਪਣੇ ਗੁਰੂ ਨੂੰ ਲਭਦਾ ਫਿਰੀਂ।

**ਜੀਉ ਪਿੰਡੁ ਸਭੁ ਗੁਰ ਤੇ ਉਪਜੈ ਗੁਰਮੁਖਿ ਕਾਰਜ ਸਵਾਰੇ ॥**
**ਮਨਮੁਖਿ ਅੰਧਾ ਅੰਧੁ ਕਮਾਵੈ ਬਿਖੁ ਖਟੇ ਸੰਸਾਰੇ ॥** *(ਪੰਨਾ ੭੫੩)*

ਅੰਦਰਲੀ ਜੀਵਾਤਮਾ ਤੇ ਇਹ ਸਰੀਰ ਗੁਰੂ ਨਾਨਕ ਤੋਂ ਪੈਦਾ ਹੋਇਆ, ਗੁਰੂ ਨਾਨਕ ਪਿਤਾ ਹੈ, ਉਸ ਤੋਂ ਜੰਮਿਆ। ਹਰਾਮੀਆ! ਤੂੰ ਪਿਤਾ ਕਿਸੇ ਹੋਰ

ਨੂੰ ਕਹੀ ਜਾ ਰਿਹਾ ਹੈਂ, ਪੁੱਤਰ ਗੁਰੂ ਨਾਨਕ ਦਾ, ਤੈਨੂੰ ਸ਼ਰਮ ਨਹੀਂ ਆਉਂਦੀ, ਕੁੱਤਿਆ। ਜੇ ਸਰੀਰ ਤੇ ਜੀਵਾਤਮਾ ਤੇਰੇ ਗੁਰੂ ਤੋਂ ਪੈਦਾ ਹੋਈ ਹੈ ਤਾਂ ਦੱਸ ਦੇ, ਸਾਬਤ ਕਰ ਦੇ ਉਹ ਆਦਿ ਜੁਗਾਦੀ ਹੈ। ਜੀਵਾਤਮਾ ਤੇ ਸਰੀਰ ਗੁਰੂ ਨਾਨਕ ਦਾ ਹੈ ਤੇ ਇਸ ਸਰੀਰ ਧਾਰਨ ਦਾ ਮਨੋਰਥ ਵੀ ਅੰਮ੍ਰਿਤ ਛਕ ਕੇ ਹੀ ਪੂਰਾ ਹੋਣਾ ਹੈ। ਕਿਹੜਾ ਗੁਰੂ ਅੰਮ੍ਰਿਤ ਛਕਾਉਂਦਾ ਹੈ, ਗੁਰੂ ਨਾਨਕ ਤੋਂ ਬ਼ਗੈਰ। ਜੀਵ ਭੁੱਲ ਰਿਹਾ ਹੈ, ਅਜੇ ਵੀ ਬਚ ਅੰਮ੍ਰਿਤ ਛਕ ਕੇ। ਜਿਸ ਨੇ ਅੰਮ੍ਰਿਤ ਨਹੀਂ ਛਕਿਆ, ਮਨਮੁਖ ਅੰਧਾ, ਅੰਨ੍ਹੀ ਮਾਇਆ ਹੀ ਕਮਾਈ ਜਾਂਦਾ ਹੈ, ਜ਼ਹਿਰ ਖੱਟੀ ਜਾਂਦਾ ਹੈ।

**ਜਮਕਾਲਿ ਬਾਧਾ ਤ੍ਰਿਸਨਾ ਦਾਧਾ ਬਿਨੁ ਗੁਰ ਕਵਣੁ ਛਡਾਏ॥੪॥**

(ਪੰਨਾ ੭੫੩)

ਜਮ ਦਾ ਬੰਨ੍ਹਿਆ, ਈਰਖਾ ਦਾ ਸੜਿਆ ਹੋਇਆ ਗੁਰੂ ਤੇਰਾ, ਗੁਰੂ ਨਾਨਕ ਤੋਂ ਬ਼ਗੈਰ ਕੌਣ ਛੁਡਾ ਸਕਦਾ ਹੈ। ਤੇਰਾ ਗੁਰੂ ਬੰਨ੍ਹਿਆ ਹੋਇਆ, ਉਸ ਨੂੰ ਤਾਂ ਪਹਿਲਾਂ ਛੁਡਾ ਲਓ।

**ਸਤਿਗੁਰੁ ਸੇਵੇ ਸਦਾ ਸੁਖੁ ਪਾਏ ਸਤਿਗੁਰਿ ਅਲਖੁ ਦਿਤਾ ਲਖਾਈ॥**

(ਪੰਨਾ ੭੫੪)

ਗੁਰੂ ਨਾਨਕ ਨੂੰ ਸਿਮਰੋ, ਸਦਾ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਨਾਨਕ ਨੇ ਅਦ੍ਰਿਸ਼ਟ ਪ੍ਰਭੂ ਦਿਖਾ ਦਿੱਤਾ ਹੈ।

**ਗੁਰਮੁਖਿ ਹੋਵੈ ਸੁ ਕਾਇਆ ਖੋਜੈ, ਹੋਰ ਸਭ ਭਰਮਿ ਭੁਲਾਈ॥**

(ਪੰਨਾ ੭੫੪)

ਅੰਮ੍ਰਿਤ ਪੀਵੇ, ਸਿਮਰਨ ਕਰੇ, ਸੁਰਤੀ ਲਾਵੈ, ਵਾਹਿਗੁਰੂ ਬੋਲੇ, ਨਿਰਮੋਹ ਹੋਵੇ, ਤਾਲਾ ਖੁਲ੍ਹਾਵੈ, ਤਾਂ ਪ੍ਰਕਾਸ਼ ਹੋਏਗਾ, ਬਾਕੀ ਸਾਰੀ ਸ੍ਰਿਸ਼ਟੀ ਭਟਕਣਾ ਵਿਚ ਪੈ ਕੇ ਕੁਰਾਹੇ ਪਈ ਹੋਈ ਹੈ, ਸਾਰੀ ਸ੍ਰਿਸ਼ਟੀ ਵਿਚ ਤੇਰਾ ਗੁਰੂ ਵੀ ਆ ਜਾਂਦਾ ਹੈ।

**ਪੂਰੈ ਸਤਿਗੁਰਿ ਆਪਿ ਦਿਖਾਇਆ ਸਚਿ ਨਾਮਿ ਨਿਸਤਾਰਾ॥**

(ਪੰਨਾ ੭੫੪)

ਪੂਰੈ ਗੁਰੂ, ਗੁਰੂ ਨਾਨਕ ਨੇ ਦਿਖਾ ਦਿੱਤਾ ਹੈ ਕਿ ਸਿਰਫ਼ ਸੱਚੇ ਨਾਮ ਵਾਹਿਗੁਰੂ ਨਾਲ ਹੀ ਪਾਰ ਉਤਾਰਾ ਹੋਣਾ ਹੈ।

**ਸਾ ਕਾਇਆ ਜੋ ਸਤਿਗੁਰੁ ਸੇਵੈ ਸਚੈ ਆਪਿ ਸਵਾਰੀ॥**
**ਵਿਣੁ ਨਾਵੈ ਦਰਿ ਢੋਈ ਨਾਹੀ ਤਾ ਜਮੁ ਕਰੇ ਖੁਆਰੀ॥**

(ਪੰਨਾ ੭੫੪)

ਸਰੀਰ ਗੁਰੂ ਨਾਨਕ ਤੋਂ ਮਿਲਿਆ ਹੈ, ਸਰੀਰ ਉਹੀ ਹੈ ਜੋ ਗੁਰੂ ਨਾਨਕ ਨੂੰ ਸਿਮਰਦਾ ਹੈ, ਵਾਹਿਗੁਰੂ ਆਪ ਸੰਵਾਰ ਦੇਂਦਾ ਹੈ। ਵਾਹਿਗੁਰੂ ਨਾਮ ਜਪਣ ਤੋਂ ਬਗ਼ੈਰ ਸਚਖੰਡਿ ਬਹਿਣ ਨਹੀਂ ਮਿਲਣਾ, ਜਮ ਤੈਨੂੰ ਬਹੁਤ ਖ਼ੁਆਰ ਕਰੇਗਾ। ਜਦੋਂ ਬਾਣੀ ਲਿਖੀ ਸੀ ਓਦੋਂ ਨਾ ਤੇਰਾ ਗੁਰੂ ਸੀ ਨਾ ਹੀ ਵੱਖਰਾ ਕੋਈ ਨਾਮ। ਓਦੋਂ ਤਾਂ ਵਾਹਿਗੁਰੂ ਨਾਮ ਹੀ ਜਪਿਆ ਜਾਂਦਾ ਸੀ, ਹੁਣ ਵੀ ਜਪਿਆ ਜਾਂਦਾ ਹੈ। ਜਮ ਨੇ ਖ਼ੁਆਰੀ ਤੇਰੇ ਗੁਰੂ ਦੀ ਵੀ ਕਰਨੀ ਹੈ, ਬਾਣੀ ਸਾਰਿਆਂ ਲਈ ਸਾਂਝੀ ਹੈ।

**ਗੁਰੁ ਸਰਵਰੁ ਮਾਨ ਸਰੋਵਰੁ ਹੈ ਵਡਭਾਗੀ ਪੁਰਖ ਲਹੰਨਿ੍॥**

(ਪੰਨਾ ੭੫੭)

ਗੁਰੂ ਨਾਨਕ ਅੰਮ੍ਰਿਤ ਦਾ ਸਰੋਵਰ ਹੈ, ਮਾਨਸਰੋਵਰ ਝੀਲ ਵਰਗਾ ਹੈ, ਵੱਡੇ ਭਾਗਾਂ ਵਾਲੇ ਹੀ ਇਸ਼ਨਾਨ ਕਰਨਗੇ।

**ਨਾਨਕ ਕਾ ਜੀਉ ਪਿੰਡੁ ਗੁਰੂ ਹੈ ਗੁਰ ਮਿਲਿ ਤ੍ਰਿਪਤਿ ਅਘਾਈ॥੩੧॥**

(ਪੰਨਾ ੭੫੮)

ਹੇ ਨਾਨਕ! ਇਹ ਜੀਵਾਤਮਾ ਤੇ ਸਰੀਰ ਗੁਰੂ ਦਾ ਹੀ ਹੈ ਤੇ ਗੁਰੂ ਨੂੰ ਮਿਲ ਕੇ ਹੀ ਬੰਦਾ ਤ੍ਰਿਪਤ ਹੁੰਦਾ ਹੈ ਤੇ ਰੱਜਦਾ ਹੈ।

**ਸਤਿਗੁਰੁ ਸਾਗਰੁ ਗੁਣ ਨਾਮ ਕਾ ਮੈ ਤਿਸੁ ਦੇਖਣ ਕਾ ਚਾਉ॥**

(ਪੰਨਾ ੭੫੯)

ਗੁਰੂ ਨਾਨਕ ਵਾਹਿਗੁਰੂ ਨਾਮ ਦੇ ਗੁਣਾਂ ਦਾ ਸਮੁੰਦਰ ਹੈ, ਮੈਨੂੰ ਉਸ ਦੇ ਦਰਸ਼ਨਾਂ ਦਾ ਬਹੁਤ ਚਾਅ ਹੈ।

**ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ॥**
**ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥੧੩॥**

(ਪੰਨਾ ੭੫੯)

ਤੇਰਾ ਗੁਰੂ ਹੈ ਇਹੋ ਜਿਹਾ—ਗੁਰੂ ਨਾਨਕ ਮੇਰਾ ਸਦੀਵੀ ਹੈ, ਜੰਮਣ ਮਰਨ ਦੇ ਚੱਕਰ ਵਿਚ ਨਹੀਂ ਪੈਂਦਾ, ਉਹ ਆਦਿ ਹੈ। ਉਹ ਨਾਸ਼ਵੰਤ ਨਹੀਂ ਹੈ, ਸਭ ਵਿਚ ਸਮਾਇਆ ਹੋਇਆ ਹੈ, ਘਟ ਘਟ ਵਿਚ ਹੈ। ਤੇਰਾ ਗੁਰੂ ਹੈ?

**ਸਤਿਗੁਰ ਪੂਛਿ ਨ ਮਾਰਗਿ ਚਾਲੀ ਸੂਤੀ ਰੈਣਿ ਵਿਹਾਣੀ॥**
**ਨਾਨਕ ਬਾਲਤਣਿ ਰਾਡੇਪਾ ਬਿਨੁ ਪਿਰ ਧਨ ਕੁਮਲਾਣੀ॥੧॥**

(ਪੰਨਾ ੭੬੩)

ਬਾਣੀ ਵਿਚਾਰ ਕੇ ਠੀਕ ਰਸਤੇ ਤੇ ਨਹੀਂ ਚਲੀ, ਰਹਿਤ ਨਹੀਂ ਰੱਖੀ,

ਕੁਰਹਿਤ ਨਹੀਂ ਛੱਡੀ, ਮਾਇਆ ਮੋਹ ਵਿਚ ਸੁੱਤੀ ਦੀ ਰਾਤ ਬੀਤ ਗਈ। ਹੇ ਨਾਨਕ! ਅੱਜ ਵਿਆਹੀ ਕੱਲ ਰੰਡੀ ਹੋ ਗਈ, ਬਚਪਨ ਵਿਚ ਹੀ ਰੰਡੀ ਤਰ੍ਹਾਂ ਪਤੀ ਤੋਂ ਬਗ਼ੈਰ ਜੀਵ-ਇਸਤਰੀ ਕੁਮਲਾ ਗਈ।

**ਸਚੁ ਖੇਲੁ ਤੁਮ੍ਾਰਾ ਅਗਮ ਅਪਾਰਾ ਤੁਧੁ ਬਿਨੁ ਕਉਣੁ ਬੁਝਾਏ ॥**

*(ਪੰਨਾ ੭੬੪)*

ਹੇ ਅਪਹੁੰਚ ਤੇ ਅਪਾਰ ਪ੍ਰਭੂ! ਹੇ ਸੱਚੇ! ਇਹ ਜਗਤ ਰਚਨਾ ਸਾਰੀ ਤੇਰੀ ਖੇਡ ਹੈ, ਤੇਰੇ ਤੋਂ ਬਗ਼ੈਰ ਕੌਣ ਸਮਝਾ ਸਕਦਾ ਹੈ? ਦੇਹਧਾਰੀ ਗੁਰੂ ਕਿਵੇਂ ਸਮਝਾ ਸਕਦਾ ਹੈ, ਉਹ ਤਾਂ ਸਰੀਰ ਹੈ। ਇਸੇ ਕਰਕੇ ਰੱਬ ਨੂੰ ਗੁਰੂ ਨਾਨਕ ਬਣਨਾ ਪਿਆ, ਮੈਂ ਆਪ ਹੀ ਸਮਝਾਵਾਂਗਾ।

**ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥**
**ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ ॥**
**ਕਿਉ ਰਾਹਿ ਜਾਵੈ ਮਹਲੁ ਪਾਵੈ ਅੰਧ ਕੀ ਮਤਿ ਅੰਧਲੀ ॥**

*(ਪੰਨਾ ੭੬੭)*

ਜੇ ਤੇਰੇ ਦੇਹਧਾਰੀ ਗੁਰੂ ਵਰਗਾ ਅੰਨ੍ਹਾ ਆਗੂ ਮਿਲ ਜਾਏ ਕਿਵੇਂ ਰਾਹ ਦੱਸ ਸਕਦਾ ਹਾਂ, ਸਰਕਾਰ ਦਾ ਰਾਹ ਦੱਸ ਸਕਦਾ ਹੈ। ਆਪ ਠਗਿਆ ਪਿਆ ਹੈ, ਮਤ ਹੋਛੀ ਹੈ ਕਿਵੇਂ ਰਾਹ ਪਛਾਣ ਸਕਦਾ ਹੈ? ਸਚਖੰਡਿ ਕਿਵੇਂ ਪਹੁੰਚ ਸਕਦਾ ਹੈ? ਅੰਨ੍ਹੇ ਦੀ ਅਕਲ ਵੀ ਅੰਨ੍ਹੀ।

**ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ ਵਿਣੁ ਸਤਿਗੁਰ ਭਗਤਿ ਨ ਹੋਈ ਰਾਮ ॥**

*(ਪੰਨਾ ੭੬੮)*

ਜਿਹਨਾਂ ਨੇ ਅੰਮ੍ਰਿਤ ਨਹੀਂ ਛਕਿਆ, ਮਨਮੁਖ ਭਗਤੀ ਤਾਂ ਕਰਦੇ ਹਨ, ਗੁਰੂ ਨਾਨਕ ਤੋਂ ਬਿਨਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਗੁਰੂ ਨਾਨਕ ਤੋਂ ਅੰਮ੍ਰਿਤ ਛਕਣ ਤੋਂ ਬਗ਼ੈਰ ਭਗਤੀ ਨਹੀਂ ਹੋਣੀ। ਤੱਤ ਸਮਝ ਨਹੀਂ ਆਉਣਾ।

**ਮਰਿ ਜਨਮਹਿ ਦੁਖੁ ਹੋਈ ਦੂਜੈ ਭਾਇ ਪਰਜ ਵਿਗੋਈ ਵਿਣੁ ਗੁਰ ਤਤੁ ਨ ਜਾਨਿਆ ॥**
**ਭਗਤਿ ਵਿਹੂਣਾ ਸਭੁ ਜਗੁ ਭਰਮਿਆ ਅੰਤ ਗਇਆ ਪਛੁਤਾਨਿਆ ॥**

*(ਪੰਨਾ ੭੬੮)*

ਸਾਰੀ ਸ੍ਰਿਸ਼ਟੀ ਜੰਮਣ ਮਰਨ ਦੇ ਦੁੱਖਾਂ ਵਿਚ ਪਈ ਹੋਈ ਹੈ, ਮਾਇਆ ਨਾਲ ਪਿਆਰ ਕਰਨ ਕਰਕੇ ਖ਼ੁਆਰ ਹੋ ਰਹੀ ਹੈ। ਗੂਰੂ ਨਾਨਕ ਤੋਂ ਬਗ਼ੈਰ ਅਸਲੀਅਤ

ਸਮਝ ਨਹੀਂ ਆ ਰਹੀ। ਵਾਹਿਗੁਰੂ ਸਿਮਰਨ ਤੋਂ ਬਗ਼ੈਰ, ਸਾਰੀ ਸ੍ਰਿਸ਼ਟੀ ਭਟਕੀ ਫਿਰਦੀ ਹੈ, ਮਰੇਗਾ, ਧਰਮਰਾਜ ਕੋਲ ਜਾਣਗੇ ਬਹੁਤ ਪਛਤਾਉਣਗੇ।

**ਜੁਗ ਚਾਰੇ ਧਨ ਜੇ ਭਵੈ ਬਿਨੁ ਸਤਿਗੁਰ ਸੋਹਾਗੁ ਨ ਹੋਈ ਰਾਮ ॥**
(ਪੰਨਾ ੭੬੯)

ਜੀਵ-ਇਸਤਰੀ, ਚਾਰੇ ਜੁਗ ਘੁੰਮਦੀ ਰਹੁ, ਢੂੰਢਦੀ ਰਹੁ, ਗੁਰੂ ਨਾਨਕ ਤੋਂ ਬਗ਼ੈਰ ਪਤੀ ਕੋਈ ਨਹੀਂ ਜੀਵਾਤਮਾ ਦਾ, ਜੀਵ ਦਾ।

**ਸਤਿਗੁਰੁ ਮਿਲਿਆ ਤਾ ਹਰਿ ਪਾਇਆ ਬਿਨੁ ਹਰਿ ਨਾਵੈ ਮੁਕਤਿ ਨ ਹੋਈ ॥**
(ਪੰਨਾ ੭੭੦)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ, ਗੁਰੂ ਨਾਨਕ ਤੋਂ ਅੰਮ੍ਰਿਤ ਛਕੇਂਗਾ ਤਾਂ ਰੱਬ ਮਿਲੇਗਾ, ਵਾਹਿਗੁਰੂ ਨਾਮ ਜਪਣ ਤੋਂ ਬਗ਼ੈਰ ਮੁਕਤੀ ਨਹੀਂ ਮਿਲਣੀ।

**ਬਿਨੁ ਸਤਿਗੁਰ ਜਗੁ ਭਰਮਿ ਭੁਲਾਇਆ ਹਰਿ ਕਾ ਮਹਲੁ ਨ ਪਾਇਆ ਰਾਮ ॥**
(ਪੰਨਾ ੭੭੧)

ਗੁਰੂ ਨਾਨਕ ਦੀ ਸਿਖਿਆ ਤੋਂ ਬਗ਼ੈਰ ਸਾਰੀ ਸ੍ਰਿਸ਼ਟੀ ਭਟਕਣਾ ਵਿਚ ਭੁੱਲੀ ਫਿਰਦੀ ਹੈ, ਰੱਬ ਦਾ ਸਚਖੰਡਿ ਨਹੀਂ ਮਿਲਣਾ।

**ਸੂਹੈ ਵੇਸਿ ਦੋਹਾਗਣੀ ਪਰ ਪਿਰੁ ਰਾਵਣ ਜਾਇ ॥**
**ਪਿਰੁ ਛੋਡਿਆ ਘਰਿ ਆਪਣੈ ਮੋਹੀ ਦੂਜੈ ਭਾਇ ॥.....**
**ਸੁਧੁ ਭਤਾਰੁ ਹਰਿ ਛੋਡਿਆ ਫਿਰਿ ਲਗਾ ਜਾਇ ਵਿਜੋਗੁ ॥**
(ਪੰਨਾ ੭੮੫)

ਰੰਡੀਏ! ਦੋਹਾਗਣੀ। ਕੰਜਰੀ ਆਪਣਾ ਪਤੀ ਛੱਡ ਕੇ ਦੂਸਰੇ ਨੂੰ ਭੋਗਣ ਜਾਂਦੀ ਹੈ। ਆਪਣੇ ਘਰ ਦੇ ਪਤੀ ਗੁਰੂ ਨਾਨਕ ਨੂੰ ਛੱਡ ਦਿੱਤਾ ਹੈ ਦੂਜੇ ਦੇ ਪਿਆਰ ਵਿਚ ਮੋਹੀ ਗਈ ਹੈ। ਪਵਿੱਤਰ ਪਤੀ ਛੱਡ ਦਿੱਤਾ, ਦੇਹਧਾਰੀ ਗੰਦਾ ਗੁਰੂ ਧਾਰ ਲਿਆ।

**ਬਾਪੁ ਦਿਸੈ ਵੇਜਾਤਿ ਨ ਹੋਇ ॥**
(ਪੰਨਾ ੭੯੬)

ਜੇ ਪਿਓ ਦਿਸੇ ਤਾਂ ਹਰਾਮੀ ਨਹੀਂ ਬਣੀਦਾ, ਤੈਨੂੰ ਆਪਣਾ ਪਿਓ ਦਿੱਸਦਾ ਹੈ, ਪਿਓ ਸਿਰਫ਼ ਗੁਰੂ ਨਾਨਕ ਹੈ।

**ਆਪੇ ਲਿਵ ਧਾਤੁ ਹੈ ਆਪੇ ॥**
**ਆਪਿ ਬੁਝਾਏ ਆਪੇ ਜਾਪੇ ॥**

**ਆਪੇ ਸਤਿਗੁਰੁ ਸਬਦੁ ਹੈ ਆਪੇ ॥**
**ਨਾਨਕ ਆਖਿ ਸੁਣਾਏ ਆਪੇ ॥੪॥੨॥** *(ਪੰਨਾ ੭੯੭)*

ਇਹ ਗੱਲ ਬਹੁਤ ਵੱਡੀ, ਬੜੀ ਪ੍ਰਮਾਣੀਕ, ਬੜੀ ਪ੍ਰਤੱਖ ਕਹੀ ਹੈ ਦੇਖੋ ਦੇਹਧਾਰੀ ਨੂੰ ਬਹੁਤ ਸੱਟ ਮਾਰਦੀ ਹੈ। ਆਪਾਂ ਪਹਿਲਾਂ ਇਹ ਸਾਬਤ ਕਰ ਚੁੱਕੇ ਹਾਂ ਕਿ ਜਿਥੇ ਸਤਿਗੁਰੂ ਆਇਆ ਉਸ ਦਾ ਅਰਥ ਹੈ–ਬਾਬਾ ਨਾਨਕ ਤੇ ਸਤਿਗੁਰੂ ਹੋਰ ਹੈ ਵੀ ਨਹੀਂ ਸਰਕਾਰ ਦੇ ਸਤਿਗੁਰੂ ਦੇ, ਰੱਬ ਦੇ ਨਹੀਂ। ਇਥੇ ਦੇਖੋ ਉਦੋਂ ਨਾ ਦੇਹਧਾਰੀ ਗੁਰੂ ਸੀ ਨਾ ਸਤਿਗੁਰੂ, ਨਾਲੇ ਬਾਣੀ ਸਿਰਫ਼ ਬਾਬੇ ਨਾਨਕ ਦੀ ਗੱਲ ਕਰਦੀ ਹੈ, ਹੋਰ ਕਿਸੇ ਦਾ ਨਾਂ ਹੀ ਨਹੀਂ ਲੈਂਦੀ, ਬਾਬੇ ਨੂੰ ਆਦਿ ਜੁਗਾਦਿ ਅਬਿਨਾਸ਼ੀ ਕਹਿੰਦੀ ਹੈ। ਧੁਰੋਂ ਦੋਵੱਲੀ ਖੇਡ ਬਣੀ ਹੈ, ਸੁਰਤੀ ਤੇ ਪਦਾਰਥਵਾਦ। ਸੁਰਤੀ ਜੀਵ ਹੈ, ਜੀਵਾਤਮਾ ਤੇ ਸਰੀਰ ਪਦਾਰਥਵਾਦ। ਪਦਾਰਥਵਾਦ ਬਹੁਤ ਗੰਦਾ ਹੈ ਤੇ ਲਿਵ ਸੁਰਤੀ ਜੀਵ, ਜੀਵਾਤਮਾ ਨਿਰੋਲ ਰੱਬ ਹੈ ਗੁਰੂ ਨਾਨਕ ਹੈ। ਬਾਣੀ ਕਹਿੰਦੀ ਹੈ ਤੂੰ ਆਪੇ ਹੀ ਸੁਰਤੀ ਹੈਂ, ਜੀਵਾਤਮਾ ਵੀ ਤੂੰ ਹੈਂ, ਚੰਗਾ ਵੀ ਤੂੰ ਹੀ ਹੈਂ, ਧਾਤ ਵੀ ਤੂੰ ਹੈਂ, ਸਰੀਰ ਵੀ ਤੂੰ ਹੈਂ, ਗੰਦਾ ਵੀ ਤੂੰ ਹੈਂ। ਆਪ ਹੀ ਸਮਝ ਬਖ਼ਸ਼ਦਾ ਹੈਂ, ਅੰਮ੍ਰਿਤ ਦੀ ਦਾਤ ਦੇਂਦਾ ਹੈਂ, ਵਾਹਿਗੁਰੂ ਨਾਮ ਦੀ ਦਾਤ ਦੇਂਦਾ ਹੈਂ, ਆਪ ਹੀ ਜਪਦਾ ਹੈਂ। ਤੂੰ ਆਪ ਹੀ ਗੁਰੂ ਨਾਨਕ ਹੈਂ, ਆਪ ਹੀ ਬਾਣੀ ਹੈਂ, ਸ਼ਬਦ ਹੈਂ, ਰੱਬ ਹੈਂ। ਆਪ ਹੀ ਪੜ੍ਹ ਕੇ ਸੁਣਾ ਰਿਹਾ ਹੈਂ। ਹੁਣ ਦੱਸੋ ਕੀ ਬਾਕੀ ਰਹਿ ਗਿਆ ? ਬਾਕੀ ਪਤਾ ਕੀ ਰਹਿ ਗਿਆ ? ਹਰਾਮੀਆਂ ਨੂੰ ਆਪਣੇ ਪਿਓ ਦਾ ਨਾਂ ਨਹੀਂ ਪਤਾ ਹੁੰਦਾ। ਜੇ ਸਿਖ ਅਜੇ ਵੀ ਦੇਹਧਾਰੀ ਗੁਰੂ ਨੂੰ ਮੰਨਦਾ ਹੈ ਤਾਂ He is real Bastard.

**ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ ॥**
**ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ ॥੧॥**
*(ਪੰਨਾ ੭੯੭)*

ਜਿਸ ਨੇ ਗੁਰੂ ਨਾਨਕ ਦੀ ਅਕਲ ਲੈ ਲਈ, ਉਹ ਗੁਰੂ ਨਾਨਕ ਵਿਚ ਸਮਾ ਗਿਆ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਜੋ ਜੀਵਾਤਮਾ ਜਾਣ ਗਈ, ਅੰਮ੍ਰਿਤ ਛਕ ਗਈ, ਵਾਹਿਗੁਰੂ ਦਾ ਸਿਮਰਨ ਕਰਨ ਲੱਗ ਪਈ, ਉਸ ਦੇ ਅੰਦਰ ਵਾਹਿਗੁਰੂ ਨਾਮ ਦਾ ਸੁਆਦ ਆਉਣ ਲੱਗ ਪੈਣਾ ਹੈ, ਪ੍ਰਕਾਸ਼ ਹੋ ਜਾਣਾ ਹੈ।

**ਦਰਿ ਸਾਚੈ ਗੁਰ ਤੇ ਸੋਭਾ ਪਾਈ ॥੧॥** *(ਪੰਨਾ ੭੯੮)*

ਸੱਚੇ ਦਰ, ਸਚਖੰਡਿ ਤੇ ਗੁਰੂ ਨਾਨਕ ਦੀ ਮਿਹਰ ਨਾਲ ਸਤਿਕਾਰ ਮਿਲਿਆ ਹੈ। ਤੂੰ ਵੀ ਗੁਰੂ ਨਾਨਕ ਦਾ ਬਣ ਜਾ ਕੂਕਰ।

**ਗੁਰੁ ਸਤਿਗੁਰੁ ਪਾਰਬ੍ਰਹਮੁ ਕਰਿ ਪੂਜਹੁ**
**ਨਿਤ ਸੇਵਹੁ ਦਿਨਸੁ ਸਭ ਰੈਨੀ ॥੧॥** (ਪੰਨਾ ੮੦੦)

ਗੁਰੂ ਨਾਨਕ ਨੂੰ ਪਾਰਬ੍ਰਹਮ ਸਮਝ ਕੇ ਪੂਜੋ, ਨਿਤ ਰੋਜ਼ ਸਿਮਰੋ, ਰਾਤ ਤੇ ਦਿਨ ਹਰ ਵੇਲੇ ਸਿਮਰੋ। ਬਾਣੀ ਕਹਿ ਰਹੀ ਹੈ।

**ਹਰਿ ਕਾ ਮੰਦਰੁ ਤਿਸੁ ਮਹਿ ਲਾਲੁ ॥**
**ਗੁਰਿ ਖੋਲਿਆ ਪੜਦਾ ਦੇਖਿ ਭਈ ਨਿਹਾਲੁ ॥੪॥** (ਪੰਨਾ ੮੦੧)

ਇਹ ਸਰੀਰ ਵਾਹਿਗੁਰੂ ਦੇ ਰਹਿਣ ਲਈ ਮੰਦਰ ਹੈ, ਇਸ ਵਿਚ ਆਤਮਾ ਮਾਣਕ ਲਾਲ ਵਰਗੀ ਦੈਵੀ ਗੁਣਾਂ ਨਾਲ ਭਰਪੂਰ ਹੈ। ਗੁਰੂ ਨਾਨਕ ਨੇ ਦਸਮ ਦੁਆਰ ਖੋਲ੍ਹਿਆ, ਦਰਸ਼ਨ ਕਰਕੇ ਨਿਹਾਲ ਹੋ ਗਈ, ਪ੍ਰਕਾਸ਼ ਹੋ ਗਿਆ। ਨਿਰਮੋਹ ਹੋ ਗਿਆ।

**ਸਫਲੁ ਮੂਰਤਿ ਗੁਰਦੇਉ ਸੁਆਮੀ ਸਰਬ ਕਲਾ ਭਰਪੂਰੇ ॥**
**ਨਾਨਕ ਗੁਰੁ ਪਾਰਬ੍ਰਹਮੁ ਪਰਮੇਸਰੁ ਸਦਾ ਸਦਾ ਹਜੂਰੇ ॥**
(ਪੰਨਾ ੮੦੨)

ਗੁਰੂ ਨਾਨਕ ਦੇ ਦਰਸ਼ਨ ਸਾਰੇ ਮਨੋਰਥ ਪੂਰੇ ਕਰਨ ਵਾਲੇ ਹਨ, ਗੁਰੂ ਨਾਨਕ ਪ੍ਰਕਾਸ਼ਮਾਨ ਮਾਲਕ ਹੈ, ਸਾਰੀਆਂ ਤਾਕਤਾਂ ਨਾਲ ਭਰਪੂਰ ਹੈ। ਹੇ ਨਾਨਕ ! ਗੁਰੂ ਪਾਰਬ੍ਰਹਮ ਪਰਮੇਸਰ ਹੈ, ਹਰ ਵੇਲੇ ਹਾਜ਼ਰ ਨਾਜ਼ਰ ਹੈ।

**ਜਿਨ ਪੂਰਾ ਸਤਿਗੁਰੁ ਸੇਵਿਆ ਸੇ ਅਸਥਿਰੁ ਹਰਿ ਦੁਆਰਿ ॥**
**ਜਨੁ ਨਾਨਕੁ ਹਰਿ ਕਾ ਦਾਸੁ ਹੈ ਰਾਖੁ ਪੈਜ ਮੁਰਾਰਿ ॥੪॥੧॥੩੧॥**
(ਪੰਨਾ ੮੦੮)

ਸਾਰੀ ਸ੍ਰਿਸ਼ਟੀ ਨਾਸ਼ਵੰਤ ਹੈ, ਸਾਰੀ ਇਕ ਦਿਨ ਮਰ ਜਾਣੀ ਹੈ, ਜਿਹਨਾਂ ਨੇ ਗੁਰੂ ਨਾਨਕ ਨੂੰ ਸਿਮਰਿਆ, ਉਹ ਸਚਖੰਡਿ ਸਦੀਵੀ ਹੋ ਗਏ। ਦਾਸ ਨਾਨਕ ਵਾਹਿਗੁਰੂ ਦਾ ਸੇਵਕ ਹੈ, ਵਾਹਿਗੁਰੂ ਮੇਰੀ ਵੀ ਲਾਜ ਰੱਖੀਂ।

**ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ ॥੨॥**
(ਪੰਨਾ ੮੦੮)

ਅੰਮ੍ਰਿਤ ਛਕ ਕੇ ਤ੍ਰਿਪਤ ਹੋ ਗਿਆ ਤੇ ਗੁਰੂ ਨਾਨਕ ਨੇ ਅੰਮ੍ਰਿਤ ਛਕਾ ਕੇ ਅਮਰ ਕਰ ਦਿੱਤਾ। ਕੀ ਤੇਰਾ ਗੁਰੂ ਵੀ ਕਰਦਾ ਹੈ ?

**ਦਾਸ ਕੀ ਲਾਜ ਰਖੈ ਮਿਹਰਵਾਨੁ ॥**
**ਗੁਰੁ ਨਾਨਕੁ ਬੋਲੈ ਦਰਗਹ ਪਰਵਾਨੁ ॥੨॥੬॥੮੬॥**
(ਪੰਨਾ ੮੨੧)

ਅੰਮ੍ਰਿਤਧਾਰੀ ਗੁਰਸਿਖ ਦੀ ਇੱਜ਼ਤ ਮੇਹਰਵਾਨ ਰੱਬ ਰੱਖਦਾ ਹੈ। ਜੋ ਗੁਰੂ ਨਾਨਕ ਬੋਲਦਾ ਹੈ ਉਹ ਸਚਖੰਡਿ ਪਰਵਾਨ ਹੁੰਦਾ ਹੈ।

**ਜਿਉ ਭਾਵੈ ਤਿਉ ਮੋਹਿ ਪ੍ਰਤਿਪਾਲ ॥**
**ਪਾਰਬ੍ਰਹਮ ਪਰਮੇਸਰ ਸਤਿਗੁਰ ਹਮ ਬਾਰਿਕ ਤੁਮ੍ ਪਿਤਾ ਕਿਰਪਾਲ ॥੧॥ ਰਹਾਉ ॥**
*(ਪੰਨਾ ੮੨੮)*

ਜਿਵੇਂ ਤੈਨੂੰ ਚੰਗਾ ਲਗਦਾ ਹੈ ਮੇਰੀ ਪਾਲਣਾ ਕਰ। ਗੁਰੂ ਨਾਨਕ ਪਰਮੇਸਰ ਪਾਰਬ੍ਰਹਮ ਹੈ, ਅਸੀਂ ਉਸ ਦੇ ਪੁੱਤਰ ਉਹ ਕਿਰਪਾਲੂ ਪਿਤਾ ਹੈ। ਕਿਰਪਾਲੂ ਪਿਤਾ ਪਰਮੇਸਰ ਤੇ ਪਾਰਬ੍ਰਹਮ ਪਿਤਾ ਨੂੰ ਛੱਡ ਕੇ ਗੰਦੀ ਦੇਹ ਮਗਰ ਤੁਰੀ ਫਿਰਦੀ ਹੈਂ ਕਿਉਂਕਿ ਉਹ ਰਹਿਤ ਰੱਖਣ ਨੂੰ ਨਹੀਂ ਕਹਿੰਦਾ, ਤੂੰ ਭਾਵੇਂ ਬਿਊਟੀ ਪਾਰਲਰ ਤੁਰੀ ਫਿਰੀਂ, ਭਾਵੇਂ ਪਰਾਏ ਮਰਦ ਕੋਲ, ਰਹਿਤ ਤਾਂ ਹੈ ਹੀ ਨਹੀਂ। ਜਮਦੂਤ ਤੈਨੂੰ ਸਮਝ ਸਿਖਾਊਗਾ ਨੰਗੀ ਕਰਕੇ, ਗੁਰੂ ਨਾਨਕ ਠੀਕ ਸੀ ਕਿ ਤੇਰਾ ਦੇਹਧਾਰੀ ਗੁਰੂ ?

**ਸਤਿਗੁਰ ਕੀ ਵਡਿਆਈ ਸਤਿਗੁਰਿ ਦਿਤੀ ਧੁਰਹੁ ਹੁਕਮੁ ਬੁਝਿ ਨੀਸਾਣੁ ॥.....**
**ਜਿਥੈ ਕੋ ਵੇਖੈ ਤਿਥੈ ਮੇਰਾ ਸਤਿਗੁਰੂ ਹਰਿ ਬਖਸਿਓਸੁ ਸਭੁ ਜਹਾਨੁ ॥**
**ਜਿ ਸਤਿਗੁਰ ਨੋ ਮਿਲਿ ਮੰਨੇ ਸੁ ਹਲਤਿ ਪਲਤਿ ਸਿਝੈ ਜਿ ਵੇਮੁਖੁ ਹੋਵੈ ਸੁ ਫਿਰੈ ਭਰਿਸਟ ਥਾਨੁ ॥**
*(ਪੰਨਾ ੮੫੩)*

ਧੁਰੋਂ ਹੀ ਗੁਰੂ ਨਾਨਕ ਨੂੰ ਵਡਿਆਈ ਅਕਾਲ ਪੁਰਖ ਨੇ ਦਿੱਤੀ ਹੈ, ਸਚਖੰਡਿ ਤੋਂ ਹੀ ਹੁਕਮ ਹੈ, ਕਿਉਂਕਿ ਉਹ ਆਪ ਹੀ ਹੈ। ਜਿਥੇ ਵੇਖੋ ਕਿ ਮੇਰਾ ਗੁਰੂ ਨਾਨਕ ਕਿਉਂਕਿ ਗੁਰੂ ਨਾਨਕ ਜੋਤ ਹੈ, ਪ੍ਰਕਾਸ਼ ਹੈ (ਜਿਮੀਂ ਜਮਾਨ ਕੇ ਬਿਖੈ ਸਮਸਤ ਏਕ ਜੋਤ ਹੈ) ਇਹੀ ਜੋਤ ਗੁਰੂ ਨਾਨਕ ਹੈ, ਗੁਰੂ ਨਾਨਕ ਜੋਤ ਹੈ, ਸਾਰੀ ਦੁਨੀਆਂ ਤੇ ਬਖ਼ਸ਼ਸ਼ ਕਰਦਾ ਹੈ (ਤੇਰਾ ਗੁਰੂ ਜੋਤ ਹੈ, ਹੈ ਇਹੋ ਜਿਹਾ ?) ਜੋ ਅੰਮ੍ਰਿਤ ਛਕ ਕੇ ਮੰਨ ਲੈਂਦਾ ਹੈ, ਉਸ ਦਾ ਅੱਗਾ ਪਿੱਛਾ ਸਭ ਸੰਵਰ ਗਿਆ, ਗਿਆ ਸਚਖੰਡਿ, ਜੇ ਅੰਮ੍ਰਿਤ ਨਾ ਛਕਿਆ ਉਹ ਗਿਆ ਧਰਮਰਾਜ ਕੋਲ ਭਰਿਸ਼ਟੀ ਹੋਈ ਜਗ੍ਹਾ, ਉਹੀ ਖੂਹ ਜਿਸ ਦਾ ਪਿੱਛੇ ਜ਼ਿਕਰ ਆਇਆ ਹੈ। ਦੱਸੋ ! ਦੇਹਧਾਰੀ ਗੁਰੂ ਇਥੇ ਕੀ ਕਰੇਗਾ, ਸਾਰੀ ਦੁਨੀਆਂ ਨੂੰ ਬਖ਼ਸ਼ ਸਕਦੈ, ਫਿਰ ਧੁਰੋਂ ਹੈ, ਉਹ ਤਾਂ ਦਾਹੜੀ ਕੱਟੀ ਫਿਰਦਾ ਸੀ ਕੀ ਧੁਰ ਪੁਚਾ ਸਕਦਾ ਹੈ, ਆਪ ਪਹੁੰਚਿਆ ਹੋਇਆ ਹੈ, ਆਪ ਜੋਤ ਹੈ, ਪ੍ਰਕਾਸ਼ ਹੈ ? ਭਟਕ ਗਿਆ ਹੈ ਸਿੱਖਾ।

**ਜਨ ਨਾਨਕ ਕੈ ਵਲਿ ਹੋਆ ਮੇਰਾ ਸੁਆਮੀ ਹਰਿ ਸਜਣ ਪੁਰਖੁ ਸੁਜਾਨੁ ॥**
**ਪਉਦੀ ਭਿਤਿ ਦੇਖਿ ਕੈ ਸਭਿ ਆਇ ਪਏ ਸਤਿਗੁਰ ਕੀ ਪੈਰੀ**
**ਲਾਹਿਓਨੁ ਸਭਨਾ ਕਿਅਹੁ ਮਨਹੁ ਗੁਮਾਨੁ ॥੧੦॥**

*(ਪੰਨਾ ੮੫੪)*

ਦਾਸ ਨਾਨਕ ਦਾ ਪੱਖ ਲਿਆ ਮੇਰੇ ਮਾਲਕ ਨੇ, ਹਰੀ ਸੱਜਣ ਪੁਰਖ ਤੇ ਸਿਆਣੇ ਵਾਹਿਗੁਰੂ ਨੇ। ਆਤਮਿਕ ਖ਼ੁਰਾਕ ਮਿਲਦੀ ਦੇਖਕੇ ਸਾਰੇ ਗੁਰੂ ਨਾਨਕ ਦੇ ਚਰਨੀਂ ਆ ਲੱਗੇ।

**ਜੋ ਬੋਲੇ ਪੂਰਾ ਸਤਿਗੁਰੂ ਸੋ ਪਰਮੇਸਰਿ ਸੁਣਿਆ ॥.....**
**ਸਚੁ ਸਹਜੁ ਅਨਦੁ ਸਤਿਗੁਰੂ ਪਾਸਿ ਸਚੀ ਗੁਰ ਮਣੀਆ ॥**

*(ਪੰਨਾ ੮੫੪)*

ਜੋ ਗੁਰੂ ਨਾਨਕ ਬੋਲਦਾ ਹੈ ਵਾਹਿਗੁਰੂ ਉਹੀ ਸੁਣਦਾ ਹੈ। ਅਜੇ ਵੀ ਕੋਈ ਕਸਰ ਹੈ, ਤੇਰੇ ਗੁਰੂ ਦਾ ਕਿਹਾ, ਰੱਬ ਸੁਣਦਾ ਹੈ। ਜੇ ਗੁਰੂ ਨਾਨਕ ਦਾ ਸੁਣਦਾ ਹੈ, ਕੀ ਹੁਣ ਨਹੀਂ ਸੁਣਦਾ, ਗੁਰੂ ਨਾਨਕ ਹੁਣ ਬੋਲਦਾ ਨਹੀਂ, ਜਾਂ ਗ਼ਲਤ ਹੋ ਗਿਆ ਹੈ, ਤੇਰਾ ਗੁਰੂ ਗ਼ਲਤ ਹੈ। ਸੱਚਾ ਵਾਹਿਗੁਰੂ, ਸੁਭਾਅ ਦੀ ਤਬਦੀਲੀ ਆਤਮਿਕ ਅਡੋਲਤਾ, ਸਦੀਵੀ ਖੇੜਾ, ਮਣੀ ਸਿਰਫ਼ ਗੁਰੂ ਨਾਨਕ ਕੋਲ ਹੈ।

**ਗੁਰੁ ਕਰਤਾ ਗੁਰੁ ਕਰਣੈ ਜੋਗੁ ॥**
**ਗੁਰੁ ਪਰਮੇਸਰੁ ਹੈ ਭੀ ਹੋਗੁ ॥** *(ਪੰਨਾ ੮੬੪)*
**ਗੁਰੁ ਪਰਮੇਸਰੁ ਏਕੋ ਜਾਣੁ ॥** *(ਪੰਨਾ ੮੬੪)*
**ਪਾਰਬ੍ਰਹਮ ਗੁਰੁ ਰਹਿਆ ਸਮਾਇ ॥** *(ਪੰਨਾ ੮੬੪)*

ਗੁਰੂ ਨਾਨਕ ਕਰਤਾ ਹੈ, ਗੁਰੂ ਨਾਨਕ ਹੀ ਕਰਣ ਜੋਗ ਹੈ। ਗੁਰੂ ਨਾਨਕ ਹੀ ਪਰਮੇਸਰ ਹੈ ਤੇ ਅੱਗੇ ਤੋਂ ਵੀ ਪਰਮੇਸਰ ਹੀ ਹੈ। ਗੁਰੂ ਨਾਨਕ ਤੇ ਵਾਹਿਗੁਰੂ ਨੂੰ ਇਕੋ ਹੀ ਸਮਝ। ਵਾਹਿਗੁਰੂ ਗੁਰੂ ਨਾਨਕ ਵਿਚ ਸਮਾਇਆ ਹੋਇਆ ਹੈ।

**ਗੁਰ ਕਾ ਸਬਦੁ ਨ ਮੇਟੈ ਕੋਇ ॥** *(ਪੰਨਾ ੮੬੪)*
**ਗੁਰੁ ਨਾਨਕੁ ਨਾਨਕੁ ਹਰਿ ਸੋਇ ॥੪॥੭॥੯॥** *(ਪੰਨਾ ੮੬੫)*

ਗੁਰੂ ਨਾਨਕ ਦਾ ਬੋਲਿਆ ਕੋਈ ਨਹੀਂ ਮਿਟਾ ਸਕਦਾ ਕਿਉਂਕਿ ਗੁਰੂ ਨਾਨਕ ਹੈ ਤੇ ਨਾਨਕ ਵਾਹਿਗੁਰੂ ਹੈ। ਹੈ ਕਿਸੇ ਵਿਚ ਇਹ ਸ਼ਕਤੀ।

**ਗੁਰੁ ਗੋਬਿੰਦ ਗੁਰੂ ਗੋਪਾਲ ॥**
**ਅਪਨੇ ਦਾਸ ਕਉ ਰਾਖਨਹਾਰ ॥੧॥ ਰਹਾਉ ॥** *(ਪੰਨਾ ੮੬੯)*

ਗੁਰੂ ਨਾਨਕ ਹੀ ਗੋਬਿੰਦ ਹੈ, ਗੁਰੂ ਨਾਨਕ ਹੀ ਧਰਤੀ ਦਾ ਰਾਖਾ ਗੋਪਾਲ ਹੈ। ਆਪਣੇ ਅੰਮ੍ਰਿਤਧਾਰੀ ਸੇਵਕਾਂ ਦੀ ਇੱਜ਼ਤ ਰੱਖਦਾ ਹੈ।

**ਹਿੰਦੂ ਅੰਨ੍ਾ, ਤੁਰਕੂ ਕਾਣਾ॥** *(ਪੰਨਾ ੮੭੫)*

ਤੇਰਾ ਗੁਰੂ ਅੰਨ੍ਹਿਆਂ ਕਾਣਿਆਂ ਨੂੰ ਸਭ ਨੂੰ ਨਾਮ ਦੀ ਦਾਤ ਦੇਈ ਜਾ ਰਿਹਾ ਹੈ। ਆਪ ਲਈ ਨਹੀਂ।

**ਸਤਗੁਰ ਜੇਵਡੁ ਅਵਰੁ ਨ ਕੋਈ ਮਿਲਿ ਸਤਗੁਰ ਪੁਰਖ ਧਿਆਈਐ ॥੨॥** *(ਪੰਨਾ ੮੮੧)*

ਗੁਰੂ ਨਾਨਕ ਵਰਗਾ ਸਾਰੀ ਸ੍ਰਿਸ਼ਟੀ ਤੇ ਹੋਰ ਗੁਰੂ ਨਹੀਂ ਹੈ, ਅੰਮ੍ਰਿਤ ਛਕ ਕੇ, ਗੁਰੂ ਨਾਨਕ ਨੂੰ ਮਿਲ ਕੇ ਵਾਹਿਗੁਰੂ ਨੂੰ ਸਿਮਰਨਾ ਚਾਹੀਦਾ ਹੈ।

**ਨਾਨਕ ਗੁਰੂ ਗੁਰੂ ਹੈ ਪੂਰਾ ਮਿਲਿ ਸਤਿਗੁਰ ਨਾਮੁ ਧਿਆਇਆ ॥੪॥੫॥** *(ਪੰਨਾ ੮੮੨)*

ਨਾਨਕ ਗੁਰੂ, ਗੁਰੂ ਨਾਨਕ ਪੂਰਾ ਗੁਰੂ ਹੈ ਉਸ ਵਿਚ ਕੋਈ ਉਕਾਈ ਨਹੀਂ ਹੈ, ਅੰਮ੍ਰਿਤ ਛਕ ਕੇ ਵਾਹਿਗੁਰੂ ਨਾਮ ਸਿਮਰਨਾ ਚਾਹੀਦਾ ਹੈ।

**ਬਿਨੁ ਗੁਰ ਪੂਰੇ ਨਾਹੀ ਉਧਾਰੁ॥**
**ਬਾਬਾ ਨਾਨਕੁ ਆਖੈ ਏਹੁ ਬੀਚਾਰੁ ॥੨॥੧੧॥** *(ਪੰਨਾ ੮੮੬)*

ਅਕਾਲ ਪੁਰਖ ਨਾਨਕ ਇਹੋ ਵਿਚਾਰ ਆਖਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚਾਰਨ ਤੋਂ ਬਗ਼ੈਰ ਮੁਕਤੀ ਨਹੀਂ ਹੋਣੀ।

**ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥**
**ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥** *(ਪੰਨਾ ੯੫੭)*

ਮੈਂ ਜਿੰਨੇ ਗੁਣਾਂ ਵਾਲਾ ਗੁਰੂ ਨਾਨਕ ਸੁਣਿਆ ਸੀ ਉਸੇ ਤਰ੍ਹਾਂ ਹੀ ਮੈਂ ਦੇਖਿਆ। ਵਿਛੜੇ ਜੀਵ ਨੂੰ ਰੱਬ ਨਾਲ ਮਿਲਾ ਦੇਂਦਾ ਹੈ ਤੇ ਸਚਖੰਡਿ ਦਾ ਵਕੀਲ ਹੈ। ਸਚਖੰਡਿ ਦਾ, ਹਰ ਗੱਲ ਦਾ ਪਤਾ ਹੈ। ਵਾਹਿਗੁਰੂ ਦੇ ਹਰ ਭਾਣੇ ਦਾ ਪਤਾ ਹੈ। ਆਪ ਸਚਖੰਡਿ ਪਹੁੰਚਾਣ ਵਾਲਾ ਹੈ, ਵਕੀਲ ਜੁ ਹੋਇਆ, ਦਰਗਾਹ ਕਚਹਿਰੀ ਦਾ ਵਕੀਲ, ਜੇਤੂ ਵਕੀਲ Always Winner —ਕੀ ਤੇਰਾ ਗੁਰੂ ਵਕੀਲ ਹੈ, ਉਸ ਨੂੰ ਹਰ ਭਾਣੇ ਦਾ ਪਤਾ ਹੈ। ਵਾਹਿਗੁਰੂ ਬਾਰੇ ੧% ਵੀ ਜਾਣਦਾ ਹੈ ਕਿ ਨਹੀਂ, ਇਕ ਵਾਰੀ ਮਿਲਾ ਤਾਂ ਸਹੀ।

**ਸਤਿਗੁਰੁ ਸਰਾਫੁ ਨਦਰੀ ਵਿਚਦੋ ਕਢੈ ਤਾਂ ਉਘੜਿ ਆਇਆ ਲੋਹਾ ॥**

(ਪੰਨਾ ੯੬੦)

ਤੇਰੇ ਪਾਖੰਡੀ ਗੁਰੂ ਬਾਰੇ ਲਿਖਿਆ ਹੈ—ਗੁਰੂ ਸਾਰੇ ਸੋਨਾ ਬਣ ਕੇ ਬੈਠਦੇ ਹਨ, ਮੈਂ ਬਸ ਗੁਰੂ ਨਾਨਕ ਦਾ ਰੂਪ ਹਾਂ, ਸੋਨਾ ਹੀ ਹਾਂ। ਸ਼ੁੱਧ ਹਾਂ, ਸਚਖੰਡਿ ਦਾ ਵਕੀਲ ਹਾਂ। ਗੁਰੂ ਨਾਨਕ ਸਰਾਫ਼ ਜਦੋਂ ਨਜ਼ਰ ਆਉਂਦਾ ਹੈ ਉਹ ਜਦੋਂ ਢਾਲਦਾ ਹੈ ਤਾਂ ਵਿਚੋਂ ਲੋਹਾ ਨਿਕਲ ਆਉਂਦਾ ਹੈ, ਸੋਨਾ ਨਹੀਂ ਸੀ।

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥**

(ਪੰਨਾ ੯੮੨)

ਬਾਣੀ ਗੁਰੂ ਹੈ, ਗੁਰੂ ਹੀ ਬਾਣੀ ਹੈ, ਬਾਣੀ ਵਿਚ ਸ੍ਰੇਸ਼ਟ ਅੰਮ੍ਰਿਤ ਹੈ। ਗੁਰਬਾਣੀ ਉਪਦੇਸ਼ ਦੇਂਦੀ ਹੈ ਜਿਹੜਾ ਅੰਮ੍ਰਿਤਧਾਰੀ ਗੁਰਸਿਖ ਮੰਨਦਾ ਹੈ, ਸੁਰਤੀ ਲਾਉਂਦਾ ਹੈ, ਉਸ ਨੂੰ ਪ੍ਰਤੱਖ ਦਰਸ਼ਨ ਹੁੰਦੇ ਹਨ।

**ਬਿਨੁ ਗੁਰ ਪਰਮੇਸਰ ਕੋਈ ਨਾਹੀ ॥** (ਪੰਨਾ ੧੦੨੮)

ਹੁਣੇ ਕਿਹਾ ਬਾਣੀ ਗੁਰੂ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਗ਼ੈਰ ਵੱਖਰਾ ਰੱਬ, ਪਰਮੇਸਰ ਕੋਈ ਨਹੀਂ। ਜੋਤ, ਪ੍ਰਕਾਸ਼ ਇਹੀ ਹੈ। ਤੇ ਤੂੰ ਘਰੇ ਇਕ ਬੈਗ ਰੱਖ ਲੈ, ਪੇਸ਼ਾਬ, ਟੱਟੀ ਦਾ ਭਰ ਲੈ ਤੇ ਮੱਥਾ ਟੇਕੀ ਜਾਈਂ। ਸਰੀਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਤੁਲਣਾ ਦੇਂਦਾ ਹੈਂ ?

**ਆਵਣ ਜਾਣੈ ਪਰਜ ਵਿਗੋਈ ॥**
**ਬਿਨੁ ਸਤਿਗੁਰ ਥਿਰੁ ਕੋਇ ਨ ਹੋਈ ॥** (ਪੰਨਾ ੧੦੬੮)

ਜੰਮਣ ਮਰਨ ਵਿਚ ਲੋਕੀ ਖ਼ੁਆਰ ਹੋ ਰਹੇ ਹਨ। ਗੁਰੂ ਨਾਨਕ ਤੋਂ ਬਗ਼ੈਰ ਸਦੀਵੀ ਕੋਈ ਨਹੀਂ ਹੈ। ਤੇਰਾ ਗੁਰੂ ਵੀ ਨਹੀਂ।

**ਸਤਿਗੁਰ ਬਾਝਹੁ ਸੰਗਤਿ ਨ ਹੋਈ ॥**
**ਬਿਨੁ ਸਬਦੇ ਪਾਰੁ ਨ ਪਾਏ ਕੋਈ ॥** (ਪੰਨਾ ੧੦੬੮)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਤੋਂ ਬਗ਼ੈਰ ਸੰਗਤਿ ਹੀ ਨਹੀਂ ਹੁੰਦੀ। ਵਾਹਿਗੁਰੂ ਸਿਮਰਨ ਤੋਂ ਬਗ਼ੈਰ ਕੋਈ ਪਾਰ ਨਹੀਂ ਲੰਘ ਸਕਦਾ। ਇਹ ਉਪਦੇਸ਼ ਸਾਰੀ ਦੁਨੀਆਂ ਲਈ ਹੈ, ਤੇਰੇ ਗੁਰੂ ਨੂੰ ਛੱਡ ਕੇ। ਮਾਰਿਆ ਜਾਏਂਗਾ।

ਗੁਰੁ ਪਰਮੇਸਰੁ ਗੁਰੁ ਗੋਬਿੰਦੁ ॥
ਗੁਰੁ ਕਰਤਾ ਗੁਰੁ ਸਦ ਬਖਸੰਦੁ ॥ (ਪੰਨਾ ੧੦੮੦)

ਗੁਰੂ ਨਾਨਕ ਹੀ ਪਰਮੇਸਰ ਹੈ, ਗੁਰੂ ਨਾਨਕ ਹੀ ਗੋਬਿੰਦ ਹੈ, ਗੁਰੂ ਨਾਨਕ ਹੀ ਕਰਤਾ ਹੈ, ਗੁਰੂ ਸਦ ਬਖ਼ਸ਼ਿੰਦ ਹੈ, ਅੰਮ੍ਰਿਤ ਛਕ ਲੈ।

ਸਤਿਗੁਰੁ ਮੇਰਾ ਬੇਮੁਹਤਾਜੁ ॥
ਸਤਿਗੁਰ ਮੇਰੇ ਸਚਾ ਸਾਜੁ ॥
ਸਤਿਗੁਰੁ ਮੇਰਾ ਸਭਸ ਕਾ ਦਾਤਾ ॥
ਸਤਿਗੁਰੁ ਮੇਰਾ ਪੁਰਖੁ ਬਿਧਾਤਾ ॥੧॥ (ਪੰਨਾ ੧੧੪੨)

ਮੇਰਾ ਗੁਰੂ ਨਾਨਕ ਕਿਸੇ ਦਾ ਮੁਹਤਾਜ ਨਹੀਂ। ਇਹ ਸਾਰੀ ਸਾਜਣਾ Creator of whole universe ਸਾਰੀ ਦੁਨੀਆਂ ਨੂੰ ਬਣਾਉਣ ਵਾਲਾ ਗੁਰੂ ਨਾਨਕ ਹੀ ਹੈ। ਮੇਰਾ ਗੁਰੂ ਨਾਨਕ ਸਾਰੀ ਸ੍ਰਿਸ਼ਟੀ ਦਾ ਦਾਤਾ ਹੈ (ਤੇਰੇ ਗੁਰੂ ਦਾ ਵੀ ਦਾਤਾ ਹੈ।) ਕਿਉਂਕਿ ਮੇਰਾ ਗੁਰੂ ਨਾਨਕ ਅਕਾਲ ਪੁਰਖ ਹੈ ਸਭ ਵਿਚ ਸਮਾਇਆ ਹੋਇਆ, ਸਾਰਿਆਂ ਨੂੰ ਬਣਾਉਣ ਵਾਲਾ ਹੈ।

ਗੁਰ ਜੈਸਾ ਨਾਹੀ ਕੋ ਦੇਵ ॥
ਜਿਸੁ ਮਸਤਕਿ ਭਾਗੁ ਸੁ ਲਾਗਾ ਸੇਵ ॥੧॥ ਰਹਾਉ ॥
(ਪੰਨਾ ੧੧੪੨)

ਗੁਰੂ ਨਾਨਕ ਵਰਗਾ ਕੋਈ ਦੇਵ ਨਹੀਂ ਹੈ, ਜਿਸਦੇ ਮਸਤਕ ਤੇ ਚੰਗੇ ਭਾਗ ਹੋਣ ਉਹੀ ਅੰਮ੍ਰਿਤ ਛਕ ਕੇ ਸੇਵਾ ਕਰਦਾ ਹੈ। ਤੇਰੀ ਕਿਸਮਤ ਹੀ ਚੰਗੀ ਨਹੀਂ ਕਿ ਅੰਮ੍ਰਿਤ ਛਕ ਕੇ ਖ਼ਾਲਸਾ ਬਣ ਕੇ ਅਕਾਲ ਪੁਰਖ ਦੀ ਫ਼ੌਜ ਵਿਚ ਭਰਤੀ ਹੋ ਜਾਵੇਂ।

ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ ॥
ਸਤਿਗੁਰੁ ਮੇਰਾ ਮਾਰਿ ਜੀਵਾਲੈ ॥ (ਪੰਨਾ ੧੧੪੨)

ਸਾਰੀ ਸ੍ਰਿਸ਼ਟੀ ਨੂੰ ਮੇਰਾ ਗੁਰੂ ਨਾਨਕ ਹੀ ਪਾਲ ਰਿਹਾ ਹੈ। ਮੇਰਾ ਗੁਰੂ ਨਾਨਕ ਕੁਰਹਿਤ ਤੋਂ ਬਚਾ ਕੇ ਦੈਵੀ ਗੁਣਾਂ ਵਾਲਾ ਜੀਵਨ ਦੇਂਦਾ ਹੈ।

ਨਾਨਕ ਸੋਧੇ ਸਿੰਮ੍ਰਿਤਿ ਬੇਦ ॥
ਪਾਰਬ੍ਰਹਮ ਗੁਰ ਨਾਹੀ ਭੇਦ ॥੪॥੧੧॥੨੪॥ (ਪੰਨਾ ੧੧੪੨)

ਸਿਮ੍ਰਿਤੀਆਂ ਵੇਦ ਸਾਰੇ ਸੋਧ ਕੇ ਵਿਚਾਰ ਕੇ ਦੇਖ ਲਏ ਹਨ, ਵਿਚ ਕੁਛ ਵੀ ਨਹੀਂ, ਰੱਬ ਤੇ ਗੁਰੂ ਵਿਚ ਕੋਈ ਫ਼ਰਕ ਨਹੀਂ।

**ਸਭ ਤੇ ਵਡ ਸਮਰਥ ਗੁਰਦੇਵ॥.....**

**ਪਾਰਬ੍ਰਹਮੁ ਪਰਮੇਸਰੁ ਅਨੂਪੁ॥**

**ਸਫਲ ਮੂਰਤਿ ਗੁਰੁ ਤਿਸ ਕਾ ਰੂਪੁ॥** *(ਪੰਨਾ ੧੧੫੨)*

ਸਾਰਿਆਂ ਤੋਂ ਵੱਡਾ ਸਰਬ ਕਲਾ ਸੰਪੂਰਣ ਗੁਰੂ ਨਾਨਕ ਹੀ ਹੈ। ਗੁਰੂ ਨਾਨਕ ਸਭ ਫਲ ਦੇਣ ਵਾਲਾ ਰੱਬ ਦਾ ਸਰਗੁਣ ਰੂਪ ਹੈ।

**ਬਿਨੁ ਗੁਰ ਮੁਕਤਿ ਨਾਹੀ ਤ੍ਰੈ ਲੋਈ ਗੁਰਮੁਖਿ ਪਾਈਐ ਨਾਮੁ ਹਰੀ॥੧॥ ਰਹਾਉ॥** *(ਪੰਨਾ ੧੧੭੧)*

ਗੁਰੂ ਨਾਨਕ ਤੋਂ ਬਗ਼ੈਰ ਤਿੰਨਾਂ ਲੋਕਾਂ ਵਿਚ ਮੁਕਤੀ ਨਹੀਂ ਮਿਲਣੀ, ਅੰਮ੍ਰਿਤ ਛਕ ਕੇ ਗੁਰਮੁਖ ਬਣ ਕੇ ਵਾਹਿਗੁਰੂ ਨਾਮ ਦੀ ਦਾਤ ਮਿਲਦੀ ਹੈ।

**ਬਿਨੁ ਭਗਤੀ ਨਹੀ ਸਤਿਗੁਰੁ ਪਾਈਐ ਬਿਨੁ ਭਾਗਾ ਨਹੀ ਭਗਤਿ ਹਰੀ॥**

**ਬਿਨੁ ਭਾਗਾ ਸਤਸੰਗੁ ਨ ਪਾਈਐ ਕਰਮਿ ਮਿਲੈ ਹਰਿ ਨਾਮੁ ਹਰੀ॥** *(ਪੰਨਾ ੧੧੭੧)*

ਚੰਗੀ ਕਿਸਮਤ ਤੋਂ ਬਗ਼ੈਰ ਭਗਤੀ ਨਹੀਂ ਹੋ ਸਕਦੀ, ਭਗਤੀ ਭਾਵਨਾ ਤੋਂ ਬਗ਼ੈਰ ਗੁਰੂ ਨਾਨਕ ਨਹੀਂ ਮਿਲਦਾ, ਚੰਗੀ ਕਿਸਮਤ ਤੋਂ ਬਗ਼ੈਰ ਸਤਸੰਗਤਿ ਨਹੀਂ ਮਿਲਦੀ, ਬਖ਼ਸ਼ਿਸ਼ ਹੋ ਜਾਏ ਤਾਂ ਵਾਹਿਗੁਰੂ ਨਾਮ ਦੀ ਦਾਤ ਮਿਲਦੀ ਹੈ, ਅੰਮ੍ਰਿਤ ਛਕਣ ਤੋਂ ਬਾਦ।

**ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥**

**ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥੧॥** *(ਪੰਨਾ ੧੨੩੭)*

ਗੁਰੂ ਨਾਨਕ ਕੋਲ ਕੁੰਜੀ ਹੈ, ਜਿੰਦਾ ਲੱਗਾ ਹੋਇਆ ਦਸਮ ਦੁਆਰ ਨੂੰ, ਮਨ ਕੋਠਾ ਸਮਝੋ, ਸਰੀਰ ਨੂੰ ਛੱਤ ਸਮਝੋ। ਗੁਰੂ ਨਾਨਕ ਤੋਂ ਬਗ਼ੈਰ 'ਦਸਵਾਂ ਦੁਆਰ' ਨਹੀਂ ਖੁਲ੍ਹਣਾ, ਕੁੰਜੀ ਸਾਰੀ ਸ੍ਰਿਸ਼ਟੀ ਵਿਚੋਂ ਹੋਰ ਕਿਸੇ ਕੋਲ ਨਹੀਂ ਹੈ।

**ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ॥੧॥** *(ਪੰਨਾ ੧੩੦੧)*

ਐਸੇ ਗੁਰੂ ਨਾਨਕ ਤੋਂ ਸਦਕੇ ਹਾਂ, ਉਹ ਆਪ ਵੀ ਮੁਕਤ ਹੈ ਸਾਨੂੰ ਵੀ ਮੁਕਤੀ ਬਖ਼ਸ਼ਦਾ ਹੈ। ਸਰਬੱਤ ਦਾ ਭਲਾ ਬਹੁਤ ਔਖਾ, ਬਾਕੀ ਸਾਰੇ ਦੇਹਧਾਰੀ ਗੁਰੂ ਤਾਂ ਲੁੱਕ ਦੇ ਡਰੱਮ ਵਿਚ ਘੁੰਮ ਰਹੇ ਹਨ, ਉਹ ਆਪ ਹੀ ਮੁਕਤ ਨਹੀਂ, ਤਾਂ ਸਾਨੂੰ ਕੀ ਤਾਰਨਗੇ। ਮੇਰਾ ਅੰਦਰੋਂ ਮਨ ਹੈ, ਇਹ ਮਾਇਆ ਸਤਿਕਾਰ ਛੱਡ ਦੇਹ, ਲੱਗ ਜਾਹ ਗੁਰੂ ਨਾਨਕ ਦੇ ਚਰਨੀਂ ਤੇ ਮੁਆਫ਼ੀ ਮੰਗ ਲੈ। ਬਖ਼ਸ਼ਿਆ

ਜਾਏਂਗਾ ਤੇ ਵੱਡੇ ਵਡੇਰਿਆਂ ਨੂੰ ਉੱਥੋਂ ਛੁਡਵਾ ਲੈ। ਉੱਥੇ ਕਰੋੜਾਂ ਸਾਲ ਲੁੱਕ ਦੇ ਡਰੰਮ ਵਿਚ ਹੀ ਬੀਤ ਜਾਣੇ ਹਨ, ਤੂੰ ਸੋਚਦਾ ਹੈਂ ਕੌਣ ਦੇਖਦਾ। ਜੋ ਇਥੇ ਦੇਖਦੇ ਹਨ, ਜੋ ਤੇਰਾ ਸਤਿਕਾਰ ਕਰਦੇ ਹਨ, ਤੈਨੂੰ ਸਭ ਉੱਤੇ ਲਟਕਦੇ ਮਿਲਣਗੇ, ਚੱਲ ਤਾਂ ਸਹੀ, ਛੋਟੀ ਜਿਹੀ ਸਰੀਰ ਦੀ ਉਮਰ ਪਿੱਛੇ ਕਰੋੜਾਂ ਸਾਲ ਦਾ ਭੁਗਤਾਨ ਪਾ ਰਿਹਾ ਹੈ, ਜਿਹਨਾਂ ਤੈਨੂੰ ਗੁਰੂ ਬਣਾਇਆ, ਸਭ ਉੱਥੇ ਜੁੱਤੀਆਂ ਖਾਂਦੇ ਮਿਲਣਗੇ। ਜਿਹਨਾਂ ਤੇਰੀ ਮਦਦ ਕੀਤੀ ਹੈ ਕਰੋੜਾਂ ਰੁਪਏ ਦੀ, ਉਹ ਵੀ ਉੱਥੇ ਹੀ ਮਿਲਣਗੇ, ਮੂੰਹ ਕਾਲੇ ਤੇ ਨੰਗੇ, ਜਿਹਨਾਂ ਤੈਨੂੰ ਪੂਜਿਆ, ਦੋ ਫਾੜ ਹੁੰਦੇ ਉੱਥੇ ਹੀ ਮਿਲਣਗੇ, ਫ਼ਿਕਰ ਨਾ ਕਰ। ਇਹ ਦੋ ਚਾਰ ਦਿਨ ਦੀ ਜ਼ਿੰਦਗੀ, ਉਹ ਸਦੀਵੀ ਕਰੋੜਾਂ ਸਾਲ ਦੀ ਜ਼ਿੰਦਗੀ, ਇਥੇ ਕੱਚਾ ਸਰੀਰ ਹੈ, ਉੱਥੇ ਪੱਕਾ ਰੱਬ ਸੂਖਸ਼ਮ ਸਰੀਰ ਹੈ। ਮੈਂ ਸਰਬੱਤ ਦੇ ਭਲੇ ਵਿਚ ਕਹਿ ਰਿਹਾਂ, ਹੌਲੀ ਹੌਲੀ ਇਹ ਗੁਰੂ ਪੁਣਾ ਛੱਡ ਦੇਹ, ਇਹਨਾਂ ਚੇਲਿਆਂ ਨੇ ਤੈਨੂੰ ਅੱਗੇ ਖਾਣਾ ਹੈ ਕੱਚੇ ਨੂੰ, ਖੇਡ ਖ਼ਤਮ ਨਹੀਂ ਹੋ ਗਈ, ਮੌਤ ਤੋਂ ਬਾਦ ਸ਼ੁਰੂ ਹੋਣੀ ਹੈ ਅਸਲੀ ਖੇਡ, ਲੰਬੀ ਜ਼ਿੰਦਗੀ, ਸਦੀਵੀ ਜ਼ਿੰਦਗੀ, ਇਹ ਤਾਂ ਇਮਤਿਹਾਨ ਲਈ ਮੌਕਾ ਦਿੱਤਾ ਸੀ, ਪਾਸ ਹੁੰਦਾ ਹੈਂ ਕਿ ਫੇਲ੍ਹ, ਤੂੰ ਸੱਚੀ ਮੁੱਚੀ ਫੇਲ੍ਹ ਹੋ ਗਿਐਂ।

**ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥੫॥**

(ਪੰਨਾ ੧੩੦੯)

ਗੁਰੂ ਨਾਨਕ ਦੇ ਉਪਦੇਸ਼ ਹੀ ਸਤਿਗੁਰੂ ਹਨ, ਸਤਿਗੁਰੂ ਗੁਰੂ ਨਾਨਕ ਹੈ, ਮੁਕਤੀ ਵੀ ਜ਼ਰੂਰ ਮਿਲੇਗੀ, ਬਾਣੀ ਵਿਚਾਰ ਕੇ ਦੇਖ ਜੋ ਗੁਰੂ ਨਾਨਕ ਨੇ ਲਿਖ ਦਿੱਤਾ ਹੈ ਹੋਰ ਕੋਈ ਲਿਖ ਹੀ ਨਹੀਂ ਸਕਦਾ, ਕੋਈ ਰੱਬ ਨੂੰ ਜਾਣਦਾ ਹੀ ਨਹੀਂ, ਜਾਣ ਵੀ ਨਹੀਂ ਸਕਦਾ।

**ਜੇ ਕੋ ਭਲਾ ਲੋੜੈ ਭਲ ਅਪਨਾ ਗੁਰ ਆਗੈ ਢਹਿ ਢਹਿ ਪਾਵੈਗੋ ॥**

(ਪੰਨਾ ੧੩੧੦)

ਜੇ ਕੋਈ ਵੀ ਭਲਾ ਚਾਹੁੰਦਾ ਹੈਂ, ਆਪਣਾ ਭਲਾ ਚਾਹੁੰਦਾ ਹੈਂ, ਪਰਿਵਾਰ ਦਾ ਭਲਾ ਚਾਹੁੰਦਾ ਹੈਂ, ਸਰਬੱਤ ਦਾ ਭਲਾ ਚਾਹੁੰਦਾ ਹੈਂ ਤਾਂ ਗੁਰੂ ਨਾਨਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਢਹਿ ਢੇਰੀ ਹੋ ਜਾਹ। ਪਿਛਲੀ ਮੁਆਫ਼ੀ ਮੰਗ ਲੈ, ਅੱਗੋਂ ਭਲਾ ਹੋ ਜਾਏਗਾ।

**ਨਾਨਕ ਗੁਰੂ ਗੁਰੂ ਹੈ ਸਤਿਗੁਰੁ ਮੈ ਸਤਿਗੁਰੁ ਸਰਨਿ ਮਿਲਾਵੈਗੋ ॥੮॥੪॥**

(ਪੰਨਾ ੧੩੧੦)

ਗੁਰੂ ਨਾਨਕ ਹੀ ਗੁਰੂ ਹੈ, ਸਤਿਗੁਰੂ ਹੀ ਗੁਰੂ ਨਾਨਕ ਹੈ, ਮੈਂ ਚਰਨੀਂ ਲੱਗਾ ਹਾਂ ਗੁਰੂ ਮਿਲਾ ਦਏਗਾ ਰੱਬ ਨਾਲ। ਜੇ ਹੋਰ ਕੋਈ ਮਿਲਾ ਸਕਦਾ ਹੋਵੇ

ਤਾਂ ਅਸੀਂ ਵੀ ਮਿਲਣ ਨੂੰ ਤਿਆਰ ਹਾਂ, ਦੱਸੋ ਤਾਂ ਸਹੀ ਮਿਲਾਓਗੇ ਕਿਵੇਂ ?

**ਬਿਨੁ ਗੁਰ ਭੇਟੇ ਕੋ ਮਹਲੁ ਨ ਪਾਵੈ ਆਇ ਜਾਇ ਦੁਖੁ ਪਾਵੈਗੋ ॥੬॥**

*(ਪੰਨਾ ੧੩੧੦)*

ਗੁਰੂ ਨਾਨਕ ਤੋਂ ਅੰਮ੍ਰਿਤ ਛਕਣ ਤੋਂ ਬਗ਼ੈਰ ਕੋਈ ਵਾਪਿਸ ਸਚਖੰਡਿ ਨਹੀਂ ਜਾ ਸਕਦਾ। ਸਗੋਂ ਜਿਹਨਾਂ ਅੰਮ੍ਰਿਤ ਨਹੀਂ ਛਕਿਆ, ਭਾਵੇਂ ਦੇਹਧਾਰੀ ਗੁਰੂਆਂ ਤੋਂ ਨਾਮ ਦੀ ਦਾਤ ਲਈ ਹੋਈ ਹੈ ਤਾਂ ਵੀ ਨਰਕਾਂ ਵਿਚ ਜਾਣਗੇ, ਦੁੱਖ ਪਾਉਣਗੇ। ੮੪ ਲੱਖ ਦਾ ਗੇੜਾ ਖ਼ਤਮ ਹੋ ਹੀ ਨਹੀਂ ਸਕਦਾ, ਇਹ ਗੇੜਾ ਹੀ ਗੁਰੂ ਨਾਨਕ ਨੇ ਬਣਾਇਆ ਹੈ, ਕੌਣ ਬਚਾ ਸਕਦਾ ਹੈ, ਗੁਰੂ ਨਾਨਕ ਤੋਂ ਬਗ਼ੈਰ, ਤੈਨੂੰ ਅਕਲ ਹੀ ਨਹੀਂ, ਖੋਤਿਆ! ਸਰੀਰ ਹੀ ਕੁਰਹਿਤ ਹੈ, ਮਾਇਆ ਹੈ। ਤੂੰ ਸਰੀਰ ਤੋਂ ਬਚ ਕੇ ਦਿਖਾ ਦੇ, ਸੋਹਣਾ ਰਹਿਣ ਦਾ ਸ਼ੌਕੀਨ ਹੈ, ਮਾਇਆ ਦਾ ਭੁੱਖਾ ਹੈ, ਕਾਮੀ ਹੈ, ਔਰਤ ਦਾ ਭੁੱਖਾ ਹੈ, ਨਸ਼ਈ ਹੈ। ਤੂੰ ਦੇਖ ਇਹ ਚਾਰ ਗੱਲਾਂ ਤੋਂ ਬਚ ਗਿਆ ਹੈ, ਅੰਦਰ ਝਾਤੀ ਮਾਰ ਕੇ ਦੱਸੀਂ, ਅੰਦਰ ਈਰਖਾ ਦੀ ਅੱਗ ਬੁੱਝ ਗਈ ਹੈ?

**ਸਾਕਤ ਨਰ ਸਤਿਗੁਰੁ ਨਹੀ ਕੀਆ ਤੇ ਬੇਮੁਖ ਹਰਿ ਭਰਮਾਵੈਗੋ ॥**

*(ਪੰਨਾ ੧੩੧੧)*

ਬਾਣੀ ਕਦੀ ਝੂਠ ਨਹੀਂ ਕਹਿੰਦੀ। ਜਿਸ ਨੇ ਅੰਮ੍ਰਿਤ ਨਹੀਂ ਛਕਿਆ, ਗੁਰੂ ਨਾਨਕ ਨੂੰ ਗੁਰੂ ਨਹੀਂ ਧਾਰਿਆ, ਉਹ ਤਾਂ ਸਾਕਤ ਹੈ, ਬੇਮੁਖ ਹੈ, ਵਾਹਿਗੁਰੂ ਨੇ ਜੂਨਾਂ ਵਿਚ ਭਟਕਾ ਦੇਣਾ। ਦੇਖ ਲੈ ਅਜੇ ਵੀ ਕਕਾਰ ਤਾਂ ਪਾ ਲੈ, ਪੁੱਤਰ ਬਣ ਜਾ ਰੱਬ ਦਾ।

**ਸਤਿਗੁਰੁ ਮਹਾ ਪੁਰਖੁ ਹੈ ਪਾਰਸੁ ਜੋ ਲਾਗੈ ਸੋ ਫਲੁ ਪਾਵੈਗੋ ॥**

*(ਪੰਨਾ ੧੩੧੧)*

ਗੁਰੂ ਨਾਨਕ, ਅਕਾਲ ਪੁਰਖ ਹੈ, ਪਾਰਸ ਹੈ, ਨਾਲ ਛੋਹ ਪ੍ਰਾਪਤ ਕਰਕੇ ਸੋਨਾ ਹੋ ਜਾਹ। ਲੋਹੇ! ਸਭ ਫਲਾਂ ਦੀ ਪ੍ਰਾਪਤੀ ਹੋਏਗੀ।

**ਸਤਿਗੁਰ ਬਚਨੁ ਬਚਨੁ ਹੈ ਨੀਕੋ ਗੁਰ ਬਚਨੀ ਅੰਮ੍ਰਿਤੁ ਪਾਵੈਗੋ ॥**

*(ਪੰਨਾ ੧੩੧੧)*

ਗੁਰੂ ਨਾਨਕ ਦੇ ਬਚਨ, ਬਚਨ ਬਹੁਤ ਸੁੰਦਰ ਹਨ, ਗੁਰੂ ਦੇ ਬਚਨਾਂ ਤੇ ਚਲੋ, ਦਸਵੇਂ ਦੁਆਰ ਵਿਚੋਂ ਅੰਮ੍ਰਿਤ ਮਿਲੇਗਾ।

**ਹਰਿ ਹਰਿ ਹਰਿ ਹਰਿ ਹਰਿ ਸਰੁ ਸੇਵਹਿ ਤਿਨ ਦਰਗਹ ਮਾਨੁ ਦਿਵਾਵੈਗੋ ॥** *(ਪੰਨਾ ੧੩੧੧)*

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਦਾ ਸਿਮਰਨ ਕਰੀ ਚੱਲ, ਸਚਖੰਡਿ ਸਤਿਕਾਰ ਮਿਲੇਗਾ, ਹੋਰ ਕੀ ਚਾਹੀਦਾ ਹੈ ?

**ਸਤਿਗੁਰ ਸਰਨਿ ਪਏ ਸੇ ਥਾਪੇ ਤਿਨ ਰਾਖਨ ਕਉ ਪ੍ਰਭੁ ਆਵੈਗੋ।**

*(ਪੰਨਾ ੧੩੧੧)*

ਜਿਹੜੇ ਗੁਰੂ ਨਾਨਕ ਦੀ ਚਰਨੀਂ ਲਗਦੇ ਹਨ, ਅੰਮ੍ਰਿਤ ਛਕਦੇ ਹਨ, ਉਹ ਬਖ਼ਸ਼ੇ ਜਾਂਦੇ ਹਨ, ਉਹਦੀ ਇੱਜ਼ਤ ਰੱਖਣ ਆਪ ਵਾਹਿਗੁਰੂ ਆਉਂਦਾ ਹੈ। ਹੈ ਬਖ਼ਸ਼ਿਸ਼ ਕਿਸੇ ਕੋਲ ਇਹੋ ਜਿਹੀ। ਮੂਰਖਾ ! ਬਾਬਾ ਨਾਨਕ ਤੇ ਵਾਹਿਗੁਰੂ ਦੀ ਮਿਲੀ ਭੁਗਤ ਹੈ। ਤੇਰੇ ਗੁਰੂ ਕੋਲ ਇਹ ਬਖ਼ਸ਼ਿਸ਼ ਹੈ ? ਹਾਂ ਹੈ, ਧਰਮਰਾਜ ਲੈਣ ਆਵੇਗਾ, ਨਰਕਾਂ ਵਿਚ ਲੈ ਕੇ, ਦੋਪਾੜ ਕਰ ਦਏਗਾ।

**ਰਾਮ ਨਾਮੁ ਸਭ ਜਗ ਕਾ ਤਾਰਕੁ ਲਗਿ ਸੰਗਤਿ ਨਾਮੁ ਧਿਆਵੈਗੋ ॥**

*(ਪੰਨਾ ੧੩੧੧)*

ਵਾਹਿਗੁਰੂ ਨਾਮ (ਵਾਹਿਗੁਰੂ ਗੁਰਮੰਤ੍ਰ ਹੈ) ਸਾਰੀ ਸ੍ਰਿਸ਼ਟੀ ਨੂੰ ਤਾਰਨ ਲਈ ਜਹਾਜ਼ ਹੈ, ਸੰਗਤਿ ਵਿਚ ਆ ਕੇ ਵਾਹਿਗੁਰੂ ਨਾਮ ਧਿਆਵੋ।

**ਸਤਸੰਗਤਿ ਸਤਿਗੁਰ ਧੰਨੁ ਧਨੋ, ਧੰਨ ਧੰਨ ਧਨੋ, ਜਿਤੁ ਮਿਲਿ ਹਰਿ ਬੁਲਗ ਬੁਲੋਗੀਆ ॥** *(ਪੰਨਾ ੧੩੧੩)*

ਸਤਸੰਗਤਿ ਧੰਨ ਹੈ, ਬਾਬਾ ਨਾਨਕ ਧੰਨ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਧੰਨ ਹਨ, ਧੰਨ ਹਨ, ਧੰਨ ਹਨ, ਧੰਨ ਹਨ, ਜਿਥੇ ਅਸੀਂ ਉਹਨਾਂ ਦੀ ਗੋਦ ਵਿਚ ਬੈਠ ਕੇ ਵਾਹਿਗੂਰੂ ਸਿਮਰਨ ਕਰਦੇ ਹਾਂ।

**ਸਭ ਕਹਹੁ ਮੁਖਹੁ ਹਰਿ ਹਰਿ ਹਰੇ,**
**ਹਰਿ ਹਰਿ ਹਰੇ ਹਰਿ ਬੋਲਤ ਸਭਿ ਪਾਪ ਲਹੋਗੀਆ ॥**

*(ਪੰਨਾ ੧੩੧੩)*

ਓਏ ! ਸਾਰੇ ਮੂੰਹੋਂ ਕਹੋ—ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਬੋਲਦਿਆਂ, ਜਪਦਿਆਂ ਸਾਰੇ ਪਿਛਲੇ ਜਨਮਾਂ ਦੇ ਪਾਪ ਉਤਰ ਜਾਂਦੇ ਹਨ। ਬੋਲੋ ਸਾਰੇ, ਸਾਰੀ ਸ੍ਰਿਸ਼ਟੀ। ਮੂਰਖਾ ! ਤੂੰ ਵੀ ਬੋਲ, ਦੇਹਧਾਰੀ ਗੁਰੂ ਨੂੰ ਛੱਡ ਦੇ।

**ਸਭਿ ਧੰਨੁ ਕਹਹੁ ਗੁਰੁ ਸਤਿਗੁਰੂ ਗੁਰੁ ਸਤਿਗੁਰੂ ਜਿਤੁ ਮਿਲਿ ਹਰਿ ਪੜਦਾ ਕਜਿਆ ॥੭॥** *(ਪੰਨਾ ੧੩੧੬)*

ਸਾਰੇ ਗੁਰੂ ਨਾਨਕ ਨੂੰ ਧੰਨ ਕਹੋ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਧੰਨ

ਕਹੋ, ਧੰਨ ਕਹੋ, ਜਿਸ ਨੂੰ ਮਿਲਣ ਨਾਲ ਸਾਡਾ ਪੜਦਾ ਕਜਿਆ ਜਾਂਦਾ ਹੈ।

**ਧਨੁ ਧੰਨੁ ਸੁ ਰਸਨਾ, ਧੰਨੁ ਕਰ, ਧੰਨੁ ਸੁ ਪਾਧਾ,**
**ਸਤਿਗੁਰੂ ਜਿਤੁ ਮਿਲਿ ਹਰਿ ਲੇਖਾ ਲਿਖਾ ॥੮॥** *(ਪੰਨਾ ੧੩੧੬)*

ਓਹ ਜ਼ੁਬਾਨ ਧੰਨ ਹੈ, ਧੰਨ ਹੈ, ਜੋ ਵਾਹਿਗੁਰੂ ਵਾਹਿਗੁਰੂ ਜਪਦੀ ਹੈ। ਹੱਥ ਧੰਨ ਹਨ ਜੋ ਸੇਵਾ ਕਰਦੇ ਹਨ। ਸਾਨੂੰ ਸਿਖਾਉਣ ਵਾਲਾ ਪਾਂਧਾ ਗੁਰੂ ਨਾਨਕ ਧੰਨ ਹੈ, ਜਿਸ ਨੂੰ ਮਿਲ ਕੇ ਵਾਹਿਗੁਰੂ ਵਾਲੇ ਲੇਖ ਲਿਖੇ ਜਾ ਰਹੇ ਹਨ। ਧੰਨ ਹੈ ਗੁਰੂ ਨਾਨਕ ਧੰਨ ਹੈ।

**ਜਨ ਨਾਨਕ ਨਾਮੁ ਸਲਾਹਿ ਤੂ ਲੁਡਿ ਲੁਡਿ ਦਰਗਹ ਵੰਞੁ ॥੧॥**
*(ਪੰਨਾ ੧੩੧੮)*

ਹੇ ਦਾਸ ਨਾਨਕ! ਤੂੰ ਵਾਹਿਗੁਰੂ ਵਾਹਿਗੁਰੂ ਜਪ ਤੇ ਨਿਮਰਤਾ ਧਾਰਨ ਕਰਕੇ, ਵਧੀਕੀ ਨੂੰ ਜਰ ਕੇ, ਸਚਖੰਡਿ ਪਹੁੰਚ।

**ਮਾਨਸ ਜਨਮਿ ਸਤਿਗੁਰੂ ਨ ਸੇਵਿਆ ਬਿਰਥਾ ਜਨਮੁ ਗਵਾਇਆ ॥**
*(ਪੰਨਾ ੧੩੩੪)*

ਮਨੁੱਖਾ ਜਨਮ ਲੈ ਕੇ ਗੁਰੂ ਨਾਨਕ ਵਾਹਿਗੁਰੂ ਨੂੰ ਨਹੀਂ ਸਿਮਰਿਆ, ਜਨਮ ਹੀ ਅਜਾਈਂ ਚਲਾ ਗਿਆ। ਤੂੰ ਦੇਹਧਾਰੀ ਮਗਰ ਤੁਰਿਆ ਫਿਰਦੈਂ।

**ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ ॥**
**ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ ॥੪॥**
*(ਪੰਨਾ ੧੩੩੪)*

ਅੰਮ੍ਰਿਤ ਨਹੀਂ ਛਕਿਆ, ਵਾਹਿਗੁਰੂ ਸਿਮਰਨ ਨਹੀਂ ਕੀਤਾ। ਹੋਰ ਕੰਮ ਬੜੇ ਕੀਤੇ, ਦੇਹਧਾਰੀ ਗੁਰੂ ਧਾਰੇ, ਤੂੰ ਜੋ ਮਰਜ਼ੀ ਕਰ ਲੈ, ਨਰਕਾਂ ਵਿਚ ਜਾਣਾ ਹੀ ਜਾਣਾ ਹੈ, ਬੇਅੰਮ੍ਰਿਤੀਏ ਨੇ।

**ਧਨੁ ਧੰਨੁ ਗੁਰੂ ਗੁਰ ਸਤਿਗੁਰੂ ਪੂਰਾ ਬਿਖੁ ਡੁਬਦੇ ਬਾਹ ਦੇਇ ਕਢਿਭਾ ॥੧॥** *(ਪੰਨਾ ੧੩੩੭)*

ਧੰਨ ਹੈ, ਧੰਨ ਹੈ, ਗੁਰੂ ਨਾਨਕ ਧੰਨ ਹੈ, ਗੁਰੂ ਸਤਿਗੁਰੂ ਪੂਰਾ, ਧੰਨ ਹਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜ਼ਹਿਰ ਮਾਇਆ ਵਿਚ ਡੁਬਦੇ ਜੀਵ ਨੂੰ ਬਾਂਹ ਦੇ ਕੇ ਬਚਾ ਲੈਂਦੇ ਹਨ। ਅੰਮ੍ਰਿਤ ਛਕ ਕੇ ਦੇਖ ਲੈ। ਵਾਹਿਗੁਰੂ ਜਪ ਕੇ ਦੇਖ ਲੈ।

**ਕਬੀਰ ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਂਇ ॥**
**ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡੁ ਅਜਾਂਇ ॥੧੦੧॥**
*(ਪੰਨਾ ੧੩੬੯)*

ਹੇ ਕਬੀਰ! ਮਨ ਨੂੰ ਮੁੰਨਣਾ ਸੀ ਤੂੰ ਕੇਸ ਮੁੰਨ ਦਿੱਤੇ। ਸਾਰੀ ਸ਼ਰਾਰਤ ਤਾਂ ਮਨ ਦੀ ਸੀ, ਕੇਸ ਐਵੇਂ ਹੀ ਮੁੰਨ ਦਿੱਤੇ। ਸਮਝ ਨਹੀਂ, ਕੇਸ ਅੰਗ ਹਨ।

**ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ॥**
**ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ ॥੧੦੪॥** *(ਪੰਨਾ ੧੩੬੯)*

ਹੇ ਕਬੀਰ! ਮੈਂ ਉਸ ਗੁਰੂ ਦੀ ਮਾਂ ਦਾ ਸਿਰ ਮੁੰਨ ਦਿਆਂ (ਦੇਹਧਾਰੀ ਗੁਰੂ ਦੀ ਮਾਂ ਦਾ) ਜਿਸ ਨੂੰ ਮਿਲ ਕੇ ਭਟਕਣਾ ਗਈ ਨਹੀਂ, ਮਨ ਟਿਕਿਆ ਨਹੀਂ। ਆਪ ਤਾਂ ਚਹੁ ਵੇਦਾਂ ਵਿਚ ਡੁੱਬ ਗਿਆ (ਵੇਦਾਂ ਵਿਚ ਕੁਛ ਹੈ ਹੀ ਨਹੀਂ) ਬਾਕੀ ਸਾਰੇ ਚੇਲੇ ਹੀ ਡੋਬ ਦਿੱਤੇ। ਸਾਰੇ ਨਰਕਾਂ ਵਿਚ ਗਏ ਸਣੇ ਗੁਰੂ। ਬੱਸ ਇਸੇ ਤਰ੍ਹਾਂ, ਇਹ ਦੇਹਧਾਰੀ ਗੁਰੂਆਂ ਨੇ ਜਾਣਾ ਹੈ, ਆਪ ਵੀ ਨਰਕਾਂ ਵਿਚ ਚੇਲੇ ਵੀ ਸਾਰੇ ਨਰਕਾਂ ਵਿਚ।

**ਜਨੁ ਨਾਨਕੁ ਭਗਤੁ ਦਰਿ, ਤੁਲਿ ਬ੍ਰਹਮ ਸਮਸਰਿ, ਏਕ ਜੀਹ ਕਿਆ ਬਖਾਨੈ॥**
**ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ ॥੧॥**

*(ਪੰਨਾ ੧੩੮੫)*

ਦਾਸ ਨਾਨਕ ਭਗਤ ਸਚਖੰਡਿ ਵਿਚ, ਵਾਹਿਗੁਰੂ ਦੇ ਬਰਾਬਰ ਹੀ ਹੈ, ਇਕ ਜੀਭ ਕੀ ਵਖਿਆਨ ਕਰ ਸਕਦੀ ਹੈ? ਹਾਂ, ਮੈਂ ਸਦਕੇ ਜਾਂਦਾ ਹਾਂ।

**ਹਰਿ ਗੁਰੁ ਨਾਨਕੁ ਜਿਨ ਪਰਸਿਅਉ ਸਿ ਜਨਮ ਮਰਣ ਦੁਹ ਥੇ ਰਹਿਓ ॥੫॥.....**
**ਹਰਿ ਗੁਰੁ ਨਾਨਕ ਜਿਨ੍ ਪਰਸਿਓ ਤਿਨ੍ ਸਭ ਕੁਲ ਕੀਓ ਉਧਾਰੁ ॥੬॥.....**
**ਹਰਿ ਗੁਰੁ ਨਾਨਕੁ ਜਿਨ੍ ਪਰਸਿਓ ਤੇ ਬਹੁੜਿ ਫਿਰਿ ਜੋਨਿ ਨ ਆਏ ॥੭॥.....**
**ਹਰਿ ਗੁਰੁ ਨਾਨਕੁ ਜਿਨ੍ ਪਰਸਿਓ ਤੇ ਇਤ ਉਤ ਸਦਾ ਮੁਕਤੇ ॥੮॥**

*(ਪੰਨਾ ੧੩੮੬)*

ਸਵਯੇ ਨਿਰੋਲ ਗੁਰੂ ਨਾਨਕ ਪਾਤਿਸ਼ਾਹ ਦੀ ਉਸਤਤ ਹਨ। ਉਹਨਾਂ ਨੂੰ ਰੱਬ ਕਿਹਾ, ਪਰਮੇਸਰ ਕਿਹਾ, ਪਾਰਬ੍ਰਹਮ ਕਿਹਾ, ਤੂੰ ਹੀ ਸ੍ਰਿਸ਼ਟੀ ਸਾਜੀ ਹੈ ਆਪ ਗੁਰੂ ਨਾਨਕ ਅਭੁੱਲ ਹੈ ਕਦੀ ਨਹੀਂ ਭੁੱਲਦਾ। ਅਖ਼ੀਰ ਤੇ ਪੰਜਵੇਂ ਪਾਤਿਸ਼ਾਹ ਲਿਖਦੇ ਹਨ। ਗੁਰੂ ਨਾਨਕ ਹੀ ਸਚਖੰਡਿ ਵਿਚ ਵਾਹਿਗੁਰੂ ਹੈ। ਤੁਸੀਂ ਸੁਰਤੀ ਲਾ ਕੇ ਦੇਖੋ ਤਾਂ ਦੱਸੋ ਕੀ ਗ਼ਲਤ ਹੈ? ਐਵੇਂ ਦੇਹਧਾਰੀ ਪਿਛੇ ਸਮਾਂ ਬਰਬਾਦ

ਕਰੀ ਜਾ ਰਹੇ ਹੋ। ਗੁਰੂ ਸਰੀਰ ਨਹੀਂ ਹੁੰਦਾ। ਹਰਿ ਗੁਰੁ ਨਾਨਕ, ਵਾਹਿਗੁਰੂ ਗੁਰੂ ਨਾਨਕ, ਜਿਹਨਾਂ ਨੇ ਪਰਸਿਆ, ਜਿਹਨਾਂ ਛੋਹ ਪ੍ਰਾਪਤ ਕੀਤੀ, ਜਿਹਨਾਂ ਨੇ ਅੰਮ੍ਰਿਤ ਛਕਿਆ, ਅੰਮ੍ਰਿਤ ਛਕਾਉਣ ਵੇਲੇ ਪੰਜ ਪਿਆਰੇ ਸਿਰ ਤੇ ਹੱਥ ਰੱਖ ਕੇ ਆਖਦੇ ਹਨ, ਬੋਲ ਵਾਹਿਗੁਰੂ, ਬੋਲ ਵਾਹਿਗੁਰੂ, ਉਹ ਦਸਵੇਂ ਪਾਤਿਸ਼ਾਹ ਆਪ ਹੁੰਦੇ ਹਨ, ਛੋਹ ਪਰਾਪਤਿ ਹੋ ਗਈ, ਦਰਸ਼ਨ ਹੋ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ, ਬਾਣੀ ਵਿਚਾਰੋ। ਤੇਰੀ ਸੁਰਤੀ ਨਹੀਂ ਤਾਂ ਕਿਸੇ ਭੂਤ ਪ੍ਰੇਤ ਨੂੰ ਪੁੱਛ ਲੈ। ਜਦੋਂ ਅੰਮ੍ਰਿਤ ਸੰਚਾਰ ਹੁੰਦਾ ਹੈ, ਕੌਣ ਅੰਮ੍ਰਿਤ ਛਕਾ ਰਿਹਾ ਹੈ ? ਉਹਨਾਂ ਦਾ ਜਨਮ ਮਰਨ ਹੀ ਹਮੇਸ਼ਾਂ ਲਈ ਖ਼ਤਮ ਹੋ ਗਿਆ। ਉਹਨਾਂ ਦੀਆਂ ਸਭ ਕੁਲਾਂ ਤਰ ਗਈਆਂ, ਜਿਹਨਾਂ ਅੰਮ੍ਰਿਤ ਛਕ ਲਿਆ। ਉਹ ਦੁਬਾਰਾ ਜੂਨਾਂ ਵਿਚ ਨਹੀਂ ਆਏ। ਉਹ ਅੰਮ੍ਰਿਤਧਾਰੀ ਸਦਾ ਲਈ ਮੁਕਤ ਹੋ ਗਏ। ਦੇਖੀ ਜਾਹ ਕਿੰਨੇ ਗੁਣ ਹਨ, ਗੁਰੂ ਨਾਨਕ ਵਿਚ, ਗਿਣੀ ਚੱਲ, ਕਿੰਨੀਆਂ ਬਖ਼ਸ਼ਸ਼ਾਂ ਹਨ, ਹੋਰ ਕੋਈ ਇਨਸਾਨ ਨਹੀਂ ਕਰ ਸਕਦਾ।

**ਸਤਿ ਸਤਿ ਹਰਿ ਸਤਿ ਸਤਿ ਸਤੇ ਸਤਿ ਭਣੀਐ ॥**
**ਦੂਸਰ ਆਨ ਨ ਅਵਰੁ ਪੁਰਖੁ ਪਊਰਾਤਨੁ ਸੁਣੀਐ ॥**

(ਪੰਨਾ ੧੩੯੬)

ਸੱਚ ਹੈ, ਸੱਚ ਹੈ, ਵਾਹਿਗੁਰੂ! ਸੱਚ ਹੈ ਸੱਚ ਹੈ ਤੇ ਸੱਚ ਹੀ ਕਹਿਣਾ ਚਾਹੀਦਾ ਹੈ। ਪੁਰਖ ਹੁੰਦਾ ਹੈ, ਸਭ ਵਿਚ ਵਿਆਪਕ। ਹੋਰ ਕੋਈ ਗੁਰੂ ਨਾਨਕ ਵਰਗਾ ਆਦਿ-ਜੁਗਾਦਿ ਪੁਰਾਣਾ, ਸਭ ਤੋਂ ਪਹਿਲਾ, ਸਭ ਵਿਚ ਸਮਾਇਆ ਹੋਇਆ ਗੁਰੂ ਨਹੀਂ ਹੈ।

**ਬਲਿਓ ਚਰਾਗੁ ਅੰਧ੍ਯ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ ॥**
**ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ ॥੯॥**

(ਪੰਨਾ ੧੩੯੭)

ਨਾਨਕੁ—ਔਂਕੜ ਆ ਗਿਆ—ਆਪ ਨਾਨਕ। ਗੁਰੂ ਨਾਨਕ ਅੰਨ੍ਹੇਰੇ ਵਿਚ ਚਾਨਣ ਦਾ, ਪ੍ਰਕਾਸ਼ ਦਾ ਦੀਵਾ, ਜਗ ਪਿਆ, ਇਕ ਵਾਹਿਗੁਰੂ ਨਾਮ ਨਾਲ ਸਾਰੀ ਸ੍ਰਿਸ਼ਟੀ ਬਚ ਗਈ, ਇਹ ਸੱਚੇ ਧਰਮ ਦੀ ਕ੍ਰਿਪਾ ਨਾਲ। ਪ੍ਰਤੱਖ ਤੌਰ ਤੇ ਗੁਰੂ ਨਾਨਕ ਵਾਹਿਗੁਰੂ ਸਭ ਜਗ੍ਹਾ ਹੈ, ਜੋਤ ਦੀ ਤਰ੍ਹਾਂ। ਧਿਆਨ ਨਾਲ ਵਿਚਾਰੋ। ਭੱਟ ਗੁਰੂ ਪਾਤਿਸ਼ਾਹ ਕੋਲ ਆਏ, ਚਰਨ ਪਾਹੁਲ ਲਈ, ਸਿਮਰਨ ਕੀਤਾ, ਸੁਰਤੀ ਲਾਈ, ਦਸਮ ਦੁਆਰ ਖੁਲ੍ਹਾ, ਸਚੁਖੰਡਿ ਗਏ, ਉੱਥੇ ਕੀ ਦੇਖਿਆ ? ਬਾਬਾ ਨਾਨਕ ਹੀ ਰੱਬ ਹੈ, ਵਾਹਿਗੁਰੂ ਹੈ, ਇਸ ਤੋਂ ਬਗ਼ੈਰ ਪੱਤਾ ਵੀ ਨਹੀਂ ਹਿਲ ਰਿਹਾ, ਹੁਣ ਗੁਰੂ ਨਾਨਕ ਵਾਹਿਗੁਰੂ ਨੂੰ ਸੰਬੋਧਨ ਕਰਕੇ ਆਖਦੇ ਹਨ।

**ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥**
**ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ ॥**
**ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ ॥**
**ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥** (ਪੰਨਾ ੧੩੯੦)

ਵਾਹਿਗੁਰੂ ਗੁਰੂ ਨਾਨਕ! ਸਤਜੁਗ ਵੀ ਤੂੰ ਆਨੰਦ ਮਾਣਿਓ ਬਲ ਰਾਜੇ ਨੂੰ ਬੌਣਾ ਬਣਾ ਕੇ ਠੱਗ ਲਿਆ, ਬਲ ਕੌਣ ਹੈ? ਰਾਜਾ ਠਗਿਆ ਕਿਹਨੇ ਹੈ? ਬਲ ਵੀ ਤੂੰ, ਬੌਣਾ ਵੀ ਤੂੰ, ਠਗਿਆ ਵੀ ਤੂੰ, ਤੈਨੂੰ ਇਸੇ ਤਰ੍ਹਾਂ ਚੰਗਾ ਲਗਿਆ। ਇਸੇ ਤਰ੍ਹਾਂ ਤ੍ਰੇਤੇ ਦਾ ਵੀ ਤੂੰ ਆਨੰਦ ਮਾਣਿਆ, ਵਾਹਿਗੁਰੂ ਗੁਰੂ ਨਾਨਕ! ਤੂੰ ਰਾਮ ਰਘੁਵੰਸ਼ ਜਾਤੀ ਵਿਚ ਕਹਾਇਆ। ਦੁਆਪਰ ਵਿਚ ਤੂੰ ਹੀ ਕ੍ਰਿਸ਼ਨ ਮੁਰਾਰਿ ਬਣ ਕੇ ਕੰਸ ਮਾਰਿਆ। ਉਗ੍ਰਸੈਣ ਨੂੰ ਰਾਜ ਦੇ ਦਿੱਤਾ ਨਿਡਰ ਭਗਤਾਂ ਨੂੰ ਦਾਸਾਂ ਨੂੰ ਦੇ ਦਿੱਤਾ, ਅਸਲੀ ਤਾਕਤ ਤਾਂ ਤੇਰੀ ਹੀ ਕੰਮ ਕਰ ਰਹੀ ਸੀ, ਤੂੰ ਪੁਰਖ ਹੈਂ, ਸਭ ਵਿਚ ਸਮਾਇਆ ਹੋਇਆ ਹੈਂ, ਇਹਨਾਂ ਸਾਰਿਆਂ ਵਿਚ ਤੇਰੀ ਹੀ ਜੋਤ ਸੀ, ਤੂੰ ਹੀ ਆਨੰਦ ਮਾਣਿਆ ਹੈ, ਸਰੀਰ ਦੀ ਹੋਂਦ ਹੀ ਨਹੀਂ, ਸਰੀਰ ਆਨੰਦ ਮਾਣਦਾ ਹੀ ਨਹੀਂ, ਜੋਤ ਤੋਂ ਬਗ਼ੈਰ ਸਰੀਰ ਕੀ ਹੈ? ਕੁਛ ਵੀ ਨਹੀਂ। ਅੱਜ ਕਲਯੁਗ ਵਿਚ ਕਾਮ ਦਾ ਬਹੁਤ ਜ਼ੋਰ ਹੈ, ਕੌਣ ਭੋਗ ਭੋਗ ਰਿਹਾ ਹੈ। ਆਨੰਦ ਕੌਣ ਮਾਣ ਰਿਹਾ ਹੈ? ਤੇ ਫਿਰ ਵੀ ਨਿਰਲੇਪ ਹੈ। ਸਰੀਰ ਦੀ ਕੋਈ ਤਾਕਤ ਹੀ ਨਹੀਂ, ਪਾਇਆਂ ਹੀ ਨਹੀਂ, ਹੋਂਦ ਹੀ ਨਹੀਂ, ਵੱਖਰੀ ਹਸਤੀ ਹੀ ਨਹੀਂ, ਸਭ ਗੁਰੂ ਨਾਨਕ ਹੈ, ਗੁਰੂ ਨਾਨਕ ਹੈ, ਗੁਰੂ ਨਾਨਕ ਤੋਂ ਬਗ਼ੈਰ ਕੋਈ ਵੀ ਨਹੀਂ। ਸਭ ਗੋਬਿੰਦ ਹੈ ਸਭ ਗੋਬਿੰਦ ਹੈ, ਗੋਬਿੰਦ ਬਿਨੁ ਨਹੀ ਕੋਈ ਗੁਰੂ ਨਾਨਕ, ਗੋਬਿੰਦ ਇਕ ਹੀ ਗੱਲ ਹੈ, ਕੋਈ ਫ਼ਰਕ ਨਹੀਂ, ਨਾਂ ਹੀ ਦੋ ਹਨ, ਗੋਬਿੰਦ ਨਿਰਗੁਣ ਹੈ, ਗੁਰੂ ਨਾਨਕ ਸਰਗੁਣ ਹੈ।

**ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥**
**ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥੭॥**
(ਪੰਨਾ ੧੩੯੦)

ਤੇ ਹੁਣ ਕਲਯੁਗ ਵਿਚ ਬਾਬਾ ਨਾਨਕ ਵਾਹਿਗੁਰੂ ਪ੍ਰਤੱਖ ਤੌਰ ਤੇ ਆਪ ਹੀ ਆ ਗਿਆ। ਜਿਸ ਨੇ ਆਪਣੇ ਆਪ ਨੂੰ ਗੁਰੂ ਅੰਗਦ ਤੇ ਗੁਰੂ ਅਮਰ ਦਾਸ ਕਹਾਇਆ (ਦਸ ਪੀੜ੍ਹੀਆਂ ਤਕ ਗੱਦੀ ਚੱਲੀ) ਗੁਰੂ ਨਾਨਕ ਦਾ ਰਾਜ ਹੁਣ ਸਦੀਵੀ ਹਮੇਸ਼ਾ ਲਈ ਅਟਲ ਰਹੇਗਾ। ਕੋਈ ਮੇਟ ਨਹੀਂ ਸਕਦਾ, ਅਕਾਲ ਪੁਰਖ ਨੇ ਹੁਕਮ ਦੇ ਦਿੱਤਾ, ਅਕਾਲ ਪੁਰਖ ਵੀ ਆਪ ਹੀ ਹੈ ਬਾਬਾ।

**ਸੋਈ ਪੁਰਖੁ ਧੰਨੁ ਕਰਤਾ ਕਾਰਣ ਕਰਤਾਰੁ ਕਰਣ ਸਮਰਥੋ॥**
**ਸਤਿਗੁਰੂ ਧੰਨੁ ਨਾਨਕੁ ਮਸਤਕਿ ਤੁਮ ਧਰਿਓ ਜਿਨਿ ਹਥੋ॥**

*(ਪੰਨਾ ੧੩੯੧)*

ਕਰਤਾ, ਕਾਰਣ ਕਰਣ, ਕਰਤਾਰ, ਸਮਰੱਥ ਬਾਬਾ ਨਾਨਕ ਤੂੰ ਧੰਨ ਹੈਂ। ਸਤਿਗੁਰੂ ਨਾਨਕ ਧੰਨ ਹੈ ਜਿਨ੍ਹਾਂ ਦੇ ਸਿਰ 'ਤੇ ਹੱਥ ਰੱਖ ਦਿੱਤਾ, ਉਹ ਵੀ ਧੰਨ। ਅੱਜ ਵੀ ਅੰਮ੍ਰਿਤ ਛਕਣ ਵੇਲੇ ਹੱਥ ਰੱਖਦਾ ਹੈ। ਅੰਮ੍ਰਿਤਧਾਰੀ ਤੂੰ ਧੰਨ ਹੈਂ।

**ਦਰਸਨਿ ਪਰਸਿਐ ਗੁਰੂ ਕੈ ਅਠਸਠਿ ਮਜਨੁ ਹੋਇ॥੮॥.....**
**ਦਰਸਨਿ ਪਰਸਿਐ ਗੁਰੂ ਕੈ ਸਚੁ ਜਨਮੁ ਪਰਵਾਣੁ॥੯॥.....**
**ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ॥੧੦॥**

*(ਪੰਨਾ ੧੩੯੨)*

ਗੁਰੂ ਨਾਨਕ ਦੇ ਦਰਸਨ ਹੋ ਜਾਣ, ਛੋਹ ਪ੍ਰਾਪਤ ਹੋ ਜਾਏ, ਸਮਝੋ ਅਠਾਹਠ ਤੀਰਥਾਂ ਦਾ ਇਸ਼ਨਾਨ ਹੋ ਗਿਆ, ਅਸੀਂ ਤੀਰਥ ਇਸ਼ਨਾਨ ਨਹੀਂ ਕਰਦੇ, ਨਾ ਹੀ ਮੰਨਦੇ, ਭਾਵ ਮਨ ਪਵਿੱਤਰ ਹੋ ਜਾਂਦਾ ਹੈ। ਗੁਰੂ ਨਾਨਕ ਦੇ ਦਰਸ਼ਨਾਂ ਨਾਲ ਛੋਹ ਪ੍ਰਾਪਤ ਕਰਨ ਨਾਲ ਰੱਬ ਮਿਲ ਜਾਂਦਾ ਹੈ, ਜਨਮ ਪ੍ਰਵਾਣ ਹੋ ਜਾਂਦਾ ਹੈ। ਜਨਮਾਂ ਜਨਮਾਂ ਦਾ, ਗੇੜਾ ਚੌਰਾਸੀ ਦਾ ਦੁੱਖ ਖ਼ਤਮ ਹੋ ਜਾਂਦਾ ਹੈ।

**ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥**
**ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥**

*(ਪੰਨਾ ੧੩੯੫)*

ਆਪ ਵਾਹਿਗੁਰੂ ਗੁਰੂ ਨਾਨਕ ਦਾ ਸਰੀਰ ਧਾਰ ਕੇ ਜਗ ਵਿਚ ਪਰਵੇਸ਼ ਹੋਇਆ ਹੈ, ਨਿਰੰਕਾਰ ਨੇ ਗੁਰੂ ਨਾਨਕ ਦਾ ਅਕਾਰ ਧਾਰ ਕੇ ਜੋਤ ਜਗ ਵਿਚ ਪ੍ਰਗਟ ਕਰ ਦਿੱਤੀ।

**ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ॥**
**ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ॥**
**ਗੁਰੁ ਕਰੁ, ਸਚੁ ਬੀਚਾਰੁ ਗੁਰੂ ਕਰੁ ਰੇ ਮਨ ਮੇਰੇ॥.....**
**ਜਿਨਿ ਗੁਰੂ ਨ ਦੇਖਿਅਉ ਨਹੁ ਕੀਅਉ ਤੇ ਅਕਯਥ ਸੰਸਾਰ ਮਹਿ॥੪॥੮॥**

*(ਪੰਨਾ ੧੩੯੯)*

ਗੁਰੂ ਨਾਨਕ ਤੋਂ (ਫ਼ਾਰਮੂਲਾ ਉਹੀ ਹੈ, ਰੱਬ ਇਕ ਗੁਰੂ ਵੀ ਇਕ, ਗੁਰੂ ਦੋ ਹੋ ਹੀ ਨਹੀਂ ਸਕਦੇ) ਬਗ਼ੈਰ ਘੋਰ ਹਨੇਰਾ ਹੀ ਹਨੇਰਾ ਹੈ, ਗੁਰੂ ਨਾਨਕ ਤੋਂ ਬਗ਼ੈਰ ਦਸਮ ਦੁਆਰ ਦੀ ਸਮਝ ਨਹੀਂ ਪੈਣੀ, ਅੰਦਰ ਪ੍ਰਕਾਸ਼ ਨਹੀਂ ਹੋਣਾ। ਗੁਰੂ

ਨਾਨਕ ਤੋਂ ਬਗ਼ੈਰ ਸੁਰਤੀ ਦੀ ਗੱਲ ਸਮਝ ਨਹੀਂ ਆਉਣੀ, ਸੁਰਤਿ ਦਸਮ ਦੁਆਰ ਨਹੀਂ ਪਹੁੰਚਦੀ, ਸਫਲਤਾ ਨਹੀਂ ਮਿਲਣੀ, ਗੁਰੂ ਨਾਨਕ ਤੋਂ ਬਗ਼ੈਰ ਮੁਕਤੀ ਨਹੀਂ ਮਿਲਣੀ। ਗੁਰੂ ਨਾਨਕ ਗੁਰੂ ਧਾਰ ਲੈ, ਕਰ ਲੈ, ਅੰਮ੍ਰਿਤ ਛਕ ਲੈ, ਇਹ ਸੱਚ ਵਿਚਾਰ ਹੈ, ਗੁਰੂ ਨਾਨਕ ਨੂੰ ਗੁਰੂ ਧਾਰ ਲੈ। ਰੇ ਮੇਰੇ ਮਨ! ਅੰਮ੍ਰਿਤ ਛਕ ਲੈ। ਜਿਹਨਾਂ ਨੇ ਗੁਰੂ ਨਾਨਕ ਦੇ ਦਰਸ਼ਨ ਹੀ ਨਹੀਂ ਕੀਤੇ ਤੇ ਗੁਰੂ ਨਾਨਕ ਨੂੰ ਧਾਰਨ ਨਹੀਂ ਕੀਤਾ, ਅੰਮ੍ਰਿਤ ਨਹੀਂ ਛਕਿਆ, ਸੰਸਾਰ ਵਿਚ ਐਵੇਂ ਹੀ ਪੈਦਾ ਹੋਏ। ਵਿਅਰਥ ਗਿਆ ਉਹਨਾਂ ਦਾ ਜੀਵਨ।

**ਗੁਰੁ ਜਹਾਜੁ ਖੇਵਟੁ ਗੁਰੂ ਗੁਰ ਬਿਨੁ ਤਰਿਆ ਨ ਕੋਇ॥**
**ਗੁਰ ਪ੍ਰਸਾਦਿ ਪ੍ਰਭੁ ਪਾਈਐ ਗੁਰ ਬਿਨੁ ਮੁਕਤਿ ਨ ਹੋਇ॥**

*(ਪੰਨਾ ੧੪੦੧)*

ਗੁਰੂ ਨਾਨਕ ਹੀ ਜਹਾਜ਼ ਹੈ, ਗੁਰੂ ਨਾਨਕ ਹੀ ਮਲਾਹ ਹੈ, ਗੁਰੂ ਨਾਨਕ ਤੋਂ ਬਗ਼ੈਰ ਕੋਈ ਨਹੀਂ ਤਰਿਆ। ਗੁਰੂ ਨਾਨਕ ਦੀ ਕ੍ਰਿਪਾ ਨਾਲ ਵਾਹਿਗੁਰੂ ਮਿਲਦਾ ਹੈ, ਗੁਰੂ ਨਾਨਕ ਤੋਂ ਬਗ਼ੈਰ ਕਿਸੇ ਦਾ ਧਰਮਰਾਜ ਤੋਂ ਛੁਟਕਾਰਾ ਨਹੀਂ ਹੋਇਆ।

**ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ,**
**ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥੧॥੬॥**

*(ਪੰਨਾ ੧੪੦੨)*

ਹੇ ਵਾਹਿਗੁਰੂ ਨਾਨਕ! ਸੱਚਾਈ ਇਹੀ ਹੈ, ਤੂੰ ਸੱਚ ਹੈ, ਸਦੀਵੀ ਹੈ, ਤੇਰਾ ਹੀ ਸਚਖੰਡਿ ਵਿਚ ਨਿਵਾਸ ਹੈ, ਤੂੰ ਆਦਿ ਪੁਰਖ ਹੈਂ, ਸਦੀਵੀ ਹੈਂ, ਤੂੰ ਹੀ ਵਾਹਿਗੁਰੂ ਹੈਂ, ਤੂੰ ਹੀ ਵਾਹਿਗੁਰੂ ਹੈਂ, ਤੂੰ ਹੀ ਵਾਹਿਗੁਰੂ ਹੈਂ।

**ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ॥**

*(ਪੰਨਾ ੧੪੦੬)*

ਬਾਬਾ ਨਾਨਕ ਆਦਿ ਹੋਣ ਕਰਕੇ ਤੂੰ ਚਹੁ ਜੁਗਾਂ ਵਿਚ ਹੀ ਸਤਿਗੁਰੂ ਸੀ ਅਤੇ ਆਪੇ ਆਪ ਪਰਮੇਸਰ ਸੀ, ਆਪ ਹੀ ਸਤਿਗੁਰੂ ਆਪ ਹੀ ਰੱਬ।

**ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥** *(ਪੰਨਾ ੧੪੦੮)*

ਜੋਤਿ, ਪ੍ਰਕਾਸ਼, ਨੂਰ ਰੂਪ ਪਰਮ-ਆਤਮਾ ਵਾਹਿਗੁਰੂ ਆਪ ਹੀ ਗੁਰੂ ਨਾਨਕ ਬਣ ਗਿਆ, ਆਪ ਹੀ ਗੁਰੂ ਨਾਨਕ ਕਹਾਇਆ। ਕੋਈ ਹੈ, ਗੁਰੂ ਨਾਨਕ ਦੇ ਬਰਾਬਰ, ਰੀਸ ਤਾਂ ਬਹੁਤ ਕਰਦੇ ਹਨ, ਕੋਈ ਬਰਾਬਰ ਦਾ ਹੈ, ਏਨੇ ਗੁਣਾਂ ਵਾਲਾ।

**ਇਹ ਪਧਤਿ ਤੇ ਮਤ ਚੂਕਹਿ ਰੇ ਮਨ ਭੇਦੁ ਬਿਭੇਦੁ ਨ ਜਾਨ ਬੀਅਉ ॥**
**ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ ॥**

*(ਪੰਨਾ ੧੪੦੯)*

ਦੇਖੀਂ ਕਿਤੇ ਇਹ ਰਸਤੇ ਤੋਂ ਪਰੇ ਹੋ ਜਾਏ, ਦੇਖੀਂ ਕਿਤੇ ਅੰਮ੍ਰਿਤ ਛਕੇ ਹੀ ਨਾਹ, ਕੋਈ ਮਾੜਾ ਮੋਟਾ .0001% ਵੀ ਸ਼ਕ ਨਾ ਕਰੀਂ, ਗੁਰੂ ਅਰਜਨ ਦੇ ਹਿਰਦੇ ਵਿਚ ਪ੍ਰਤੱਖ ਤੌਰ ਤੇ ਆਪ ਪੂਰਨ ਬ੍ਰਹਮ ਵਾਹਿਗੁਰੂ ਨੇ ਨਿਵਾਸ ਕੀਤਾ ਹੋਇਆ ਹੈ।

**ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥**
**ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨ ਪਰਤਖ੍ਯ ਹਰਿ ॥੭॥੧੯॥**

*(ਪੰਨਾ ੧੪੦੯)*

ਧਰਤੀ ਤੋਂ ਆਕਾਸ਼ ਤਕ, ਨੌਂ ਹੀ ਖੰਡਾਂ ਵਿਚ, ਸਾਰੀ ਧਰਤੀ ਤੇ, Whole Universe ਵਿਚ ਉਸ ਦੀ ਜੋਤ ਪ੍ਰਕਾਸ਼ ਪੂਰਨ ਤੌਰ ਤੇ ਭਰਪੂਰ ਹੈ। ਮਥਰਾ ਕਹਿ—ਗੁਰੂ ਅਰਜਨ ਪ੍ਰਤੱਖ ਵਾਹਿਗੁਰੂ ਹੈ ਕੋਈ ਵੀ ਕੁਛ ਵੀ ਫ਼ਰਕ ਨਹੀਂ ਹੈ।

**ਦੇਵ ਪੁਰੀ ਮਹਿ ਗਯਉ ਆਪਿ ਪਰਮੇਸ੍ਵਰ ਭਾਯਉ ॥**
**ਹਰਿ ਸਿੰਘਾਸਣ ਦੀਅਉ ਸਿਰੀ ਗੁਰੁ ਤਹ ਬੈਠਾਯਉ ॥.....**
**ਛਤ੍ਰੁ ਸਿੰਘਾਸਨ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ ॥**

*(ਪੰਨਾ ੧੪੦੯)*

ਧਿਆਨ ਨਾਲ ਵਿਚਾਰੋ, ਸਿੰਘਾਸਣ ਵਲ ਧਿਆਨ ਦਿਓ।

**.....ਸੁ ਕਵਣੁ ਕਹੈ ਸ੍ਰੀ ਗੁਰੁ ਮੁਯਉ ॥** *(ਪੰਨਾ ੧੪੦੯)*

ਕੌਣ ਕਹਿੰਦਾ ਗੁਰੂ ਮਰ ਗਿਆ ? ਸਚਖੰਡਿ ਗਏ ਆਪ ਵਾਹਿਗੁਰੂ ਨੂੰ ਇਸੇ ਤਰ੍ਹਾਂ ਹੀ ਚੰਗਾ ਲੱਗਾ। ਵਾਹਿਗੁਰੂ ਨੇ ਆਪਣਾ ਸਿੰਘਾਸਣ ਦਿੱਤਾ ਸ੍ਰੀ ਗੁਰੂ ਨਾਨਕ-ਰਾਮਦਾਸ ਜੀ ਨੂੰ ਉੱਥੇ ਬਿਠਾਇਆ। ਧਰਤੀ ਤੇ ਵੀ ਉਹ ਸਿੰਘਾਸਨ ਤੇ ਹੀ ਬੈਠੇ ਸਨ ਉਹ ਗੁਰੂ ਅਰਜਨ ਦੇਵ ਜੀ ਨੂੰ ਦੇ ਆਏ। ਸਿੰਘਾਸਣ ਦੋ, ਇਕ ਧਰਤੀ ਤੇ, ਇਕ ਸਚਖੰਡਿ, ਜੇ ਸਿੱਖ ਪੰਥ ਇਹ ਗੱਲ ਸਮਝ ਜਾਏ ਤਾਂ ਗੱਲ ਹੀ ਮੁੱਕ ਜਾਂਦੀ ਹੈ। ਵਿਦਵਾਨ, ਮਿਸ਼ਨਰੀ, ਪਰਚਾਰਕ, ਪੜ੍ਹੇ-ਲਿਖੇ ਭੌਂਦੂ ਪਰਚਾਰਕ ਮੰਨਦੇ ਹੀ ਨਹੀਂ, ਮੰਨਣ ਕੀ ਅਕਲ ਹੀ ਨਹੀਂ, ਨਾ ਇਥੇ ਦੀ ਨਾ ਉੱਥੇ ਦੀ, ਕੀ ਕਥਾ ਕਰੋਗੇ, ਕੀ ਪ੍ਰਚਾਰ ਕਰੋਗੇ ? ਵਾਹਿਗੁਰੂ ਮਿਹਰ ਹੀ ਕਰੇ।

**ਬਿਨੁ ਸਤਿਗੁਰ ਦਾਤਾ ਕੋ ਨਹੀ ਜੋ ਹਰਿ ਨਾਮੁ ਦੇਇ ਆਧਾਰੁ ॥**

(ਪੰਨਾ ੧੪੧੭)

ਗੁਰੂ ਨਾਨਕ ਤੋਂ ਬਗ਼ੈਰ ਹੋਰ ਕੋਈ ਦਾਤਾ ਨਹੀਂ ਹੈ ਜੋ ਵਾਹਿਗੁਰੂ ਨਾਮ ਦੀ ਦਾਤ ਦੇ ਸਕਦਾ ਹੈ।

**ਜਿਨਾ ਸਤਿਗੁਰੁ ਪੁਰਖੁ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥**
**ਓਇ ਮਾਣਸ ਜੂਨਿ ਨ ਆਖੀਅਨਿ ਪਸੂ ਢੋਰ ਗਾਵਾਰ ॥**

(ਪੰਨਾ ੧੪੧੮)

ਜਿਹਨਾਂ ਨੇ ਸਤਿਗੁਰੂ ਨਾਨਕ, ਜੋ ਸਭ ਵਿਚ ਸਮਾਇਆ ਹੋਇਆ ਹੈ, ਨਹੀਂ ਸਿਮਰਿਆ ਤੇ ਬਾਣੀ ਦੀ ਵਿਚਾਰ ਨਹੀਂ ਕੀਤੀ, ਉਹਨਾਂ ਦਾ ਮਨੁੱਖਾ ਜਨਮ ਨਹੀਂ ਕਹੀਦਾ, ਉਹ ਪਸ਼ੂ ਹਨ ਮਰੇ ਹੋਏ ਪਸ਼ੂ ਦੀ ਨਿਆਈਂ ਹਨ, ਬੰਦੇ ਨਹੀਂ ਹਨ।

**ਵਾਹੁ ਵਾਹੁ ਸਤਿਗੁਰ ਪੁਰਖੁ ਹੈ ਜਿਨਿ ਸਚੁ ਜਾਤਾ ਸੋਇ ॥**
**ਜਿਤੁ ਮਿਲਿਐ ਤਿਖ ਉਤਰੈ ਤਨੁ ਮਨੁ ਸੀਤਲੁ ਹੋਇ ॥**
**ਵਾਹੁ ਵਾਹੁ ਸਤਿਗੁਰੁ ਸਤਿ ਪੁਰਖੁ ਹੈ ਜਿਸ ਨੋ ਸਮਤੁ ਸਭ ਕੋਇ ॥**
**ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ ਜਿਸੁ ਨਿੰਦਾ ਉਸਤਤਿ ਤੁਲਿ ਹੋਇ ॥**
**ਵਾਹੁ ਵਾਹੁ ਸਤਿਗੁਰੁ ਸੁਜਾਣੁ ਹੈ ਜਿਸੁ ਅੰਤਰਿ ਬ੍ਰਹਮੁ ਵੀਚਾਰੁ ॥**
**ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ ਜਿਸੁ ਅੰਤੁ ਨ ਪਾਰਾਵਾਰੁ ॥**

(ਪੰਨਾ ੧੪੨੧)

ਧੰਨ ਹੈ ਧੰਨ ਗੁਰੂ ਨਾਨਕ ਧੰਨ ਹੈ, ਜੋ ਸਭ ਵਿਚ ਸਮਾਇਆ ਹੋਇਆ ਹੈ ਜਿਸ ਨੇ ਚੰਗੀ ਤਰ੍ਹਾਂ ਵਾਹਿਗੁਰੂ ਨੂੰ ਜਾਣ ਲਿਆ ਹੈ। ਧੰਨ ਗੁਰੂ ਨਾਨਕ, ਜਿਸ ਨੂੰ ਮਿਲਣ ਨਾਲ ਮਾਇਆ ਦੀ ਭੁੱਖ ਉਤਰ ਜਾਂਦੀ ਹੈ ਤਨ ਤੇ ਮਨ ਸ਼ਾਂਤ ਹੋ ਜਾਂਦੇ ਹਨ। ਧੰਨ ਹੈ ਧੰਨ ਹੈ ਗੁਰੂ ਨਾਨਕ, ਉਹੀ ਅਕਾਲ ਪੁਰਖ ਹੈ, ਸਾਰਿਆਂ ਤੋਂ ਸਿਆਣਾ ਹੈ। ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ, ਉਸ ਨੂੰ ਕਿਸੇ ਨਾਲ ਵੈਰ ਨਹੀਂ, ਭਾਵੇਂ ਦੇਹਧਾਰੀ ਗੁਰੂ ਨਿੰਦਾ ਕਰੇ, ਹਿੰਦੂ ਨਿੰਦਾ ਕਰੇ, ਪੰਡਿਤ ਬ੍ਰਾਹਮਣ ਨਿੰਦਾ ਕਰੇ ਭਾਵੇਂ ਕੋਈ ਉਸਤਤ ਕਰੇ, ਉਸ ਨੂੰ ਦੋਵੇਂ ਇਕ ਸਮਾਨ ਹੀ ਹਨ। ਧੰਨ ਹੈ ਬਾਬਾ ਨਾਨਕ ਧੰਨ ਹੈ ਬਹੁਤ ਸਿਆਣਾ ਹੈ ਉਸ ਦੇ ਅੰਦਰ ਹਮੇਸ਼ਾ ਵਾਹਿਗੁਰੂ ਦੀ ਹੀ ਵਿਚਾਰ ਰਹਿੰਦੀ ਹੈ। ਧੰਨ ਹੈ ਬਾਬਾ ਨਾਨਕ ਧੰਨ ਹੈ ਉਹ ਆਪ ਹੀ ਨਿਰੰਕਾਰ ਹੈ ਉਸ ਦਾ ਕੋਈ ਵੀ ਅੰਤ ਨਹੀਂ ਪਾ ਸਕਦਾ।

**ਨਿਜ ਕਰਿ ਦੇਖਿਓ ਜਗਤੁ ਮੈ ਕੋ ਕਾਹੂ ਕੋ ਨਾਹਿ ॥**
**ਨਾਨਕ ਥਿਰੁ ਹਰਿ ਭਗਤਿ ਹੈ ਤਿਹ ਰਾਖੋ ਮਨ ਮਾਹਿ ॥੪੯॥**

(ਪੰਨਾ ੧੪੨੯)

ਮੈਂ ਚੰਗੀ ਤਰ੍ਹਾਂ ਨਿਜੀ ਤੌਰ 'ਤੇ ਦੇਖ ਲਿਆ ਹੈ, ਕੋਈ ਕਿਸੇ ਦਾ ਨਹੀਂ, ਸਿਰਫ਼ ਭਗਤੀ ਖਿਰ ਹੈ, ਪੱਕੀ ਹੈ, ਸਦੀਵੀ ਹੈ, ਵਾਹਿਗੁਰੂ ਵਾਹਿਗੁਰੂ ਕਰਿਆ ਕਰੋ ਤੇ ਮਨ ਵਿਚ ਵਸਾ ਲਓ।

**ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥**
**ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥੪੯॥**

*(ਪੰਨਾ ੧੪੨੯)*

ਰਚਨਵਾਲਾ ਹੀ ਕਹਿ ਰਿਹਾ ਹੈ, ਕਿ ਜਗ ਰਚਨਾ ਸਾਰੀ ਝੂਠੀ ਹੈ, ਮੇਰੇ ਦੋਸਤ! ਇਹ ਗੱਲ ਪੱਕੀ ਕਰ ਲੈ, ਇਥੇ ਕੁਛ ਵੀ ਨਹੀਂ, ਜਿਵੇਂ ਰੇਤ ਦੀ ਕੰਧ ਹੈ ਇਵੇਂ ਹੀ ਦੁਨੀਆਂ ਹੈ, ਪਿਆਰ ਨਾ ਪਾ।

**ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥**
**ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥੫੦॥**

*(ਪੰਨਾ ੧੪੨੯)*

ਰਾਮ ਚਲਾ ਗਿਆ, ਮਰ ਗਿਆ, ਰਾਵਨ ਮਰ ਗਿਆ, ਕਾਲ ਪਾਵੇ ਨਾਲ ਬੰਨ੍ਹਿਆ ਹੋਇਆ ਸੀ, ਉਸ ਦਾ ਬਹੁਤ ਪਰਿਵਾਰ ਸੀ। ਸਾਰਾ ਮਾਰਿਆ ਗਿਆ, ਸੰਸਾਰ ਵਿਚ ਸਦੀਵੀ ਕੀ ਹੈ? ਸੰਸਾਰ ਸੁਪਨੇ ਦੀ ਨਿਆਈਂ ਹੈ।

**ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥**
**ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥੫੨॥**

*(ਪੰਨਾ ੧੪੨੯)*

ਜੋ ਪੈਦਾ ਹੋਇਆ ਹੈ ਉਸ ਨੇ ਮਰ ਜਾਣਾ ਹੈ, ਅੱਜ ਜਾਂ ਕੱਲ ਮੌਤ ਦੇ ਵੱਸ ਵਿਚ ਹੈ। ਵਾਹਿਗੁਰੂ ਦਾ ਨਾਮ ਜਪ ਲੈ, ਇਹ ਸਾਰੇ ਜੰਜਾਲ ਛੱਡ ਦੇ, ਮਾਇਆ ਦੇ ਜੰਜਾਲ ਸਾਰੇ ਛੱਡ ਦੇ।

**ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥**
**ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ ॥੫੬॥**

*(ਪੰਨਾ ੧੪੨੯)*

ਰਹਿਣਾ ਕੀ ਹੈ? ਵਾਹਿਗੁਰੂ ਨਾਮ ਰਹੇਗਾ (ਦੇਹਧਾਰੀ ਗੁਰੂ ਨਹੀਂ ਰਹੇਗਾ ਨਾ ਉਸ ਦਾ ਨਾਮ) ਗੁਰੂ ਨਾਨਕ ਬਾਬਾ ਦਸੇ ਪਾਤਿਸ਼ਾਹੀਆਂ ਰਹਿਣਗੀਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਹਿਣਗੇ ਤੇ ਸਭ ਤੋਂ ਵੱਡਾ ਵਾਹਿਗੁਰੂ ਰਹੇਗਾ ਜੋਤ ਵਾਹਿਗੁਰੂ, ਪ੍ਰਕਾਸ਼ ਵਾਹਿਗੁਰੂ, ਨੂਰ ਵਾਹਿਗੁਰੂ ਰਹੇਗਾ। ਇਕ ਹੋਰ ਸਦੀਵੀ ਰਹੇਗਾ, ਜਿਹੜਾ ਇਸ ਜਗਤ ਵਿਚ ਅੰਮ੍ਰਿਤ ਛਕ ਕੇ ਵਾਹਿਗੁਰੂ ਨਾਮ ਜਪੇਗਾ,

ਸੁਰਤੀ ਲਾਏਗਾ (ਵਾਹਿਗੁਰੂ ਗੁਰਮੰਤ੍ਰ ਹੈ) ਕੁਛ ਅਸਰ ਹੋਇਆ, ਅੰਮ੍ਰਿਤ ਛਕ ਲੈ, ਰਹਿਤ ਰੱਖ ਲੈ, ਕੁਰਹਿਤ ਛੱਡ ਦੇ, ਵਾਹਿਗੁਰੂ ਨਾਮ ਜਪ, ਕਕਾਰ ਅੱਜ ਹੀ ਪਾ ਲੈ। ਦਸਵੇਂ ਪਾਤਿਸ਼ਾਹ, ਗੁਰੂ ਨਾਨਕ ਦਾ ਪੁੱਤਰ ਬਣ ਜਾਹ, ਜਲਦੀ ਕਰ, ਦੇਰ ਨਾ ਲਾ, ਸਰੀਰ ਦਾ ਕੋਈ ਭਰੋਸਾ ਨਹੀਂ, ਜਲਦੀ ਕਰ।

**ਵਾਰ ੨੬ ਪਉੜੀ ੧੯ ॥**
**ਸਤਿਗੁਰ ਗੁਣੀ ਨਿਧਾਨੁ ਹੈ, ਗੁਣ ਕਰਿ ਬਖਸੈ ਅਵਗੁਣਿਆਰੇ ॥**

*(ਭਾਈ ਗੁਰਦਾਸ)*

ਗੁਰੂ ਨਾਨਕ ਗੁਣਾਂ ਦਾ ਖ਼ਜ਼ਾਨਾ ਹੈ, ਗੁਰੂ ਨਾਨਕ ਵਿਚ ਗੁਣ ਹੀ ਗੁਣ ਹਨ, ਜਦੋਂ ਅਸੀਂ ਅੰਮ੍ਰਿਤ ਛਕਦੇ ਹਾਂ ਤਾਂ ਸਾਨੂੰ ਦੈਵੀ ਗੁਣ ਦੇ ਦੇਂਦਾ ਹੈ ਤੇ ਔਗੁਣਾਂ ਤੋਂ ਹਟਾਉਂਦਾ ਹੈ, ਕੁਰਹਿਤ ਤੋਂ ਬਚਾਉਂਦਾ ਹੈ।

**ਸਤਿਗੁਰੁ ਪੂਰਾ ਵੈਦੁ ਹੈ, ਪੰਜੇ ਰੋਗ ਅਸਾਧ ਨਿਵਾਰੇ ॥**
**ਸੁਖ ਸਾਗਰੁ ਗੁਰਦੇਉ ਹੈ, ਸੁਖ ਦੇ ਮੇਲਿ ਲਏ ਦੁਖਿਆਰੇ ॥**

ਗੁਰੂ ਨਾਨਕ ਪੂਰਾ ਵੈਦ ਹੈ, ਪੰਜੇ ਰੋਗ ਜੋ ਸਰੀਰ ਵਿਚ ਹਨ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਜੋ ਵੱਸ ਵਿਚ ਨਹੀਂ ਆਉਂਦੇ, ਪੰਜੇ ਰੋਗ ਸਾਰਿਆਂ ਨੂੰ ਹਨ, ਜਦੋਂ ਬਾਬਾ ਵਾਹਿਗੁਰੂ ਨਾਮ ਦੀ ਦਾਤ ਦੇਂਦਾ ਹੈ ਤਾਂ ਸੁਰਤੀ ਲਾਈਏ ਤਾਂ ਇਹ ਸਾਰੇ ਰੋਗ ਦੂਰ ਹੋ ਜਾਂਦੇ ਹਨ। ਬਾਬਾ ਸੁੱਖਾਂ ਦਾ ਸਮੁੰਦਰ ਹੈ। ਦੁਖੀਆਂ ਨੂੰ ਅੰਮ੍ਰਿਤ ਛਕਾ ਕੇ ਆਪਣੇ ਨਾਲ ਮਿਲਾ ਲੈਂਦਾ ਹੈ, ਰੱਬ ਨਾਲ ਮਿਲਾ ਦੇਂਦਾ ਹੈ।

**ਗੁਰ ਪੂਰਾ ਨਿਰਵੈਰੁ ਹੈ, ਨਿੰਦਕ ਦੋਖੀ ਬੇਮੁਖ ਤਾਰੇ ॥**
**ਗੁਰੁ ਪੂਰਾ ਨਿਰਭਉ ਸਦਾ, ਜਨਮ ਮਰਣ ਜਮ ਡਰੈ ਉਤਾਰੇ ॥**

ਬਾਬਾ ਨਾਨਕ ਪੂਰਾ ਵਾਹਿਗੁਰੂ ਹੈ, ਕੋਈ ਉਕਾਈ ਨਹੀਂ, ਨਿਰਵੈਰ ਹੈ, ਨਿੰਦਕਾਂ, ਦੋਖੀਆਂ ਨੂੰ ਤੇ ਜਿਹੜੇ ਬੇਅੰਮ੍ਰਿਤੀਏ ਹਨ ਸਾਰਿਆਂ ਨੂੰ ਅੰਮ੍ਰਿਤ ਦੀ ਦਾਤ ਦੇ ਕੇ ਤਾਰ ਦਿੱਤਾ, ਉਹਨਾਂ ਵਿਚ ਗੁਣ ਭਰ ਦਿੱਤੇ। ਬਾਬਾ ਨਿਰਭਉ ਵੀ ਹੈ, ਜਨਮ ਮਰਨ ਦਾ ਗੇੜ ਖ਼ਤਮ ਕਰ ਦੇਂਦਾ ਹੈ। ਜਮ ਦਾ ਡਰ ਹੀ ਖ਼ਤਮ ਕਰ ਦੇਂਦਾ ਹੈ, ਜਮ ਹੀ ਜਨਮ ਮਰਨ ਵਿਚ ਪਾਉਂਦਾ, ਜਮ ਬਾਬੇ ਦਾ ਨੌਕਰ ਹੈ।

**ਸਤਿਗੁਰੁ ਪੁਰਖੁ ਸੁਜਾਣੁ ਹੈ, ਵਡੇ ਅਜਾਣ ਮੁਗਧ ਨਿਸਤਾਰੇ ॥**
**ਸਤਿਗੁਰੁ ਆਗੂ ਜਾਣੀਐ, ਬਾਹ ਪਕੜਿ ਅੰਧਲੇ ਉਧਾਰੇ ॥੧੯॥**

ਬਾਬਾ ਨਾਨਕ ਸਾਰੇ ਬ੍ਰਹਿਮੰਡਾਂ ਵਿਚ ਸਮਾਇਆ ਹੋਇਆ ਹੈ, ਬਹੁਤ ਸਿਆਣਾ ਹੈ, ਜਿਹਨਾਂ ਨੂੰ ਰੱਬ ਦੀ ਸਮਝ ਹੀ ਨਹੀਂ ਸੀ, ਮੂਰਖਾਂ ਦੇ ਮੂਰਖ ਬੰਦੇ ਚਰਨ ਪਾਹੁਲ ਦੇ ਕੇ ਤਾਰ ਦਿੱਤੇ। ਬਾਬਾ ਨਾਨਕ ਵਾਹਿਗੁਰੂ ਦਾ ਥਾਪਿਆ

ਹੋਇਆ ਆਗੂ ਹੈ, ਚਰਨ ਪਾਹੁਲ ਦੇ ਕੇ ਜਿਸਦੀ ਬਾਂਹ ਫੜ ਲੈਂਦਾ ਹੈ ਉਹ ਅੰਨ੍ਹੇ ਵੀ ਤਰ ਗਏ, ਸਚਖੰਡਿ ਪਹੁੰਚ ਗਏ, ਨਰਕਾਂ ਤੋਂ ਬਚ ਗਏ।

**ਵਾਰ ੧੧ ਪਉੜੀ ੧ ॥**

**ਸਤਿਗੁਰ ਸਚਾ ਪਾਤਿਸਾਹੁ, ਪਾਤਿਸਾਹਾਂ ਪਾਤਿਸਾਹੁ ਜੁਹਾਰੀ ॥**
**ਸਾਧ ਸੰਗਤਿ ਸਚਖੰਡੁ ਹੈ ਆਇ ਝਰੋਖੈ ਖੋਲੈ ਬਾਰੀ ॥**

ਬਾਬਾ ਨਾਨਕ ਸਦੀਵੀ ਪਾਤਸ਼ਾਹ ਹੈ, ਪਾਤਸ਼ਾਹਾਂ ਦਾ ਵੀ ਪਾਤਸ਼ਾਹ ਹੈ, ਸਾਰੇ ਮੱਥਾ ਟੇਕਦੇ ਹਨ। ਸਾਧ ਸੰਗਤਿ ਸਚਖੰਡਿ ਹੈ, ਸਚਖੰਡਿ ਹੀ ਸਾਧ ਸੰਗਤਿ ਹੈ (ਸੰਗਤ ਤੇ ਸਚਖੰਡਿ ਵਿਚ ਕੋਈ ਫ਼ਰਕ ਨਹੀਂ, ਜਿਥੇ ਵਾਹਿਗੁਰੂ ਨਾਮ ਵਿਚ ਸੁਰਤੀ ਲਗਦੀ ਹੈ) ਬਾਬਾ ਸਿਰ ਵਿਚਲਾ ਦਸਮ ਦੁਆਰ ਖੋਲ੍ਹ ਦੇਂਦਾ ਹੈ (ਉੱਥੇ ਕੀ ਹੈ ? ਦਸਮ ਦੁਆਰ ਵਿਚ)।

**ਅਮਿਉ ਕਿਰਣਿ ਨਿਝਰ ਝਰੈ ਅਨਹਦ ਨਾਦ ਵਾਇਨਿ ਦਰਬਾਰੀ ॥**
**ਪਾਤਿਸਾਹਾਂ ਦੀ ਮਜਲਸੈ ਪਿਰਮੁ ਪਿਆਲਾ ਪੀਵਣ ਭਾਰੀ ॥**

ਉਥੋਂ ਅੰਮ੍ਰਿਤ ਦਾ ਚਸ਼ਮਾ ਫੁਟਦਾ ਹੈ, ਚਸ਼ਮਾ ਵਗਦਾ ਹੈ, ਅੰਮ੍ਰਿਤ ਜ਼ੁਬਾਨ ਤੇ ਡਿਗਦਾ ਹੈ, ਆਪਣੇ ਆਪ ਇਕ-ਰਸ ਵਾਹਿਗੁਰੂ ਦਾ ਸਿਮਰਨ ਹੋ ਰਿਹਾ ਹੈ, ਦਰਬਾਰ ਸਜਿਆ ਹੋਇਆ, ਨਿਰੋਲ ਖ਼ਾਲਸਾਈ ਦਰਬਾਰ, ਸਾਜ ਵਜ ਰਹੇ ਹਨ। ਬਾਬੇ ਨਾਨਕ ਦੀ ਸੰਗਤਿ ਵਿਚ ਪ੍ਰੇਮ ਦਾ ਪਿਆਲਾ ਪੀਤਾ ਜਾਂਦਾ ਹੈ।

**ਵਾਰ ੨੬ ਪਉੜੀ ੧ ॥**

**ਸਤਿਗੁਰ ਸਚਾ ਪਾਤਿਸਾਹੁ, ਪਾਤਿਸਾਹਾ ਪਾਤਿਸਾਹੁ ਸਿਰੰਦਾ ॥**
**ਸਚੈ ਤਖਤਿ ਨਿਵਾਸੁ ਹੈ, ਸਾਧ ਸੰਗਤਿ ਸਚਖੰਡਿ ਵਸੰਦਾ ॥**

ਬਾਬਾ ਨਾਨਕ ਰੱਬ ਹੈ, ਸਦੀਵੀ ਪਾਤਿਸ਼ਾਹ ਹੈ, ਸਾਰੇ ਪਾਤਿਸ਼ਾਹਾਂ ਦੇ ਸਿਰ ਤੇ ਪਾਤਸ਼ਾਹ ਥਾਪਿਆ ਹੋਇਆ ਹੈ। ਵਾਹਿਗੁਰੂ ਦੇ ਤਖ਼ਤ ਤੇ ਨਿਵਾਸ ਰੱਖਿਆ ਹੋਇਆ ਹੈ, ਸਾਧ ਸੰਗਤਿ ਸਚਖੰਡਿ ਉਸ ਦਾ ਵਾਸਾ ਹੈ (ਤੇਰੇ ਗੁਰੂ ਦਾ ਵਾਸਾ ਹੈ ਸਚਖੰਡਿ ਕਿਸੇ ਹੋਰ ਦਾ ਹੈ ?)

**ਵਾਰ ੨੬ ਪਉੜੀ ੪ ॥**

**ਸਤਿਗੁਰੁ ਸਚੁ ਦਾਤਾਰੁ ਹੈ, ਮਾਣਸ ਜਨਮੁ ਅਮੋਲੁ ਦਿਵਾਇਆ ॥**
**ਮੂਹੁ ਅਖੀ ਨਕੁ ਕੰਨੁ ਕਰਿ, ਹਥ ਪੈਰ ਦੇ, ਚਲੈ ਚਲਾਇਆ ॥.....**
**ਅੰਮ੍ਰਿਤ ਵੇਲੈ ਨਾਵਣਾ, ਗੁਰਮੁਖਿ ਜਪੁ ਗੁਰਮੰਤੁ ਜਪਾਇਆ ॥.....**
**ਚਾਰਿ ਪਦਾਰਥ ਪਿਛੈ ਲਾਇਆ ॥੪॥**

ਬਾਬਾ ਨਾਨਕ ਹੀ ਵਾਹਿਗੁਰੂ ਹੈ, ਸੱਚਾ ਦਾਤਾ ਹੈ, ਬਾਬੇ ਨੇ ਹੀ ਮਨੁੱਖਾ ਜਨਮ ਜੋ ਬਹੁਤ ਕੀਮਤੀ ਹੈ (ਜੂਨਾਂ ਵਿਚੋਂ ਕੱਢ ਕੇ ਜੀਵ ਨੂੰ) ਦਿਵਾਇਆ ਹੈ। ਮੂੰਹ, ਅੱਖਾਂ, ਨੱਕ, ਕੰਨ, ਹੱਥ ਪੈਰ ਦੇ ਕੇ ਸਰੀਰ ਚਲਾ ਦਿੱਤਾ। (ਜੇ ਅੰਮ੍ਰਿਤ ਛਕ ਕੇ ਨਾਮ ਨਹੀਂ ਸੀ ਜਪਣਾ ਤੇ ਦੁਬਾਰਾ ਧਰਮਰਾਜ ਕੋਲ ਜਾ ਕੇ ਕਾਂ, ਕੁੱਤਾ, ਸੂਰ ਹੀ ਬਣਨਾ ਸੀ ਤਾਂ ਫਿਰ ਬਖ਼ਸ਼ਿਸ਼ ਦਾ ਕੀ ਫ਼ਾਇਦਾ ਹੋਇਆ, ਸਿਰਫ਼ ਮਨੁੱਖਾ ਜਨਮ ਵਿਚ ਹੀ ਕ੍ਰਿਪਾ ਹੋ ਸਕਦੀ ਹੈ, ਬਾਕੀ ਜੂਨਾਂ ਤਾਂ ਸਜ਼ਾ ਹੈ) ਅੰਮ੍ਰਿਤ ਵੇਲੇ ਇਸ਼ਨਾਨ ਕਰਕੇ, ਅੰਮ੍ਰਿਤਧਾਰੀ ਨੂੰ ਵਾਹਿਗੁਰੂ ਵਾਹਿਗੁਰੂ ਦਾ ਜਾਪ ਜਪਾਇਆ, ਬੋਲਦਾ ਹੀ ਰਹੁ। ਸਿਮਰਨ ਕਰਨ ਵਾਲੇ ਗੁਰਸਿੱਖਾਂ ਦੇ ਮਗਰ ਚਾਰੇ ਪਦਾਰਥ (ਧਰਮ, ਅਰਥ, ਕਾਮ, ਮੋਖ) ਤੁਰੇ ਫਿਰਦੇ ਹਨ।

**ਵਾਰ ੨੬ ਪਉੜੀ ੨੦॥**

**ਸਤਿਗੁਰੁ ਪਾਰਸਿ ਪਰਸਿਐ ਕੰਚਨੁ ਕਰੈ ਮਨੂਰ ਮਲੀਣਾ॥**
**ਸਤਿਗੁਰੁ ਬਾਵਨੁ ਚੰਦਨੋ, ਵਾਸੁ ਸੁਵਾਸੁ ਕਰੈ ਲਾਖੀਣਾ॥**

ਬਾਬਾ ਨਾਨਕ ਪਾਰਸ ਹੈ। ਸੜੇ ਹੋਏ ਲੋਹੇ ਵਰਗਾ ਤੇ ਵਿਕਾਰੀ ਮੈਲ ਨਾਲ ਭਰੇ ਬੰਦੇ ਨੂੰ ਚਰਨ ਪਾਹੁਲ ਦੇ ਕੇ ਸੋਨੇ ਵਰਗਾ ਕਰ ਦੇਂਦਾ ਹੈ, ਸ਼ੁੱਧ ਕਰ ਦੇਂਦਾ ਹੈ। ਆਪਣੇ ਵਰਗਾ ਬਣਾ ਲੈਂਦਾ ਹੈ। ਗੁਰੂ ਨਾਨਕ ਖ਼ੁਸ਼ਬੂਦਾਰ ਚੰਦਨ ਹੈ, ਬਾਂਸ ਵਰਗੇ ਬੰਦੇ ਨੂੰ ਗੁਰਮੁਖ ਬਣਾ ਕੇ ਲੱਖਾਂ ਪਤੀ ਬਣਾ ਦੇਂਦਾ ਹੈ।

**ਸਤਿਗੁਰੁ ਪੂਰਾ ਪਾਰਿਜਾਤੁ, ਸਿੰਮਲੁ ਸਫਲੁ ਕਰੈ ਸੰਗਿ ਲੀਣਾ॥**
**ਮਾਨ ਸਰੋਵਰੁ ਸਤਿਗੁਰੂ ਕਾਗਹੁ ਹੰਸੁ ਜਲਹੁ ਦੁਧੁ ਪੀਣਾ॥**

ਗੁਰੂ ਨਾਨਕ ਪੂਰਾ ਪਾਰਜਾਤ ਰੁੱਖ ਹੈ, ਸਾਰੀਆਂ ਮੰਗਾਂ ਪੂਰੀਆਂ ਕਰਦਾ ਹੈ, ਸਿੰਮਲ ਰੁਖ ਵਰਗੇ ਕੋਰੇ ਬੰਦੇ ਵਿਚ ਵੀ ਮਿਠਾਸ ਦੇ ਦੇਂਦਾ ਹੈ। ਬਾਬਾ ਨਾਨਕ ਮਾਨ ਸਰੋਵਰ ਝੀਲ ਹੈ, ਕਾਂ ਵਰਗੇ ਵਿਕਾਰੀ ਬੰਦੇ ਨੂੰ ਰੱਬ ਹੰਸ ਵਰਗਾ ਬਣਾ ਦਿੰਦਾ ਹੈ, ਜਲ ਤੋਂ ਦੁੱਧ ਕਰਦਾ ਹੈ।

**ਗੁਰ ਤੀਰਥੁ ਦਰੀਆਉ ਹੈ, ਪਸੂ ਪਰੇਤ ਕਰੈ ਪਰਬੀਣਾ॥**
**ਸਤਿਗੁਰ ਬੰਦੀ ਛੋੜੁ ਹੈ, ਜੀਵਣ ਮੁਕਤਿ ਕਰੈ ਓਡੀਣਾ॥**

ਬਾਬਾ ਨਾਨਕ ਮਨ ਦੀ ਮੈਲ ਉਤਾਰਨ ਵਾਲਾ ਤੀਰਥ ਹੈ ਦਰਿਆ ਹੈ। ਪਸ਼ੂ ਉਜੱੜ, ਪਰੇਤਾਂ ਵਰਗੇ ਵਿਕਾਰੀ ਬੰਦਿਆਂ ਨੂੰ ਗੁਰਮੁਖ ਬਣਾ ਦਿੰਦਾ ਹੈ (ਹਰ ਬੰਦਾ ਜਮਦੂਤਾਂ ਦੇ ਪਿੰਜਰੇ ਵਿਚ ਕੈਦ ਹੈ, ਕੋਈ ਦੇਹਧਾਰੀ ਗੁਰੂ ਇਸ ਪਿੰਜਰੇ ਤੋਂ ਬਚਾ ਨਹੀਂ ਸਕਦਾ, ਕਿਉਂਕਿ ਧਰਮਰਾਜ ਤੇ ਜਮਦੂਤ ਕਰਤੇ ਬਾਬੇ ਨਾਨਕ ਨੇ ਬਣਾਏ ਹਨ, ਬਾਬਾ ਆਪ ਹੀ ਰੱਬ ਹੈ, ਬਾਕੀ ਸਾਰੇ ਬੰਦੇ ਹਨ) ਬਾਬਾ

ਨਾਨਕ ਜਮਦੂਤਾਂ ਦੀ ਵਿਕਾਰਾਂ ਦੀ ਕੈਦ ਤੋਂ ਛੁਡਾ ਲੈਂਦਾ ਹੈ, ਨਿਰਮੋਹ ਬਣਾ ਕੇ ਜੀਉਂਦਿਆਂ ਹੀ ਮੁਕਤ ਕਰ ਦੇਂਦਾ ਹੈ।

**ਗੁਰਮੁਖਿ ਮਨ ਅਪਤੀਜੁ ਪਤੀਣਾ॥੨੦॥**

ਨਾ ਪਤੀਜਣ ਵਾਲਾ ਮਨ, ਅੰਮ੍ਰਿਤ ਛਕ ਕੇ, ਗੁਰੂ ਨਾਨਕ ਨੂੰ ਮਿਲ ਕੇ, ਪਤੀਜ ਜਾਂਦਾ ਹੈ। ਕਾਬੂ ਆ ਜਾਂਦਾ ਹੈ ਵਾਹਿਗੁਰੂ ਸਿਮਰਨ ਕਰਨ ਨਾਲ।

**ਵਾਰ ੨੬ ਪਉੜੀ ੨੨॥**

**ਸਤਿਗੁਰੁ ਪੂਰਾ ਸਾਹੁ ਹੈ ਤ੍ਰਿਭਵਣ ਜਗੁ ਤਿਸ ਦਾ ਵਣਜਾਰਾ॥**
**ਰਤਨ ਪਦਾਰਥ ਬੇਸਮਾਰ, ਭਾਉ ਭਗਤਿ ਲਖ ਭਰੇ ਭੰਡਾਰਾ॥**

ਬਾਬਾ ਨਾਨਕ ਸ਼ਾਹ ਹੈ ਜਿਸ ਵਿਚ ਕੋਈ ਉਕਾਈ ਨਹੀਂ, ਪੂਰਾ ਹੈ, ਪੂਰਨ ਹੈ, ਤਿੰਨ ਭਵਨਾਂ ਵਾਲੀ ਸ੍ਰਿਸ਼ਟੀ, ਸਾਰੇ ਬ੍ਰਹਿਮੰਡ ਦੇ ਲੋਕ, ਬਾਬੇ ਦੇ ਵਣਜਾਰੇ ਹਨ। ਬਾਬੇ ਕੋਲ ਰਤਨਾਂ ਦੇ ਹੋਰ ਸਾਰੇ ਪਦਾਰਥਾਂ ਦੇ ਭੰਡਾਰ ਭਰੇ ਪਏ ਹਨ। ਪ੍ਰੇਮਾ-ਭਗਤੀ ਦੇ ਲੱਖਾਂ ਭੰਡਾਰ ਭਰੇ ਪਏ। ਬੇਸ਼ੁਮਾਰ ਪਦਾਰਥ ਪਏ ਹਨ, ਕਦੀ ਮੁਕਦੇ ਨਹੀਂ। ਸਾਰੀ ਸ੍ਰਿਸ਼ਟੀ ਦਾ ਮਾਲਕ ਹੈ।

**ਪਾਰਿਜਾਤ ਲਖ ਬਾਗ ਵਿਚਿ, ਕਾਮਧੇਣੁ ਦੇ ਵਗ ਹਜਾਰਾ॥**
**ਲਖਮੀਆਂ ਲਖ ਗੋਲੀਆਂ, ਪਾਰਸ ਦੇ ਪਰਬਤੁ ਅਪਾਰਾ॥**

(ਬਾਬੇ ਨਾਨਕ ਦਾ ਬਾਗ਼ ਤੁਸੀਂ ਦੇਖਿਆ ਹੈ, ਅੰਮ੍ਰਿਤ ਛਕ ਕੇ ਸੁਰਤੀ ਲਾ ਕੇ ਦਿੱਸਦਾ ਹੈ) ਬਾਬੇ ਨਾਨਕ ਦੇ ਬਾਗ਼ ਵਿਚ ਲੱਖਾਂ ਪਾਰਜਾਤ ਰੁਖ ਹਨ (ਤੂੰ ਇਕ ਨੂੰ ਰੋਈ ਜਾ ਰਿਹਾ ਹੈਂ) ਬਾਬੇ ਨਾਨਕ ਦੇ ਵੱਗ ਵਿਚ ਹਜ਼ਾਰਾਂ ਗਾਵਾਂ ਕਾਮਧੇਨ ਹਨ। ਬਾਬੇ ਨਾਨਕ ਦੇ ਦਰਬਾਰ ਵਿਚ ਲਖਸ਼ਮੀ ਦੇਵੀਆਂ ਲੱਖਾਂ ਹੀ ਉਸ ਦੀਆਂ ਦਾਸੀਆਂ ਹਨ, ਗੋੱਲੀਆਂ ਹਨ, ਬੇਅੰਤ ਪਾਰਸ ਤੇ ਪਰਬਤ ਹਨ।

**ਲਖ ਅੰਮ੍ਰਿਤ ਲਖ ਇੰਦ੍ਰ ਲੈ, ਹੁਇ ਸਕੈ ਛਿੜਕਨਿ ਦਰਬਾਰਾ॥**
**ਸੂਰਜ ਚੰਦ ਚਰਾਗ ਲਖ, ਰਿਧਿ ਸਿਧਿ ਨਿਧਿ ਬੋਹਲ ਅੰਬਾਰਾ॥**

ਬਾਬੇ ਨਾਨਕ ਦੇ ਦਰਬਾਰ ਵਿਚ ਲੱਖਾਂ ਅੰਮ੍ਰਿਤ ਦੇ ਭੰਡਾਰ ਹੈ, ਲੱਖਾਂ ਹੀ ਇੰਦਰ ਵਰਗੇ ਮਾਸ਼ਕੀ ਉਸ ਦੇ ਦਰਬਾਰ ਵਿਚ ਅੰਮ੍ਰਿਤ ਛਿੜਕਦੇ ਹਨ, ਅੰਮ੍ਰਿਤ ਦੀ ਵਰਖਾ ਕਰਦੇ ਹਨ। (ਤੇਰੇ ਗੁਰੂ ਦਾ ਕੀ ਹਾਲ ਹੈ ? ਹੈ ਇਹੋ ਜਿਹੀ ਕ੍ਰਿਪਾ) ਬਾਬੇ ਦੇ ਦਰਬਾਰ ਵਿਚ ਸੂਰਜ ਚੰਦਰਮਾ ਵਰਗੇ ਲੱਖਾਂ ਹੀ ਦੀਵੇ ਹਨ। ਰਿਧੀਆਂ ਸਿਧੀਆਂ ਤੇ ਨੌਂ ਖ਼ਜ਼ਾਨਿਆਂ ਦੇ ਭੰਡਾਰ ਭਰੇ ਪਏ ਹਨ। ਬੋਹਲ-ਢੇਰ ਲੱਗੇ ਪਏ ਹਨ।

**ਸਭੇ ਵੰਡ ਵੰਡਿ ਦਿਤੀਓਨੁ, ਭਾਉ ਭਗਤਿ ਕਰਿ ਸਚੁ ਪਿਆਰਾ॥**
**ਭਗਤਿ ਵਛਲੁ ਸਤਿਗੁਰੁ ਨਿਰੰਕਾਰਾ॥੨॥**

ਪ੍ਰੇਮਾ-ਭਗਤੀ ਵਾਹਿਗੁਰੂ ਸਿਮਰਨ ਕਰਨ ਵਾਲਿਆਂ ਨੂੰ ਰੱਬ ਦੇ ਪ੍ਰੇਮੀ ਗੁਰਸਿੱਖਾਂ ਨੂੰ ਸਾਰਿਆਂ ਨੂੰ ਇਹ ਦਾਤਾਂ ਵੰਡ ਵੰਡ ਕੇ ਦਿੱਤੀਆਂ ਹਨ। ਭਗਤੀ ਨੂੰ ਪਿਆਰ ਕਰਨ ਵਾਲਾ ਹੈ ਸਤਿਗੁਰੂ ਨਿਰੰਕਾਰ ਬਾਬਾ ਨਾਨਕ।

**ਵਾਰ ੧੫ ਪਉੜੀ ੨॥**
**ਸਤਿਗੁਰੁ ਸਚਾ ਪਾਤਿਸਾਹੁ, ਕੂੜੇ ਬਾਦਿਸਾਹ ਦੁਨੀਆਵੇ॥**
**ਸਤਿਗੁਰੁ ਨਾਥਾ ਨਾਥੁ ਹੈ, ਹੁਇ ਨਉਂ ਨਾਥ ਅਨਾਥ ਨਿਥਾਵੇ॥**

ਬਾਬਾ ਨਾਨਕ ਸਦੀਵੀ ਪਾਤਿਸ਼ਾਹ ਹੈ, ਵਾਹਿਗੁਰੂ ਹੈ, ਬਾਕੀ ਸਾਰੇ ਰਾਜੇ ਦੁਨਿਆਵੀ ਤੇ ਨਾਸਵੰਤ ਹਨ। ਬਾਬਾ ਨਾਨਕ ਨਾਥਾਂ ਦਾ ਨਾਥ ਹੈ। ਗੋਰਖ ਦੇ ਮੁਖੀ ਨੌਂ ਨਾਥ, ਬਾਬੇ ਦੇ ਸਾਹਮਣੇ ਅਨਾਥ ਹਨ ਨਿਥਾਵੇਂ ਹਨ।

**ਸਤਿਗੁਰੁ ਸਚੁ ਦਾਤਾਰੁ ਹੈ, ਹੋਰੁ ਦਾਤੇ ਫਿਰਦੇ ਪਾਛਾਵੇ॥**
**ਸਤਿਗੁਰੁ ਕਰਤਾ ਪੁਰਖੁ ਹੈ, ਕਰਿ ਕਰਤੂਤਿ ਨਿਨਾਵਨਿ ਨਾਵੇ॥**

ਬਾਬਾ ਨਾਨਕ ਸਦਾ-ਥਿਰ ਰਹਿਣ ਵਾਲਾ ਦਾਤਾ ਹੈ, ਬਾਕੀ ਜਿਹੜੇ ਦਾਤੇ ਬਣੇ ਫਿਰਦੇ ਹਨ, ਬਾਬੇ ਦੇ ਪਿੱਛੇ ਪਿੱਛੇ ਤੁਰੇ ਫਿਰਦੇ ਹਨ। ਭਾਵ ਇਹਨਾਂ ਦੀ ਅਗਲੇ ਦਰਬਾਰ ਵਿਚ ਕੋਈ ਕੀਮਤ ਹੀ ਨਹੀਂ, ਕੌਡੀਆਂ ਦੇ ਭਾਅ ਹਨ। ਬਾਬਾ ਨਾਨਕ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ, ਸਭ ਵਿਚ ਸਮਾਇਆ ਹੋਇਆ ਹੈ। ਕਰਮ ਕਰਕੇ ਅਪ੍ਰਸਿੱਧ ਲੋਕਾਂ ਨੂੰ ਉੱਘੇ ਕਰ ਦੇਂਦਾ ਹੈ। ਜਿਹਨਾਂ ਨੂੰ ਕੋਈ ਨਹੀਂ ਜਾਣਦਾ, ਉਹ ਮਸ਼ਹੂਰ ਹੋ ਜਾਂਦੇ ਹਨ।

**ਵਿਣੁ ਸਤਿਗੁਰੁ ਸਭਿ ਨਿਗੋਸਾਵੇ॥੧॥**

ਗੁਰੂ ਨਾਨਕ ਤੋਂ ਅੰਮ੍ਰਿਤ ਦੀ ਦਾਤ ਲੈਣ ਤੋਂ ਬਗ਼ੈਰ, ਰਹਿਤ ਰੱਖਣ ਤੋਂ ਬਗ਼ੈਰ, ਕੁਰਹਿਤ ਛੱਡਣ ਤੋਂ ਬਗ਼ੈਰ ਸਾਰੇ ਨਿਗੁਰੇ ਹਨ, ਅਗੇ ਪਰਵਾਨ ਨਹੀਂ ਭਾਵੇਂ ਤੇਰਾ ਦੇਹਧਾਰੀ ਗੁਰੂ ਹੀ ਕਿਉਂ ਨਾ ਹੋਵੇ ?

**ਵਾਰ ੧੫ ਪਉੜੀ ੨॥**
**ਸਤਿਗੁਰੁ ਤੀਰਥੁ ਜਾਣੀਐ, ਅਠਸਠਿ ਤੀਰਥ ਸਰਣੀ ਆਏ॥**
**ਸਤਿਗੁਰੁ ਦੇਉ ਅਭੇਉ ਹੈ, ਹੋਰੁ ਦੇਵ ਗੁਰੁ ਸੇਵ ਤਰਾਏ॥**

ਬਾਬਾ ਨਾਨਕ ਤੀਰਥ ਹੈ, ੬੮ ਹਿੰਦੂਆਂ ਦੇ ਤੀਰਥ ਬਾਬੇ ਨਾਨਕ ਦੇ ਚਰਨੀਂ ਪੈਂਦੇ ਹਨ। ਬਾਬਾ ਨਾਨਕ ਵਾਹਿਗੁਰੂ ਨਾਲ ਅਭੇਦ ਹੈ, ਕੋਈ ਫ਼ਰਕ

ਹੀ ਨਹੀਂ, ਦੋਵੇਂ ਇਕ ਹੀ ਹਨ, ਬਾਬਾ ਤੇ ਵਾਹਿਗੁਰੂ, ਬਾਕੀ ਸਾਰੇ ਦੇਵਤੇ ਚਰਨੀਂ ਲੱਗਣਗੇ ਤਾਂ ਤਰਨਗੇ। ਬਾਬੇ ਤੋਂ ਬਗ਼ੈਰ ਕੋਈ ਤਾਰ ਹੀ ਨਹੀਂ ਸਕਦਾ, ਕਿਸੇ ਕੋਲ ਇਹ ਸ਼ਕਤੀ ਹੀ ਨਹੀਂ।

**ਵਿਣੁ ਸਤਿਗੁਰ ਸਭਿ ਦੂਜੈ ਭਾਏ॥੨॥**

ਗੁਰੂ ਨਾਨਕ ਕੋਲੋਂ ਅੰਮ੍ਰਿਤ ਛਕਣ ਤੋਂ ਬਗ਼ੈਰ ਸਾਰੇ ਸਰੀਰ ਵਿਚ ਹੀ ਖੇਡ ਰਹੇ ਹਨ, ਮਾਇਆ ਵਿਚ ਹੀ ਹਨ।

**ਵਾਰ ੩੪ ਪਉੜੀ ੧॥**

**ਸਤਿਗੁਰ ਪੁਰਖੁ ਅਗੰਮੁ ਹੈ, ਨਿਰਵੈਰੁ ਨਿਰਾਲਾ॥.....**

**ਸੇਵਕੁ ਦਰਗਹ ਸੁਰਖਰੂ, ਵੇਮੁਖੁ ਮੁਹੁ ਕਾਲਾ॥੧॥**

ਬਾਬਾ ਨਾਨਕ ਜੋਤ ਦੀ ਤਰ੍ਹਾਂ ਸਭ ਵਿਚ ਸਮਾਇਆ ਹੋਇਆ ਹੈ, ਅਪਹੁੰਚ ਹੈ, ਨਿਰਵੈਰ ਤੇ ਨਿਰਾਲਾ ਹੈ। ਜੇਹੜੇ ਉਸ ਕੋਲੋਂ ਅੰਮ੍ਰਿਤ ਦੀ ਦਾਤ ਲੈ ਕੇ ਉਸ ਦੇ ਸੇਵਕ ਬਣ ਜਾਂਦੇ ਹਨ, ਰਹਿਤ ਵਿਚ ਪ੍ਰਪੱਕ ਰਹਿੰਦੇ ਹਨ ਤੇ ਕੁਰਹਿਤ ਨਹੀਂ ਕਰਦੇ, ਵਾਹਿਗੁਰੂ ਵਾਹਿਗੁਰੂ ਦਾ ਸਿਮਰਨ ਕਰਦੇ ਹਨ, ਸੁਰਤੀ ਲਾਉਂਦੇ ਹਨ ਉਹ ਸੇਵਕ ਹਨ। ਉਹ ਤਾਂ ਧਰਮਰਾਜ ਦੀ ਦਰਗਹ ਤੋਂ ਮੁਕਤ ਹੋ ਜਾਂਦੇ ਹਨ ਤੇ ਸਚਖੰਡਿ ਪਹੁੰਚ ਜਾਂਦੇ ਹਨ ਤੇ ਜਿਹਨਾਂ ਅੰਮ੍ਰਿਤ ਨਹੀਂ ਛਕਿਆ, ਕੁਰਹਿਤ ਛੱਡੀ ਹੀ ਨਹੀਂ ਉਹਨਾਂ ਦੇ ਧਰਮਰਾਜ ਦੀ ਕਚਹਿਰੀ ਵਿਚ ਮੂੰਹ ਕਾਲੇ ਹੁੰਦੇ ਹਨ ਤੇ ਨਰਕਾਂ ਵਿਚ ਜਾਂਦੇ ਹਨ। ਭਾਵੇਂ ਇਥੇ ਸਤਿਗੁਰੂ ਹੀ ਹੋਵੇ।

**ਵਾਰ ੬ ਪਉੜੀ ੧॥**

**ਪੂਰਾ ਸਤਿਗੁਰੁ ਜਾਣੀਐ, ਪੂਰੇ ਪੂਰਾ ਥਾਟੁ ਬਣਾਇਆ॥**

**ਪੂਰੇ ਪੂਰਾ ਸਾਧ ਸੰਗੁ, ਪੂਰੇ ਪੂਰਾ ਮੰਤ੍ਰ ਦ੍ਰਿੜਾਇਆ॥**

ਬਾਬਾ ਨਾਨਕ ਪੂਰਨ ਰੱਬ ਹੈ, ਪੂਰੇ ਨੇ ਸਭ ਕੁਛ ਪੂਰਾ ਹੀ ਬਣਾਇਆ ਹੈ, ਉਸ ਦੀ ਬਣਤਰ ਵਿਚ ਕੋਈ ਉਕਾਈ ਨਹੀਂ। ਪੂਰੇ ਵਾਹਿਗੁਰੂ ਨਾਨਕ ਨੇ ਸਾਧ ਸੰਗਤਿ ਵੀ ਪੂਰਨ ਬਣਾਈ ਹੈ। ਪੂਰਨ ਰੱਬ ਨੇ ਮੰਤਰ ਵਾਹਿਗੁਰੂ ਵੀ ਜੋ ਪੂਰਨ ਹੈ ਪੱਕਾ ਕੀਤਾ ਹੈ। ਜਦ ਸਭ ਕੁਛ ਪੂਰਾ ਹੈ ਤਾਂ ਘਾਟ ਕਿੱਥੇ ਹੈ ? ਤੂੰ ਕਿਉਂ ਦੇਹਧਾਰੀ ਮਗਰ ਤੁਰਿਆ ਫਿਰਦਾ ਹੈਂ, ਕਿਉਂਕਿ ਉੱਥੇ ਰਹਿਤ ਨਹੀਂ, ਕੁਰਹਿਤ ਦੀ ਮਨਾਹੀ ਨਹੀਂ, ਬਿਊਟੀ ਪਾਰਲਰ ਤੋਂ ਹੋ ਕੇ ਆ ਕੇ ਨਾਮ ਦੀ ਦਾਤ ਲੈ ਸਕਦੀ ਹੈਂ, ਸਿਗਰਟ ਪੀਣ ਵਾਲਾ ਨਾਮ ਦੀ ਦਾਤ ਲੈ ਸਕਦਾ ਹੈ। ਬਾਬਾ ਨਾਨਕ ਤਾਂ ਗ਼ਲਤ ਸੀ ਫਿਰ ਉਸਨੇ ਕਿਹਾ, ਕੁਰਹਿਤ ਛੱਡਣ ਤੋਂ ਬਗ਼ੈਰ ਇਨਸਾਨੀਅਤ ਨਹੀਂ ਆ ਸਕਦੀ। ਤੇਰਾ ਗੁਰੂ ਨਾਮ ਦੀ ਦਾਤ ਦੇਈ ਜਾਂਦਾ

ਹੈ। ਇਹ ਸਰਕਾਰ ਦਾ ਥਾਪਿਆ ਗੁਰੂ ਹੈ, ਰੱਬ ਦਾ ਨਹੀਂ।

**ਪੂਰੇ ਪੂਰਾ ਪਿਰਮ ਰਸੁ, ਪੂਰਾ ਗੁਰਮੁਖਿ ਪੰਥੁ ਚਲਾਇਆ॥**
**ਪੂਰੇ ਪੂਰਾ ਦਰਸਣੋ ਪੂਰੇ ਪੂਰਾ ਸਬਦੁ ਸੁਣਾਇਆ॥**

ਪੂਰਨ ਵਾਹਿਗੁਰੂ ਨਾਨਕ ਨੇ ਸਭ ਕੁਛ ਠੀਕ ਹੀ ਬਣਾਇਆ ਹੈ, ਵਾਹਿਗੁਰੂ ਨਾਮ ਦਾ ਰਸ ਪੂਰਾ ਹੈ, ਖ਼ਾਲਸਾ ਪੰਥ ਪੂਰਨ ਹੈ ਜੋ ਇਹ ਮਾਰਗ ਸੁਰਤੀ ਦਾ ਅੰਮ੍ਰਿਤ ਛਕਣ ਦਾ ਚਲਾਇਆ ਹੈ ਪੂਰਨ ਹੈ। ਪੂਰੇ ਵਾਹਿਗੁਰੂ ਨਾਨਕ ਦਾ ਦਰਸ਼ਨ ਵੀ ਸਫਲ ਹੈ, ਮੁਕਤੀ ਮਿਲਦੀ ਹੈ, ਪੂਰੇ ਨੇ ਪੂਰਨ "ਵਾਹਿਗੁਰੂ" ਸ਼ਬਦ ਸੁਣਾਇਆ ਹੈ ਕਿਉਂਕਿ ਸਚਖੰਡਿ ਇਹੀ ਸਿਮਰਨ ਹੋ ਰਿਹੈ।

**ਪੂਰੇ ਪੂਰਾ ਬੈਹਣਾ, ਪੂਰੇ ਪੂਰਾ ਤਖਤੁ ਰਚਾਇਆ॥**
**ਸਾਧ ਸੰਗਤਿ ਸਚੁਖੰਡੁ ਹੈ, ਭਗਤਿ ਵਛਲੁ ਹੋਇ ਵਸਗਤਿ ਆਇਆ॥**

ਪੂਰੇ ਦੀ ਸਾਰੀ ਖੇਡ ਹੀ ਪੂਰੀ ਹੈ, ਸਾਧ ਸੰਗਤਿ ਸਚਖੰਡਿ ਹੈ, ਸਚਖੰਡਿ ਸਾਧ ਸੰਗਤਿ ਹੈ, ਉੱਥੇ ਹੀ ਪੂਰਾ ਤਖ਼ਤ ਹੈ, ਉੱਥੇ ਹੀ ਉਸ ਦਾ ਟਿਕਾਉ ਸਦੀਵੀ ਹੈ। ਭਗਤੀ ਨੂੰ ਪਿਆਰ ਕਰਨ ਵਾਲਾ ਵਸ ਵਿਚ ਆ ਜਾਂਦਾ ਹੈ। ਸਿਮਰਨ ਵਿਚ ਸੁਰਤੀ ਲਾਓ।

**ਸਚੁ ਰੂਪੁ ਸਚੁ ਨਾਉ ਗੁਰ ਗਿਆਨੁ ਧਿਆਨੁ ਸਿਖਾ ਸਮਝਾਇਆ॥**
**ਗੁਰ ਚੇਲੇ ਪਰਚਾ ਪਰਚਾਇਆ॥੧॥**

ਸਾਧ ਸੰਗਤਿ ਵਿਚ ਸੱਚੇ ਰੱਬ ਦਾ ਨਾਮ 'ਵਾਹਿਗੁਰੂ' ਜਪਿਆ ਜਾਂਦਾ ਹੈ ਜੋ ਗੁਰੂ ਨਾਨਕ ਨੇ ਦਿੱਤਾ ਹੈ, ਗਿਆਨ ਤੇ ਸੁਰਤੀ ਦੀ ਗੱਲ ਸਮਝ, ਗੁਰਸਿੱਖਾਂ ਨੂੰ ਸਮਝਾਈ। ਗੁਰੂ ਨਾਨਕ ਨੇ ਗੁਰਸਿਖ ਨੂੰ ਪ੍ਰੇਮ ਵਿਚ ਪਰਚਾਇਆ।

**ਵਾਰ ੬ ਪਉੜੀ ੧੬॥**
**ਧੰਨੁ ਧੰਨੁ ਸਤਿਗੁਰ ਪੁਰਖੁ, ਨਿਰੰਕਾਰਿ ਆਕਾਰੁ ਬਣਾਇਆ॥**
**ਧੰਨੁ ਧੰਨੁ ਸਤਿਗੁਰ ਸਿਖ ਸੁਣਿ, ਚਰਣਿ ਸਰਣਿ ਗੁਰਸਿਖ ਜੁਆਇਆ॥**

ਧੰਨ ਹੈ, ਧੰਨ ਹੈ ਗੁਰੂ ਨਾਨਕ ਜੋ ਸਭ ਵਿਚ ਸਮਾਇਆ ਹੋਇਆ ਹੈ। ਨਿਰੰਕਾਰ ਨਾਨਕ ਨੇ ਸਾਰੀ ਸ੍ਰਿਸ਼ਟੀ ਦਾ ਆਕਾਰ ਬਣਾਇਆ ਹੈ। ਧੰਨ ਹੈ, ਧੰਨ ਹੈ ਬਾਬਾ ਨਾਨਕ ਦੀ ਸਿਖਿਆ ਸੁਣ ਕੇ, ਅੰਮ੍ਰਿਤ ਛਕਣ ਲਈ ਗੁਰਸਿਖ ਸਰਨੀ ਆ ਗਿਆ।

**ਧੰਨੁ ਧੰਨੁ ਸਤਿਗੁਰ ਚਰਣ, ਧੰਨੁ ਮਸਤਕੁ ਗੁਰ ਚਰਣੀ ਲਾਇਆ॥**
**ਸਤਿਗੁਰ ਦਰਸਨੁ ਧੰਨ ਹੈ ਧੰਨੁ ਧੰਨੁ ਗੁਰਸਿਖ ਪਰਸਣਿ ਆਇਆ॥**

ਧੰਨ ਹਨ, ਧੰਨ ਹਨ ਬਾਬੇ ਨਾਨਕ ਦੇ ਚਰਨ ਧੰਨ ਹਨ। ਗੁਰਸਿਖ ਦਾ ਮਸਤਕ ਧੰਨ ਹੈ ਜਿਸ ਨੇ ਚਰਨਾਂ ਦੀ ਛੋਹ ਪ੍ਰਾਪਤ ਕੀਤੀ। ਗੁਰੂ ਨਾਨਕ ਦੇ ਦਰਸ਼ਨ ਧੰਨ ਹਨ। ਗੁਰਸਿਖ ਧੰਨ ਹੈ, ਧੰਨ ਹੈ ਜੋ ਗੁਰੂ ਨਾਨਕ ਦੇ ਚਰਨਾਂ ਦੀ ਛੋਹ ਪ੍ਰਾਪਤ ਕਰਨ ਆਇਆ।

**ਵਾਰ ੪੦ ਪਉੜੀ ੨੧॥**
**ਸਉ ਵਿਚ ਵਰਤੈ ਸਿਖ ਸੰਤ, ਇਕੋਤਰ ਸੌ ਸਤਿਗੁਰ ਅਬਿਨਾਸੀ॥**
**ਸਦਾ ਸਦੀਵ ਦੀਬਾਣ ਜਿਸੁ ਅਸਥਿਰ ਸਦਾ ਨ ਆਵੈ ਜਾਸੀ॥**

ਸਾਰੀ ਸੰਗਤਿ ਸਿਖ ਸੰਤ ਜੇ ੧੦੦% ਹਨ ਤਾਂ ਬਾਬਾ ਨਾਨਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜੋ ਅਬਿਨਾਸੀ ਹੈ ਉਹ ੧੦੧% ਹੈ। ਉੱਚਾ ਹੈ, ਵੱਡਾ ਹੈ। ਬਾਬਾ ਸਦੀਵੀ ਹੈ, ਉਸ ਦਾ ਦਰਬਾਰ ਵੀ ਸਦੀਵੀ ਹੈ, ਸਦਾ-ਥਿਰ ਰਹਿਣ ਵਾਲਾ ਗੁਰੂ ਹੈ। ਦੇਹਧਾਰੀ ਗੁਰੂਆਂ ਵਾਂਗ ਆਉਣ ਜਾਣ ਦੇ ਚੱਕਰ ਵਿਚ ਨਹੀਂ ਪੈਂਦਾ।

**ਇਕ ਮਨ ਜਿਨੈਂ ਧਿਆਇਆ, ਕਾਟੀ ਗਲਹੁ ਤਿਸੈ ਜਮ ਫਾਸੀ॥**
**ਇਕੋ ਇਕ ਵਰਤਦਾ ਸਬਦ ਸੁਰਤਿ ਸਤਿਗੁਰੂ ਜਾਣਾਸੀ॥**

ਜਿਹਨਾਂ ਗੁਰਸਿੱਖਾਂ ਨੇ ਮਨ ਜੋੜ ਕੇ ਵਾਹਿਗੁਰੂ ਦਾ ਸਿਮਰਨ ਕੀਤਾ ਹੈ, ਜਮ ਦੀ ਫਾਹੀ ਉਹਨਾਂ ਦੇ ਗਲੋਂ ਕੱਟੀ ਗਈ। ਮੌਤ ਨਹੀਂ ਆਏਗੀ, ਜਨਮ ਮਰਨ ਕੱਟਿਆ ਗਿਆ। ਕਿਉਂਕਿ ਸਾਰੀ ਸ੍ਰਿਸ਼ਟੀ ਵਿਚ ਇਕੋ ਇਕ ਬਾਬੇ ਨਾਨਕ ਦਾ ਹੁਕਮ ਚਲਦਾ ਹੈ। ਵਾਹਿਗੁਰੂ ਸ਼ਬਦ ਵਿਚ ਸੁਰਤੀ ਲਾ ਲਓ, ਗੁਰੂ ਨਾਨਕ ਦੀ ਸਮਝ ਪੈ ਜਾਏਗੀ। ਗੁਰੂ ਨਾਨਕ ਰੱਬ ਨੂੰ ਜਿਣਾ ਦਏਗਾ।

**ਬਿਨੁ ਦਰਸਨੁ ਗੁਰੁ ਮੂਰਤਿ, ਭ੍ਰਮਤਾ ਫਿਰੇ ਲਖ ਜੂਨਿ ਚਉਰਾਸੀ॥**
**ਬਿਨੁ ਦੀਖਿਆ ਗੁਰਦੇਵ ਦੀ ਮਰਿ ਜਨਮੇ ਵਿਚਿ ਨਰਕ ਪਵਾਸੀ॥**

ਬਾਬੇ ਨਾਨਕ ਦੇ ਦਰਸ਼ਨਾਂ ਤੋਂ ਬਗ਼ੈਰ ਸਾਰੀ ਸ੍ਰਿਸ਼ਟੀ ੮੪ ਲੱਖ ਜੂਨਾਂ ਵਿਚ ਭਟਕ ਰਹੀ ਹੈ, ਭਟਕਦੀ ਰਹੇਗੀ। ਜਿੰਨਾ ਚਿਰ ਬਾਬੇ ਨਾਨਕ ਤੋਂ ਚਰਨ ਪਾਹੁਲ ਨਹੀਂ ਲੈਂਦੇ, ਅੰਮ੍ਰਿਤ ਨਹੀਂ ਛਕਦੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅੱਜ ਵੀ ਬਾਬਾ ਨਾਨਕ, ਦਸਵੇਂ ਪਾਤਿਸ਼ਾਹ ਅੰਮ੍ਰਿਤ ਛਕਾਉਂਦੇ ਹਨ। ਬਾਬਾ ਨਾਨਕ ਜੀ ਤਾਬਿਆ ਬੈਠੇ ਹੁੰਦੇ ਹਨ ਤੇ ਦਸਵੇਂ ਪਾਤਿਸ਼ਾਹ ਅੰਮ੍ਰਿਤ ਛਕਾਉਂਦੇ ਹਨ (ਤੇਰਾ ਗੁਰੂ ਇਸੇ ਤਰ੍ਹਾਂ ਨਾਮ ਦੀ ਦਾਤ ਦੇਂਦਾ ਹੈ ਕਿਥੇ ਦੇਹ ਗੰਦੀ ਤੇ ਕਿੱਥੇ ਜੋਤ ਅਤੀ ਪਵਿੱਤਰ) ਰਹਿਤ ਵਿਚ ਪ੍ਰਪੱਕ ਰਹਿਣਾ ਤੇ ਕੁਰਹਿਤ

ਨਹੀਂ ਕਰਨੀ, ਜਿਹੜੇ ਅੰਮ੍ਰਿਤ ਹੀ ਨਹੀਂ ਛਕਦੇ, ਭਾਵੇਂ ਸ੍ਰਿਸ਼ਟੀ ਵਿਚ ਸਤਿਗੁਰੂ ਜੀ ਮਹਾਰਾਜ ਹੋਣ, ਜਨਮ ਮਰਨ ਦੇ ਗੇੜ ਵਿਚ ਪੈ ਜਾਣਗੇ, ਕਰੋੜਾਂ ਸਾਲ ਕੁੱਤਾ, ਬਿੱਲਾ, ਨਰਕਾਂ ਵਿਚ ਜਾਣਗੇ।

**ਨਿਰਗੁਣ ਸਰਗੁਣ ਸਤਿਗੁਰੂ, ਵਿਰਲਾ ਕੋ ਗੁਰ ਸਬਦ ਸਮਾਸੀ॥**
**ਬਿਨੁ ਗੁਰੂ ਓਟ ਨ ਹੋਰੁ ਕੋ, ਸਚੀ ਓਟ ਨ ਕਦੇ ਬਿਨਾਸੀ॥**

ਅਦ੍ਰਿਸ਼ਟ ਤੇ ਦ੍ਰਿਸ਼ਟਮਾਨ, ਸੂਖਸ਼ਮ ਤੇ ਅਸਥੂਲ, ਜੋਤ-ਪ੍ਰਕਾਸ਼ ਨੂਰ ਤੇ ਸਰੀਰ ਬਾਬਾ ਨਾਨਕ ਆਪ ਹੀ ਹੈ, ਪਰ ਕੋਈ ਵਿਰਲਾ ਗੁਰਮੁਖ ਪਿਆਰਾ ਅੰਮ੍ਰਿਤਧਾਰੀ 'ਵਾਹਿਗੁਰੂ' ਸ਼ਬਦ ਵਿਚ ਸੁਰਤੀ ਲਾ ਕੇ ਲੀਨ ਹੋ ਜਾਏਗਾ, ਸਮਾ ਜਾਏਗਾ। ਗੁਰੂ ਨਾਨਕ ਤੋਂ ਬਗ਼ੈਰ ਕਿਸੇ ਦਾ ਆਸਰਾ, ਅੱਗੇ ਕੰਮ ਨਹੀਂ ਆਉਂਦਾ। ਬਾਬੇ ਨਾਨਕ ਦਾ ਸੱਚਾ ਆਸਰਾ ਕਦੇ ਖ਼ਤਮ ਨਹੀਂ ਹੁੰਦਾ। (ਇਥੇ ਉੱਥੇ ਮਾਲਕ ਹੀ ਆਪ ਹੈ, ਨਿਰਗੁਣ ਸਰਗੁਣ ਉਹ ਆਪ ਹੀ ਹੈ, ਦੱਸ! ਤੇਰਾ ਗੁਰੂ ਨਰਕਾਂ ਵਿਚ ਪਾਉਣ ਤੋਂ ਬਗ਼ੈਰ ਹੋਰ ਕੀ ਕੰਮ ਕਰ ਸਕਦਾ ਹੈ ? ਪੁੱਤਰ ਗੁਰੂ ਨਾਨਕ ਦਾ, ਜਾਂਦਾ ਦੇਹਧਾਰੀਆਂ ਕੋਲ, ਗੱਲ ਕੁਛ ਨਹੀਂ, ਤੂੰ ਵਿਕਾਰੀ ਹੈਂ)

**ਗੁਰਾਂ ਗੁਰੂ ਸਤਿਗੁਰ ਪੁਰਖੁ, ਆਦਿ ਅੰਤਿ ਥਿਰੁ ਗੁਰੂ ਰਹਾਸੀ॥**
**ਕੋ ਵਿਰਲਾ ਗੁਰਮੁਖਿ ਸਹਜਿ ਸਮਾਸੀ॥੨੧॥**

ਗੁਰੂਆਂ ਦਾ ਗੁਰੂ ਸਭ ਤੋਂ ਵੱਡਾ ਬਾਬਾ ਨਾਨਕ ਹੈ। "ਸਭ ਤੇ ਵਡਾ ਸਤਿਗੁਰੁ ਨਾਨਕੁ" ਸਭ ਵਿਚ ਸਮਾਇਆ ਹੋਇਆ ਹੈ। ਆਦਿ ਹੈ ਤੇ ਅੰਤ ਤਕ ਸਦੀਵੀ ਸਦਾ-ਥਿਰ ਗੁਰੂ, ਗੁਰੂ ਨਾਨਕ ਹੀ ਰਹੇਗਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਹਿਣਗੇ। ਪਰ ਕੋਈ ਵਿਰਲਾ ਅੰਮ੍ਰਿਤਧਾਰੀ ਗੁਰੂ ਵਾਲਾ, ਗੁਰੂ ਨਾਨਕ ਵਰਗਾ ਸੁਭਾਅ ਕਰਕੇ ਟਿਕ ਕੇ ਸੁਰਤੀ ਲਾ ਕੇ ਸਮਾਏਗਾ।

**ਕਬਿੱਤ ਭਾਈ ਗੁਰਦਾਸ॥**
**ਤੈਸੇ ਪੇਖਿ ਅਉਗੁਨ, ਕਹੈ ਨ ਸਤਿਗੁਰ ਕਾਹੂ,**
**ਪੂਰਨ ਬਿਬੇਕ ਸਮਝਾਵਤ, ਪ੍ਰਚੰਡ ਹੈ॥੩੫੬॥**

ਜਿਵੇਂ ਮਾਂ ਪੁੱਤਰ ਨੂੰ ਆਪਣੇ ਹਿਰਦੇ ਨਾਲ ਲਾ ਕੇ ਪਲੋਸਦੀ ਹੈ। ਜਿਵੇਂ ਵੈਦ ਸੰਜਮ ਦੱਸ ਦੇ ਦੁਆਈ ਦੇ ਦੇਂਦਾ ਹੈ ਤੇ ਰੋਗ ਖ਼ਤਮ ਹੋ ਜਾਂਦਾ ਹੈ। ਜਿਵੇਂ ਪਾਂਧਾ-ਮਾਸਟਰ ਆਪਣੇ ਵਿਦਿਆਰਥੀਆਂ ਦੀਆਂ ਗ਼ਲਤੀਆਂ ਨਹੀਂ ਵਿਚਾਰਦਾ, ਸਿੱਖਿਆ ਦੇ ਦੇ ਕੇ ਮੂਰਖਤਾ ਵਾਲੀ ਮਤ ਖ਼ਤਮ ਕਰ ਦੇਂਦਾ ਹੈ, ਇਸੇ ਤਰ੍ਹਾਂ ਬਾਬਾ ਨਾਨਕ, ਔਗੁਣ ਸਾਰੇ ਦੇਖਦਾ ਹੈ, ਪਰ ਕਹਿੰਦਾ ਕੁਛ ਨਹੀਂ, ਪੂਰੀ ਤਰ੍ਹਾਂ ਅਕਲ ਦੇਂਦਾ ਹੈ। ਪੂਰਨ ਤੇਜ ਪ੍ਰਕਾਸ਼ ਵਾਲਾ ਹੈ ਬਾਬਾ।

**ਕਬਿੱਤ ॥**

**ਸਤਿਗੁਰੁ ਦਇਆ ਨਿਧਿ, ਮਹਿਮਾ ਅਗਾਧਿ ਬੋਧ,**

**ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈ ॥੧੧੧॥**

ਜੇ ਗੁਰਸਿਖ ਇਕ ਕਦਮ ਬਾਬੇ ਨਾਨਕ ਦੀ ਸੰਗਤਿ ਕਰਨ ਨੂੰ ਜਾਂਦਾ ਹੈ, ਬਾਬਾ ਨਾਨਕ ਅੱਗੋਂ ਕਰੋੜਾਂ ਕਦਮ ਅੱਗੋਂ ਲੈਣ ਆਉਂਦਾ ਹੈ। ਜੇ ਗੁਰਸਿਖ ਇਕ ਵਾਰੀ ਵਾਹਿਗੁਰੂ ਕਹਿੰਦਾ ਹੈ ਤਾਂ ਬਾਬਾ ਨਾਨਕ ਮਿਹਰ ਕਰਕੇ ਉਸ ਦਾ ਸਿਮਰਨ ਚਲਾ ਦੇਂਦਾ ਹੈ। ਜੇ ਪਿਆਰ ਨਾਲ ਕੋਈ ਗੁਰਸਿਖ ਕੌਡੀ ਵੀ ਅੱਗੇ ਰੱਖ ਦੇਵੇ, ਤਾਂ ਬਾਬਾ ਨਾਨਕ ਉਸਨੂੰ ਸਾਰੇ ਖ਼ਜ਼ਾਨੇ ਦਾਨ ਦੇ ਦੇਂਦਾ ਹੈ। ਬਾਬਾ ਨਾਨਕ ਦਇਆ ਦਾ ਖ਼ਜ਼ਾਨਾ ਹੈ, ਉਸ ਦੀ ਉਸਤਤ ਕੀਤੀ ਹੀ ਨਹੀਂ ਜਾ ਸਕਦੀ, ਬੁੱਧੀ ਦੀ ਪਹੁੰਚ ਤੋਂ ਪਰੇ ਦੀ ਗੱਲ ਹੈ। ਅਸੀਂ ਬਾਬੇ ਦੀ ਤਾਰੀਫ਼ ਕਰ ਹੀ ਨਹੀਂ ਸਕਦੇ, ਬੱਸ! ਮੱਥਾ ਟੇਕੋ, ਨਮਸਕਾਰ ਕਰੋ, ਉਹ ਬੇਅੰਤ ਹੈ ਬੇਅੰਤ ਹੈ ਬੇਅੰਤ ਹੈ।

**ਕਬਿੱਤ ॥**

**ਸ੍ਰੀ ਗੁਰ ਦਇਆਲ ਕੀ ਦਇਆ ਨ ਆਨ ਦੇਵ ਮੈ, ਜਉ ਖੰਡ ਬ੍ਰਹਮੰਡ, ਉਦੈ ਅਸਤ ਲਉ ਧਾਈਐ ॥੪੭੨॥**

ਇਮਲੀ ਖਾਣ ਨਾਲ ਅੰਬ ਦਾ ਸੁਆਦ ਨਹੀਂ ਆਉਂਦਾ, ਪਿਤਾ ਦਾ ਪਿਆਰ ਪੜੋਸੀਆਂ ਤੋਂ ਨਹੀਂ ਮਿਲਦਾ। ਸਮੁੰਦਰ ਤੋਂ ਜੋ ਖ਼ਜ਼ਾਨੇ ਮਿਲਦੇ ਹਨ ਉਹ ਛੱਪੜ ਵਿਚੋਂ ਨਹੀਂ ਮਿਲਦੇ। ਦੀਵੇ ਦੀ ਜੋਤ ਸੂਰਜ ਦੇ ਬਰਾਬਰ ਨਹੀਂ ਹੁੰਦੀ। ਖੂਹ ਦਾ ਪਾਣੀ, ਵਰਖਾ ਦੇ ਬਰਾਬਰ ਨਹੀਂ ਹੋ ਸਕਦਾ। ਚੰਦਨ ਵਰਗੀ ਖ਼ੁਸ਼ਬੋ ਅੱਕ ਦੇ ਬੂਟੇ ਛਿਛਰੇ ਵਿਚੋਂ ਨਹੀਂ ਆ ਸਕਦੀ। ਬਾਬੇ ਨਾਨਕ ਵਰਗੀ ਕ੍ਰਿਪਾ, ਕਿਸੇ ਹੋਰ ਦੇਵੀ ਦੇਵਤੇ, ਦੇਹਧਾਰੀ, ਗੁਰੂ ਵਿਚ ਨਹੀਂ ਹੈ, ਤੂੰ ਭਾਵੇਂ ਖੰਡਾਂ ਬ੍ਰਹਿਮੰਡਾਂ ਵਿਚ ਚੜ੍ਹਦੇ ਸੂਰਜ ਤੋਂ ਛਿਪਦੇ ਸੂਰਜ ਤਕ ਧਟਕਦਾ ਰਹੁ। ਬਾਬੇ ਨਾਨਕ ਵਰਗਾ ਗੁਰੂ ਹੋਰ ਹੈ ਹੀ ਨਹੀਂ। ਲੱਭ ਕੇ ਦਿਖਾ।

**ਵਾਰ ੧ ਪਉੜੀ ੧ ॥**

**ਨਮਸਕਾਰੁ ਗੁਰਦੇਵ ਕੋ ਸਤਿਨਾਮੁ ਜਿਸੁ ਮੰਤ੍ਰੁ ਸੁਣਾਇਆ ॥**

**ਭਵਜਲ ਵਿਚੋਂ ਕਢਿ ਕੈ ਮੁਕਤਿ ਪਦਾਰਥਿ ਮਾਹਿ ਸਮਾਇਆ ॥**

ਬਾਬੇ ਨਾਨਕ ਨੂੰ ਮੱਥਾ ਟੇਕਦੇ ਹਾਂ। ਜਿਸਨੇ ਸਦੀਵੀ ਸੱਚਾ 'ਵਾਹਿਗੁਰੂ' ਮੰਤਰ ਸੁਣਾਇਆ, ਜੋ ਸਚਖੰਡਿ ਹੋ ਰਿਹਾ ਸੀ ਤਾਂ ਹੀ ਸਤਿਨਾਮ ਹੈ, (ਬਾਕੀ ਸਾਰੇ ਝੂਠੇ ਨਾਮ ਹਨ, ਸਤਿਨਾਮ ਸਿਰਫ਼ ਵਾਹਿਗੁਰੂ ਹੈ, ਇਸੇ ਕਰਕੇ ਬਾਬੇ ਨੂੰ ਨਮਸਕਾਰ ਹੈ ਕਿ ਤੂੰ ਸਚਖੰਡਿ ਵਿਚ ਹੋ ਰਿਹਾ 'ਵਾਹਿਗੁਰੂ' ਮੰਤਰ ਇਥੇ ਸਾਨੂੰ

ਜਪਾਇਆ, ਬਾਕੀ ਸਾਰੇ ਝੂਠੇ ਤੇ ਸਰਕਾਰੀਏ ਹਨ) ਸਾਨੂੰ ਵਿਕਾਰਾਂ ਭਰੇ ਸੰਸਾਰ-ਸਮੁੰਦਰ ਵਿਚੋਂ ਰਹਿਤ ਦੱਸ ਕੇ ਕੱਢ ਲਿਆ, ਮੁਕਤੀ ਕਰਵਾ ਦਿੱਤੀ ਤੇ ਸੁਰਤੀ ਲੁਆ ਕੇ ਲੀਨ ਕਰ ਦਿੱਤਾ।

**ਜਨਮ ਮਰਣ ਭਉ ਕਟਿਆ, ਸੰਸਾ ਰੋਗੁ ਵਿਯੋਗੁ ਮਿਟਾਇਆ॥**
**ਸੰਸਾ ਇਹੁ ਸੰਸਾਰੁ ਹੈ, ਜਨਮ ਮਰਨ ਵਿਚਿ ਦੁਖੁ ਸਵਾਇਆ॥**

ਬਾਬੇ ਨਾਨਕ ਨੇ ਜਨਮ ਮਰਨ ਦਾ ਡਰ ਹੀ ਖ਼ਤਮ ਕਰ ਦਿੱਤਾ। ਵਿਛੜੇ ਹੋਏ ਜੀਵ ਦਾ ਇਹ ਸਹਿਮ ਰੋਗ ਹੀ ਖ਼ਤਮ ਕਰ ਦਿੱਤਾ, ਜੀਵ ਨੂੰ ਰੱਬ ਨਾਲ ਮਿਲਾ ਦਿੱਤਾ। ਸਾਰੀ ਸ੍ਰਿਸ਼ਟੀ ਨੂੰ ਸਹਿਮ ਹੀ ਇਹੀ ਹੈ, ਜਨਮ ਮਰਨ ਦੇ ਦੁੱਖਾਂ ਵਿਚ ਸਾਰੇ ਡੁੱਬੇ ਪਏ ਹਨ।

**ਜਮ ਦੰਡੁ ਸਿਰੌਂ ਨ ਉਤਰੈ, ਸਾਕਤਿ ਦੁਰਜਨ ਜਨਮੁ ਗਵਾਇਆ॥**
**ਚਰਨ ਗਹੇ ਗੁਰਦੇਵ ਦੇ, ਸਤਿ ਸਬਦੁ ਦੇ ਮੁਕਤਿ ਕਰਾਇਆ॥**

ਜਮ ਦਾ ਡੰਡ ਸਿਰੋਂ ਕਿਸੇ ਦਾ ਉਤਰ ਹੀ ਨਹੀਂ ਸਕਦਾ, ਰੱਬ ਨਾਲੋਂ ਟੁੱਟੇ ਹੋਏ ਨੇ, ਜੋ ਨਾਮ ਨਹੀਂ ਜਪਦੇ, ਜੋ ਅੰਮ੍ਰਿਤ ਨਹੀਂ ਛਕਦੇ, ਭੈੜੀ ਮਤ ਵਾਲੇ ਮਨਮੁਖਾਂ ਨੇ ਆਪਣਾ ਜਨਮ ਅਜਾਈਂ ਗਵਾ ਲਿਆ। ਬਾਬੇ ਨਾਨਕ ਦੇ ਅੰਮ੍ਰਿਤ ਛਕ ਕੇ ਚਰਨ ਫੜ ਲਓ, 'ਵਾਹਿਗੁਰੂ' ਸਤਿਨਾਮ ਦੀ ਦਾਤ ਦੇ ਕੇ ਜੀਵ ਨੂੰ ਮੁਕਤ ਕਰਵਾ ਦਿੱਤਾ। ਤੇਰਾ ਦੇਹਧਾਰੀ ਕਿਵੇਂ ਹੈ?

**ਮਲਾਰੁ ਮਹਲਾ ੪॥**
**ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥** *(ਪੰਨਾ ੧੨੬੩)*

ਹਿੰਦੂਆਂ ਦੇ ਸਾਰੇ ਪਵਿੱਤਰ ਦਰਿਆ ਤੇ ਨਦੀਆਂ, ਗੰਗਾ, ਜਮੁਨਾ, ਗੋਦਾਵਰੀ ਤੇ ਸਰਸਵਤੀ ਸਾਰੇ ਕੋਸ਼ਿਸ਼ ਕਰਦੇ ਹਨ, ਉੱਦਮ ਕਰ ਰਹੇ ਹਨ ਕਿ ਸਾਨੂੰ ਬਾਬੇ ਨਾਨਕ ਦੀ ਚਰਨ ਧੂੜ ਮਿਲ ਜਾਏ, ਛੋਹ ਪ੍ਰਾਪਤ ਹੋ ਜਾਏ, ਅਸੀਂ ਪਵਿੱਤਰ ਹੋ ਜਾਈਏ।

**ਜਿਤਨੇ ਤੀਰਥ ਦੇਵੀ ਥਾਪੇ, ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ॥** *(ਪੰਨਾ ੧੨੬੩)*

ਜਿਤਨੇ ਵੀ ਦੇਵੀ ਦੇਵਤੇ ਦੇ ਨਾਂ ਤੇ ਤੀਰਥ ਬਣਾਏ ਹਨ, ਉਤਨੇ ਸਾਰੇ ਦੇ ਸਾਰੇ ਬਾਬੇ ਨਾਨਕ ਦੀ ਚਰਨ ਧੂੜ ਨੂੰ ਤਾਂਘਦੇ ਹਨ ਤਾਂ ਕਿ ਅਸੀਂ ਪਵਿੱਤਰ ਹੋ ਜਾਈਏ, ਦੇਵੀ ਦੇਵਤੇ ਵੀ ਚਰਨ ਧੂੜ ਲੈਂਦੇ ਹਨ ਕਿ ਸਾਡੀ ਮੁਕਤੀ ਹੋ ਜਾਏ।

ਮੁਰਸ਼ਦੇ ਕਾਮਿਲ ਕਸੇ ਰਾਹ ਦਸੁ ਦਾਦ॥
ਤਾਜ਼ਿ ਇਰਫ਼ਾਂ ਰਾ ਬਫਰਕੇ ਊ ਨਿਹਾਦ॥੩੯੧॥

(ਜ਼ਿੰਦਗੀਨਾਮਾ ਭਾਈ ਨੰਦ ਲਾਲ ਸਿੰਘ)

ਪੂਰਾ ਸਤਿਗੁਰੂ ਬਾਬਾ ਨਾਨਕ, ਜਿਸ ਦਾ ਹੱਥ ਫੜ ਲਵੇ, ਉਸ ਦੇ ਸਿਰ ਤੇ ਸੱਚੇ ਗਿਆਨ ਦਾ ਤਾਜ ਰੱਖ ਦੇਂਦਾ ਹੈ।

ਮਹਰਮੇ ਹਕ ਮੁਰਸ਼ਿਦੇ ਕਾਮਲ ਕੁਨਦ॥
ਦੌਲਤੇ ਜਾਵੈਦ ਰਾ ਹਾਸਲ ਕੁਨਦ॥੩੯੨॥

ਪੂਰਾ ਸਤਿਗੁਰੂ ਦਸਵੇਂ ਪਾਤਿਸ਼ਾਹ, ਬਾਬਾ ਨਾਨਕ (ਹਮੂ ਨਾਨਕ ਅਸਤ—ਮੈਂ ਹੀ ਨਾਨਕ ਹਾਂ) ਰੱਬ ਦੇ ਭੇਤੀ ਬਣਾ ਦੇਂਦਾ ਹੈ। ਅਖੁਟ ਧਨ ਦਾ ਮਾਲਕ ਬਣਾ ਦੇਂਦਾ ਹੈ।

ਹਰ ਦੂ ਆਲਮ ਬੰਦ ਹੈ ਇਹ ਸਾਨਿ ਊ॥
ਈਂ ਜਹਾਨੋ ਆਂ ਜਹਾਂ ਕੁਰਬਾਨਿ ਊ॥੩੯੩॥

ਬਾਬੇ ਨਾਨਕ ਦੇ ਉਪਕਾਰਾਂ ਅੱਗੇ ਲੋਕ ਪ੍ਰਲੋਕ ਸੇਵਕ ਹਨ। ਇਹ ਜਗ ਤੇ ਅਗਲਾ ਜਗ ਉਸ ਤੋਂ ਬਲਿਹਾਰ ਹੈ।

ਮਾਨਐ ਇਹਸਾਨ ਇਰਫਾਨੇ ਖੁਦਾਸੁ॥
ਆਰਿਫਾਂ ਰਾ ਦੌਲਤੇ ਖੁਸ਼ ਰੂ ਨੁਮਾਸੁ॥੩੯੪॥

ਉਪਕਾਰ ਦਾ ਅਰਥ, ਰੱਬ ਦਾ ਗਿਆਨ ਹੈ। ਗਿਆਨਵਾਨਾਂ ਦਾ ਧਨ ਖਿੜੇ ਮੱਥੇ ਰਹਿਣਾ ਹੈ।

ਮਨ ਚਿ ਜ਼ਹੱਰ ਮੁਸ੍ਤੇ ਅਜ਼ ਖ਼ਾਕੇ ਗ਼ਰੀਬ॥
ਈਂ ਹਮਹ ਦੌਲਤ ਜ਼ਿ ਮੁਰਸ਼ਿਦ ਸ਼ੁਦ ਨਸੀਬ॥੪੨੬॥

ਮੈਂ ਤਾਂ ਵਿਚਾਰੀ ਇਕ ਮਿੱਟੀ ਦੀ ਮੁੱਠ ਹਾਂ, ਇਹ ਸਾਰੇ ਧਨ ਧਾਮ ਤਾਂ ਦਸਵੇਂ ਪਾਤਿਸ਼ਾਹ ਨੇ ਬਖ਼ਸ਼ੇ ਹਨ।

ਐ ਜ਼ਿਹੇ ਮੁਰਸ਼ਿਦ ਕਿ ਨਾਮੇ ਪਾਕ ਰਾ॥
ਅਜ਼ ਕਰਮ ਬਖ਼ਸ਼ੀਦ ਮੁਸ਼ਤੇ ਖ਼ਾਕ ਰਾ॥੪੨੭॥

ਦਸਵੇਂ ਪਾਤਿਸ਼ਾਹ, ਧੰਨ ਸਤਿਗੁਰ ਸੱਚੇ ਪਾਤਿਸ਼ਾਹ, ਜਿਹਨਾਂ ਨੇ ਕ੍ਰਿਪਾ ਕਰਕੇ ਪਵਿੱਤਰ ਨਾਮ ਇਸ ਮਿੱਟੀ ਦੀ ਮੁੱਠ ਨੂੰ ਬਖ਼ਸ਼ਿਆ ਹੈ।

ਐ ਜ਼ਿਹੇ ਮੁਰਸ਼ਿਦ ਕਿ ਦਿਲ ਰਾ ਸ਼ੌਕ ਦਾਦ॥
ਐ ਜ਼ਿਹੇ ਮੁਰਸ਼ਿਦ ਕਿ ਬੰਦੇ ਦਿਲ ਕੁਸ਼ਾਦ॥੪੨੮॥

ਉਹ ਧੰਨ ਸਤਿਗੁਰੂ ਬਾਬਾ ਨਾਨਕ ਸੱਚਾ ਪਾਤਿਸ਼ਾਹ, ਜਿਸ ਨੇ ਮਨ ਨੂੰ ਹਰੀ ਦੀ ਪ੍ਰੀਤ ਬਖ਼ਸ਼ੀ। ਉਹ ਧੰਨ ਸਤਿਗੁਰੂ ਹੈ, ਜਿਸ ਨੇ ਮਨੁੱਖ ਦੇ ਬੰਧਨ ਕੱਟੇ।

**ਐ ਜ਼ਿਹੇ ਮੁਰਸ਼ਿਦ ਕਿ ਬਾ ਹਕ ਆਸ਼ਨਾ॥**
**ਕਰਦ ਫ਼ਾਰਿਗ਼ ਕਰਦ ਅਜ਼ ਰੰਜੋ ਬਲਾ॥੪੨੯॥**

ਉਹ ਸਤਿਗੁਰੂ ਬਾਬਾ ਨਾਨਕ ਧੰਨ ਹੈ, ਜਿਸ ਨੇ ਵਾਹਿਗੁਰੂ ਦੀ ਮਿੱਤਰਤਾਈ ਬਖ਼ਸ਼ੀ ਅਤੇ ਦੁੱਖਾਂ ਕਲੇਸ਼ਾਂ ਤੋਂ ਮੁਕਤ ਕਰਵਾਇਆ।

**ਐ ਜ਼ਿਹੇ ਮੁਰਸ਼ਿਦ ਕਿ ਉਮ੍ਰੇ ਜਾਵਿਦਾਂ॥**
**ਬਖ਼ਸ਼ ਅਜ਼ ਨਾਮੇ ਖ਼ੁਦਾਏ ਬੇਨਿਸ਼ਾ॥੪੩੦॥**

ਉਹ ਮੇਰੇ ਸਤਿਗੁਰੂ ਦਸਵੇਂ ਪਾਤਿਸ਼ਾਹ ਧੰਨ ਹਨ, ਜਿਹਨਾਂ ਨੇ ਰੂਪ ਤੋਂ ਰਹਿਤ ਅਕਾਲ ਪੁਰਖ ਦਾ ਨਾਮ ਸਾਰੀ ਉਮਰ ਸਿਮਰਨ ਕਰਨ ਲਈ ਬਖ਼ਸ਼ਿਆ।

**ਐ ਜ਼ਿਹੇ ਮੁਰਸ਼ਿਦ ਕਿ ਅਜ਼ ਯਕ ਕਤਰਹ ਆਬ॥**
**ਕਰਦ ਰੌਸ਼ਨ ਹਮ ਚੁ ਮਾਹੋ ਆਫ਼ਤਾਬ॥੪੩੧॥**

ਉਹ ਸਤਿਗੁਰੂ ਦਸਵੇਂ ਪਾਤਿਸ਼ਾਹ ਧੰਨ ਹਨ, ਜਿਹਨਾਂ ਨੇ ਇਕ ਮੰਦੇ ਪਾਣੀ ਦੇ ਤੁਬਕੇ (ਮਨੁੱਖ) ਨੂੰ ਚੰਦ ਸੂਰਜ ਵਾਲੀ ਚਮਕ ਦਮਕ ਬਖ਼ਸ਼ੀ।

**ਐ ਜ਼ਿਹੇ ਮੁਰਸ਼ਿਦ ਜ਼ਿਹੇ ਇਹਸਾਨਿ ਊ॥**
**ਸਦ ਹਜ਼ਾਰਾਂ ਹਮਚੁ ਮਨ ਕੁਰਬਾਨਿ ਊ॥੪੩੨॥**

ਉਹ ਸਤਿਗੁਰੂ ਦਸਵੇਂ ਪਾਤਿਸ਼ਾਹ ਧੰਨ ਹਨ, ਉਸਦੇ ਉਪਕਾਰ ਵੀ ਧੰਨ ਹਨ। ਮੇਰੇ ਜੈਸੇ ਹਜ਼ਾਰਾਂ ਹੀ ਉਸ ਤੋਂ ਬਲਿਹਾਰ ਹਨ।

**ਗਰ ਹਜ਼ੂਰੀ ਬਾ ਖ਼ੁਦਾ ਬਾਯਦ ਬਤੂ॥**
**ਦਰ ਹਜ਼ੂਰੇ ਮੁਰਸ਼ਿਦੇ ਕਾਮਿਲ ਬਿਰੂ॥੪੩੬॥**

ਜੇ ਤੂੰ ਅਕਾਲ ਪੁਰਖ ਦਾ ਦਰਸ਼ਨ ਕਰਨਾ ਚਾਹੁੰਦਾ ਹੈਂ, ਤਾਂ ਪੂਰੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨੀਂ ਪੈ ਜਾਹ।

**ਸੂਰਤੇ ਹਕ ਮੁਰਸ਼ਿਦੇ ਕਾਮਿਲ ਬਵਦ॥**
**ਦੀਦਨਸ਼ ਆਰਾਮਿ ਜਾਨੋ ਦਿਲ ਬਵਦ॥੪੩੭॥**

ਵਾਹਿਗੁਰੂ ਦਾ ਦਰਸ਼ਨ ਪੂਰੇ ਗੁਰੂ, ਗੁਰੂ ਨਾਨਕ ਦਾ ਸੁੰਦਰ ਮੁਖੜਾ ਹੈ। ਉਸ ਦੇ ਵੇਖਦਿਆਂ ਦੇਹ ਤੇ ਆਤਮਾ ਨੂੰ ਸ਼ਾਂਤੀ ਆਉਂਦੀ ਹੈ।

ਸੂਰਤੇ ਹਕ ਮਾਨਹ ਅਜ਼ ਮੁਰਸ਼ਿਦ ਬਵਦ॥
ਹਰਿ ਕਿ ਬਰ ਗਰਦਦ ਅਜ਼ਾਂ ਮੁਰਤਦ ਬਵਦ॥੪੩੮॥

ਵਾਹਿਗੁਰੂ-ਰੱਬ ਦੀ ਸੂਰਤ ਦਾ ਅਰਥ ਹੀ ਪੂਰਾ ਸਤਿਗੁਰੂ ਨਾਨਕ ਹੈ। ਜੋ ਬਾਬੇ ਨਾਨਕ ਤੋਂ ਮੂੰਹ ਫੇਰਦਾ ਹੈ, ਉਹ ਪਾਪੀ ਸਾਕਤ ਹੈ।

ਮੁਰਸ਼ਿਦੇ ਕਾਮਿਲ ਇਲਾਜੇ ਦਿਲ ਕੁਨਦ॥
ਕਾਮਿ ਦਿਲ ਅੰਦਰ ਦਿਲਤ ਹਾਸਿਲ ਕੁਨਦ॥੪੪੪॥

ਪੂਰੇ ਸਤਿਗੁਰੂ ਦਸਵੇਂ ਪਾਤਿਸ਼ਾਹ ਮਨ (ਦੇ ਵਿਕਾਰਾਂ) ਦਾ ਇਲਾਜ ਕਰਦੇ ਹਨ। ਜੋ ਤੇਰੇ ਮਨ ਵਿਚ ਮੁਰਾਦ ਹੈ ਉਹ ਸਤਿਗੁਰੂ ਪੂਰੀ ਕਰਨਗੇ।

ਨਬਜ਼ਿ ਦਿਲ ਚੂੰ ਮੁਰਸ਼ਿਦੇ ਕਾਮਿਲ ਸ਼ਨਾਖ਼੍ਤ॥
ਜ਼ਿੰਦਗੀ ਏ ਉਮਰ ਰਾ ਹਾਸਿਲ ਸ਼ਨਾਖ਼੍ਤ॥੪੪੫॥

ਜਦ ਪੂਰੇ ਸਤਿਗੁਰੂ ਦਸਵੇਂ ਪਾਤਿਸ਼ਾਹ ਨੇ ਤੇਰੇ ਮਨ ਦੀ ਨਾੜੀ ਪਰਖੀ ਤਾਂ ਸਾਰੀ ਉਮਰ ਲਈ ਤੈਨੂੰ ਸੋਹਣਾ ਜੀਵਨ ਬਖ਼ਸ਼ ਦਿੱਤਾ।

ਸੂਰਤੇ ਹਕ ਮੁਰਸ਼ਿਦੇ ਕਾਮਲ ਬਵਦ॥
ਨਕਸ਼ ਊ ਦਾਯਮ ਦਰੂਨੇ ਦਿਲ ਬਵਦ॥੪੮੯॥

ਰੱਬ ਦੀ ਸੂਰਤ, ਪੂਰਾ ਸਤਿਗੁਰੂ ਦਸਵੇਂ ਪਾਤਿਸ਼ਾਹ ਹੀ ਹੈ। ਉਸ ਦੀ ਸੂਰਤ ਨੂੰ ਆਪਣੇ ਹਿਰਦੇ ਵਿਚ ਵਸਾ ਲੈ।

ਨਕਸ਼ ਊ ਚੂ ਦਰ ਦਿਲੇ ਕਸ ਜਾਂ ਕੁਨਦ॥
ਹਰਫ਼ਿ ਹਕ ਅੰਦਰ ਦਿਲਸ਼ ਮਾਵਾ ਕੁਨਦ॥੪੯੦॥

ਸਤਿਗੁਰੂ ਬਾਬੇ ਨਾਨਕ ਦੀ ਸੂਰਤ ਦਾ ਜਿਸ ਹਿਰਦੇ ਵਿਚ ਵਾਸਾ ਹੋ ਗਿਆ, ਵਾਹਿਗੁਰੂ ਨਾਮ ਦਾ ਵੀ ਉਸ ਦਿਲ ਵਿਚ ਵਾਸਾ ਹੋ ਗਿਆ।

ਕਬਿੱਤ ਭਾਈ ਗੁਰਦਾਸ॥
ਰੋਮ ਰੋਮ ਕੋਟਿ ਬ੍ਰਹਮਾਂਡ ਕੋ ਨਿਵਾਸ ਜਾਸੁ, ਮਾਨਸ ਅਉਤਾਰ ਧਾਰਿ,
ਦਰਸੁ ਦਿਖਾਏ ਹੈ॥

ਰੋਮ ਰੋਮ ਵਿਚ ਕਰੋੜਾਂ ਬ੍ਰਹਿਮੰਡਾਂ ਵਿਚ ਜਿਸ ਵਾਹਿਗੁਰੂ ਜੋਤ ਦਾ ਪ੍ਰਕਾਸ਼ ਹੈ, ਗੁਰੂ ਨਾਨਕ ਬਣ ਕੇ ਦੁਨਿਆਵੀ ਜੀਵਾਂ ਨੂੰ ਦਰਸ਼ਨ ਦਿੱਤੇ।

ਜਾ ਕੈ ਓਅੰਕਾਰ ਕੇ ਅਕਾਰ ਹੈ ਨਾਨਾ ਪ੍ਰਕਾਰ,
ਸ੍ਰੀ ਮੁਖ ਸਬਦੁ ਗੁਰਸਿਖਨ ਸੁਨਾਏ ਹੈ॥

ਜਿਸ ਪ੍ਰਕਾਸ਼ ਸਰੂਪ ਦੇ ਅਨੇਕਾਂ ਹੀ ਰੂਪ ਘੜੇ ਹੋਏ ਹਨ, ਸਭ ਤੋਂ ਉੱਚੇ ਪਰਮ ਸ਼ਬਦ 'ਵਾਹਿਗੁਰੂ' ਸਿਮਰਨ ਸਿਰਫ਼ ਗੁਰਸਿੱਖਾਂ ਨੂੰ ਹੀ ਸੁਣਾਇਆ ਹੈ।

**ਨਿਗਮ ਸੇਖਾਦਿਕ ਕਥਤ ਨੇਤਿ ਨੇਤਿ ਕਰਿ,**
**ਪੂਰਨ ਬ੍ਰਹਮ ਗੁਰ ਸਿਖਨ ਲਖਾਏ ਹੈ॥੩੫॥**

ਵੇਦ, ਸ਼ੇਸ਼ਨਾਗ ਤੇ ਹੋਰ, ਬੇਅੰਤ ਹੈ, ਬੇਅੰਤ ਹੈ ਕਹਿ ਕੇ ਯਾਦ ਕਰਦੇ ਹਨ। ਪੂਰਨ ਤੌਰ ਤੇ ਰੱਬ ਦੀ ਸਮਝ ਸਿਰਫ਼ ਗੁਰਸਿੱਖਾਂ ਨੂੰ ਦਿੱਤੀ ਹੈ। ਤੇਰੇ ਗੁਰੂ ਦਾ ਕਿਤੇ ਨਾਂ ਹੀ ਨਹੀਂ ਆਇਆ, ਫਿਰ ਇਤਨੇ ਗੁਣ ਸਰੀਰ ਵਿਚ ਹੋ ਹੀ ਨਹੀਂ ਸਕਦੇ, ਫਿਰ ਤੈਨੂੰ ਬਾਬੇ ਨਾਨਕ ਤੇ ਸ਼ਕ ਕਿਉਂ ਹੈ? ਦੱਸ ਤਾਂ ਸਹੀ, ਤੂੰ ਬਾਬੇ ਨੂੰ ਛੱਡ ਕੇ ਦੇਹਧਾਰੀ ਮਗਰ ਚਲਾ ਗਿਆ ਹੈਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਛੱਡ ਦਿੱਤਾ। ਦਸਾਂ ਗੁਰੂਆਂ ਦੀ ਜੋਤ ਨੂੰ ਛੱਡ ਦਿੱਤਾ, ਜਿਸਨੂੰ ਰੱਬ ਵੀ ਮੱਥਾ ਟੇਕਦਾ ਹੈ, ਉਸਨੂੰ ਛੱਡ ਕੇ ਇਕ ਬੰਦੇ ਮਗਰ ਹੋ ਗਿਐਂ ਜੋ ਗੁਰੂ ਨਾਨਕ ਨੇ ਬਣਾਇਆ, ਸਿੱਖੀ ਰੱਬ ਦੀ ਬਣਾਈ ਕੋਈ ਚੀਜ਼ ਨੂੰ ਨਹੀਂ ਪੂਜਦੀ, ਰੱਬ ਨੂੰ ਸਿੱਧਾ ਪੂਜਦੀ ਹੈ। ਤੇਰੀ ਕਿਉਂ ਮਤ ਮਾਰੀ ਗਈ ਹੈ, ਬਾਣੀ ਵਿਚਾਰ ਕੇ ਤਾਂ ਦੇਖ, ਦੁਬਾਰਾ ਵਿਚਾਰਨੀ ਸ਼ੁਰੂ ਕਰ। ਰੱਬ ਤੇਰੇ ਤੇ ਮਿਹਰ ਕਰੇ ਤੈਨੂੰ ਸਮਝ ਆ ਜਾਏ, ਗੁਰੂ ਸਰੀਰ ਨਹੀਂ ਹੁੰਦਾ। ਰੱਬ ਆਪ ਹੀ ਗੁਰੂ ਹੈ ਉਹ ਹੈ ਗੁਰੂ ਨਾਨਕ ਤੇ ਗੁਰੂ ਨਾਨਕ ਹੀ ਰੱਬ ਹੈ। ਬਾਕੀ ਸਾਰੀ ਬਣਾਉਟੀ ਖੇਡ ਹੈ। ਉਧਰ ਵੀ ਨਾਮ ਜਪ ਕੇ ਦੇਖ ਲੈ, ਇਧਰ ਅੰਮ੍ਰਿਤ ਛਕ ਕੇ ਵਾਹਿਗੁਰੂ ਨਾਮ ਜਪ ਕੇ ਦੇਖ ਲੈ। ਫ਼ਰਕ ਤੈਨੂੰ ਸਮਝ ਆਏਗਾ।

**ਸੁਣੀ ਪੁਕਾਰਿ ਦਾਤਾਰ ਪ੍ਰਭੁ, ਗੁਰੁ ਨਾਨਕ ਜਗ ਮਾਹਿ ਪਠਾਇਆ॥**
**ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ॥**

ਗੁਰੂ ਨਾਨਕ ਤਾਂ ਆਦਿ ਹੈ, ਜਦੋਂ ਸਾਰੇ ਪਾਸੇ ਕਲਯੁਗ ਛਾ ਗਿਆ, ਹਾਹਾਕਾਰ ਮਚ ਗਈ ਤਾਂ ਵਾਹਿਗੁਰੂ ਨੇ ਲੋਕਾਂ ਦੀ ਪੁਕਾਰ ਸੁਣੀ ਤੇ ਗੁਰੂ ਨਾਨਕ ਨੂੰ ਸਚਖੰਡਿ ਵਿਚੋਂ ਭੇਜਿਆ। ਚਰਨ ਧੋ ਕੇ ਪੂਰੀ ਮਰਯਾਦਾ ਨਾਲ ਸਿੱਖਾਂ ਨੂੰ ਅੰਮ੍ਰਿਤ ਛਕਾਇਆ ਜਿਵੇਂ ਅੱਜ ਪੰਜ ਪਿਆਰੇ ਅੰਮ੍ਰਿਤ ਛਕਾਉਂਦੇ ਹਨ, ਓਦੋਂ ਚਰਨਾਮ੍ਰਿਤ ਸੀ, ਚਰਨ ਪਾਹੁਲ ਮਰਯਾਦਾ ਉਹੀ ਸੀ ਉਹੀ ਹੈ। ਰਹਿਤ ਉਹੀ ਸੀ, ਉਹੀ ਹੈ, ਕੁਰਹਿਤਾਂ ਉਹੀ ਸਨ, ਅੱਜ ਵੀ ਉਹੀ ਹਨ। ਓਦੋਂ ਵੀ ਬਾਬਾ ਸਿਰ ਤੇ ਹੱਥ ਰੱਖ ਕੇ ਵਾਹਿਗੁਰੂ ਨਾਮ ਦੀ ਦਾਤ ਦੇਂਦਾ ਸੀ। ਅੱਜ ਵੀ ਦਾਤ ਵਾਹਿਗੁਰੂ ਨਾਮ ਦੀ ਹੀ ਦਿੰਦਾ ਹੈ। ਫ਼ਰਕ ਕੋਈ ਨਹੀਂ।

**ਪਾਰਬ੍ਰਹਮੁ ਪੂਰਨ ਬ੍ਰਹਮੁ, ਕਲਿਜੁਗਿ ਅੰਦਰਿ ਇਕੁ ਦਿਖਾਇਆ॥**

ਵਾਹਿਗੁਰੂ ਸਿਰਫ਼ ਇਕ ਹੈ, ਰੱਬ ਸਿਰਫ਼ ਇਕ ਹੈ, ਪੂਰਨ ਸਿਰਫ਼ ਵਾਹਿਗੁਰੂ

ਹੀ ਹੈ। ਕਲਯੁਗ ਵਿਚ ਇਕੋ ਵਾਹਿਗੁਰੂ ਦਿਖਾ ਦਿੱਤਾ। ਲੋਕੀਂ ਬਹੁਤ ਹੋਰ ਹੋਰ ਧਰਮਾਂ ਨੂੰ ਮੰਨ ਰਹੇ ਸਨ, ਕਿਸੇ ਨੂੰ ਪੂਰਨ ਸੋਝੀ ਨਹੀਂ ਸੀ। ੧੦ ਨਾਂ ਤਾਂ ਸੰਨਿਆਸੀਆਂ ਦੇ ਸਨ, ੧੨ ਫ਼ਿਰਕੇ ਜੋਗੀਆਂ ਦੇ ਸਨ। ਟੱਲੀਆਂ ਵਜਾਉਣ ਵਾਲੇ ਜੰਗਮ ਅਤੇ ਸਰੇਵੜੇ ਇਹਨਾਂ ਦੇ ਵਿਚੋਂ ਹੋਰ ਫ਼ਟਕ ਦਗੇ ਦਿਗੰਬਰਿ ਨੰਗੇ ਰਹਿਣ ਵਾਲੇ ਬਣ ਗਏ। ਬ੍ਰਾਹਮਣਾਂ ਦੀ ਵਰਨ ਵੰਡਾਅ। ਛੇ ਦਰਸਨ ਬਣਾ ਦਿੱਤੇ। ੩੬ ਤਰ੍ਹਾਂ ਦੇ ਪਾਖੰਡ ਨਾਲ ਰਲਾ ਦਿੱਤੇ। ਤੰਤ੍ਰ, ਮੰਤਰ, ਜੰਤਰ ਜਾਦੂ ਟੂਣੇ ਹੋਣ ਲੱਗ ਪਏ, ਕਰਾਮਾਤਾਂ ਦਿਖਾਉਣ ਲੱਗ ਪਏ। ਵਾਹਿਗੁਰੂ ਤਾਂ ਇਕ ਹੀ ਸੀ ਪਰ ਬਹੁ ਰੂਪਾਂ ਵਿਚ ਪੇਸ਼ ਕੀਤਾ ਜਾ ਰਿਹਾ ਸੀ। ਕਲਯੁਗ ਵਿਚ ਦੁਨੀਆਂ ਭਟਕਣਾ ਵਿਚ ਕੁਰਾਹੇ ਜਾ ਰਹੀ ਸੀ।

**ਚਾਰੇ ਪੈਰ ਧਰਮ ਦੇ, ਚਾਰਿ ਵਰਨਿ ਇਕੁ ਵਰਨੁ ਕਰਾਇਆ॥**
**ਰਾਣਾ ਰੰਕੁ ਬਰਾਬਰੀ ਪੈਰੀ ਪਵਣਾ ਜਗਿ ਵਰਤਾਇਆ॥**

ਧਰਮ ਦੇ ਚਾਰੇ ਪੈਰ ਦਿਖਾ ਦਿੱਤੇ (ਧਰਮ ਕਿਤੇ ਨਹੀਂ ਗਿਆ, ਤੁਸੀਂ ਕੁਰਹਿਤ ਛੱਡ ਕੇ ਨਾਮ ਜਪੋ, ਫਿਰ ਦੇਖੋ! ਧਰਮ ਤੁਹਾਡੇ ਅੰਦਰ ਹੀ ਹੈ, ਤੇਰਾ ਗੁਰੂ ਕੁਰਹਿਤ ਛੁਡਾਉਣ ਤੋਂ ਬਗ਼ੈਰ ਹੀ ਨਾਮ ਜਪਾਈ ਜਾਂਦਾ ਹੈ, ਗੁਰੂ ਨਾਨਕ ਤੋਂ ਉੱਚਾ ਸਮਝਦਾ ਹੈ ਆਪਣੇ ਆਪ ਨੂੰ, ਦੇਖੀਂ ਧਰਮਰਾਜ ਕੀ ਕਰਦਾ ਹੈ ਤੇਰੇ ਗੁਰੂ ਨਾਲ?) ਬ੍ਰਾਹਮਣਾਂ ਦੇ ਚਾਰੇ ਵਰਨਾਂ ਨੂੰ ਇਕ ਕਰਕੇ ਦਿਖਾ ਦਿੱਤਾ। (ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ) ਸਾਰਿਆਂ ਨੂੰ ਰੱਬ ਨਾਲ ਮਿਲਾ ਦਿੱਤਾ। ਰਾਜਾ ਤੇ ਪਰਜਾ ਨੂੰ ਬਰਾਬਰ ਦਿਖਾ ਦਿੱਤਾ, ਸਾਰੇ ਅੰਮ੍ਰਿਤ ਛਕ ਕੇ ਨਾਮ ਜਪੋ, ਸਾਰੇ ਇਕ ਬਰਾਬਰ ਹਨ। ਨਿਮਰਤਾ ਦੀ, ਮਿਠਾ ਬੋਲਣ ਦੀ, ਗੱਲ ਸਮਝਾ ਦਿੱਤੀ।

**ਕਲਿਜੁਗੁ ਬਾਬੇ ਤਾਰਿਆ ਸਤਿਨਾਮੁ ਪੜ੍ਹਿ ਮੰਤ੍ਰ ਸੁਣਾਇਆ॥**
**ਕਲਿ ਤਾਰਣਿ ਗੁਰੁ ਨਾਨਕੁ ਆਇਆ॥੨੩॥**

ਬਾਬੇ ਨਾਨਕ ਕਲਯੁਗ ਤਾਰ ਦਿੱਤਾ, ਸਚਖੰਡਿ ਜਿਹੜਾ ਸਿਮਰਨ ਹੋ ਰਿਹਾ ਉਹੀ ਸੱਚਾ ਨਾਮ 'ਵਾਹਿਗੁਰੂ' ਮੰਤ੍ਰ ਸੁਣਾ ਦਿੱਤਾ। ਕਲਯੁਗ ਨੂੰ ਤਾਰਨ ਲਈ ਬਾਬਾ ਨਾਨਕ ਆਇਆ, ਵਾਹਿਗੁਰੂ ਨੇ ਭੇਜਿਆ। ਤੇਰੇ ਗੁਰੂ ਦਾ ਕਿਤੇ ਨਾਂ ਹੀ ਨਹੀਂ ਆਇਆ। ਅਸਲ ਪਤਾ ਕੀ ਗੱਲ ਹੈ, ਇਹ ਤਾਂ ਰੱਬ ਦੀ ਖੇਡ ਹੈ, ਜੇ ਧਰਮਰਾਜ ਦੀ ਖੇਡ ਦੇਖੀਏ ਤਾਂ ਉਹ ਕਹੇਗਾ ਕਿ ਸਾਰਿਆਂ ਨੂੰ ਕਲਯੁਗ ਵਿਚ ਡੋਬਣ ਲਈ, ਮੈਂ ਦੇਹਧਾਰੀ ਗੁਰੂ ਭੇਜੇ ਹਨ। ਇਹਨਾਂ ਨੂੰ ਮੇਰੇ ਬਾਰੇ ਪੂਰਾ ਗਿਆਨ ਹੈ, ਦੋ ਪੱਖੀ ਖੇਡ ਹੈ, ਜੇ ਰੱਬ ਨੇ ਗੁਰੂ ਨਾਨਕ ਨੂੰ ਭੇਜਿਆ, ਸਾਰਿਆਂ ਨੂੰ ਤਾਰ ਦੇ। ਇਸ ਤਰ੍ਹਾਂ ਇਹ ਦੇਹਧਾਰੀ ਨਕਲੀ ਗੁਰੂ ਜੋ ਦੁਨੀਆਂ ਨੂੰ ਡੋਬਦੇ ਹਨ। ਧਰਮਰਾਜ ਨੇ ਭੇਜੇ ਹਨ।

**ਗੁਰੂ ਨਾਨਕ ਆਮਦ ਨਰਾਇਨ ਸਰੂਪ ॥**
**ਹੁਮਾਨਾ ਨਿਰੰਜਨ ਨਿਰੰਕਾਰ ਰੂਪ ॥੧॥**

ਨਾਰਾਇਣ-ਵਾਹਿਗੁਰੂ, ਗੁਰੂ ਨਾਨਕ ਦਾ ਰੂਪ ਧਾਰ ਕੇ ਆਇਆ। ਉਸ ਦਾ ਰੂਪ ਨਿਰੰਜਨ ਅਤੇ ਨਿਰੰਕਾਰ ਵਰਗਾ ਸੀ।

**ਹਕੱਸ਼ ਆਫ਼ਰੀਦਹ ਜ਼ਿ ਨੂਰੇ ਕਰਮ ॥**
**ਅਜ਼ੋ ਆਲਮੇ ਰਾ ਫ਼ਯੂਜ਼ੇ ਅਤਮ ॥੨॥**

ਗੁਰੂ ਨਾਨਕ ਦੇ ਅਕਾਲੀ ਨੂਰ ਤੇ ਅਕਾਲ ਪੁਰਖ ਵੀ ਬਲਿਹਾਰ ਹੋ ਗਿਆ। ਸੰਸਾਰ ਨੇ ਉਸ ਦੀ ਬਖ਼ਸ਼ਿਸ਼ ਤੋਂ ਬਹੁਤ ਲਾਭ ਉਠਾਇਆ। ਤੇਰੇ ਗੁਰੂ ਤੋਂ ਧਰਮਰਾਜ ਬਲਿਹਾਰ ਹੋਇਆ ਹੋਣਾ, ਸਾਰੇ ਹੀ ਮੇਰੇ ਕੋਲ ਭੇਜ ਰਿਹਾ ਹੈ, ਆਪ ਵੀ ਆ ਜਾਏਗਾ।

**ਹੱਕਸ਼ ਬਰ ਗੁਜ਼ੀਦਹ ਜ਼ਿ ਹਰਬਰ ਗੁਜ਼ੀਂ ॥**
**ਨਿਸ਼ਾਦਸ਼ ਜ਼ਿ ਹਰ ਬਰਤਰੀਂ ਬਰਤਰੀਂ ॥੩॥**

ਅਕਾਲ ਪੁਰਖ ਨੇ ਸਾਰਿਆਂ ਪੈਗ਼ੰਬਰਾਂ 'ਚੋਂ ਉਸ ਨੂੰ ਛਾਂਟ ਕੇ ਲਿਆ ਹੈ, ਅਤੇ ਉਸ ਨੂੰ ਉੱਚੇ ਤੋਂ ਉੱਚੇ ਸਿੰਘਾਸਣ ਤੇ ਬਿਰਾਜਮਾਨ ਕੀਤਾ ਹੈ। ਧਰਮਰਾਜ ਨੇ ਤੇਰੇ ਦੇਹਧਾਰੀ ਗੁਰੂ ਨੂੰ ਛਾਂਟ ਕੇ ਲਿਆ ਹੋਣਾ, ਸ਼ਾਬਾਸ਼! ਸਾਰੇ ਨਰਕਾਂ ਵਿਚ ਭੇਜੀ ਚਲ ਤੇ ਆਪ ਵੀ ਆ ਜਾਈਂ।

**ਹਕੱਸ਼ ਗੁਫ਼ਤ ਖ਼ੁਦ ਮੁਰਸ਼ਿਦਉਲ ਆਲਮੀਂ ॥**
**ਨਿਜਾਤੁਉਲ ਵਰਾ ਰਹਮਤੁਉਲ ਮੁਜ਼ ਨਬੀਂ ॥੪॥**

ਅਕਾਲ ਪੁਰਖ ਨੇ ਆਪ ਦੱਸਿਆ ਕਿ ਗੁਰੂ ਨਾਨਕ ਸਾਰੇ ਸੰਸਾਰ ਦਾ ਗੁਰੂ ਹੈ, ਸੰਸਾਰ ਨੂੰ ਮੁਕਤ ਦਾਨ ਦਿੱਤਾ ਤੇ ਪਾਪੀਆਂ ਤੇ ਕ੍ਰਿਪਾ ਕੀਤੀ। ਧਰਮਰਾਜ ਨੇ ਦੱਸਿਆ ਹੋਣਾ ਕਿ ਦੇਹਧਾਰੀ ਗੁਰੂ ਸਾਰੇ ਸੰਸਾਰ ਨੂੰ ਨਰਕਾਂ ਵਿਚ ਭੇਜਣ ਵਾਲੇ ਗੁਰੂ ਹਨ। ਆਪ ਵੀ ਆਉਣਗੇ।

**ਹਕ ਆਰਾਸੁ ਖ਼ੁਦ ਤਖ਼ੁ ਗਾਹਸ਼ ਬੁਲੰਦ ॥**
**ਜ਼ਿਹਰ ਫ਼ੱਰਖ਼ੀ ਸਾਖ਼ਤਸ਼ ਅਰਜ਼ਮੰਦ ॥੬॥**

ਗੁਰੂ ਨਾਨਕ ਜੀ ਦੇ ਬੈਠਣ ਲਈ ਅਕਾਲ ਪੁਰਖ ਨੇ ਇਕ ਉੱਚਾ ਅਤੇ ਸੋਹਣਾ ਤਖ਼ਤ ਬਣਾਇਆ ਅਤੇ ਉਸ ਦੀ ਬਖ਼ਸ਼ਿਸ਼ 'ਚੋਂ ਸਾਰੇ ਲੋੜਵੰਦ ਵਰੋਸਾਏ ਗਏ।

**ਹਮਹ ਖ਼ਾਸਗਾਂ ਰਾ ਬਪਾਇਸ਼ ਫ਼ਿਕੰਦ ॥**
**ਮੁਜ਼ੱਫ਼ਰ ਲਵਾ ਆਮਦਹ ਦੇਵ ਬੰਦ ॥੭॥**

ਸਾਡੇ ਵੱਡੇ ਪੁਰਸ਼, ਗੁਰੂ ਨਾਨਕ ਦੇ ਚਰਨੀਂ ਪਾਏ ਅਤੇ ਮੁਲਕ ਜਿੱਤਣ ਵਾਲੇ ਤੇ ਉੱਚੇ ਨਿਸ਼ਾਨਾਂ ਵਾਲੇ ਵੀ ਉਸ ਦੀ ਸ਼ਰਨੀ ਪਏ।

**ਸਰੀਰੇ ਸ਼ਾਹਨਸ਼ਾਹੀਏ ਦਾਇਮਾਂ॥**
**ਕੁਲਾਹੇ ਸਰ ਅਫ਼ਰਾਜ਼ੀਏ ਜਾਵਦਾਂ॥੮॥**

ਸਦਾ-ਥਿਰ ਰਹਿਣ ਵਾਲੇ ਰਾਜ ਦਾ ਤਖ਼ਤ ਅਤੇ ਸਦਾ ਉੱਚਾ ਰਹਿਣ ਵਾਲਾ ਤਾਜ ਗੁਰੂ ਨਾਨਕ ਨੂੰ ਬਖ਼ਸ਼ਿਆ।

**ਹਕੱਸ਼ ਦਾਦ ਅਜ਼ਗਾਇਤੇ ਮਕਰਮਤ॥**
**ਅਜ਼ੋ ਜ਼ੇਬ ਹਰ ਸ਼ਹਰ ਹਰ ਮੁਮਲਕਤ॥੯॥**

ਵਾਹਿਗੁਰੂ ਨੇ ਗੁਰੂ ਨਾਨਕ ਨੂੰ ਬਹੁਤ ਮਾਣ ਅਤੇ ਵਡਿਆਈ ਬਖ਼ਸ਼ੀ। ਉਸ ਦੇ ਕਾਰਨ ਸਾਰੇ ਸ਼ਹਿਰ ਅਤੇ ਮੁਲਕ ਸੋਭਦੇ ਹਨ।

**ਜ਼ਿ ਪੇਸ਼ੀਨੀਆਂ ਪੇਸ਼ਤਰ ਆਮਦਹ॥**
**ਬਕਦਰ ਅਜ਼ ਹਮਹ ਬੇਸ਼ਤਰ ਆਮਦਹ॥੧੦॥**

ਜਿੰਨੇ ਵੀ ਪਹਿਲਾਂ ਪੀਰ ਅਵਤਾਰ ਆਏ, ਗੁਰੂ ਨਾਨਕ ਉਹਨਾਂ ਸਭ ਤੋਂ ਉੱਚਾ ਆਇਆ।

**ਨਾਮਿ ਓ ਸ਼ਾਹਿ ਨਾਨਕਿ ਹੱਕ ਕੇਸ਼॥**
**ਕਿ ਨਿਆਇਦ ਚੂਨੂੰ ਦਿਗਰ ਦਰਵੇਸ਼॥੧੩॥**

ਉਸ ਸ਼ਾਹ ਦਾ ਨਾਂ ਨਾਨਕ ਹੈ, ਉਹ ਸੱਚੇ ਮਜ਼ਹਬ ਵਾਲਾ ਹੈ। ਉਸ ਵਰਗਾ ਕੋਈ ਹੋਰ ਪੀਰ ਨਹੀਂ ਦਿੱਸਦਾ।

**ਫ਼ਕੀਰ ਓ ਫ਼ਕਰ ਰਾ ਸਰਫ਼ਰਾਜ਼ੀ॥**
**ਪੇਸ਼ਿ ਓ ਕਾਰ ਜੁਮਲਾ ਜਾਂ ਬਾਜ਼ੀ॥੧੪॥**

ਉਸ ਦੀ ਫ਼ਕੀਰੀ 'ਫ਼ਕੀਰੀ' ਨੂੰ ਵਡਿਆਈ ਦੇਣ ਵਾਲੀ ਹੈ। ਉਸ ਅੱਗੇ ਜਾਨ ਕੁਰਬਾਨ ਕਰਨੀ ਬਣਦੀ ਹੈ।

**ਤਾਲਬਿ ਖ਼ਾਕਿ ਓ ਚਿਹ ਖ਼ਾਸੋ ਚਿਹ ਆਮ॥**
**ਚਿਹ ਮਲਾਇਕ ਚਿ ਹਾਜ਼ਰਾਨਿ ਤਮਾਮ॥੧੫॥**

ਸਾਰੇ ਆਕਾਸ਼ਾਂ ਦੇ ਦੇਵਤੇ ਤੇ ਸ੍ਰਿਸ਼ਟੀ ਦੇ ਜੀਵ ਉਸ 'ਨਾਨਕ' ਦੀ ਧੂੜੀ ਨੂੰ ਲੋਚਦੇ ਹਨ।

**ਹੱਕ ਚੋਂ ਖ਼ੁਦ ਵਾਸਿਫ਼ਿਸ਼ ਚਿ ਗੋਇਮ ਮਨ ॥**
**ਦਰ ਰਹਿ ਵਸਫ਼ਿ ਓ ਚਿਹ ਪੋਇਮ ਮਨ ॥੧੬॥**

ਜਿਸ ਨਾਨਕ ਦੀ ਸਿਫ਼ਤ ਆਪ ਅਕਾਲ ਪੁਰਖ ਕਰਦਾ ਹੈ, ਉਸ ਦੀ ਸਿਫ਼ਤ ਮੈਂ ਕੀ ਆਖਾਂ ਭਾਵ ਬੰਦਾ ਉਸਦੀ ਸਿਫ਼ਤ ਕਰ ਹੀ ਨਹੀਂ ਸਕਦਾ।

**ਸਦ ਹਜ਼ਾਰਾਂ ਮੁਰੀਦਸ਼ ਅਜ਼ ਮਲਕੂਤ ॥**
**ਸਦ ਹਜ਼ਾਰਾਂ ਮੁਰੀਦਸ਼ ਅਜ਼ ਨਾਸੂਤ ॥੧੭॥**

ਉਸ ਦੇ ਲੱਖਾਂ ਸੇਵਕ ਹਨ ਦੇਵਤਿਆਂ 'ਚੋਂ ਅਤੇ ਲੱਖਾਂ ਸੇਵਕ ਹਨ ਇਸ ਸ੍ਰਿਸ਼ਟੀ ਦੇ ਜੀਵਾਂ 'ਚੋਂ। ਲੱਖਾਂ ਸੇਵਕ ਹਨ।

**ਹਮਾ ਜਬਰੂਤੀਆਂ ਫ਼ਿਦਾਏ ਓ ॥**
**ਹਮਾ ਲਾਹੂਤੀਆਂ ਬਪਾਏ ਓ ॥੧੮॥**

ਸਾਰੇ ਜ਼ਬਰਦਸਤ ਪ੍ਰਕਾਸ਼ ਵਾਲੇ ਉਸ ਤੋਂ ਕੁਰਬਾਨ ਹਨ ਅਤੇ ਰੱਬ ਦੇ ਨਜ਼ਦੀਕੀ ਉਸ ਦੇ ਚਰਨਾਂ ਵਿਚ ਹਨ।

**ਵਾਰ ੨੪ ਪਉੜੀ ੪ ॥**
**ਜਾਹਰ ਪੀਰੁ, ਜਗਤੁ ਗੁਰ ਬਾਬਾ ॥੪॥**

ਸਾਰੀ ਸ੍ਰਿਸ਼ਟੀ ਵਿਚ ਜ਼ਾਹਰ, ਹਾਜ਼ਰ, ਨਾਜ਼ਰ, ਪ੍ਰਤੱਖ ਬਾਬਾ ਸਾਰੇ ਜਗਤ ਦਾ ਗੁਰੂ ਹੈ। ਹੋਰ ਕੋਈ ਹੈ ਤਾਂ ਦਿਖਾ ਦੇ।

**ਵਾਰ ੧ ਪਉੜੀ ੨੭ ॥**
**ਸਤਿਗੁਰ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ ॥**
**ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ ॥**

ਬਾਬਾ ਨਾਨਕ ਸਚਖੰਡਿ ਤੋਂ ਧਰਤੀ ਤੇ ਪ੍ਰਗਟ ਹੋਇਆ, ਧੁੰਦ ਖ਼ਤਮ ਹੋ ਗਈ, ਸਾਰੇ ਜਗ ਵਿਚ ਗਿਆਨ ਦਾ ਪ੍ਰਕਾਸ਼ ਹੋ ਗਿਆ ਜਿਵੇਂ ਸੂਰਜ ਨਿਕਲਦਾ ਹੈ, ਤਾਰੇ ਛਿਪ ਜਾਂਦੇ ਹਨ ਤੇ ਅੰਧੇਰਾ ਖ਼ਤਮ ਹੋ ਜਾਂਦਾ ਹੈ।

**ਸਿੰਘੁ ਬੁਕੇ, ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ ॥**
**ਜਿਥੇ ਬਾਬਾ ਪੈਰੁ ਧਰਿ, ਪੂਜਾ ਆਸਣੁ ਥਾਪਣਿ ਸੋਆ ॥**

ਬਾਬਾ ਨਾਨਕ ਸ਼ੇਰ ਬਬਕਿਆ, ਲਲਕਾਰ ਮਾਰੀ, ਸਾਰੇ ਪਾਖੰਡੀ ਦੇਹਧਾਰੀ ਗੁਰੂ ਮਿਰਗਾਂ ਦੀ ਤਰ੍ਹਾਂ ਨੱਠ ਗਏ ਤੇ ਕਿਸੇ ਨੇ ਹੌਸਲਾ ਹੀ ਨਹੀਂ ਦਿੱਤਾ। ਬਾਬੇ ਨੇ ਜਿਥੇ ਪੈਰ ਪਾਇਆ, ਉੱਥੇ ਹੀ ਪੂਜਾ ਹੋਣ ਲੱਗ ਪਈ।

ਬਾਬੇ ਤਾਰੇ ਚਾਰਿ ਚਕਿ, ਨਉ ਖੰਡਿ ਪ੍ਰਿਥਵੀ ਸਚਾ ਢੋਆ॥
ਗੁਰਮੁਖਿ ਕਲਿ ਵਿਚਿ ਪਰਗਟੁ ਹੋਆ॥੨੭॥

ਬਾਬੇ ਨਾਨਕ ਨੇ ਸਾਰੀ ਸ੍ਰਿਸ਼ਟੀ ਤਾਰ ਦਿੱਤੀ, ਨੌਂ ਖੰਡ ਦੀ ਪ੍ਰਿਥਵੀ ਦਾ ਸੱਚਾ ਮਿਲਾਪ ਕਰਾ ਦਿੱਤਾ। ਕਲਯੁਗ ਵਿਚ ਗੁਰਮੁਖ ਪ੍ਰਗਟ ਹੋਇਆ।

ਵਾਰ ੧ ਪਉੜੀ ੨੯॥
ਬਾਝੁ ਗੁਰੂ ਡੁਬਾ ਜਗੁ ਸਾਰਾ॥੨੯॥

ਸਾਰਾ ਸੰਸਾਰ ਗੁਰੂ ਨਾਨਕ ਦੀ ਸਿੱਖਿਆ ਤੋਂ ਬ਼ਗੈਰ ਡੁੱਬ ਗਿਆ, ਨਰਕਾਂ ਵਿਚ ਗਿਆ, ਮਾਰਿਆ ਗਿਆ।

ਦੋ ਆਲਮ ਚਿ ਬਾਸ਼ਦ ਹਜ਼ਾਰਾਂ ਜਹਾਂ॥
ਤੁਫੈਲਿ ਕਰਮਹਾਏ ਓ ਕਾਮਰਾਂ॥੫੯॥ *(ਭਾਈ ਨੰਦ ਲਾਲ ਸਿੰਘ)*

ਦੋ ਜਹਾਨ ਤਾਂ ਇਕ ਪਾਸੇ ਰਹੇ, ਹਜ਼ਾਰਾਂ ਜਹਾਨ ਉਸ ਦੀਆਂ ਬਖ਼ਸ਼ਿਸ਼ਾਂ ਨੂੰ ਲੋਚਦੇ ਹਨ।

ਜਿ ਵਸਫ਼ਸ਼ ਜ਼ਬਾਨਿ ਦੋ ਆਲਮ ਕਸੀਰ॥
ਬਵਦ ਤੰਗ ਪੇਸ਼ਸ਼ ਫ਼ਜ਼ਾਇ ਜ਼ਮੀਰ॥੬੦॥

ਦੋ ਜਹਾਨਾਂ ਦੇ ਜੀਵ ਉਸ ਦੀ ਉਸਤਤ ਕਰਨ ਤੋਂ ਅਸਮਰਥ ਹਨ। ਉਸ ਦੀ ਉਸਤਤ ਕਰਨ ਲਈ ਮਨੁੱਖੀ ਮਨ ਨਿੱਕਾ ਹੈ।

ਹਮਾਂ ਬਿਹ ਕਿ ਖ਼ਾਹੇਮ ਅਜ਼ ਫ਼ਜ਼ਲਿ ਊ॥
ਜ਼ਿ ਇਲਤਾਫ਼ੋ ਅਕਰਾਮ ਹੱਕ ਅਦਲਿ ਊ॥੬੧॥

ਇਹੋ ਚੰਗਾ ਹੈ ਕਿ ਅਸੀਂ ਉਸ ਦੀ ਬਖ਼ਸ਼ਿਸ਼ ਤੇ ਨਿਆਂਕਾਰੀ ਬਿਰਤੀ ਤੋਂ ਬਖ਼ਸ਼ਸ਼ਾਂ ਮੰਗੀਏ।

ਸਰੇ ਮਾ ਬਪਾਇਸ਼ ਬਵਦ ਬਰਦਵਾਮ॥
ਨਿਸਾਰਿਸ਼ ਦਿਲੋ ਜਾਨਿ ਮਾ ਮੁਸਤਦਾਮ॥੬੨॥

ਸਾਡਾ ਸਿਰ ਸਦਾ ਉਸਦੇ ਚਰਨਾਂ ਵਿਚ ਹੋਵੇ ਅਤੇ ਸਾਡਾ ਦਿਲ ਤੇ ਜਾਨ ਸਦਾ ਹੀ ਉਸ ਤੋਂ ਕੁਰਬਾਨ ਹੋਵੇ।

ਜਹਾਂ ਰੌਸ਼ਨ ਅਜ਼ ਨੂਰਿ ਇਰਸ਼ਾਦਿ ਊ॥
ਜ਼ਮੀਨੋ ਜ਼ਮਾਂ ਗੁਲਸ਼ਨ ਅਜ਼ ਦਾਦਿ ਊ॥੬੬॥

ਉਸ ਦੀ ਮਿੱਠੀ ਬਾਣੀ ਨਾਲ ਸੰਸਾਰ ਨੂੰ ਚਾਨਣਾ ਮਿਲਿਆ ਅਤੇ ਧਰਤੀ

ਤੇ ਆਕਾਸ਼ ਉਸ ਦੀਆਂ ਮਿਹਰਾਂ ਰਹਿਮਤਾਂ ਨਾਲ ਫਲੇ-ਫੁਲੇ ਹਨ।

**ਵਜੂਦਸ਼ ਹਮਹ ਰਹਿਮਤੇ ਈਜ਼ਦੀ॥**
**ਸ਼ੁਆਦਤ .ਫਜ਼ਾਇੰਦਹਿਏ ਸਰਮਦੀ॥੭੬॥**

ਉਹਨਾਂ ਦਾ ਸਾਰਾ ਵਜੂਦ ਹੀ ਰੱਬੀ ਬਖ਼ਸ਼ਿਸ਼ਾਂ ਦਾ ਹੈ ਤੇ ਸਦਾ ਲਈ ਸੁਭਾਇਮਾਨ ਹੈ।

**ਅਜ਼ੋ ਨਜ਼ ਕਾਲੇ ਹਕ ਅੰਦੇਸ਼ਹ ਰਾ॥**
**ਬਦੋ ਨਸਕ ਇਲਮੇਂ ਯਕੀਂ ਪੇਸ਼ਾ ਰਾ॥੭੭॥**

ਵਾਹਿਗੁਰੂ ਨੂੰ ਸਮਝਣ ਲਈ ਉਸ ਤੋਂ ਪਤਾ ਮਿਲਦਾ ਹੈ ਅਤੇ ਸਿਦਕ ਵੀ ਉਸੇ ਤੋਂ ਪ੍ਰਾਪਤ ਹੁੰਦਾ ਹੈ।

**ਜਲਾਏ ਮਕਾਲਿ ਹਕ ਆਮਦ ਅਜ਼ੋ॥**
**ਫਰੋਗਿ ਜਮਾਲਿ ਹਕ ਆਮਦ ਅਜ਼ੋ॥੭੯॥**

ਅਰਸ਼ੀ ਬਾਣੀ ਦਾ ਪ੍ਰਕਾਸ਼ ਹੀ ਉਸੇ ਗੁਰੂ ਤੋਂ ਹੋਇਆ ਹੈ ਅਤੇ ਵਾਹਿਗੁਰੂ ਦੀ ਸੁੰਦਰਤਾ ਦਾ ਪ੍ਰਕਾਸ਼ ਵੀ ਉਸ ਤੋਂ ਹੀ ਹੈ।

**ਵਾਰ ੨੪ ਪਉੜੀ ੨੪॥**
**ਪਾਰਬ੍ਰਹਮੁ ਪੂਰਨ ਬ੍ਰਹਮਿ, ਸਤਿਗੁਰ ਆਪੇ ਆਪੁ ਉਪਾਇਆ॥**
**ਗੁਰੁ ਗੋਬਿੰਦੁ, ਗੋਵਿੰਦੁ ਗੁਰੁ, ਜੋਤਿ ਇਕ ਦੁਇ ਨਾਵ ਧਰਾਇਆ॥**

ਪਾਰਬ੍ਰਹਮ ਪੂਰਨ ਪਰਮਾਤਮਾ ਨੇ ਸਤਿਗੁਰੂ ਆਪੇ ਆਪ ਪੈਦਾ ਕੀਤਾ ਹੈ। ਗੁਰੂ ਹੀ ਵਾਹਿਗੁਰੂ ਹੈ, ਵਾਹਿਗੁਰੂ ਹੀ ਗੁਰੂ ਹੈ। ਜੋਤ ਇਕੋ ਹੀ ਹੈ ਤੇ ਨਾਂ ਦੋ ਹਨ। ਰੱਬ ਤੇ ਗੁਰੂ, ਹੈ ਇਕ ਹੀ ਹਨ। ਤੇਰੇ ਦੇਹਧਾਰੀ ਗੁਰੂ ਦੀ ਤੇ ਧਰਮਰਾਜ ਦੀ ਇਕ ਹੀ ਜੋਤ ਹੈ, ਨਾਂ ਹੀ ਦੋ ਹਨ। ਜਿਵੇਂ ਬਾਬੇ ਨਾਨਕ ਦਾ ਸਿੱਧਾ ਸਚਖੰਡਿ ਨਾਲ ਕੁਨੈਕਸ਼ਨ ਹੈ। ਇਸ ਤਰ੍ਹਾਂ ਠੀਕ ਤੇਰੇ ਦੇਹਧਾਰੀ ਗੁਰੂ ਦਾ ਸਿੱਧਾ ਨਰਕਾਂ ਨਾਲ ਕੁਨੈਕਸ਼ਨ ਹੈ, ਸਾਰੇ ਹੀ ਤੇਰੇ ਗੁਰੂ ਸਮੇਤ ਨਰਕਾਂ ਵਿਚ ਜਾਣਗੇ।

**ਦੁਆਲਮ ਮੁਨੱਵਰ ਸਿ ਅਨਵਾਰਿ ਊ॥**
**ਹਮਾ ਤਿਸ਼ਨਾਇ ਫੈਜ਼ਿ ਦੀਦਾਰ ਊ॥੧੫॥**

*(ਭਾਈ ਨੰਦ ਲਾਲ ਸਿੰਘ)*

ਉਸ ਦੇ ਨੂਰ ਤੋਂ ਦੋ ਜਹਾਨ ਪ੍ਰਕਾਸ਼ਮਾਨ ਹਨ ਅਤੇ ਸਾਰੇ ਹੀ ਉਸ ਦੇ ਦਰਸ਼ਨਾਂ ਦੇ ਪਿਆਸੇ ਹਨ।

**ਹੱਕ ਹੱਕ ਆਗਾਹ ਗੁਰੁ ਗੋਬਿੰਦ ਸਿੰਘ॥**

**ਸ਼ਾਹਿ ਸ਼ਾਹਨਸ਼ਾਹ ਗੁਰੁ ਗੋਬਿੰਦ ਸਿੰਘ॥੧੦੭॥**

ਚੰਗੀ ਤਰ੍ਹਾਂ ਕਰਤਾਰ ਦੇ ਜਾਣੂ ਮਹਾਰਾਜਿਆਂ ਦੇ ਮਹਾਰਾਜ ਗੁਰੂ ਗੋਬਿੰਦ ਸਿੰਘ ਜੀ ਹਨ।

**ਫਾਇਜ਼ੁਲ ਅਨਵਾਰ ਗੁਰੁ ਗੋਬਿੰਦ ਸਿੰਘ॥**

**ਕਾਸ਼ਫ਼ੁਲ ਅਸਰਾਰ ਗੁਰੁ ਗੋਬਿੰਦ ਸਿੰਘ॥੧੦੯॥**

ਬਖ਼ਸ਼ਿਸ਼ਾਂ ਦਾ ਨੂਰ ਦੇਣ ਵਾਲੇ ਅਕਾਲ ਪੁਰਖ ਦਾ ਭੇਤ ਦੱਸਣ ਵਾਲੇ ਗੁਰੂ ਗੋਬਿੰਦ ਸਿੰਘ ਜੀ ਹਨ।

**ਦਾਵਰਿ ਆਫ਼ਾਕ ਗੁਰੁ ਗੋਬਿੰਦ ਸਿੰਘ॥**

**ਹਰਿ ਦੋ ਆਲਮ ਤਾਕ ਗੁਰੁ ਗੋਬਿੰਦ ਸਿੰਘ॥੧੧੭॥**

ਸੰਸਾਰ ਦਾ ਹਾਕਮ ਮਾਲਕ ਦੋਹਾਂ ਜਹਾਨਾਂ ਵਿਚ ਇਕੋ ਹੀ ਰੱਬ ਨੂੰ ਪਿਆਰਾ ਹੈ ਗੁਰੂ ਗੋਬਿੰਦ ਸਿੰਘ।

**ਲਾ ਮਕਾਂ ਪਾਬੋਸਿ ਗੁਰੁ ਗੋਬਿੰਦ ਸਿੰਘ॥**

**ਬਰ ਦੋ ਆਲਮ ਕੋਸਿ ਗੁਰੁ ਗੋਬਿੰਦ ਸਿੰਘ॥੧੨੧॥**

ਬੈਕੁੰਠ ਵੀ ਚਰਨ ਚੁੰਮਦਾ ਹੈ, ਦੋਹਾਂ ਲੋਕਾਂ ਤੇ ਧਰਮ ਦਾ ਨਗਾਰਾ ਗੁਰੂ ਗੋਬਿੰਦ ਸਿੰਘ ਜੀ ਹਨ।

**ਫੈਜ਼ਿ ਸੁਬਹਾਂ ਜ਼ਾਤਿ ਗੁਰੁ ਗੋਬਿੰਦ ਸਿੰਘ॥**

**ਨੂਰਿ ਹੱਕ ਲਮਆਤਿ ਗੁਰੁ ਗੋਬਿੰਦ ਸਿੰਘ॥੧੩੦॥**

ਬਖ਼ਸ਼ਿਸ਼ਾਂ ਅਤੇ ਸੋਹਣੀ ਸੂਰਤ ਵਾਲਾ ਅਕਾਲ ਪੁਰਖ ਦੀ ਜੋਤ ਦਾ ਚਮਕਾਰਾ ਹੈ—ਗੁਰੂ ਗੋਬਿੰਦ ਸਿੰਘ।

**ਸਰਵਰਾਂ ਰਾ ਤਾਜ ਗੁਰੁ ਗੋਬਿੰਦ ਸਿੰਘ॥**

**ਬਰਤਰੀਂ ਮਿਅਰਾਜ ਗੁਰੁ ਗੋਬਿੰਦ ਸਿੰਘ॥੧੩੭॥**

ਸਰਦਾਰਾਂ ਦਾ ਤਾਜ, ਸਭ ਤੋਂ ਉੱਚਾ ਹੈ—ਗੁਰੂ ਗੋਬਿੰਦ ਸਿੰਘ।

**ਅਸ਼ਰ ਕੁਦਸੀ ਰਾਮਿ ਗੁਰੁ ਗੋਬਿੰਦ ਸਿੰਘ॥**

**ਵਾਸਫ਼ਿ ਅਕਰਾਮਿ ਗੁਰੁ ਗੋਬਿੰਦ ਸਿੰਘ॥੧੩੯॥**

ਵੱਡੇ ਤੋਂ ਵੱਡੇ ਦੇਵਤੇ ਵੀ ਸੇਵਕ ਹਨ, ਤੇ ਸਤਿਗੁਰਾਂ ਜੀ ਦੇ ਗੁਣਾਂ ਦੀ ਉਸਤਤੀ ਕਰਦੇ ਹਨ।

**ਉੱਮਿ ਕੁਦਸ ਬੱਕਾਰਿ ਗੁਰੁ ਗੋਬਿੰਦ ਸਿੰਘ॥**
**.ਗਾਸ਼ੀਆ ਬਰਦਾਰਿ ਗੁਰੁ ਗੋਬਿੰਦ ਸਿੰਘ॥੧੩੯॥**

ਸਰੇਸ਼ਟ ਦੇਵੀਆਂ ਵੀ ਗੁਰੂ ਜੀ ਦੀ ਆਗਿਆ ਵਿਚ ਹਨ ਅਤੇ ਉਹਨਾਂ ਦੇ ਹੁਕਮ ਹੇਠਾਂ ਚਲਦੀਆਂ ਹਨ।

**ਤ.ਖ਼ਤਿ ਬਾਲਾ ਜ਼ੇਰਿ ਗੁਰੁ ਗੋਬਿੰਦ ਸਿੰਘ॥**
**ਲਾ ਮਕਾਨੇ ਸੈਰ ਗੁਰੁ ਗੋਬਿੰਦ ਸਿੰਘ॥੧੪੨॥**

ਉੱਚਾ ਤਖ਼ਤ ਸਤਿਗੁਰ ਜੀ ਦੇ ਹੇਠਾਂ ਹੈ ਅਤੇ ਵਾਹਿਗੁਰੂ ਦੀ ਦਰਗਾਹ ਸਚਖੰਡਿ ਵਿਚ ਪਹੁੰਚ ਰੱਖਣ ਵਾਲੇ ਹਨ।

**ਬਿਸਤੋ ਹ.ਫ਼ਤ ਗਦਾਇ ਗੁਰੁ ਗੋਬਿੰਦ ਸਿੰਘ॥**
**ਹ.ਫ਼ਤ ਹਮ ਸ਼ੈਦਾਇ ਗੁਰੁ ਗੋਬਿੰਦ ਸਿੰਘ॥੧੫੩॥**

ਸੱਤੇ ਜਹਾਨ ਸਤਿਗੁਰੂ ਜੀ ਦੇ ਮੰਗਤੇ ਹਨ, ਸੱਤੇ ਜਹਾਨ ਸਤਿਗੁਰੂ ਜੀ ਤੋਂ ਬਲਿਹਾਰ ਹਨ।

**ਬਰ ਦੋ ਆਲਮ ਦਸੁ ਗੁਰੁ ਗੋਬਿੰਦ ਸਿੰਘ॥**
**ਜੁਮਲਾ ਉਲਵੀ ਪਸਤ ਗੁਰੁ ਗੋਬਿੰਦ ਸਿੰਘ॥੧੫੫॥**

ਲੋਕ ਤੇ ਪਰਲੋਕ ਉੱਤੇ ਸਤਿਗੁਰੂ ਜੀ ਦਾ ਹੀ ਹੱਥ ਹੈ। ਸਭ ਛੋਟੇ ਵੱਡੇ ਸਤਿਗੁਰੂ ਜੀ ਦੇ ਹਨ।

ਦੇਹਧਾਰੀ ਗੁਰੂ ਨੂੰ ਮੰਨਣਾ ਗੁਰੂ ਪਾਤਿਸ਼ਾਹ ਦੀ ਨਿਰਾਦਰੀ ਹੈ, ਗੁਰੂ ਪੱਖ ਨੂੰ ਸਮਝ, ਬਾਣੀ ਵਿਚਾਰ, ਅੰਮ੍ਰਿਤ ਛਕ ਲੈ, ਕੁਰਹਿਤ ਨਾ ਕਰੀਂ, ਰਹਿਤ ਵਿਚ ਪ੍ਰਪੱਕ ਰਹੀਂ, ਵਾਹਿਗੁਰੂ ਸਿਮਰਨ ਕਰਦਾ ਰਹੀਂ, ਇਕ ਦਿਨ ਪਹੁੰਚ ਜਾਏਂਗਾ।

# ਗੁਰ-ਇਤਿਹਾਸ

ਸਾਡੇ ਗੁਰ-ਇਤਿਹਾਸ ਵਿਚ ਬਹੁਤ ਊਲ-ਜਲੂਲ ਲਿਖਿਆ ਪਿਆ ਹੈ। ਕਾਰਣ ਇਹ ਕਿ ਅਸੀਂ ਠੀਕ ਤਰੀਕੇ ਨਾਲ ਗੁਰੂ ਨਾਨਕ ਬਾਬੇ ਨੂੰ ਸਮਝ ਹੀ ਨਹੀਂ ਸਕੇ। ਅਸੀਂ ਸਿੱਖਾਂ ਦਾ ਗੁਰੂ ਕਹਿ ਕੇ ਹੀ ਡੱਬੀ ਵਿਚ ਬੰਦ ਕਰ ਦਿੱਤਾ। ਕਿਸੇ ਨੇ ਉਸ ਨੂੰ ਇਨਸਾਨੀਅਤ ਦਾ ਗੁਰੂ, ਦੈਵੀ ਗੁਣਾਂ ਦਾ ਗੁਰੂ, ਰੱਬ ਦਾ ਰਹਿਬਰ (ਇਕੋ ਇਕ ਰਹਿਬਰ) ਇਕੋ ਇਕ ਗੁਰੂ ਕਹਿ ਕੇ ਨਹੀਂ ਪਰਚਾਰਿਆ। ਸਿੱਖਾਂ ਦਾ ਗੁਰੂ, ਦਾਹੜੀ ਕਟਿਆਂ ਦਾ ਗੁਰੂ, ਸ਼ਰਾਬੀਆਂ ਦਾ ਗੁਰੂ, ਸਿਆਸੀਆਂ ਦਾ ਗੁਰੂ, ਚੋਰਾਂ ਠੱਗਾਂ ਯਾਰਾਂ ਦਾ ਗੁਰੂ, ਨਸ਼ਈਆਂ ਦਾ ਗੁਰੂ, Smugglers, ਸਮਗਲਰਾਂ ਦਾ ਗੁਰੂ, ਬੇਅੰਮ੍ਰਿਤੀਆਂ ਦਾ ਗੁਰੂ, ਰੁੰਡਤ-ਮੁੰਡਤ ਦਾ ਗੁਰੂ ਕਹਿ ਕੇ ਹੀ ਪਰਚਾਰਿਆ ਹੈ। ਜਦੋਂ ਛੁੱਟੀ ਹੁੰਦੀ ਹੈ, ਸਿੱਖਾਂ ਦੇ ਪਹਿਲੇ ਗੁਰੂ, ਗੁਰੂ ਨਾਨਕ ਦਾ ਜਨਮ ਦਿਹਾੜਾ। ਪਹਿਲੀ ਗੱਲ ਇਹ ਸਮਝੋ। ਉਹ ਸਿੱਖਾਂ ਦਾ ਕਦੋਂ ਗੁਰੂ ਸੀ ? ਸਿਖ ਦਾ ਮਤਲਬ ਹੈ, ਸ਼ਿਸ਼, ਸਿਖਿਆਰਥੀ, Student, ਸਿੱਖਿਆ ਲੈਣ ਵਾਲਾ। ਪਹਿਲਾ—ਸਿਖ ਕੌਮ ਨਾਲ ਉਸਦਾ ਕੀ ਸੰਬੰਧ ਸੀ ? ਹਿੰਦੂਆਂ ਨੂੰ ਧਿਰਕਾਰਿਆ ਹੈ, ਮੁਸਲਮਾਨਾਂ ਨੂੰ ਗਲ ਨਾਲ ਨਹੀਂ ਲਾਇਆ। ਉਸਨੇ ਕਿਸਨੂੰ ਆਪਣਾ ਕਿਹਾ ਹੈ—ਜਿਸ ਨੇ ਉਸ ਦੇ ਅਸੂਲ ਮੰਨੇ। ਉਹ ਗੁਰੂ ਨਾਨਕ ਅਸੂਲਾਂ ਦਾ ਗੁਰੂ ਸੀ। ਗੁਰੂ ਨਾਨਕ ਸਿਧਾਂਤਾਂ ਦਾ ਗੁਰੂ ਸੀ। ਗੁਰੂ ਨਾਨਕ ਰੱਬੀ ਗੁਣਾਂ ਦਾ ਗੁਰੂ ਸੀ। ਗੁਰੂ ਨਾਨਕ ਰੱਬ ਸੀ, ਰੱਬ ਦੀ ਗੱਲ ਕਰਨ ਆਇਆ ਸੀ। ਰੱਬ ਨੂੰ ਮਿਲਣ ਲਈ ਆਪਣੇ ਸਿਧਾਂਤ ਦੱਸ ਗਿਆ ਜੋ ਨਿਰੋਲ ਇਕੋ ਰੱਬ ਦੇ ਸਨ—"ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ"।

ਦੂਸਰਾ—ਗੁਰੂ ਨਾਨਕ ੨੩੯ ਸਾਲ ਧਰਤੀ ਉੱਤੇ ਰਹਿ ਕੇ ਜੀਵਨ-ਜਾਚ ਦੱਸ ਗਿਆ ਜੋ ਇਕ ਬੰਦੇ ਨੂੰ ਚਾਹੀਦੀ ਹੈ। ਛੋਟੇ ਜਿਹੇ, ਥੋਹੜੇ ਜਿਹੇ ਵਿਸਥਾਰ ਨਾਲ ਰੱਬ ਦੀ ਜੀਵਨ-ਖੇਡ। ਬਾਜ਼ੀਗਰੀ, ਨਟ ਦਾ ਤਮਾਸ਼ਾ, ਲੁਕਣ-ਮੀਟੀ ਦੀ ਖੇਡ, ਸਰੀਰ ਤੇ ਆਤਮਾ, ਇਹ ਰੱਬ ਤੇ ਧਰਮਰਾਜ, ਦਿੱਸਦਾ ਜਗਤ ਤੇ ਅਨਡਿੱਠੀ ਸੂਖਸ਼ਮ ਦੁਨੀਆਂ। ਮੋਟੇ ਅਸੂਲ ਇਹ ਹਨ:

੧. ਸਰੀਰ ਬਹੁਤ ਗੰਦਾ ਹੈ, ਬਹੁਤ ਬਹੁਤ ਗੰਦਾ ਹੈ, ਜੋ ਗੰਦ ਇਸ ਦੇ ਵਿਚ ਹੈ, ਉਹੀ ਇਸ ਦੀਆਂ ਆਦਤਾਂ ਹਨ, ਆਦਤਾਂ ਸਾਰੀਆਂ ਰੱਬ ਤੋਂ ਉਲਟ ਹਨ।

(੨) ਔਰਤ ਦਾ ਬਹੁਤ ਭੁੱਖਾ ਹੈ, ਕਾਮੀ ਹੈ, ਕ੍ਰੋਧੀ ਹੈ, ਲਾਲਚੀ ਹੈ, ਮੋਹ ਬਹੁਤ ਹੈ ਤੇ ਹੰਕਾਰ ਨਾਲ ਨਕਾ-ਨਕ ਭਰਿਆ ਪਿਆ ਹੈ। ਈਰਖਾ ਦੀ ਅੱਗ ਹੈ, ਮੇਰ ਤੇਰ ਬਹੁਤ ਹੈ, ਨਿੰਦਾ ਚੁਗ਼ਲੀ ਦੀ ਆਦਤ ਹੈ, ਸ਼ਰੀਕਾ ਬਹੁਤ ਹੈ, ਦੁੱਖ ਸੁੱਖ ਦਾ ਘਰ ਹੈ, ਬਿਮਾਰੀ ਦਾ ਘਰ ਹੈ, ਸਾੜੇ ਦੀ ਅੱਗ ਨਾਲ ਸੜ ਰਿਹਾ ਹੈ। ਅੰਦਰ ਇਸ ਦੇ ਅੱਗ ਲੱਗੀ ਹੋਈ ਹੈ।

(੩) ਨਸ਼ਈ ਬਹੁਤ ਹੈ। ਹਰ ਕੰਮ ਵਿਚ ਨਸ਼ਾ ਲੱਭਦਾ ਹੈ, ਮਸਤ ਰਹਿਣਾ ਚਾਹੁੰਦਾ ਹੈ, ਔਰਤ ਦੇ ਪਿਆਰ ਭੋਗਣ ਦਾ ਨਸ਼ਾ, ਸ਼ਰਾਬ ਦਾ ਨਸ਼ਾ, ਤਮਾਕੂ ਦਾ ਨਸ਼ਾ, Heroin, ਸਮੈਕ (Smack), ਪਾਨ, ਸੁਪਾਰੀ ਆਦਿ ਨਸ਼ਾ ਕਰਨ ਦਾ ਬਹੁਤ ਸ਼ੌਕੀਨ ਹੈ। ਹਉਮੈ ਦਾ ਨਸ਼ਾ ਹੈ।

(੪) ਸੋਹਣਾ ਰਹਿਣ ਦਾ ਬਹੁਤ ਸ਼ੌਕੀਨ ਹੈ। ਮੈਂ ਸੋਹਣਾ ਲੱਗਾਂ, ਸੋਹਣਾ ਰਹਾਂ, ਜੁਆਨ ਜੁਆਨ ਲੱਗਾਂ, ਬੁੱਢਾ ਹੋਵਾਂ ਹੀ ਨਾਹ। ਦਾਹੜੀ ਰੰਗ ਲਵਾਂ, ਥੋਹੜੀ ਥੋਹੜੀ ਕਟਾ ਦਿਆਂ, ਸਾਰੀ ਕਟਾ ਦਿਆਂ, Shave ਹੀ ਕਰਾ ਦਿਆਂ। ਮੂੰਹ ਸੋਹਣਾ ਲੱਗੇਗਾ, ਕੇਸ ਕਟਾ ਦਿਆਂ, ਛੋਟੇ ਛੋਟੇ ਕਰਾ ਦਿਆਂ, ਸੋਹਣੇ ਕਪੜੇ ਪਾਵਾਂ, ਸਾਰੇ ਮੈਨੂੰ ਕਹਿਣ—ਬੜਾ ਸੋਹਣਾ ਲਗਦਾ ਹੈ, ਕੁੜੀਆਂ ਮੇਰੇ ਉੱਤੇ ਮਰਨ ਤੇ ਮੈਂ ਐਸ਼ ਕਰਾਂ। ਮੈਨੂੰ ਕੋਈ ਪੁੱਛਣ ਵਾਲਾ ਨਾ ਹੋਵੇ। ਰਾਜ ਹੀ ਮੇਰਾ ਹੋਵੇ, ਮੈਨੂੰ ਪੂਰੀ ਖੁਲ੍ਹ ਹੋਵੇ, ਅਜ਼ਾਦ ਪੰਛੀ ਹੋਵਾਂ, ਉਡਦਾ ਫਿਰਾਂ। ਇਹ ਵੱਡੀਆਂ ਆਦਤਾਂ ਹਨ ਸਰੀਰ ਦੀਆਂ ਜੋ ਕਿ ਰੱਬ ਦੇ ਅਸੂਲਾਂ ਤੋਂ ਉਲਟ ਹਨ।

ਆਤਮਾ/ਜੀਵ ਇਹ ਰੱਬ ਹੈ। ਨਿਰੋਲ ਵਾਹਿਗੁਰੂ ਹੈ। ਨਿਰੋਲ ਗੁਰੂ ਨਾਨਕ ਹੈ। ਦੈਵੀ ਗੁਣਾਂ ਨਾਲ ਭਰਪੂਰ, ਨਿਮਰਤਾ ਨਾਲ ਭਰਪੂਰ, ਸੇਵਾਦਾਰ, ਸਹਿਜ, ਸੰਤੋਖ, ਪਿਆਰ, ਹਲੀਮੀ, ਤ੍ਰਿਪਤਿ, ਅੰਦਰੋਂ ਰਜਿਆ ਹੋਇਆ ਹੈ। ਵਧੀਕੀ ਨੂੰ ਜਰਨ ਵਾਲਾ, ਸ਼ੀਲ ਸੁਭਾਉ, ਔਗੁਣਾਂ ਤੋਂ ੧੦੦% ਉਲਟ ਦੈਵੀ ਗੁਣਾਂ ਵਾਲਾ ਜੀਵ, Pure ਖ਼ਾਲਸ ਗੁਰੂ ਨਾਨਕ ਹੀ ਹੈ।

ਰੱਬ ਗੁਰੂ ਨਾਨਕ ਨੇ ਕਿਹਾ, "ਇਹ ਖੇਡ ਬਣਾਈ ਹੈ, ਸਾਰੀ ਛੇ ਅਰਬ ਦੁਨੀਆਂ ਵਾਸਤੇ।" ਕੱਚੀ ਤੇ ਪੱਕੀ। ਜੋ ਧਰਤੀ ਤੇ ਜੰਮੇਗਾ, ਉਹ ਮਰੇਗਾ, ਇਹ ਖੇਡ ਕੱਚੀ ਹੈ। ਜੀਵ, ਜੋ ਜੰਮਣ ਤੋਂ ਪਹਿਲਾਂ ਸੀ, ਹੁਣ ਵੀ ਹੈ, ਰਹੇਗਾ ਵੀ, ਜੋ ਸਦੀਵੀ ਹੈ ਉਹ ਖੇਡ ਪੱਕੀ ਹੈ। ਮਰਨ ਤੋਂ ਬਾਦ ਵੀ ਅਣਡਿੱਠੀ ਦੁਨੀਆਂ ਹੈ, ਸਚਖੰਡਿ ਤੇ ਧਰਮਰਾਜ। ਕੱਚੀ ਖੇਡ ਵਾਲਾ ਜੋ ਦਿੱਸਦੀ ਦੁਨੀਆਂ ਨੂੰ ਪਿਆਰ ਕਰੇਗਾ, ਮਰਨ ਤੇ ਧਰਮਰਾਜ ਕੋਲ ਜਾਏਗਾ। ਧਰਮਰਾਜ ਉਸ ਨੂੰ ਕਰੋੜਾਂ ਸਾਲ ਦੀ ਸਜ਼ਾ ਦੇ ਕੇ ਸਮਝਾ ਦਏਗਾ ਕਿ, "ਤੂੰ ਸਦੀਵੀ ਸੀ।" ਕੱਚੀ ਖੇਡ ਕੀ ਖੇਡ ਕੇ ਆਇਆ ਹੈਂ? ਤੂੰ ਗੁਰੂ ਨਾਨਕ ਸੀ ਤੇ ਖੇਡ ਕੀ ਖੇਡ ਆਇਆ ਹੈਂ? ਦੁਨੀਆਂ ਨਾਲ ਮੋਹ, ਕਾਮੀ, ਲਾਲਚੀ, ਆ ਜਾ।

ਜਿਹੜਾ ਆਤਮਾ ਦੀ ਖੇਡ ਖੇਡ ਗਿਆ, ਗੁਰੂ ਨਾਨਕ ਦੀ ਖੇਡ ਖੇਡ

ਗਿਆ, ਰੱਬ ਵਰਗੀ ਖੇਡ ਖੇਡ ਗਿਆ। ਉਹ ਸਚਖੰਡਿ-ਵਾਹਿਗੁਰੂ ਕੋਲ ਵਾਪਿਸ—ਉੱਥੋਂ ਹੀ ਆਇਆ ਸੀ। ਇਹ ਹੈ ਰੱਬ ਦੀ ਖੇਡ। ਅੰਮ੍ਰਿਤ ਛਕ ਕੇ ਨਾਮ ਜਪਣਾ, ਸੁਰਤੀ ਲਾਉਣੀ, ਸਰਬੱਤ ਦਾ ਭਲਾ, ਮਨੁੱਖਤਾ ਦੀ ਸੇਵਾ, ਜੀਵ ਦੀ ਸੇਵਾ, ਸਰੀਰ ਦੀ ਨਹੀਂ, ਇਨਸਾਨੀਅਤ ਦੀ, To save the Humanties is the basic principle of Guru Nanak.

**ਮੁੱਢਲੇ ਅਸੂਲ :**

ਸਰੀਰ ਨੂੰ ਸਾਬਤ ਸੂਰਤਿ ਰੱਖੀਂ।

ਨਸ਼ਾ ਨਾ ਕਰੀਂ।

ਪਰਾਈ ਔਰਤ ਤੋਂ ਬਚ ਕੇ ਰਹੀਂ। ਕੁਠਾ ਨਾ ਖਾਈਂ।

ਅੰਮ੍ਰਿਤ ਛਕ ਲਈਂ, ਜੀਵ ਜਾਗ ਜਾਏਗਾ।

ਨਾਮ ਜਪੀਂ, ਸਰੀਰ ਤੇ ਕੰਟਰੋਲ ਰਹੇਗਾ।

ਸਰੀਰ ਦਾ ਖ਼ਿਆਲ ਨਾ ਰੱਖੀਂ, ਸਰੀਰ ਦੇ ਹੁਕਮ ਵਿਚ ਨਾ ਰਹੀਂ।

ਗੁਰਬਾਣੀ ਵਿਚਾਰੀਂ, ਰੱਬ ਦੇ ਹੁਕਮ ਵਿਚ ਆ ਜਾਈਂ।

ਦਿੱਸਦੇ ਜਗਤ ਨਾਲ ਪਿਆਰ ਨਾ ਕਰੀਂ, ਤੂੰ ਅਦ੍ਰਿਸ਼ਟ ਹੈਂ, ਸੂਖਸ਼ਮ ਹੈਂ, ਵਾਪਿਸ ਸਚਖੰਡਿ ਜਾਣਾ ਹੈ, ਖ਼ਿਆਲ ਰੱਖੀਂ ਤਾਂ ਮੁਕਤੀ ਮਿਲਣੀ ਹੈ।

ਸਰੀਰ ਤੋਂ ਬਾਹਿਰ ਨਾ ਜਾਈਂ, ਪਹਾੜਾਂ ਤੇ ਗੁਫ਼ਾਂ ਵਿਚ, ਜੰਗਲਾਂ ਵਿਚ ਪੱਤੇ ਨਾ ਖਾਈਂ।

ਗ੍ਰਿਹਸਤੀ ਜੀਵਨ ਛਡਿਆਂ ਰੱਬ ਨਹੀਂ ਮਿਲਦਾ। ਕੁਆਰੇ ਨੂੰ ਰੱਬ ਨਹੀਂ ਮਿਲਦਾ।

ਮਾਇਆ ਤਿਆਗਿਆਂ ਰੱਬ ਨਹੀਂ ਮਿਲਦਾ, ਮਾਇਆ ਸਰੀਰ ਹੀ ਹੈ।

ਵੱਡੀਆਂ ਲਿਟਾਂ ਰੱਖਿਆਂ ਰੱਬ ਨਹੀਂ ਮਿਲਦਾ, ਘੋਨ ਮੋਨ ਕੀਤਿਆਂ ਵੀ ਨਹੀਂ ਮਿਲਦਾ। ਸਰੀਰ ਨੂੰ ਚਿੱਟਾ ਚੋਲਾ ਪਹਿਨਾਇਆਂ ਵੀ ਰੱਬ ਨਹੀਂ ਮਿਲਦਾ। ਤੂੰ ਹੀ ਰੱਬ ਹੈਂ, ਆਪਣੇ ਆਪ ਨੂੰ ਪਛਾਣ। ਸਿਮਰਨ ਨਾਲ ਪਛਾਣ ਸਕਦਾ ਹੈਂ। ਆਤਮਾ ਸਿਮਰਨ ਦੀ ਪਿਆਸੀ ਹੈ। ਸਿਮਰਨ ਕਰਕੇ ਦੇਖ। ਸਚਖੰਡਿ ਵੀ ਵਾਹਿਗੁਰੂ ਸਿਮਰਨ ਹੋ ਰਿਹਾ ਹੈ, ਤੂੰ ਵੀ ਵਾਹਿਗੁਰੂ ਬੋਲ।

ਸੁਨਹਿਰੀ ਅਸੂਲ ਹਨ, ਰੱਬ ਦੇ। ਆਪਾਂ ਰੱਬ ਨੂੰ ਬੰਦਾ ਹੀ ਸਮਝ ਲਿਆ। ਪੰਜ ਭੂਤਕ ਹੀ ਸਮਝ ਲਿਆ।

ਗੁਰੂ ਪੰਜ ਭੂਤਕ ਨਹੀਂ ਹੁੰਦਾ, ਸਰੀਰ ਨਹੀਂ ਹੁੰਦਾ, ਸੂਖਸ਼ਮ ਸਰੀਰ ਹੁੰਦਾ ਹੈ।

ਗੁਰੂ ਸਚਖੰਡਿ ਦਾ ਮਾਲਕ ਹੋਣਾ ਚਾਹੀਦਾ ਹੈ।

ਗੁਰੂ ਜੰਮਦਾ ਮਰਦਾ ਨਹੀਂ।

ਜੇ ਰੱਬ ਇਕ ਤਾਂ ਗੁਰੂ ਵੀ ਇਕ, ਅਸੂਲ ਵੀ ਇਕ।

ਸਚਖੰਡਿ ਵੀ ਇਕ, ਰੱਬ ਵੀ ਇਕ, ਗੁਰੂ ਵੀ ਇਕ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਸਚਖੰਡਿ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ। ਬਾਬਾ ਨਾਨਕ ਚੌਰ ਕਰ ਰਿਹਾ ਹੈ। ਵਾਹਿਗੁਰੂ ਸਿਮਰਨ ਹੋ ਰਿਹਾ ਹੈ, ਰੱਬ (ਨੂਰ) ਦਾ ਪ੍ਰਕਾਸ਼ ਹੈ, ਨੂਰੋ ਨੂਰ ਹੈ ਸਚਖੰਡਿ।

ਬਾਬੇ ਨੇ ਨਿਰੋਲ ਰੱਬ ਦੀ ਗੱਲ ਕੀਤੀ ਕਿਉਂਕਿ ਆਪ ਰੱਬ ਸੀ। ਅਸੀਂ ਕੀ ਕੀਤਾ ? ਛੇਵੇਂ ਪਾਤਿਸ਼ਾਹ ਰਾਤੀਂ ਇਕ ਕੁੜੀ ਚੁੱਕ ਲਿਆਏ ਸਨ। ਇਹ ਕੰਮ ਸਰੀਰ ਦਾ ਹੈ। ਗੁਰੂ ਸਰੀਰ ਨਹੀਂ ਹੁੰਦਾ ਤਾਂ ਕਾਮੀ ਕਿਵੇਂ ਹੋ ਗਿਆ। ਸਾਰੀ ਸ੍ਰਿਸ਼ਟੀ ਦਾ ਕਰਤਾ ਹੈ। ਆਪਣੀ ਹੀ ਕੁੜੀ ਤੇ ਮੋਹਤ ਹੋ ਗਿਆ, ਕੀ ਉਹ ਬ੍ਰਹਮਾ ਸੀ ?

ਦਸਵੇਂ ਪਾਤਿਸ਼ਾਹ ਨੂੰ ਇਕ ਔਰਤ ਉਧਾਲ ਕੇ ਲੈ ਗਈ ਮੇਰੇ ਨਾਲ ਭੋਗ ਕਰੋ। ਦਸਵੇਂ ਪਾਤਿਸ਼ਾਹ ਚਲੇ ਗਏ ਫਿਰ ਭੋਗ ਵੀ ਕਰ ਲੈਣਾ ਸੀ। ਗੁਰੂ ਸਾਹਿਬ ਦੇ ਦਰਸ਼ਨ ਕਰਕੇ ਸਰੀਰ ਕਾਮੀ ਦਾ ਖ਼ਿਆਲ ਹੀ ਭੁੱਲ ਜਾਂਦਾ ਹੈ, ਤੁਹਾਨੂੰ ਪਤਾ ਹੀ ਨਹੀਂ ਅੰਦਰੋਂ ਜੀਵ ਗੁਰੂ ਨਾਨਕ ਵਰਗਾ ਬਣ ਜਾਂਦਾ ਹੈ। ਅਸੀਂ ਬੇਅਕਲ ਹਾਂ ਗੁਰੂ ਨੂੰ ਬੇਅਕਲ ਲਿਖਣਾ ਚਾਹੁੰਦੇ ਹਾਂ। ਸਾਡੀ ਮਤ ਹੈ ਨਹੀਂ, ਗੁਰੂ ਨੂੰ ਵੀ ਉਹੋ ਜਿਹਾ ਹੀ ਸਮਝਦੇ ਹਾਂ।

ਰੱਬ ਨੂੰ ਸਿੰਘ ਬੇਦਾਵਾ ਲਿਖ ਕੇ ਦੇ ਗਏ—ਲੰਘੇ ਕਿਥੋਂ ਦੀ ? ੫ ਤੋਂ ੧੦ ਲੱਖ ਫ਼ੌਜ ਨੇ ਤਾਂ ਕਿਲ੍ਹਾ ਘੇਰਿਆ ਹੋਇਆ ਸੀ, ਉਹਨਾਂ ਭੁੰਨ ਕੇ ਖਾ ਜਾਣੇ ਸੀ। ਕਿਵੇਂ ਲੰਘੇ ? ਫਿਰ ਸੋਚੋ ਜਿਹੜਾ ਜਰਨੈਲ ਆਪਣੀ ਫ਼ੌਜ ਦੀ ਕਮਾਂਡ ਨਹੀਂ ਕਰ ਸਕਦਾ ਉਸ ਦਾ ਕੋਰਟ ਮਾਰਸ਼ਲ ਕੀਤਾ ਜਾਂਦਾ ਹੈ। ਮੂਰਖਾ ! ਤੂੰ ਕੀ ਲਿਖ ਰਿਹੈਂ ? ਕੀ ਪੜ੍ਹ ਰਿਹੈਂ ? ਕੀ ਸੁਣਾ ਰਿਹੈਂ ? ਆਪਣੀ ਜੜ੍ਹ ਆਪ ਹੀ ਪੁੱਟੀ ਜਾ ਰਿਹਾ ਹੈਂ। ਬਾਣੀ ਤੂੰ ਪੜ੍ਹਦਾ ਨਹੀਂ, ਵਿਚਾਰਦਾ ਨਹੀਂ, ਸਿਮਰਨ ਕਰਦਾ ਨਹੀਂ, ਸੁਰਤੀ ਲਾਉਂਦਾ ਨਹੀਂ, ਬਣਾਉਟੀ ਸਿੰਘ ਹੈਂ।

ਗਿਆਨ ਸਿੰਘ ਆਪ ਅਫ਼ੀਮ ਖਾਂਦਾ ਸੀ, ਲਿਖ ਦਿੱਤਾ ਗੁਰੂ ਸਾਹਿਬ ਵੀ ਅਫ਼ੀਮ ਖਾਂਦੇ ਸਨ। ਆਪਣੇ ਵਰਗਾ ਹੀ ਸਮਝਿਆ।

ਭਾਈ ਜੋਗਾ ਸਿੰਘ ਹੁਸ਼ਿਆਰਪੁਰ ਕੰਜਰੀ ਦੇਖ ਕੇ ਡੋਲ ਗਿਆ, ਉੱਥੇ ਸਰਕਾਰੀਏ ਨੇ ਗੁਰਦੁਆਰਾ ਵੀ ਬਣਵਾ ਦਿੱਤਾ।

ਤੂੰ ਅੰਮ੍ਰਿਤਧਾਰੀ ਹੈਂ, ਤੂੰ ਦੱਸ ਕਿੰਨੀ ਵਾਰੀ ਕੰਜਰੀ ਕੋਲ ਗਿਆ ਹੈਂ, ਜੇ ਤੂੰ ਨਹੀਂ ਗਿਆ ਤਾਂ ਜੋਗਾ ਸਿੰਘ ਕਿਵੇਂ ਚਲਾ ਗਿਆ ? ਇਹ ਕਿਸੇ ਪੰਡਿਤ ਬ੍ਰਾਹਮਣ ਹਿੰਦੂ ਦੀ ਤਕੜੀ ਚਾਲ ਹੈ ਕਿ ਸਿੰਘ ਵੀ ਡੋਲ ਜਾਂਦੇ ਹਨ, ਕਰੈਕਟਰ ਦੇ ਬਹੁਤ ਉੱਚੇ ਨਹੀਂ। ਜੇ ਜੀਵਨ ਦੇ ਉੱਚੇ ਹੀ ਨਹੀਂ, ਤਾਂ ਫਿਰ ਤੁਹਾਡੇ ਵਰਗੇ

ਹੀ ਹੋ ਜਾਂਦੇ ਹਾਂ। ਅੰਮ੍ਰਿਤ ਛਕਣ ਦੀ ਲੋੜ ਹੀ ਕੀ ਹੈ ? ਤੂੰ ਮੈਨੂੰ ਕਿਸੇ ਸਿਆਸੀ ਬੰਦੇ ਦੀ ਉਦਾਹਰਣ ਨਾ ਦੇ। ਕਿਸੇ ਸਿੰਘ ਦੀ ਦੇ, ਗੁਰਸਿਖ ਦੀ। ਐਵੇਂ ਤੋਹਮਤ ਨਾ ਲਾ। ਅਸੂਲਾਂ ਨੂੰ ਜਾਣਨ ਦੀ ਕੋਸ਼ਿਸ਼ ਕਰੀਏ।

ਤੀਸਰੇ ਪਾਤਿਸ਼ਾਹ ਕਿੱਲੀ ਨਾਲ ਕੇਸ ਬੰਨ੍ਹ ਕੇ ਭਗਤੀ ਕਰਦੇ ਸਨ। ਕੀ ਉਹ ਨਾਨਕਸਰੀਏ ਨੰਦ ਸਿੰਘ ਸਨ ਕਿ ਉਸ ਦਾ ਰੂਪ ਸਨ, ਉੱਥੇ ਇਤਿਹਾਸ ਵੀ ਲਿਖ ਦਿੱਤਾ। ਹੋਰ ਬਹੁਤ ਗੱਲਾਂ ਕਿ ਮੈਨੂੰ ਇਹ ਕਿਉਂ ਲਿਖਣਾ ਪਿਆ ? ਧਿਆਨ ਨਾਲ ਪੜ੍ਹੋ, ਗੁਰੂ ਨੂੰ ਸਮਝੋ।

ਦਸਮ ਗ੍ਰੰਥ ਨੂੰ ਦੁਨੀਆਂ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਛਾਪਿਆ ਜਾਵੇਗਾ, ਕਿਉਂਕਿ ਉਹ ਨਿਰੋਲ ਹਿੰਦੂਵਾਦ ਹੈ, ਕੋਕ ਸ਼ਾਸਤਰ ਦੀ ਤਰ੍ਹਾਂ ਗੰਦਾ ਹੈ। ਸਾਰਿਆਂ ਨੂੰ ਸਾਰੀ ਦੁਨੀਆਂ ਨੂੰ ਸਾਡੇ ਗੁਰੂ ਦਾ ਕਰੈਕਟਰ ਦੱਸਣਗੇ ਜੇ ਕੋਈ ਖੋਜ ਕਰੇਗਾ ਤਾਂ ਗੁਰੂਆਂ ਨੂੰ ਬੰਦੇ ਬਰਾਬਰ ਵੀ ਤੁਲਨਾ ਨਹੀਂ ਦਏਗਾ। ਸਿਖੜਿਆ ਸਮਝ, ਧਿਆਨ ਨਾਲ ਪੜ੍ਹ। ਦੌਲਤਾਂ ਦਾਈ ਨੇ ਕਿਹਾ ਕਿ ਇਹ ਬੱਚਾ ਆਮ ਬੱਚਾ ਨਹੀਂ ਹੈ, ਪ੍ਰਕਾਸ਼ ਹੈ, ਪ੍ਰਕਾਸ਼ ਹੋਇਆ, ਬਹੁਤ ਪ੍ਰਕਾਸ਼ ਹੋਇਆ ਹੈ। ਬਹੁਤ ਬੱਚੇ ਜੰਮੇ, ਜਮਾਏ ਪਰ ਇਹੋ ਜਿਹਾ ਨਹੀਂ, ਇਹ ਤਾਂ ਰੱਬੋਂ ਹੀ ਕੋਈ ਆਇਆ ਹੈ ਭਾਵ ਇਹ ਪੰਜ ਭੂਤਕ ਨਹੀਂ। ਪੰਜ ਭੂਤਕ ਗੁਰੂ ਨਹੀਂ ਹੁੰਦਾ, ਸਚਖੰਡਿ ਦਾ ਮਾਲਕ ਹੁੰਦਾ ਹੈ, ਰੱਬ ਹੁੰਦਾ ਹੈ, ਪਰਮਾਤਮਾ ਆਪ ਹੀ ਗੁਰੂ ਹੁੰਦਾ ਹੈ। ਰੱਬ ਇਕ, ਗੁਰੂ ਵੀ ਇਕ, ਗੁਰੂ ਦੋ ਨਹੀਂ ਹੁੰਦੇ, ਜੇ ਗੁਰੂ ਦੋ ਹੋਣਗੇ ਤਾਂ ਰੱਬ ਵੀ ਦੋ ਹੋਣਗੇ। ਕਿਉਂਕਿ ਗੁਰੂ ਸਚਖੰਡਿ ਦਾ ਮਾਲਕ ਹੁੰਦਾ ਹੈ, ਸੂਖਸ਼ਮ ਹੁੰਦਾ ਹੈ, ਰੱਬ ਤੇ ਗੁਰੂ ਇਕੋ ਹੀ ਪਰਮਾਤਮਾ ਦੇ ਦੋ ਨਾਂ ਹਨ। ਬੰਦਾ ਜੋ ਰੱਬ ਨੇ ਬਣਾਇਆ, ਰੱਬ ਨੂੰ ਨਹੀਂ ਲੱਭ ਸਕਦਾ, ਰੱਬ ਆਪ ਬੋਲਦਾ ਨਹੀਂ। ਉਹ ਹੀ ਗੁਰੂ ਨਾਨਕ ਬਣ ਗਿਆ ਤੇ ਆਪ ਆਪਣੇ ਬਾਰੇ ਬੰਦੇ ਨੂੰ ਦੱਸਣ ਆਇਆ ਤੂੰ ਰੱਬ ਨੂੰ ਇਸ ਤਰ੍ਹਾਂ ਲੱਭ ਸਕਦਾ ਹੈਂ। ਮੇਰੀ ਮਦਦ ਤੋਂ ਬਗ਼ੈਰ ਨਹੀਂ ਲੱਭ ਸਕਦਾ, ਕਿਉਂਕਿ ਮੈਂ ਹੀ (ਵੀ) ਰੱਬ ਹਾਂ, ਤੂੰ ਵੀ ਰੱਬ ਹੈਂ, ਤੇਰਾ ਮਿਲਾਪ ਵੀ ਰੱਬ ਨਾਲ ਹੋਣਾ ਹੈ ਮੈਂ ਹੀ ਕਰਵਾ ਸਕਦਾ ਹਾਂ। ਹੋਰ ਕੋਈ ਨਹੀਂ ਕਰਵਾ ਸਕਦਾ, ਬਾਕੀ ੧੦੦% ਪਾਖੰਡੀ ਹਨ, ਸਰਕਾਰੀਏ ਹਨ, ਰਾਅ (RAW—ਭਾਰਤ ਦਾ ਖ਼ੂਫ਼ੀਆ ਵਿਭਾਗ) ਦੇ ਹਨ। ਲੜਾਈ ਝਗੜੇ ਦੀ ਕੋਈ ਗੱਲ ਹੀ ਨਹੀਂ, ਤੁਸੀਂ ਮੈਨੂੰ ਰੱਬ ਮਿਲਾ ਦਿਓ ਮੈਂ ਆਪਣਾ ਧਰਮ ਤਿਆਗਣ ਨੂੰ ਤਿਆਰ ਹਾਂ ਤੇ ਹੋਰਨਾਂ ਨੂੰ ਵੀ ਪ੍ਰੇਰਨਾ ਕਰਾਂਗਾ, ਕੋਈ ਇਕ ਹੀ ਦਿਖਾ ਦੇ, ਸਾਹਮਣੇ ਤਾਂ ਆ, ਦੇਖਦੇ ਹਾਂ, ਕੌਣ ਗੁਰੂ ਹੈ, ਫਿਰ ਦੇਖਾਂਗੇ, ਧਰਮਰਾਜ ਦੀ ਕਚਹਿਰੀ ਵਿਚ ਕੌਣ ਹੈ, ਲੁੱਕ ਕੇ ਡਰੰਮ ਵਿਚ ਕੌਣ ਹੈ ਤੇ ਸਚਖੰਡਿ ਦਾ ਮਾਲਕ ਕੌਣ ਹੈ ? ਆ ਤਾਂ ਸਹੀ, ਦੇਹਧਾਰੀ ਗੁਰੂ ਸਾਹਮਣੇ ਤਾਂ ਆ।

ਗੁਰੂ ਪਾਤਿਸ਼ਾਹ ਪਾਂਧੇ ਕੋਲ ਪੜ੍ਹਨ ਗਏ, ਉਸ ਨੇ ਕਿਹਾ—'ੳ ਅ ੲ ਸ ਹ' ਲਿਖ—ਪਹਿਲਾਂ ਲਿਖ ਦਿੱਤਾ, ਹੁਣ ਪੂਰਨੇ ਪਾਈ ਜਾਹ। ਰੱਬ ਗੁਰੂ ਨਾਨਕ ਨੇ ਪੰਜ

